TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 34, August 21, 2010
20451 N Plum Grove Rd. Palatine, IL 60074
Ph:847-359-0746, Fax:847-705-9388



ਫੋਟੋ: ਸਤਵਿੰਦਰ ਬਸਰਾ

*ਭਾਰਤ ਦੀ ਆਜ਼ਾਦੀ ਦਾ 64ਵਾਂ ਆਜ਼ਾਦੀ ਦਿਨ -ਰਹਿਣੇ ਕੋ ਘਰ ਨਹੀਂ ਸਾਰਾ ਜਹਾਂ ਹਮਾਰਾ*

## ਕਸ਼ਮੀਰ ਨੂੰ ਖੁਦਮੁਖਤਾਰੀ ਸੰਵਿਧਾਨਿਕ ਚੌਖਟੇ ਦੇ ਅੰਦਰ ਹੀ ਮਿਲੇਗੀ

### ਅਜਾਦੀ ਦਿਵਸ 'ਤੇ ਪ੍ਰਧਾਨ ਮੰਤਰੀ ਦੀ ਤਕਰੀਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੰਦੋਲਨਕਾਰੀ ਕਸ਼ਮੀਰੀ ਨੌਜਵਾਨਾਂ ਨੂੰ ਸਖ਼ਤ ਸੁਨੇਹਾ ਦਿੰਦਿਆਂ ਹਿੰਸਾ ਖ਼ਤਮ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਹਿੰਸਾ ਨਾਲ ਕਿਸੇ ਦਾ ਫ਼ਾਇਦਾ ਨਹੀਂ ਹੋਵੇਗਾ। ਨਾਲ ਹੀ ਉਨ੍ਹਾਂ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਇਸ ਚੌਖਟੇ ਵਿਚ ਰਹਿੰਦਿਆਂ ਉਹ ਗੱਲਬਾਤ ਦੇ ਅਮਲ ਉਤੇ ਅਗੇ ਵਧਣ ਲਈ ਤਿਆਰ ਹਨ। ਉਨ੍ਹਾਂ ਇਹ ਗੱਲ ਬੀਤੇ ਐਤਵਾਰ ਨੂੰ ਇਥੇ 64ਵੇਂ ਆਜ਼ਾਦੀ ਦਿਹਾੜੇ ਮੌਕੇ ਇਤਿਹਾਸਕ ਲਾਲ ਕਿਲ੍ਹੇ ਦੀ ਫ਼ਾਸੀਲ ਤੋਂ ਕੌਮ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਭਾਰਤੀ ਜਮਹੂਰੀਅਤ ਵਿਚ 'ਬਹੁਤ ਹੀ ਖੁਲ੍ਹਦਿਲੀ ਅਤੇ ਲਚਕ' ਹੈ ਜਿਹੜੀ ਕਿਸੇ ਵੀ ਵਰਗ ਦੇ ਸਰੋਕਾਰਾਂ ਨੂੰ ਨਜਿੱਠ ਸਕਦੀ ਹੈ।

ਆਪਣੀ 35 ਮਿੰਟ ਦੀ ਤਕਰੀਰ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਤਹਿ ਦਿਲੋਂ ਪਾਕਿਸਤਾਨ ਨਾਲ ਆਪਣੇ ਮਤਭੇਦਾਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਚਾਹਵਾਨ ਹੈ ਪਰ ਜੇ ਪਾਕਿਸਤਾਨੀ ਸਰਜ਼ਮੀਨ ਤੋਂ ਪੈਦਾ ਹੋ ਰਹੀ ਦਹਿਸ਼ਤਗਰਦੀ ਖ਼ਤਮ ਨਹੀਂ ਹੁੰਦੀ ਤਾਂ ਇਹ ਗੱਲਬਾਤ ਬਹੁਤਾ ਲੰਬਾ ਪੈਂਡਾ ਤੈਅ ਨਹੀਂ ਕਰ ਸਕਦੀ। ਉਨ੍ਹਾਂ ਇਸ ਮੌਕੇ ਨਕਸਲਵਾਦ ਤੋਂ ਦੇਸ਼ ਦੀ ਅੰਦਰੂਨੀ ਸਲਾਮਤੀ ਨੂੰ ਪੇਸ਼ 'ਗੰਭੀਰ ਖ਼ਤਰੇ' ਦੀ ਵੀ ਗੱਲ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਇਸ ਸਮੱਸਿਆ ਦਾ ਟਾਕਰਾ 'ਨਿੱਜੀ ਅਤੇ ਸਿਆਸੀ ਹਿੱਤਾਂ' ਤੋਂ ਉਪਰ ਉਠ ਕੇ ਕੇਂਦਰ-ਰਾਜ

(ਬਾਕੀ ਸਫਾ 5 'ਤੇ)



*ਦੇਸ਼ ਦੀ ਆਜ਼ਾਦੀ ਦੇ 64ਵੇਂ ਜਸ਼ਨ ਸਮੇਂ ਨਵੀਂ ਦਿੱਲੀ ਵਿਚ ਲਾਲ ਕਿਲੇ ਦੇ ਸਾਹਮਣੇ ਬੱਚੇ ਤਿਰੰਗੇ ਝੰਡੇ ਦੀ ਫਾਰਮੇਸ਼ਨ ਵਿਚ*

## ਕੇਂਦਰੀ ਖੇਤੀ ਮੰਤਰੀ ਦੇ ਬੇਤੁਕੇ ਬਿਆਨ ਸੁਪਰੀਮ ਕੋਰਟ ਦੀ ਬੇਅਦਬੀ

**ਬਿੰਦਰ ਬਸਰਾ**

ਸਿਖਰ ਛੂਹ ਰਹੀ ਮਹਿੰਗਾਈ ਨੇ ਗਰੀਬ ਲੋਕਾਂ ਦਾ ਲੱਕ ਤੋੜਿਆ ਪਿਆ ਹੈ, ਪਰ ਗੋਦਾਮਾਂ 'ਚ ਕਰੋੜਾਂ ਰੁਪਈਆਂ ਦਾ ਅਨਾਜ ਸੜ ਰਿਹਾ ਹੈ। ਇਸ ਮਸਲੇ 'ਤੇ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਦੀ ਝਾੜ-ਝੰਬ ਕਰਨ ਦੇ ਬਾਵਜੂਦ ਕੇਂਦਰੀ ਖੇਤੀਬਾੜੀ ਅਤੇ ਖੁਰਾਕ ਮੰਤਰੀ ਸ਼ਰਦ ਪਵਾਰ ਗੁੰਮਰਾਹਕੁਨ ਅਤੇ ਬੇਤੁਕੀ ਬਿਆਨਬਾਜ਼ੀ 'ਤੇ ਉਤਾਰੂ ਹਨ। ਉਧਰ ਅਨਾਜ ਦੇ ਖਰਾਬੇ ਬਾਰੇ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਬਾਰੇ ਉਨ੍ਹਾਂ ਦੇ ਬਿਆਨ ਤੋਂ ਵਿਰੋਧੀ ਧਿਰ ਖਫਾ ਹੈ। ਉਸ ਨੇ ਸ਼ਰਦ ਪਵਾਰ ਦੇ ਬਿਆਨ ਨੂੰ ਬੇਤੁਕਾ ਅਤੇ ਗੁੰਮਰਾਹ ਕਰਨ ਵਾਲਾ ਕਰਾਰ ਦਿੰਦਿਆਂ ਉਸ ਦੀ ਤਿੱਖੀ ਆਲੋਚਨਾ ਕੀਤੀ ਹੈ।

ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਵਲੋਂ ਪਾਈ ਲੋਕ-ਹਿੱਤ ਪਟੀਸ਼ਨ 'ਚ ਦੋਸ਼ ਲਾਇਆ ਗਿਆ ਸੀ ਕਿ ਗੋਦਾਮਾਂ ਵਿਚ ਅਨਾਜ ਗਲ ਸੜ ਰਿਹਾ ਹੈ ਅਤੇ ਸਰਕਾਰੀ ਜਨਤਕ ਵੰਡ ਪ੍ਰਣਾਲੀ ਰਾਹੀਂ ਅਨਾਜ ਗਰੀਬਾਂ

(ਬਾਕੀ ਸਫਾ 8 'ਤੇ)

ਇੰਡੀਆ ਕਾਲ ਕਰੋ
$100
125 ਘੰਟੇ
ਬਿਨਾ ਪਿਨ ਤੋਂ ਗੱਲ ਕਰੋ! ਵਧੀਆ ਸਾਫ ਆਵਾਜ਼
Great Rates for UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja
TOLL FREE 1-866 FOR RAJA
SWEETS & INDIAN CUISINE
• LUNCH BUFFET • DINNER • TAKE OUT • CATERING • BANQUETS
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
Raja Indian Cuisine & Bar
Ph.: 510-264-9300
1275 W Winton Ave, Hayward, CA 94545
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
WHOLESALE AND RETAIL
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Ph.: 510-489-9100, Fax: 510-489-9111
31853 Alvrado Blvd, Union City, CA 94587
Call Makhan Bains or Ravinder Singh for your next party
Or visit us: www. rajasweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਬਾਬੇ ਨਾਨਕ ਦਾ ਵਿਆਹ ਪੁਰਬ 27, 28 ਅਤੇ 29 ਅਗਸਤ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

**ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ**

ਆਰੰਭ ਸ੍ਰੀ ਅਖੰਡਪਾਠ
27 ਅਗਸਤ 2010
ਭੋਗ ਸ੍ਰੀ ਅਖੰਡਪਾਠ
29 ਅਗਸਤ 2010



ਹੋਰ ਜਾਣਕਾਰੀ ਲਈ ਕਾਲ ਕਰੋ: ਬਲਜਿੰਦਰ ਸਿੰਘ ਸਾਰਚੂਰ ਫੋਨ 510-461-2219, ਨੀਟੂ ਸਿੰਘ ਸਰਹਾਲੀ 408-624-6525, ਮੁਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ 408-274-9373

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com


Grand Opening

GILL EXPRESS

OPEN 24 HOURS EVERYDAY

Fast & Friendly Service

WASH, TIRE & REPAIR

TRUCK OR TRAILER WASH

ਪੰਜਾਬੀ ਢਾਬਾ



Owner Manager

19.99

Expire 9-1-10

Hwy 70 Exit 123 Spiceland IN

Call Jassi : 765-987-7000



ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ
ਵੱਲੋਂ ਸਿੱਖ ਸੰਘਰਸ਼ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ
ਮਹਾਨ ਸ਼ਹੀਦੀ ਸਮਾਗਮ
22 ਅਗਸਤ, 2010 (ਐਤਵਾਰ), ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿਖੇ
ਕਬੀਰ ਮੁਹਿ ਮਰਨੈ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ।।
ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ
ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ
ਬਾਬਾ ਬੰਦਾ ਸਿੰਘ ਬਹਾਦਰ
ਭਾਈ ਗੁਰਦੇਵ ਸਿੰਘ ਕਾਉਂਕੇ
ਡਾਕਟਰ ਪ੍ਰੀਤਮ ਸਿੰਘ ਸ਼ੇਖੋਂ
ਭਾਈ ਸੁਖਵਿੰਦਰ ਸਿੰਘ ਸੰਘਾ
ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਅਕਾਲੀ ਦਲ (ਅ)
ਭਾਈ ਦਿਲਾਵਰ ਸਿੰਘ
ਭਾਈ ਜੁਗਰਾਜ ਸਿੰਘ ਤੂਫਾਨ
ਭਾਈ ਅਮਰੀਕ ਸਿੰਘ
ਭਾਈ ਜਸਵੰਤ ਸਿੰਘ ਖਾਲੜਾ
ਜਨਰਲ ਸੁਬੇਗ ਸਿੰਘ
ਭਾਈ ਨਵਨੀਤ ਸਿੰਘ ਕਾਦੀਆਂ
ਭਾਈ ਵਰਿੰਦਰ ਸਿੰਘ ਦਾਖਾ
ਭਾਈ ਹਰਿੰਦਰ ਸਿੰਘ ਬੱਟੀ
ਭਾਈ ਜਰਨੈਲ ਸਿੰਘ ਹਲਵਾਰਾ
ਭਾਈ ਮਨਬੀਰ ਸਿੰਘ ਚਹੇੜੂ
ਭਾਈ ਗੁਰਬਚਨ ਸਿੰਘ ਮਾਨੋਚਾਹਲ
ਭਾਈ ਚਰਨਜੀਤ ਸਿੰਘ ਚੰਨਾ
ਭਾਈ ਬਲਵਿੰਦਰ ਸਿੰਘ ਜਟਾਣਾ
ਭਾਈ ਇਕਬਾਲ ਸਿੰਘ ਰਾਏਪੁਰ
ਭਾਈ ਕੰਮਲਜੀਤ ਸਿੰਘ ਚੂਹੜਚੱਕ
ਜੇਲ ਵਿਚ ਨਜ਼ਰਬੰਦ ਸਿੰਘ
ਭਾਈ ਜਗਤਾਰ ਸਿੰਘ ਹਵਾਰਾ
ਪ੍ਰੋ.ਦਵਿੰਦਰਪਾਲ ਸਿੰਘ
ਭਾਈ ਬਲਵੰਤ ਸਿੰਘ ਰਾਜੋਆਣਾ
ਭਾਈ ਅਵਤਾਰ ਸਿੰਘ ਬ੍ਰਹਮਾ
ਜਥੇਦਾਰ ਤਲਵਿੰਦਰ ਸਿੰਘ
ਗੁਰੂ ਪਿਆਰੀ ਸਾਧ ਸੰਗਤ ਜੀ,
22 ਅਗਸਤ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਸਮੂਹ ਸ਼ਹੀਦਾ ਦੀ ਯਾਦ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਸੰਗਤਾਂ ਦੇ ਸਹਿਯੋਗ ਮਹਾਨ ਸ਼ਹੀਦੀ ਸਮਾਗਮ ਮਨਾਇਆ ਜਾ ਰਿਹਾ ਹੈ। ਆਉ ਸ਼ਹੀਦਾ ਦੀ ਯਾਦ ਨੂੰ ਤਾਜ਼ਾ ਕਰਦਿਆਂ ਉਨਾਂ ਵੱਲੋਂ ਸਿੱਖਾ ਦੀ ਅਜ਼ਾਦੀ ਦੇ ਸੰਘਰੰਸ਼ ਨੂੰ ਪ੍ਰਚੰਡ ਕਰਨ ਲਈ ਇਕ ਵਾਰ ਫਿਰ ਪ੍ਰਣ ਲਈਏ।
ਵੱਲੋਂ ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ
ਗੁਰਜੀਤ ਸਿੰਘ ਝਾਮਪੁਰ, ਹਰਮਿੰਦਰ ਸਿੰਘ, ਬਲਜੀਤ ਸਿੰਘ, ਮਲਕੀਤ ਸਿੰਘ, ਗੁਰਮੀਤ ਸਿੰਘ, ਕਮਲਜੀਤ ਸਿੰਘ ਲੌਂਗੀਆ, ਅਨੋਖ ਸਿੰਘ, ਰਾਜਿੰਦਰਪਾਲ ਸਿੰਘ, ਦਵਿੰਦਰ ਸਿੰਘ ਸੁਖਵਿੰਦਰ ਸਿੰਘ ਗੋਗੀ, ਹਰਪਾਲ ਸਿੰਘ, ਅਵਤਾਰ ਸਿੰਘ, ਸੁੱਖਵਿੰਦਰ ਸਿੰਘ ਸੋਢੀ, ਜੋਗਿੰਦਰ ਸਿੰਘ, ਅਜੈਬ ਸਿੰਘ, ਅਵਤਾਰ ਸਿੰਘ, ਹਰਨੇਕ ਸਿੰਘ, ਦਿਲਵਰ ਸਿੰਘ, ਜਸਕਰਨ ਸਿੰਘ, ਦਲਜੀਤ ਸਿੰਘ, ਜਸਵੀਰ ਸਿੰਘ, ਪ੍ਰਮਿੰਦਰ ਸਿੰਘ, ਗੁਰਦੀਪ ਸਿੰਘ, ਸੁਖਦੀਪ ਸਿੰਘ, ਬਲਵਿੰਦਰ ਸਿੰਘ ਬਰਾੜ, ਹਰਪਾਲ ਸਿੰਘ, ਸ੍ਰ.ਟਹਿਲ ਸਿੰਘ, ਇਕਬਾਲ ਸਿੰਘ ਬੇਕਰਸਫੀਲਡ, ਜਗਤਾਰ ਸਿੰਘ ਬੇਕਰਸਫੀਲਡ
ਕਵੀਸ਼ਰੀ ਜਥਾ ਭਾਈ ਸਰਵਣ ਸਿੰਘ ਤੇ ਭਾਈ ਜਸਵਿੰਦਰ ਸਿੰਘ ਖਾਸ ਤੌਰ ਤੇ ਪਹੁੰਚ ਰਹੇ ਹਨ।
ਮੁੱਖ ਬੁਲਾਰੇ-ਸੁਖਵਿੰਦਰ ਸਿੰਘ ਹੰਸਰਾਂ ਟੋਰਾਂਟੋ, ਸ੍ਰ.ਸੁਰਜੀਤ ਸਿੰਘ ਕੁਲਾਰ ਨਿਊਯਾਰਕ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ, ਸ੍ਰ.ਹਰਪ੍ਰੀਤ ਸਿੰਘ ਸੰਧੂ ਬੇ-ਏਰੀਆ, ਸ੍ਰ.ਰੇਸ਼ਮ ਸਿੰਘ ਬੇਕਰਸਫੀਲਡ, ਭਾਈ ਰਾਮ ਸਿੰਘ।
ਜਨਰਲ ਲਾਭ ਸਿੰਘ
ਜਥੇਦਾਰ ਸੁਖਦੇਵ ਸਿੰਘ ਬੱਬਰ
ਹੋਰ ਜਾਣਕਾਰੀ ਲਈ ਕਾਲ ਕਰੋ - ਭੁਪਿੰਦਰ ਸਿੰਘ ਚੀਮਾ 408.203.8054, ਦਰਸ਼ਨ ਸਿੰਘ 510.377.1140, ਪ੍ਰੀਤਮ ਸਿੰਘ ਜੱਗਾ 510.224.0421, ਤਰਸੇਮ ਸਿੰਘ 559.331.1326
ਨੋਟ- 21 ਅਗਸਤ ਸ਼ਾਮੀ ਚਾਰ ਵਜੇ ਸ਼੍ਰੋਮਣੀ ਅਕਾਲੀ ਦਲ(ਅ) ਦੀ ਮੀਟਿੰਗ ਕਰਾਊਨ ਪਲਾਜ਼ਾ ਵਿਚ ਹੋਵੇਗੀ। ਜਿਥੇ ਪੰਥਕ ਮਸਲਿਆਂ ਤੇ ਵਿਚਾਰਾਂ ਹੋਣਗੀਆਂ ਅਤੇ ਕੈਲੀਫੋਰਨੀਆਂ ਦੇ ਯੂਨਿਟ ਦੀ ਚੋਣ ਕੀਤੀ ਜਾਵੇਗੀ।
ਭਾਈ ਗੁਰਜੀਤ ਸਿੰਘ
ਜਾਰੀ ਕਰਤਾ- ਸੁਰਜੀਤ ਸਿੰਘ ਕੁਲਾਰ, ਸ੍ਰ.ਬੂਟਾ ਸਿੰਘ ਖੜੌਦ, ਸ੍ਰ. ਅਜੀਤ ਸਿੰਘ ਆਲੋਅਰਖ, ਸ੍ਰ.ਰੇਸ਼ਮ ਸਿੰਘ ਬੇਕਰਸਫੀਲਡ
ਬੀਬੀ ਉਪਕਾਰ ਕੌਰ

# ‘ਪੁਲਿਸ ਮੁਕਾਬਲਿਆਂ’ ਦੀ ਜਾਂਚ ਕਰਵਾਈ ਜਾਵੇ: ਪੰਜਾਬ ਮਨੁੱਖੀ ਅਧਿਕਾਰ ਸੰਗਠਨ

**ਚੰਡੀਗੜ੍ਹ:** ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਰਾਜ ਦੇ ਰਾਜਪਾਲ ਨੂੰ ਬੀਤੀ 17 ਅਗਸਤ ਨੂੰ ਇਥੇ ਇਕ ਮੰਗ-ਪੱਤਰ ਦੇ ਕੇ ਮੰਗ ਕੀਤੀ ਕਿ 1984 ਤੋਂ ਲੈ ਕੇ 1995 ਤਕ ਝੂਠੇ ਮੁਕਾਬਲਿਆਂ ਦੀ ਜਾਂਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕਿਸੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ ਤਾਂ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਰਾਹ ਪੱਧਰਾ ਹੋ ਸਕੇ। ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ (ਸੇਵਾ-ਮੁਕਤ) ਦੀ ਅਗਵਾਈ ਵਿਚ ਦਿੱਤੇ ਗਏ ਮੰਗ-ਪੱਤਰ ਵਿਚ ਇਹ ਵੀ ਆਖਿਆ ਗਿਆ ਹੈ ਕਿ ਜਿਨ੍ਹਾਂ ਦੋਸ਼ੀ ਪੁਲਿਸ ਅਧਿਕਾਰੀਆਂ ਨੇ ਖਾੜਕੂਵਾਦ ਦੇ ਸਮੇਂ ਲੁੱਟ-ਖਸੁਟ ਕੀਤੀ ਅਤੇ ਨਾਮੀ ਤੇ ਬੇਨਾਮੀ ਜਾਇਦਾਦ ਬਣਾਈ, ਦੀ ਪੜਤਾਲ ਵੀ ਕਰਾਈ ਜਾਵੇ ਅਤੇ ਉਨ੍ਹਾਂ ਨੂੰ ਦਿੱਤੇ ਸਨਮਾਨ ਵਾਪਸ ਲਏ ਜਾਣ। ਉਨ੍ਹਾਂ ਨਾਲ ਮੰਗ-ਪੱਤਰ ਦੇਣ ਵਾਲਿਆਂ ਵਿਚ ਦਿਆਲ ਸਿੰਘ ਰੰਧਾਵਾ, ਹਰਮਨਦੀਪ ਸਿੰਘ, ਸਤਿੰਦਰ ਸਿੰਘ ਖਾਲੜਾ ਮਿਸ਼ਨ ਜਥੇਬੰਦੀ ਵੀ ਸ਼ਾਮਿਲ ਸਨ।

ਵਫਦ ਨੇ ਮੰਗ-ਪੱਤਰ ਵਿਚ ਇਹ ਵੀ ਦੋਸ਼ ਲਗਾਇਆ ਕਿ ਪੁਲਿਸ ਅਤਿਵਾਦ ਖ਼ਤਮ ਕਰਨ ਦੇ ਨਾਮ ਹੇਠ ਸਿੱਖ ਨੌਜਵਾਨਾਂ ਨੂੰ ਘਰਾਂ ਤੋਂ ਗ੍ਰਿਫ਼ਤਾਰ ਕਰ ਕੇ ਤਸੀਹੇ ਦੇ ਕੇ ਝੂਠੇ ਕੇਸਾਂ ਵਿਚ ਫਸਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਸਾਰੇ ਮਾਮਲਿਆਂ ਦੀ ਵੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਕਿ ਸੱਚਾਈ ਸਾਹਮਣੇ ਆ ਸਕੇ। ਮੰਗ-ਪੱਤਰ ਵਿਚ ਖਾਲੜਾ ਮਿਸ਼ਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਗਿਆ ਕਿ ਮਨੁੱਖੀ ਅਧਿਕਾਰਾਂ ਦੇ ਮਸੀਹਾ, ਜਸਵੰਤ ਸਿੰਘ ਖਾਲੜਾ ਨੇ ਸਖ਼ਤ ਮਿਹਨਤ ਕਰ ਕੇ ਪਿਛਲੇ ਸਮੇਂ ਵਿਚ ਹੋਏ ਨਿਰਦੋਸ਼ ਮਨੁੱਖਾਂ ਦੇ ਘਾਣ ਨੂੰ ਨੰਗਾ ਕੀਤਾ ਸੀ। ਉਨ੍ਹਾਂ ਦਸਿਆ ਕਿ ਅੰਮ੍ਰਿਸਤਰ, ਤਰਨਤਾਰਨ ਅਤੇ ਪੱਟੀ ਦੇ ਸ਼ਮਸ਼ਾਨਘਾਟਾਂ ਵਿਚ ਪੁਲਿਸ ਨੇ ਕਾਂਗਰਸ ਰਾਜ ਸਮੇਂ 2097 ਸਿੱਖ ਲਾਸ਼ਾਂ ਦਾ ਸਸਕਾਰ ਅਣਪਛਾਤੀਆਂ ਲਾਵਾਰਸ ਲਾਸ਼ਾਂ ਕਹਿ ਕੇ ਕਰ ਦਿਤਾ ਸੀ। ਵੈਸੇ 25000 ਸਿੱਖ ਨੌਜਵਾਨ ਮਾਰੇ ਗਏ ਸਨ।

ਮਰਹੂਮ ਸ. ਖਾਲੜਾ ਨੇ ਇਨ੍ਹਾਂ ਲਾਸ਼ਾਂ ਦੀ ਪਛਾਣ ਕਰ ਕੇ ਤਿਆਰ ਕੀਤੀ ਸੂਚੀ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਨੂੰ ਵੀ ਭੇਜੀ। ਸੁਪਰੀਮ ਕੋਰਟ ਨੇ ਕਾਰਵਾਈ ਕਰ ਕੇ ਮਾਮਲਾ ਸੀ.ਬੀ.ਆਈ. ਦੇ ਹਵਾਲੇ ਕਰ ਦਿਤਾ ਅਤੇ ਸੀ.ਬੀ.ਆਈ. ਨੇ ਇਨ੍ਹਾਂ ਦੀ ਪੁਸ਼ਟੀ ਕੀਤੀ ਪਰ ਉਨ੍ਹਾਂ 2097 ਲਾਸ਼ਾਂ ਵਿਚੋਂ 700 ਲਾਸ਼ਾਂ ਦੀ ਪਛਾਣ ਸਰਕਾਰ ਨੇ ਅਜੇ ਤਕ ਨਹੀਂ ਕਰਵਾਈ। ਉਨ੍ਹਾਂ ਮੰਗ-ਪੱਤਰ ਵਿਚ ਮੰਗ ਕੀਤੀ ਕਿ ਇਨ੍ਹਾਂ 700 ਨਿਰਦੋਸ਼ ਮ੍ਰਿਤਕਾਂ ਦੀ ਪਛਾਣ ਕਰਵਾ ਕੇ ਉਨ੍ਹਾਂ ਦੇ ਵਾਰਸਾਂ ਨੂੰ ਬਣਦਾ ਮੁਆਵਜ਼ਾ ਦਿਤਾ ਜਾਵੇ ਅਤੇ ਦੋਸ਼ੀਆਂ ਵਿਰੁਧ ਕਾਰਵਾਈ ਕੀਤੀ ਜਾਵੇ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ 231 ਹੋਰ ਝੂਠੇ ਪੁਲਿਸ ਮੁਕਾਬਲਿਆਂ ਦੀ ਸੂਚੀ ਤਿਆਰ ਕਰ ਕੇ ਵੀ ਮੰਗ-ਪੱਤਰ ਨਾਲ ਰਾਜਪਾਲ ਨੂੰ ਸੌਂਪੀ। ਉਨ੍ਹਾਂ ਦਸਿਆ ਕਿ ਉਸ ਸਮੇਂ ਖਾਲੜਾ ਮਿਸ਼ਨ ਨੇ ਸਿਰਫ਼ ਅੰਮ੍ਰਿਤਸਰ, ਤਰਨਤਾਰਨ ਅਤੇ ਪੱਟੀ ਦੇ ਸ਼ਮਸ਼ਾਨਘਾਟਾਂ ਵਿਚ ਲਾਵਾਰਸ ਬੇਪਛਾਣ ਕਹਿ ਕੇ ਲਾਸ਼ਾਂ ਦੇ ਸਸਕਾਰ ਦੀ ਸੂਚੀ ਤਿਆਰ ਕੀਤੀ ਸੀ ਪਰ ਮਨੁੱਖੀ ਅਧਿਕਾਰ ਸੰਗਠਨਾਂ ਦੇ ਵਰਕਰਾਂ ਨੇ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਵਿਚ ਲਗਭਗ ਇਕ ਸੌ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ 231 ਸਿੱਖ ਨੌਜਵਾਨਾਂ ਦੀ ਇਕ ਹੋਰ ਸੂਚੀ ਤਿਆਰ ਕੀਤੀ ਹੈ। ਇਹ ਸੂਚੀ ਵੀ ਰਾਜਪਾਲ ਨੂੰ ਮੰਗ-ਪੱਤਰ ਦੇ ਨਾਲ ਦਿਤੀ ਗਈ। ਉਨ੍ਹਾਂ ਦੱਸਿਆ ਕਿ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਹਰ ਵਿਅਕਤੀ ਦਾ ਨਾਮ, ਮਰਨ ਵਾਲੇ ਦਾ ਪੂਰਾ ਪਤਾ, ਕਦੋਂ ਮਰਿਆ ਅਤੇ ਕਿੱਥੇ ਮਰਿਆ ਆਦਿ ਵਿਸਥਾਰ ਪੂਰਵਕ ਵੇਰਵਾ ਵੀ ਸੂਚੀ ਵਿਚ ਸ਼ਾਮਲ ਹੈ।

## ਮਮਤਾ ਦੀ ਕਾਰ ਨਾਲ ਟੱਕਰ ਪਿਛੋਂ ਗੁਰਜੰਟ ਮੁਸੀਬਤ ਵਿਚ

**ਸੰਗਰੂਰ:** ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਤੇ ਰੇਲਵੇ ਮੰਤਰੀ ਮਮਤਾ ਬੈਨਰਜੀ ਦੀ ਕਾਰ ਨੂੰ ਟੱਕਰ ਮਾਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਮੌੜਾਂ ਦੇ 40 ਸਾਲਾ ਡਰਾਈਵਰ ਗੁਰਜੰਟ ਸਿੰਘ ਦੇ ਪਰਿਵਾਰ ਦੀ ਦਿਨ ਦਾ ਚੈਨ ਤੇ ਰਾਤ ਦੀ ਨੀਂਦ ਉਡ ਗਈ ਹੈ। ਗੁਰਜੰਟ ਨੂੰ ਪੱਛਮੀ ਬੰਗਾਲ ਦੀ ਪੁਲੀਸ ਨੇ ਮਮਤਾ ਨੂੰ ਮਾਰਨ ਦੀ ਸਾਜ਼ਿਸ਼ ਦੇ ਦੋਸ਼ ਵਿਚ ਹਿਰਾਸਤ ਵਿਚ ਰੱਖਿਆ ਹੋਇਆ ਹੈ। 11 ਅਗਸਤ ਨੂੰ ਪੁਲੀਸ ਨੇ ਗੁਰਜੰਟ ਨੂੰ ਗ੍ਰਿਫਤਾਰ ਕਰਕੇ 12 ਦਿਨਾਂ ਦਾ ਰਿਮਾਂਡ ਲੈ ਲਿਆ ਸੀ।



ਗੁਰਜੰਟ ਦੀ ਮਾਤਾ ਸੁਰਜੀਤ ਕੌਰ ਦਾ ਕਹਿਣਾ ਹੈ, “ਮੇਰਾ ਪੁੱਤ ਅਨਪੜ੍ਹ ਹੈ। ਉਸ ਨੂੰ ਪ੍ਰਧਾਨ ਮੰਤਰੀ ਦਾ ਨਾਂ ਨਹੀਂ ਪਤਾ ਤੇ ਉਹ ਰੇਲ ਮੰਤਰੀ ਨੂੰ ਮਾਰਨ ਦੀ ਸਾਜ਼ਿਸ਼ ‘ਚ ਕਿਵੇਂ ਸ਼ਰੀਕ ਹੋ ਸਕਦਾ ਹੈ। ਮੇਰਾ ਪੁੱਤ ਪਿਛਲੇ 17 ਸਾਲਾਂ ਤੋਂ ਟਰੱਕ ਚਲਾ ਰਿਹਾ ਹੈ ਤੇ 2500 ਰੁਪਏ ਮਹੀਨਾ ਕਮਾਉਂਦਾ ਹੈ।” ਗੁਰਜੰਟ ਦੀਆਂ ਦੋ ਧੀਆਂ ਪਰਵਿੰਦਰ ਕੌਰ (15), ਕਿਰਨਦੀਪ ਕੌਰ (12) ਤੇ ਪੁੱਤ ਜਤਿੰਦਰ ਸਿੰਘ (9) ਇਸ ਵੇਲੇ ਸਦਮੇ ਵਿਚ ਹਨ।

ਗੁਰਜੰਟ ਦੇ ਵੱਡੇ ਭਰਾ ਵੀਰ ਸਿੰਘ ਨੇ ਕਿਹਾ ਕਿ ਹਾਦਸੇ ਵਿੱਚ ਉਸ ਦੇ ਭਰਾ ਦਾ ਕੋਈ ਕਸੂਰ ਨਹੀਂ, ਸਗੋਂ ਇਹ ਸਭ ਕੁਝ ਟਰੱਕ ਦੀਆਂ ਬਰੇਕਾਂ ਫੇਲ੍ਹ ਹੋਣ ਕਾਰਨ ਹੋਇਆ ਹੈ। ਪਿੰਡ ਦੇ ਲੋਕਾਂ ਨੇ ਇਕਸੁਰ ਵਿੱਚ ਕਿਹਾ, “ਪੁਲੀਸ ਜੋ ਮਰਜ਼ੀ ਕਹੀ ਜਾਵੇ, ਪਰ ਗੁਰਜੰਟ ਸਿੰਘ ਬੇਕਸੂਰ ਹੈ।” ਟਰੱਕ ਦੇ ਮਾਲਕ ਨਰਿੰਦਰ ਸਿੰਘ ਮੁਤਾਬਕ ਹਾਦਸਾ ਟਰੱਕ ਦੀ ਬਰੇਕ ਫੇਲ੍ਹ ਹੋਣ ਕਾਰਨ ਹੋਇਆ। ਇਥੋਂ ਤੱਕ ਕਿ ਪੱਛਮੀ ਬੰਗਾਲ ਦਾ ਮੋਟਰ ਵਹੀਕਲ ਇੰਸਪੈਕਟਰ ਵੀ ਇਹ ਸਭ ਜਾਣਦਾ ਹੈ, ਪਰ ਪੁਲੀਸ ਨੇ ਨਾ ਟਰੱਕ ਛੱਡਿਆ ਤੇ ਨਾ ਗੁਰਜੰਟ। ਉਨ੍ਹਾਂ ਆਸ ਪ੍ਰਗਟਾਈ ਕਿ 23 ਅਗਸਤ ਨੂੰ ਇਕ ਵਾਰ ਪੁਲੀਸ ਰਿਮਾਂਡ ਖਤਮ ਹੋਣ ਮਗਰੋਂ ਗੁਰਜੰਟ ਦੀ ਰਿਹਾਈ ਹੋ ਸਕਦੀ ਹੈ। ਉਹ ਖੁਦ ਵੀ 20 ਨੂੰ ਪੱਛਮੀ ਬੰਗਾਲ ਜਾ ਰਿਹਾ ਹੈ।






# ਮਨਮੋਹਨ ਸਿੰਘ ਵਲੋਂ ਕਸ਼ਮੀਰ ਨੂੰ ਖੁਦਮੁਖਤਾਰੀ ਦੀ ਵਕਾਲਤ, ਵਿਰੋਧੀ ਧਿਰ ਵਲੋਂ ਆਲੋਚਨਾ

**ਸ੍ਰੀਨਗਰ:** ਕਸ਼ਮੀਰ ਲਈ ਖੁਦਮੁਖਤਾਰੀ ਦੇ ਡਾ. ਮਨਮੋਹਨ ਸਿੰਘ ਦੇ ਵਿਚਾਰ ਨੂੰ ਹਾਲ ਦੀ ਘੜੀ ਫਲ ਪੈਂਦਾ ਵਿਖਾਈ ਨਹੀਂ ਦੇ ਰਿਹਾ। ਪ੍ਰਧਾਨ ਮੰਤਰੀ ਨੇ ਕਸ਼ਮੀਰ ਮੁੱਦੇ ਦੇ ਹੱਲ ਲਈ ਖੁਦਮੁਖਤਾਰੀ 'ਤੇ ਵਿਚਾਰ ਕਰਨ ਦੀ ਪੇਸ਼ਕਸ਼ ਕਰ ਕੇ 'ਆਮ ਸਹਿਮਤੀ' ਨਾਲ ਸੰਵਿਧਾਨ ਦੇ ਘੇਰੇ ਵਿਚ ਰਹਿੰਦਿਆਂ ਖੁਦਮੁਖਤਾਰੀ ਦੇਣ ਦੀ ਗੱਲ ਬੀਤੇ ਦਿਨੀਂ ਸਰਬ ਪਾਰਟੀ ਬੈਠਕ ਵਿਚ ਕਹੀ ਸੀ। ਵਧੇਰੇ ਪਾਰਟੀਆਂ ਉਨ੍ਹਾਂ ਦੇ ਸੁਝਾਅ ਦੇ ਵਿਰੁਧ ਹਨ। ਕੇਂਦਰ ਵਿਚ ਭਾਜਪਾ ਤੇ ਮਾਰਕਸੀ ਪਾਰਟੀ ਤੋਂ ਲੈ ਕੇ ਜੰਮੂ-ਕਸ਼ਮੀਰ ਦੀ ਪੀ.ਡੀ.ਪੀ., ਨੈਸ਼ਨਲ ਕਾਨਫਰੰਸ ਨੇ ਪ੍ਰਧਾਨ ਮੰਤਰੀ ਦੇ ਬਿਆਨ 'ਤੇ ਠੰਢੀ ਪ੍ਰਤੀਕਿਰਿਆ ਪ੍ਰਗਟਾਈ ਹੈ ਜਿਸ ਤੋਂ ਖੁਦਮੁਖਤਾਰੀ ਅਤੇ ਕਸ਼ਮੀਰ ਮੁੱਦੇ 'ਤੇ ਨਵੇਂ ਸਿਰਿਓਂ ਬਹਿਸ ਛਿੜ ਗਈ ਹੈ।

## ਰੈਲੀ ਵਿਚ ਪਾਕਿਸਤਾਨ ਦੇ ਝੰਡੇ ਲਹਿਰਾਏ

ਇਥੇ ਜ਼ਿਕਰਯੋਗ ਹੈ ਕਿ ਰਮਜ਼ਾਨ ਮਹੀਨੇ ਦੇ ਪਹਿਲੇ ਸ਼ੁੱਕਰਵਾਰ ਨੂੰ ਸ੍ਰੀਨਗਰ 'ਚ ਵੱਖਵਾਦੀ ਆਗੂ ਮੀਰਵਾਈਜ਼ ਉਮਰ ਫਾਰੂਖ ਨੇ ਇਕ ਰੈਲੀ ਕੀਤੀ ਸੀ। ਰਮਜ਼ਾਨ ਦਾ ਪਹਿਲਾ ਦਿਨ ਹੋਣ ਕਾਰਨ ਲੋਕਾਂ ਨੇ ਨਮਾਜ਼ ਅਦਾ ਕਰਨ ਮਗਰੋਂ ਹੁਰੀਅਤ ਕਾਨਫਰੰਸ ਦੇ ਆਗੂ ਮੀਰਵਾਈਜ਼ ਵਲੋਂ ਕੀਤੀ ਰੈਲੀ 'ਚ ਹਿੱਸਾ ਲਿਆ। ਰੈਲੀ ਦੌਰਾਨ ਪਾਕਿਸਤਾਨ ਦੇ ਕੁਝ ਝੰਡੇ ਵੀ ਲਹਿਰਾਏ ਜਾਣ ਦਾ ਪਤਾ ਲੱਗਿਆ ਹੈ। ਇਸ ਰੈਲੀ 'ਚ ਦੇਸ਼-ਵਿਰੋਧੀ ਨਾਅਰੇ ਵੀ ਲਗਾਏ ਗਏ।

ਜੰਮੂ-ਕਸ਼ਮੀਰ ਵਿਚ ਮੁੱਖ ਵਿਰੋਧੀ ਪਾਰਟੀ ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਮੁਖੀ ਮਹਿਬੂਬਾ ਮੁਫਤੀ ਦਾ ਕਹਿਣਾ ਹੈ ਕਿ ਖੁਦਮੁਖਤਾਰੀ ਸਮੱਸਿਆ ਦਾ ਮੁਕੰਮਲ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ, ਕੇਂਦਰ ਅਤੇ ਜੰਮੂ-ਕਸ਼ਮੀਰ ਦਰਮਿਆਨ ਕੋਈ ਸਮੱਸਿਆ ਨਹੀਂ ਹੈ।

ਪ੍ਰਧਾਨ ਮੰਤਰੀ ਦੇ ਨਿਵਾਸ ਵਿਖੇ ਬੀਤੇ ਹਫਤੇ ਮੰਗਲਵਾਰ ਨੂੰ ਕਸ਼ਮੀਰ ਮਸਲੇ ਦਾ ਹੱਲ ਲੱਭਣ ਲਈ ਹੋਈ ਮੀਟਿੰਗ 'ਚ ਡਾ. ਮਨਮੋਹਨ ਸਿੰਘ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਤੌਰ ਤਰੀਕਿਆਂ 'ਤੇ ਨਾਖੁਸ਼ੀ ਪ੍ਰਗਟਾਈ ਸੀ। ਇਸ ਮੀਟਿੰਗ ਵਿਚ ਹਿੱਸਾ ਲੈਣ ਵਾਲੇ ਭੀਮ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਤੋਂ ਨਾ-ਖੁਸ਼ ਨਜ਼ਰ ਆਏ। ਭੀਮ ਸਿੰਘ ਮੁਤਾਬਿਕ ਪ੍ਰਧਾਨ ਮੰਤਰੀ ਨੇ ਉਮਰ ਅਬਦੁੱਲਾ ਨੂੰ ਕਿਹਾ ਕਿ ਉਹ ਹੁਣ ਕਸ਼ਮੀਰ ਵਿਚ ਸਵੀਕਾਰ ਹੋਣ ਯੋਗ ਨਹੀਂ ਰਹਿ ਗਏ ਹਨ।

ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਇਸ ਮੀਟਿੰਗ ਵਿਚ ਸ਼ਾਮਲ ਨਹੀਂ ਹੋਈ ਸੀ। ਇਸ ਪਾਰਟੀ ਦੇ ਸਰਪ੍ਰਸਤ ਅਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਮੁਫਤੀ ਮੁਹੰਮਦ ਸਈਅਦ ਨੇ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਕਸ਼ਮੀਰ ਦੇ ਲੋਕਾਂ ਨਾਲ ਮਜ਼ਾਕ ਦੱਸਿਆ ਹੈ। ਪਹਿਲਾਂ ਇਸ ਵਫਦ ਵਿਚ ਭਾਜਪਾ ਸ਼ਾਮਿਲ ਨਹੀਂ ਹੋਣਾ ਚਾਹੁੰਦੀ ਸੀ ਪਰ ਉਸ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਹੋਈਆਂ। ਆਖਰੀ ਪਲਾਂ ਵਿਚ ਪਾਰਟੀ ਹਾਈਕਮਾਨ ਨਾਲ ਚਰਚਾ ਕੀਤੀ ਗਈ। ਭਾਜਪਾ ਦੇ ਵੈਂਕਈਆ ਨਾਇਡੂ ਦਾ ਕਹਿਣਾ ਹੈ ਕਿ ਕਸ਼ਮੀਰ ਨੂੰ ਖੁਦਮੁਖਤਾਰੀ ਦੇਣੀ ਸੰਭਵ ਨਹੀਂ। ਸਥਾਨਕ ਸਰਕਾਰ ਨੂੰ ਕਾਫੀ ਅਧਿਕਾਰ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਖੁਦਮੁਖਤਾਰੀ ਦੀ ਗੱਲ ਬੇਤੁਕੀ ਹੈ।

ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦਾ ਕਹਿਣਾ ਹੈ ਕਿ ਜੰਮੂ-ਕਸਮੀਰ ਦੀ ਸਮੱਸਿਆ ਸਿਆਸੀ ਹੈ ਅਤੇ ਇਸ ਦਾ ਹੱਲ ਸਿਆਸੀ ਉਪਾਵਾਂ ਨਾਲ ਹੀ ਕੀਤਾ ਜਾਣਾ ਚਾਹੀਦਾ ਹੈ। ਸੂਬੇ ਵਿਚ ਹਾਲਾਤ ਆਮ ਵਰਗੇ ਲਿਆਉਣ ਲਈ ਇੱਕੋ ਇਕ ਉਪਾਅ ਇਹ ਹੈ ਕਿ ਸੰਵਿਧਾਨ ਮੁਤਾਬਕ ਕਸ਼ਮੀਰ ਨੂੰ ਖੁਦਮੁਖਤਾਰੀ ਦਿੱਤੀ ਜਾਏ। ਉਨ੍ਹਾਂ ਕਿਹਾ ਕਿ ਖੁਦਮੁਖਤਾਰੀ ਨਾਲ ਵਾਦੀ ਵਿਚ ਸ਼ਾਂਤੀ ਬਹਾਲ ਹੋਵੇਗੀ। ਮਾਰਕਸੀ ਪਾਰਟੀ ਦੇ ਨੇਤਾ ਪ੍ਰਕਾਸ਼ ਕਾਰਤ ਨੇ ਕਿਹਾ ਹੈ ਕਿ ਕਸ਼ਮੀਰ ਮਸਲੇ ਦਾ ਹੱਲ ਤਦ ਹੀ ਨਿਕਲ ਸਕਦਾ ਹੈ, ਜਦੋਂ ਇਹ ਮੰਨ ਲਿਆ ਜਾਏ ਕਿ ਉਸ ਦਾ ਹੱਲ ਰਵਾਇਤੀ ਤਰੀਕਿਆਂ ਨਾਲ ਨਹੀਂ ਹੋ ਸਕਦਾ। ਕਸ਼ਮੀਰ ਦੇ ਲੋਕਾਂ ਨੂੰ ਇਹ ਯਕੀਨ ਦੁਆਉਣਾ ਹੋਵੇਗਾ ਕਿ ਉਨ੍ਹਾਂ ਦੀ ਪਛਾਣ ਅਤੇ ਵਿਸ਼ੇਸ਼ ਦਰਜਾ ਬਰਕਰਾਰ ਹੈ।

ਮੀਰਵਾਇਜ਼ ਉਮਰ ਫਾਰੂਕ ਜੋ ਹੁਰੀਅਤ ਕਾਨਫਰੰਸ ਦੇ ਵੱਖਵਾਦੀ ਨੇਤਾ ਹਨ, ਨੇ ਕਿਹਾ ਕਿ ਕਸ਼ਮੀਰ ਦੇ ਇਤਿਹਾਸ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਸਪੱਸ਼ਟ ਹੈ ਕਿ ਲੋਕ ਸੱਤਾ ਦਾ ਅਧਿਕਾਰ ਨਹੀਂ ਚਾਹੁੰਦੇ। ਉਹ ਜੰਮੂ-ਕਸ਼ਮੀਰ ਮਸਲੇ ਦਾ ਪੱਕਾ ਹੱਲ ਚਾਹੁੰਦੇ ਹਨ, ਜੋ ਭਾਰਤ-ਪਾਕਿ ਜੰਮੂ ਕਸ਼ਮੀਰ ਦੀ ਭਾਈਵਾਲੀ ਨਾਲ ਹੀ ਸੰਭਵ ਹੈ। ਜੰਮੂ-ਕਸ਼ਮੀਰ ਕਾਂਗਰਸ ਦੇ ਪ੍ਰਧਾਨ ਪ੍ਰੋਫੈਸਰ ਸੈਫੂਦੀਨ ਸੋਜ਼ ਨੇ ਕਸ਼ਮੀਰ ਨੂੰ ਖੁਦਮੁਖਤਾਰੀ ਬਾਰੇ ਕੋਈ ਸਿੱਧੀ ਟਿੱਪਣੀ ਨਹੀਂ ਕੀਤੀ ਪਰ ਕਿਹਾ ਕਿ ਸੂਬੇ ਦੇ ਹਾਲਾਤ 'ਤੇ ਪ੍ਰਧਾਨ ਮੰਤਰੀ ਦੀ ਟਿੱਪਣੀ ਯਕੀਨੀ ਤੌਰ 'ਤੇ ਮਰਹਮ ਦਾ ਕੰਮ ਕਰੇਗੀ।

ਵੱਖਵਾਦੀ ਜਥੇਬੰਦੀ ਹੁਰੀਅਤ ਕਾਨਫਰੰਸ ਦੇ ਨਰਮ ਧਿਰ ਦੇ ਮੁਖੀ ਮੀਰਵਾਇਜ਼ ਉਮਰ ਫਾਰੂਕ ਨੇ ਪ੍ਰਧਾਨ ਮੰਤਰੀ ਦੀ ਪੇਸ਼ਕਸ਼ ਨੂੰ ਰੱਦ ਕੀਤਾ ਅਤੇ ਕਿਹਾ ਕਿ ਇਹ ਸਮੱਸਿਆ ਦਾ ਹੱਲ ਨਹੀਂ।

ਇਸੇ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਜੰਮੂ-ਕਸ਼ਮੀਰ ਨੂੰ ਖੁਦਮੁਖਤਾਰੀ ਦੇਣ ਦੇ ਵਿਚਾਰ ਸਬੰਧੀ ਪਾਕਿਸਤਾਨ ਨੇ ਕਿਹਾ ਹੈ ਕਿ ਜਦੋਂ ਤਕ ਕਸ਼ਮੀਰੀਆਂ ਨੂੰ ਸਵੈਨਿਰਣੇ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ, ਉਦੋਂ ਤਕ ਇਸ ਸਮੱਸਿਆ ਦਾ ਹੱਲ ਨਹੀਂ ਨਿਕਲੇਗਾ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਬਦੁਲ ਬਾਸਿਤ ਨੇ ਹਫਤਾਵਾਰੀ ਪ੍ਰੈਸ ਕਾਨਫਰੰਸ ਵਿਚ ਕਿਹਾ, "ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਦੋਂ ਤੱਕ ਜੰਮੂ-ਕਸ਼ਮੀਰ ਮੁੱਦੇ ਨੂੰ ਸਹੀ ਢੰਗ ਨਾਲ ਸਮਝਿਆ ਨਹੀਂ ਜਾਂਦਾ ਉਦੋਂ ਤਕ ਕੁਝ ਨਹੀਂ ਹੋਣ ਵਾਲਾ।" ਸ੍ਰੀ ਮਨਮੋਹਨ ਸਿੰਘ ਦੇ ਬਿਆਨ ਮਗਰੋਂ ਪਾਕਿਸਤਾਨ ਦੀ ਇਹ ਪਹਿਲੀ ਪ੍ਰਤੀਕਿਰਿਆ ਹੈ। ਬੁਲਾਰੇ ਨੇ ਕਿਹਾ, "ਜੰਮੂ-ਕਸ਼ਮੀਰ ਦੇ ਲੋਕਾਂ ਦੀ ਸਮੱਸਿਆ ਨੂੰ ਅਸੀਂ ਸਮਝਦੇ ਹਾਂ। ਜਦੋਂ ਤਕ ਉਥੋਂ ਦੇ ਲੋਕਾਂ ਨੂੰ ਸਵੈਨਿਰਣੇ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ, ਉਦੋਂ ਤਕ ਹੋਰ ਕੁਝ ਵੀ ਕੀਤਾ ਜਾਵੇ, ਉਸ ਨਾਲ ਗੱਲ ਨਹੀਂ ਬਣੇਗੀ। ਸਾਡਾ ਮੰਨਣਾ ਹੈ ਕਿ ਭਾਰਤ ਸਭ ਤੋਂ ਪਹਿਲਾਂ ਜੰਮੂ-ਕਸ਼ਮੀਰ ਮੁੱਦੇ ਨੂੰ ਸਮਝੇ ਅਤੇ ਉਸ ਨੂੰ ਲੋਕਾਂ ਦੀਆਂ ਭਾਵਨਾਵਾਂ ਦੇ ਮੁਤਾਬਕ ਹੱਲ ਕਰੇ। ਕਸ਼ਮੀਰੀ ਸਵੈਨਿਰਣੇ ਤੋਂ ਇਲਾਵਾ ਹੋਰ ਕੁਝ ਨਹੀਂ ਚਾਹੁੰਦੇ।"

ਇਸ ਬਹਿਸ ਦੇ ਦਰਮਿਆਨ ਕਸ਼ਮੀਰ ਵਿਚ ਹਿੰਸਾ ਜਾਰੀ ਹੈ। ਯਾਦ ਰਹੇ ਕਸ਼ਮੀਰ ਵਾਦੀ ਵਿਚ ਵੱਖਵਾਦੀਆਂ ਦੇ ਸੱਦੇ 'ਤੇ ਕੀਤੀ ਗਈ ਹੜਤਾਲ ਦੌਰਾਨ ਵਾਪਰੀ ਹਿੰਸਾ ਕਾਰਨ ਬੀਤੇ ਦਿਨੀਂ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 40 ਵਿਅਕਤੀ ਜ਼ਖਮੀ ਹੋਏ। ਇਸ ਨਾਲ 11 ਜੂਨ ਤੋਂ ਸ਼ੁਰੂ ਹੋਈ ਹਿੰਸਾ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 55 ਹੋ ਗਈ। ਉਤਰੀ ਕਸ਼ਮੀਰ ਦੇ ਬਾਂਦੀਪੁਰਾ ਜ਼ਿਲ੍ਹੇ ਵਿਚ ਬੀਤੇ ਹਫਤੇ ਦੇ ਮੁਢ ਵਿਚ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਦੌਰਾਨ 3 ਦਹਿਸ਼ਤਗਰਦ ਮਾਰੇ ਗਏ ਸਨ।

ਬੀਤੀ 14 ਅਗਸਤ ਨੂੰ ਕਸ਼ਮੀਰ ਵਿਚ ਵੱਖਵਾਦੀਆਂ ਦੇ ਹੜਤਾਲ ਦੇ ਸੱਦੇ ਦੇ ਮੱਦੇਨਜ਼ਰ ਕਈ ਥਾਵਾਂ ਉਤੇ ਕਰਫਿਊ ਅਤੇ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਸਨ। ਪੁਲਵਾਮਾ, ਅਵੰਤੀਪੋਰਾ, ਪੰਪੋਰ, ਬੁਡਗਾਮ ਅਤੇ ਬੰਦੀਪੋਰਾ ਕਸਬਿਆਂ ਨੂੰ ਛੱਡ ਕੇ ਸ੍ਰੀਨਗਰ ਅਤੇ ਸਾਰੇ ਮੁੱਖ ਕਸਬਿਆਂ ਵਿਚ ਫਿਰ ਕਰਫਿਊ ਲਾ ਦਿੱਤਾ ਗਿਆ ਸੀ । ਹੁਰੀਅਤ ਕਾਨਫਰੰਸ ਦੇ ਦੋਹਾਂ ਧੜਿਆਂ ਵਲੋਂ ਦਿੱਤੇ ਗਏ ਹੜਤਾਲ ਦੇ ਸੱਦੇ ਅਤੇ ਵਿਰੋਧ ਪ੍ਰਦਰਸ਼ਨਾਂ ਕਾਰਨ ਇਹ ਕਦਮ ਚੁੱਕਿਆ ਗਿਆ।

## ਠਾਕਰੇ ਵਲੋਂ ਵਿਰੋਧ

**ਮੁੰਬਈ:** ਜੰਮੂ-ਕਸ਼ਮੀਰ ਨੂੰ ਖੁਦਮੁਖ਼ਤਿਆਰੀ ਦੇਣ ਦੇ ਪ੍ਰਸਤਾਵ 'ਤੇ ਵਿਰੋਧੀ ਧਿਰ ਦੀ ਤਿੱਖੀ ਸੁਰ ਦੌਰਾਨ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੇ ਕਿਹਾ ਕਿ ਇਹ ਕਦਮ ਦੇਸ਼ ਨੂੰ ਬਰਬਾਦ ਕਰ ਦਏਗਾ। ਪਾਰਟੀ ਦੇ ਅਖਬਾਰ 'ਸਾਮਨਾ' ਵਿਚ ਠਾਕਰੇ ਨੇ ਕਿਹਾ ਹੈ ਕਿ ਉਹ ਕਾਂਗਰਸ ਦੇ ਇਸ ਸੁਝਾਅ ਦੀ ਆਲੋਚਨਾ ਕਰਦੇ ਹਨ ਅਤੇ ਉਸ ਨੂੰ ਸੱਤਾ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।

## ਅਜਾਦੀ ਦਿਵਸ 'ਤੇ ਪ੍ਰਧਾਨ ਮੰਤਰੀ ਦੀ ਤਕਰੀਰ

(ਸਫਾ ਇਕ ਦੀ ਬਾਕੀ)

ਸਹਿਯੋਗ ਨਾਲ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਮਾਓਵਾਦੀਆਂ ਨੂੰ ਵੀ ਮੁੜ ਗੱਲਬਾਤ ਦੀ ਪੇਸ਼ਕਸ਼ ਕਰਦਿਆਂ ਉਨ੍ਹਾਂ ਨੂੰ ਹਿੰਸਾ ਛੱਡ ਕੇ ਗੱਲਬਾਤ ਦੀ ਮੇਜ਼ ਉਤੇ ਆਉਣ ਦਾ ਸੱਦਾ ਦਿੱਤਾ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਕ ਖ਼ੁਸ਼ਹਾਲ ਭਾਰਤ ਬਣਾਉਣ ਲਈ ਕੰਮ ਕਰ ਰਹੀ ਹੈ, ਜਿਥੇ ਸਾਰਿਆਂ ਦੀ ਬਿਹਤਰ ਸਿੱਖਿਆ, ਸਿਹਤ ਸੰਭਾਲ, ਖ਼ੁਰਾਕ ਸੁਰੱਖਿਆ ਅਤੇ ਹੋਰ ਸਹੂਲਤਾਂ ਤੱਕ ਪਹੁੰਚ ਹੋਵੇਗੀ। ਇਸ ਦੇ ਨਾਲ ਹੀ ਉਨ੍ਹਾਂ ਤਸਲੀਮ ਕੀਤਾ 'ਜ਼ੋਰਦਾਰ ਮਹਿੰਗਾਈ' ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਹੈ ਅਤੇ ਖ਼ਾਸਕਰ ਗ਼ਰੀਬ ਲੋਕ ਇਸ ਤੋਂ ਬਹੁਤ ਦੁਖੀ ਹਨ। ਉਨ੍ਹਾਂ ਕਿਹਾ, "ਸਰਕਾਰ ਇਸ ਨੂੰ ਕਾਬੂ ਕਰਨ ਲਈ ਹਰ ਮੁਮਕਿਨ ਕੋਸ਼ਿਸ਼ ਕਰ ਰਹੀ ਹੈ।"

ਡਾ. ਮਨਮੋਹਨ ਸਿੰਘ ਨੇ ਲਗਾਤਾਰ ਸੱਤਵੇਂ ਆਜ਼ਾਦੀ ਦਿਹਾੜੇ ਮੌਕੇ ਲਾਲ ਕਿਲ੍ਹੇ ਉਤੇ ਕੌਮੀ ਤਰੰਗਾ ਲਹਿਰਾਉਂਦਿਆਂ, ਕਸ਼ਮੀਰ ਵਿਚ ਦੋ ਮਹੀਨਿਆਂ ਤੋਂ ਜਾਰੀ ਹਿੰਸਾ ਉਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ, ਜਿਸ ਕਾਰਨ ਉਥੇ 50 ਤੋਂ ਵੱਧ ਜਾਨਾਂ ਜਾਂਦੀਆਂ ਰਹੀਆਂ ਹਨ। ਇਸ ਦੇ ਹੀ ਉਹ ਮਰਹੂਮ ਪ੍ਰਧਾਨ ਮੰਤਰੀਆਂ ਪੰਡਤ ਜਵਾਹਰ ਲਾਲ ਨਹਿਰੂ ਅਤੇ ਸ੍ਰੀਮਤੀ ਇੰਦਰਾ ਗਾਂਧੀ ਤੋਂ ਬਾਅਦ, ਲਗਾਤਾਰ ਸੱਤ ਵਾਰ ਆਜ਼ਾਦੀ ਦਿਹਾੜੇ ਮੌਕੇ ਕੌਮੀ ਝੰਡਾ ਲਹਿਰਾਉਣ ਵਾਲੇ ਤੀਜੇ ਪ੍ਰਧਾਨ ਮੰਤਰੀ ਬਣ ਗਏ ਹਨ। ਉਰਦੂ ਜ਼ੁਬਾਨ ਦੇ ਰੰਗ ਵਿਚ ਰੰਗੀ ਆਪਣੀ ਤਕਰੀਰ ਵਿਚ ਉਨ੍ਹਾਂ ਕਿਹਾ, "ਸਾਲਾਂ ਤੋਂ ਜਾਰੀ ਹਿੰਸਾ ਹੁਣ ਖ਼ਤਮ ਹੋਣੀ ਚਾਹੀਦੀ ਹੈ। ਇਸ ਹਿੰਸਾ ਦਾ ਕਿਸੇ ਨੂੰ ਕੋਈ ਫ਼ਾਇਦਾ ਨਹੀਂ ਹੋਵੇਗਾ।" ਉਨ੍ਹਾਂ ਕਿਹਾ, "ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਇਸ ਚੌਖਟੇ ਵਿਚ ਅਸੀਂ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਉਤੇ ਅੱਗੇ ਵਧਣ ਲਈ ਤਿਆਰ ਹਾਂ, ਜਿਸ ਗੱਲਬਾਤ ਰਾਹੀਂ ਹਕੂਮਤ ਵਿਚ ਆਮ ਆਦਮੀ ਦੀ ਸ਼ਮੂਲੀਅਤ ਵਿਚ ਵਾਧਾ ਹੁੰਦਾ ਹੋਵੇ ਅਤੇ ਨਾਲ ਹੀ ਉਨ੍ਹਾਂ ਦੀ ਭਲਾਈ ਵੀ ਕਰੇ।" ਪ੍ਰਧਾਨ ਮੰਤਰੀ ਨੇ ਆਖਿਆ ਕਿ ਸਰਕਾਰ ਕਿਸੇ ਵੀ ਅਜਿਹੀ ਜਥੇਬੰਦੀ ਜਾਂ ਵਿਅਕਤੀ ਨਾਲ ਗੱਲ ਕਰਨ ਲਈ ਤਿਆਰ ਹੈ ਜੋ ਹਿੰਸਾ ਛੱਡਣ ਲਈ ਤਿਆਰ ਹੋਵੇ।


ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੀ ਪੰਜਾਬ 'ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ?
ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?

ਮੇਰੇ ਪਿਆਰੇ ਵੀਰੋ ਤੇ ਭੈਣੋ,

ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।

ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ 'ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ 'ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ

Address: Imandari, P.O.Box 695, Hayes, Middlesex UB3 9PD, UK
Tel/Fax:0044-2087970259, Mobile:0044-7403071308
Tarsem: 91-94643-31245, Fax:91-182-4220156
e-mail: imandari@hotmail.co.uk



Gas Station For Sale

Once in a life time opportunity. Very profitable Gas Station with property for sale in Ohio. Doing inside store sales $90,000 to $95,000 per month and $60,000 gallons fuel out side. Absentee owner.

If interested call with confidence
Ph:734-756-7463 or 734-660-2721
or contact via e-mail: ABRENTERPRISE@LIVE.COM




ਓਹਾਇਓ ਵਿਚ ਬਹੁਤ ਹੀ ਵਧੀਆ ਮੁਨਾਫਾ ਦੇਣ ਵਾਲਾ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ। ਬਹੁਤ ਵੀ ਬਿਜ਼ੀ ਹਾਈਵੇ ਲੋਕੇਸ਼ਨ। ਬੀਅਰ, ਵਾਈਨ ਅਤੇ ਲਿੱਕਰ ਦੇ ਲਾਈਸੈਂਸ ਸਮੇਤ।

ਅੰਦਰ ਦੀ ਸੇਲ 90 ਤੋਂ 95 ਹਜ਼ਾਰ ਡਾਲਰ, ਗੈਸ ਦੀ ਸੇਲ 60 ਹਜ਼ਾਰ ਗੈਲਨ

ਕਾਲ ਕਰੋ:734-756-7463 ਜਾਂ 734-660-2721

# 'ਬਾਬਾ ਇਨਕਲਾਬ ਸਿੰਘ' ਨੇ 'ਉਮਰ ਮੁਖ਼ਤਾਰ' ਵਰਗੀ ਫ਼ਿਲਮ ਦੀ ਉਮੀਦ ਜਗਾਈ

**ਬੰਗਾ:** "ਬਾਬਾ ਬੂਝਾ ਸਿੰਘ ਵਰਗੇ ਮਹਾਨ ਇਨਕਲਾਬੀ ਦੀ ਸੰਘਰਸ਼ਸ਼ੀਲ ਜ਼ਿੰਦਗੀ ਬਾਰੇ ਪੰਜਾਬੀ ਫ਼ਿਲਮ ਬਣਾਉਣ ਦਾ ਇਹ ਉਪਰਾਲਾ ਪੰਜਾਬ 'ਚ ਪਹਿਲਾ ਉਦਮ ਹੈ ਜੋ ਇਤਿਹਾਸ ਨੂੰ ਸਾਂਭਣ ਦੀ ਬੰਗਾਲ ਅਤੇ ਕੇਰਲਾ ਦੀ ਸ਼ਾਨਦਾਰ ਰਵਾਇਤ ਵਾਂਗ ਫ਼ਿਲਮੀ ਖੇਤਰ 'ਚ ਨਵੀਂ ਪਿਰਤ ਪਾਉਣ ਦਾ ਸਲਾਹੁਣਯੋਗ ਕਦਮ ਹੈ।" ਇਹ ਵਿਚਾਰ ਚੱਕ ਮਾਈਦਾਸ ਵਿਖੇ ਗ਼ਦਰੀ ਅਤੇ ਕਮਿਊਨਿਸਟ ਆਗੂ ਬਾਬਾ ਬੂਝਾ ਸਿੰਘ ਦੇ ਸ਼ਹੀਦੀ ਸਮਾਰਕ ਉਪਰ 'ਬਾਬਾ ਇਨਕਲਾਬ ਸਿੰਘ' ਫਿਲਮ ਦਾ ਉਦਘਾਟਨੀ

## ਫ਼ਿਲਮ 'ਬਾਬਾ ਇਨਕਲਾਬ ਸਿੰਘ' ਦਾ ਮਹੂਰਤ ਸ਼ਾਟ

ਦ੍ਰਿਸ਼ ਫਿਲਮਾਉਣ ਸਮੇਂ ਕਮਿਊਨਿਸਟ ਆਗੂ ਅਤੇ ਇਨਕਲਾਬੀ ਕਵੀ ਦਰਸ਼ਨ ਖਟਕੜ ਨੇ ਪ੍ਰਗਟਾਏ।

ਕਾਮਰੇਡ ਖਟਕੜ ਨੇ ਇਸ ਫਿਲਮ ਦੀ ਤੁਲਨਾ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟ ਚੁੱਕੀ ਲਿਬੀਆ ਦੀ ਫਿਲਮ 'ਉਮਰ ਮੁਖ਼ਤਾਰ' ਨਾਲ ਕਰਦਿਆਂ ਆਸ ਪ੍ਰਗਟਾਈ ਕਿ ਬਣ ਰਹੀ ਇਹ ਇਤਿਹਾਸਕ ਫ਼ਿਲਮ ਬਾਬਾ ਜੀ ਦੀ ਛੇ ਦਹਾਕੇ ਲੰਮੀ ਸੰਗਰਾਮੀ ਜ਼ਿੰਦਗੀ, ਵੱਖ-ਵੱਖ ਸਿਆਸੀ ਲਹਿਰਾਂ 'ਚ ਉਨ੍ਹਾਂ ਦੀ ਭੂਮਿਕਾ ਅਤੇ ਉਸ ਸਮੇਂ ਦੇ ਹਾਲਾਤ ਦੇ ਵਿਸ਼ੇਸ਼ ਪਹਿਲੂਆਂ ਨੂੰ ਢੁਕਵੇਂ ਰੂਪ 'ਚ ਪੇਸ਼ ਕਰਨ 'ਚ ਜ਼ਰੂਰ ਕਾਮਯਾਬ ਹੋਵੇਗੀ। ਉਨ੍ਹਾਂ ਕਿਹਾ ਬਾਬਾ ਬੂਝਾ ਸਿੰਘ ਦੀ ਕੁਰਬਾਨੀ ਲਾਸਾਨੀ ਹੈ। ਬਾਬਾ ਜੀ ਬਾਰੇ ਫ਼ਿਲਮ ਬਣਾਉਣ ਦਾ ਬੀੜਾ ਚੁੱਕਣਾ ਆਪਣੇ ਆਪ ਵਿਚ ਵੱਡਾ ਕਦਮ ਹੈ ਜਿਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਘੱਟ ਹੈ। ਇਹ ਫ਼ਿਲਮ ਇਨਕਲਾਬ ਲਈ ਵਗ ਰਹੇ ਦਰਿਆਵਾਂ ਨੂੰ ਸਮਝਣ ਲਈ ਸਹਾਈ ਹੋਵੇਗੀ। ਇਸੇ ਕਰਕੇ ਇਸ ਫ਼ਿਲਮ ਦਾ ਪ੍ਰਾਜੈਕਟ ਹਰ ਹੀਲੇ ਸਿਰੇ ਚੜ੍ਹਨਾ ਚਾਹੀਦਾ ਹੈ।

ਇਸ ਮੌਕੇ ਪਹਿਲਾਂ ਬਾਬਾ ਬੂਝਾ ਸਿੰਘ ਦੀ ਸ਼ਹੀਦੀ ਲਾਟ ਉਤੇ ਲਾਲ ਝੰਡਾ ਲਹਿਰਾਇਆ ਗਿਆ। ਇਸ ਮਗਰੋਂ ਫਿਲਮ ਦਾ ਪਹਿਲਾ ਦ੍ਰਿਸ਼ ਫਿਲਮਾਉਣ ਦਾ ਉਦਘਾਟਨ ਬਾਬਾ ਬੂਝਾ ਸਿੰਘ ਦੇ ਸੰਗੀ-ਸਾਥੀਆਂ ਕਾਮਰੇਡ ਚੈਨ ਸਿੰਘ ਚੈਨ, ਕਾਮਰੇਡ ਗੰਧਰਵ ਸੈਨ ਅਤੇ ਕਾਮਰੇਡ ਦਰਸ਼ਨ ਖਟਕੜ, ਨਾਵਲਕਾਰ ਬਾਰੂ ਸਤਵਰਗ ਅਤੇ ਇਨਕਲਾਬੀ ਧਿਰਾਂ ਦੇ ਆਗੂਆਂ ਨਰਾਇਣ ਦੱਤ, ਅਮੋਲਕ ਸਿੰਘ ਅਤੇ ਸੁਖਦਰਸ਼ਨ ਨੱਤ ਨੇ ਸਮੂਹਿਕ ਤੌਰ 'ਤੇ ਕੀਤਾ।

ਫਿਲਮ ਦੇ ਨਿਰਦੇਸ਼ਕ ਅਤੇ ਲੇਖਕ ਬਖਸ਼ਿੰਦਰ ਨੇ ਫਿਲਮ ਦੇ ਪ੍ਰਾਜੈਕਟ ਅਤੇ ਇਸ ਦੇ ਤਕਨੀਕੀ ਪਹਿਲੂਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਸਮੂਹ ਅਗਾਂਹਵਧੂ ਤਾਕਤਾਂ ਨੂੰ ਇਸ ਫ਼ਿਲਮ ਨੂੰ ਕਾਮਯਾਬ ਬਣਾਉਣ ਲਈ ਹਰ ਪੱਖੋਂ ਸਹਾਇਤਾ ਅਤੇ ਸਹਿਯੋਗ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਉਨ੍ਹਾਂ ਇਸ ਫਿਲਮ 'ਚ ਬਾਬਾ ਬੂਝਾ ਸਿੰਘ ਦਾ ਕਿਰਦਾਰ ਨਿਭਾ ਰਹੇ ਕਲਾਕਾਰ ਅਮਨਦੀਪ (ਜੌਨੀ) ਅਤੇ ਫਿਲਮ ਦੇ ਐਸੋਸੀਏਟ ਨਿਰਦੇਸ਼ਕ ਨਵਰਾਜ ਰਾਜਾ ਨੂੰ ਦਰਸ਼ਕਾਂ ਦੇ ਰੂ-ਬ-ਰੂ ਕੀਤਾ।



ਸਮਾਰੋਹ ਦੌਰਾਨ ਇਨਕਲਾਬੀ ਗਾਇਕਾ ਇਕਬਾਲ ਕੌਰ ਉਦਾਸੀ (ਪੁੱਤਰੀ ਮਰਹੂਮ ਲੋਕ ਕਵੀ ਸੰਤ ਰਾਮ ਉਦਾਸੀ), ਗੁਰਮੀਤ ਜੱਜ ਤੇ ਹਰਬੰਸ ਸੋਨੂ (ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ) ਅਤੇ ਰੈਡੀਕਲ ਬੈਂਡ (ਬਰਨਾਲਾ) ਦੇ ਕਲਾਕਾਰਾਂ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸਮਾਰੋਹ 'ਚ ਹਾਜ਼ਰੀਨ ਦਾ ਧੰਨਵਾਦ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਨੇ ਕੀਤਾ। ਸਮਾਰੋਹ 'ਚ ਸੁਰਿੰਦਰ ਕੁਮਾਰੀ ਕੋਛੜ, ਸੁਖਵੰਤ ਆਰਟਿਸਟ, ਗੀਤਕਾਰ ਰਾਮਸ਼ਰਨ ਜੋਸ਼ੀਲਾ, ਪਵਿੱਤਰ ਸਿੰਘ (ਸੰਪਾਦਕ ਸਵੈ ਚੇਤਨਾ), ਕਹਾਣੀਕਾਰ ਅਤੇ ਲੇਖਕ ਅਜਮੇਰ ਸਿੱਧੂ, ਕੇਸਰ ਸਿੰਘ (5ਆਬ ਪ੍ਰਕਾਸ਼ਨ), ਬੂਟਾ ਸਿੰਘ (ਸੰਚਾਲਕ, ਬਾਬਾ ਬੂਝਾ ਸਿੰਘ ਯਾਦਗਾਰੀ ਪ੍ਰਕਾਸ਼ਨ, ਬੰਗਾ) ਹਰਿੰਦਰ ਬੀਸਲਾ ਅਤੇ ਹਰਬੰਸ ਹੀਉਂ (ਸਾਹਿਤ ਸਭਾ ਬੰਗਾ), ਤਰਕਸ਼ੀਲ ਆਗੂ ਸੁਖਦੇਵ ਫਗਵਾੜਾ ਤੇ ਸੱਤਪਾਲ ਸਲੋਹ, ਲੋਕ ਜਥੇਬੰਦੀਆਂ ਦੇ ਆਗੂ ਕੁਲਵਿੰਦਰ ਵੜੈਚ, ਹਰੀਰਾਮ ਰਸੂਲਪੁਰੀ, ਲਾਲ ਸਿੰਘ ਬੈਂਸ ਤੇ ਅਵਤਾਰ ਸਿੰਘ ਕੱਟ, ਔਰਤ ਆਗੂ ਜਸਵੀਰ ਕੌਰ ਨੱਤ ਅਤੇ ਔਰਤ ਕਾਰਕੁਨ ਮਨਜੀਤ ਕੌਰ ਕੱਟ ਤੇ ਰਣਜੀਤ ਕੌਰ, ਕਿਸਾਨ ਆਗੂ ਬਲਵੀਰ ਸਿੰਘ ਰੰਧਾਵਾ ਅਤੇ ਬਲਵੰਤ ਸਿੰਘ ਮਹਿਰਾਜ, ਪੱਤਰਕਾਰ ਜਸਵੀਰ ਸਮਰ, ਜਸਬੀਰ ਦੀਪ, ਦੀਦਾਰ ਸ਼ੇਤਰਾ ਤੇ ਸਰਬਜੀਤ ਗਿੱਲ, ਹਰਪਾਲ ਸਿੰਘ ਅਤੇ ਗੁਰਨੇਕ ਸਿੰਘ (ਟਰੇਡ ਯੂਨੀਅਨ ਆਗੂ), ਰਾਮ ਕਿਸ਼ਨ ਅੱਪਰਾ (ਆਗੂ ਬਾਮਸੇਫ), ਤੀਰਥ ਰਸੂਲਪੁਰੀ, ਕਵੀ ਸੁਖਦੇਵ ਬਿਲਗਾ, ਕਵੀ ਦੀਪ ਕਲੇਰ, ਨਾਟਕਕਾਰ ਜਸਵੰਤ ਖਟਕੜ, ਪੀ ਕੇ ਕਲੇਰ, ਗਾਇਕ ਪਰਮਜੀਤ ਚੱਕ ਦੇਸਰਾਜ, ਡਾ. ਸੁਖਦੇਵ ਗੁਰੂ, ਡਾ. ਚਮਨ ਲਾਲ, ਸੁਖਦੇਵ ਸਿੰਘ ਕੋਚ, ਗੁਰਮੀਤ ਸਿੰਘ ਗਰਚਾ, ਚੱਕ ਮਾਈਦਾਸ ਦੇ ਸਰਪੰਚ ਮਹਿੰਗਾ ਸਿੰਘ, ਨੰਬਰਦਾਰ ਤਰਸੇਮ ਸਿੰਘ, ਪੰਚ ਪੂਰਨ ਚੰਦ ਅਤੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਮਝੈਲ ਸਿੰਘ ਸਰਾਂ ਨੂੰ ਸਦਮਾ

**ਫਰੀਮਾਂਟ:** ਉਘੇ ਕਾਲਮਨਵੀਸ ਸ. ਮਝੈਲ ਸਿੰਘ ਸਰਾਂ ਨੂੰ ਉਦੋਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੇ ਭਰਾ ਸ. ਜਰਨੈਲ ਸਿੰਘ ਸਰਾਂ ਇੰਗਲੈਂਡ ਵਿਚ ਬੀਤੀ 13 ਅਗਸਤ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਚਲਾਣਾ ਕਰ ਗਏ। ਉਹ 59 ਸਾਲਾਂ ਦੇ ਸਨ।

ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦਾ ਜ਼ਿਕਰ ਸ. ਮਝੈਲ ਸਿੰਘ ਦੇ ਪਾਕਿਸਤਾਨੀ ਸਫਰਨਾਮੇ ਵਿਚ ਪੜ੍ਹਦੇ ਆ ਰਹੇ ਹਨ। ਪੰਜਾਬ ਟਾਈਮਜ਼ ਇਸ ਦੁੱਖ ਦੀ ਘੜੀ ਸਰਾਂ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ।



*ਜਰਨੈਲ ਸਿੰਘ ਸਰਾਂ*

## ਵਿਆਹ ਦੇ ਵਿਸ਼ੇ 'ਤੇ ਨੌਜਵਾਨਾਂ ਲਈ ਸੈਮੀਨਾਰ

**ਸਾਊਥਿੰਗਟਨ, ਕਨੈਕਟੀਕਟ:** ਉਘੇ ਸਿੱਖ ਪ੍ਰਚਾਰਕ ਭਾਈ ਜਤਿੰਦਰਪਾਲ ਸਿੰਘ (ਪਾਲ ਜੀ ਦਿੱਲੀ) ਵਲੋਂ ਕਨੈਕਟੀਕਟ ਸਿੱਖ ਐਸੋਸੀਏਸ਼ਨ ਦੇ ਸਹਿਯੋਗ ਨਾਲ ਇਥੇ ਹੋਟਲ ਹਾਲੀਡੇਅ ਇਨ ਐਕਸਪ੍ਰੈਸ ਵਿਚ ਨਵੇਂ ਵਿਆਹੇ ਜੋੜਿਆਂ ਅਤੇ ਵਿਆਹ ਦੀ ਉਮਰ ਵਿਚ ਪਹੁੰਚੇ ਨੌਜਵਾਨਾਂ ਲਈ ਇਕ ਸੈਮੀਨਾਰ ਕੀਤਾ ਜਿਸ ਵਿਚ ਨੌਜਵਾਨਾਂ ਨੂੰ ਵਿਆਹ ਦੀ ਮਹੱਤਤਾ, ਲਾਵਾਂ ਦੀ ਬਾਣੀ ਤੋਂ ਇਲਾਵਾ ਹੋਰ ਕਈ ਵਿਸ਼ਿਆਂ ਉਪਰ ਵਿਚਾਰ-ਵਟਾਂਦਰਾ ਹੋਇਆ। ਕਰੀਬ ਚਾਰ ਘੰਟੇ ਚਲੇ ਇਸ ਸੈਮੀਨਾਰ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਦੂਜੇ ਹਿੱਸੇ ਵਿਚ ਨੌਜਵਾਨਾਂ ਨੇ ਵਖ ਵਖ ਗਰੁਪ ਬਣਾ ਕੇ ਇਨ੍ਹਾਂ ਵਿਸ਼ਿਆਂ ਤੇ ਆਪਸ ਵਿਚ ਵਿਚਾਰ ਚਰਚਾ ਕੀਤੀ। ਅਖੀਰ ਵਿਚ ਸਾਂਝੀ ਵਿਚਾਰ ਗੋਸ਼ਟੀ ਕੀਤੀ ਗਈ ਜਿਸ ਵਿਚ ਮਾਦਾ ਭਰੂਣ ਹੱਤਿਆ, ਵਿਆਹੇ ਜੋੜਿਆਂ ਦੀ ਅਣਬਣ ਅਤੇ ਵਧ ਰਹੇ ਤਲਾਕਾਂ ਬਾਰੇ ਵਿਚਾਰ ਕੀਤੀ ਗਈ। ਸੈਮੀਨਾਰ ਦੇ ਅਖੀਰ ਵਿਚ ਨੌਜਵਾਨ ਬੱਚਿਆਂ ਅਤੇ ਵਿਆਹੇ ਜੋੜਿਆਂ ਨੇ ਮੋਮਬੱਤੀਆਂ ਬਾਲ ਕੇ ਆਪਸੀ ਪਿਆਰ ਦਾ ਪ੍ਰਗਟਾਵਾ ਕੀਤਾ ਅਤੇ ਗੁਰਮਤਿ ਅਨੁਸਾਰ ਜੀਵਨ ਜਿਊਣ ਦਾ ਪ੍ਰਣ ਲਿਆ।



ਕਨੈਕਟੀਕਟ ਸਿੱਖ ਐਸੋਸੀਏਸ਼ਨ ਦੇ ਪ੍ਰਬੰਧਕਾਂ ਬ੍ਰਹਮ ਸਿੰਘ, ਕਮਲਜੀਤ ਸਿੰਘ ਅਤੇ ਜੇ ਐਸ ਦੁਗਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਦੇ ਭਲੇ ਲਈ ਅਜਿਹੇ ਸੈਮੀਨਾਰ ਵਾਰ-ਵਾਰ ਕਰਵਾਉਣ ਦੀ ਲੋੜ ਉਤੇ ਜੋਰ ਦਿਤਾ।

ਪ੍ਰੋਗਰਾਮ ਦੇ ਅਖੀਰ ਵਿਚ ਬੋਲਦਿਆਂ ਭਾਈ ਜਤਿੰਦਰਪਾਲ ਸਿੰਘ ਨੇ ਕਨੈਕਟੀਕਟ ਸਿੱਖ ਐਸੋਸੀਏਸ਼ਨ ਅਤੇ ਵਿਸ਼ੇਸ਼ਕਰ ਅਮਨ ਕੌਰ ਸਮਰਾ, ਸੁਮਨ ਸਮਰਾ, ਅਮਨਦੀਪ ਕੌਰ ਅਤੇ ਸੰਦੀਪ ਕੌਰ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਭਾਈ ਜਤਿੰਦਰਪਾਲ ਸਿੰਘ ਨਾਲ ਫੋਨ 510-501-4648 ਤੇ ਸੰਪਰਕ ਕੀਤਾ ਜਾ ਸਕਦਾ ਹੈ।


Realtor & Mortgage Specialist
Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

MISSIONPEAK
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

# ਪ੍ਰੋ. ਪ੍ਰੇਮ ਮਾਨ ਨਾਲ ਰੂ-ਬ-ਰੂ

**ਚੰਡੀਗੜ੍ਹ:** ਅਮਰੀਕਾ ਦੀ ਈਸਟਰਨ ਕੁਨੈਕਟੀਕਟ ਸਟੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰੇਮ ਮਾਨ ਇਥੇ ਸੈਕਟਰ 46 ਵਿਚ ਉਤਮ ਰੈਸਟੋਰੈਂਟ ਵਿਚ ਸਰੋਤਿਆਂ ਦੇ ਰੂ-ਬ-ਰੂ ਹੋਏ। ਇਸ ਗ਼ੈਰ-ਰਸਮੀ ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਮੋਹਨ ਭੰਡਾਰੀ ਨੇ ਕੀਤੀ।

ਪ੍ਰੋ. ਮਾਨ ਨੇ ਆਪਣੇ ਪਿੰਡ (ਹੁਣ ਸ਼ਹਿਰ) ਬੰਗਾ, ਬਚਪਨ ਤੋਂ ਲੈ ਕੇ ਪੜ੍ਹਾਈ, ਨੌਕਰੀ, ਸਾਹਿਤ ਲਈ ਰੁਚੀ ਅਤੇ ਦੇਸੀਆਂ ਤੇ ਪਰਦੇਸੀਆਂ ਦੇ ਮਸਲਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਸਾਹਿਤ ਦੀ ਚੇਟਕ ਉਨ੍ਹਾਂ ਨੂੰ ਪੰਜਾਬੀ ਅਧਿਆਪਕ ਪਿਆਰਾ ਸਿੰਘ ਅਟਵਾਲ ਨੇ ਲਾਈ ਜਿਹੜੇ ਕਲਾਸ ਵਿਚ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਹੋਰ ਕਿਤਾਬਾਂ ਦੀ ਵਾਹਵਾ ਚਰਚਾ ਕਰਦੇ ਰਹਿੰਦੇ ਸਨ। ਪਿੱਛੋਂ ਲਿਖਣ ਦੀ ਚੇਟਕ ਵੀ ਲੱਗ ਗਈ। ਉਨ੍ਹਾਂ ਦੋ ਕਿਤਾਬਾਂ- ਕਹਾਣੀ ਸੰਗ੍ਰਿਹ 'ਚੁਬਾਰੇ ਦੀ ਇੱਟ' (1970) ਅਤੇ ਗ਼ਜ਼ਲ ਸੰਗ੍ਰਿਹ 'ਪਲਕਾਂ ਡੱਕੇ ਹੰਝੂ' (1972) ਛਪਵਾਈਆਂ। 1973 ਵਿਚ 'ਕਵਿਤਾ' ਪਰਚੇ ਦਾ ਕਹਾਣੀ ਅੰਕ (ਦੋ ਜਿਲਦਾਂ ਵਾਲਾ) ਸੰਪਾਦਿਤ ਕੀਤਾ। ਚਾਰ ਸਾਲ ਚੰਡੀਗੜ੍ਹ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਪੜ੍ਹਾਇਆ। 1975 ਵਿਚ ਇੰਗਲੈਂਡ ਅਤੇ ਉਥੋਂ 1980 ਵਿਚ ਅਮਰੀਕਾ ਚਲੇ ਗਏ। ਪੀ ਐਚ. ਡੀ. ਕੀਤੀ ਅਤੇ ਨਾਲ ਦੀ ਨਾਲ ਪੜ੍ਹਾਉਣਾ ਸ਼ੁਰੂ ਕੀਤਾ। 1986 ਤੋਂ ਉਹ ਈਸਟਰਨ ਕੁਨੈਕਟੀਕਟ ਸਟੇਟ ਯੂਨੀਵਰਸਿਟੀ ਦੇ ਇਕਨੋਮਿਕਸ ਵਿਭਾਗ ਵਿਚ ਪੜ੍ਹਾ ਰਹੇ ਹਨ ਅਤੇ 1994 ਤੋਂ ਵਿਭਾਗ ਦੇ ਮੁਖੀ ਚਲੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿਚ ਵਿਭਾਗ ਦਾ ਮੁਖੀ ਸੀਨੀਆਰਟੀ ਨਾਲ ਨਹੀਂ ਬਣਦਾ, ਬਲਕਿ ਵਿਭਾਗ ਦੇ ਅਧਿਆਪਕਾਂ ਵੱਲੋਂ ਉਸਦੀ ਚੋਣ ਕੀਤੀ ਜਾਂਦੀ ਹੈ ਅਤੇ ਉਹ ਹਰ ਵਾਰ ਸਰਬਸੰਮਤੀ ਨਾਲ ਚੁਣੇ ਜਾਂਦੇ ਹਨ।



(ਖੱਬਿਓਂ) ਜਿੰਦਰ, ਮੋਹਨ ਭੰਡਾਰੀ ਅਤੇ ਪ੍ਰੇਮ ਮਾਨ

ਉਨ੍ਹਾਂ ਦੱਸਿਆ ਕਿ ਉਨ੍ਹਾਂ 2007 ਵਿਚ ਨਿਊ ਯਾਰਕ ਤੋਂ ਟੀ.ਵੀ. ਸ਼ੋਅ 'ਸਾਵੇ ਪੱਤਰ' ਸ਼ੁਰੂ ਕੀਤਾ ਜਿਸ ਵਿਚ ਪੰਜਾਬੀ ਕਵੀਆਂ ਨੂੰ ਲਗਾਤਾਰ 3 ਸਾਲ ਪੇਸ਼ ਕੀਤਾ ਗਿਆ। ਆਪਣੇ ਰੁਝੇਵਿਆਂ ਦੇ ਬਾਵਜੂਦ ਉਹ ਪੰਜਾਬੀ ਬਲੌਗ www.punjabiblog.com ਰਾਹੀਂ ਸਾਹਿਤ ਸੰਸਾਰ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਉਨ੍ਹਾਂ ਆਪਣੀ ਵੈਬਸਾਈਟ www.premmann.com ਵੀ ਬਣਾਈ ਹੋਈ ਹੈ। ਇਸ ਦੇ ਨਾਲ ਹੀ ਉਨ੍ਹਾਂ ਵਿਦੇਸ਼ਾਂ ਵਿਚ ਪੰਜਾਬੀ ਭਾਈਚਾਰੇ, ਇਨ੍ਹਾਂ ਦੀ ਪਹੁੰਚ ਅਤੇ ਘੇਰੇ ਬਾਰੇ ਗੱਲਾਂ ਕੀਤੀਆਂ। ਸਮਾਗਮ ਵਿਚ ਸ਼ਾਮਲ ਸਰੋਤਿਆਂ ਨੇ ਉਨ੍ਹਾਂ ਤੋਂ ਸਵਾਲ ਵੀ ਪੁੱਛੇ। ਸਮਾਗਮ ਵਿਚ ਡਾ. ਲਾਭ ਸਿੰਘ ਖੀਵਾ, ਕਹਾਣੀਕਾਰ ਜਿੰਦਰ, ਡਾ. ਗੁਰਪਾਲ ਸਿੰਘ ਸੰਧੂ, ਪੰਜਾਬ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਪ੍ਰੋ. ਸੁਰਿੰਦਰ ਸਿੰਘ, ਜਸਵੀਰ ਸਮਰ, ਸਰਬਜੀਤ ਸਿੰਘ ਚਿੱਤਰਕਾਰ, ਸੁਸ਼ੀਲ ਦੁਸਾਂਝ, ਗੋਬਰਧਨ ਗੱਬੀ, ਦਵਿੰਦਰ ਸਿੰਘ, ਅੰਜੂ ਪਰੌਬਸਤ (ਪੈਰਿਸ), ਮਾਸਟਰ ਅਜੈ ਪਰੌਬਸਤ, ਨਿਰਮਲ ਸਿੰਘ, ਜੱਸੀ ਸੰਘਾ, ਅਮਰਿੰਦਰ ਸਿੰਘ ਅਤੇ ਹੋਰ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ।

## ਭਾਈ ਗੋਬਿੰਦਪੁਰੀ ਗੁਰੂਘਰ ਗਲੈਨਕੋਵ ਤੋਂ ਸੇਵਾਮੁਕਤ

**ਨਿਊ ਯਾਰਕ:** ਉਘੇ ਸਿੱਖ ਵਿਦਵਾਨ ਗਿਆਨੀ ਸਰਬਜੀਤ ਸਿੰਘ ਗੋਬਿੰਦਪੁਰੀ ਜੋ ਕਿ ਨਿਊ ਯਾਰਕ ਦੇ ਗੁਰਦੁਆਰਾ ਗਲੈਨਕੋਵ ਵਿਚ ਹੈਡਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਸਨ, ਪਿਛਲੇ



ਦਿਨੀਂ ਸੇਵਾਮੁਕਤ ਹੋ ਗਏ। ਜ਼ਿਕਰਯੋਗ ਹੈ ਕਿ ਗਿਆਨੀ ਗੋਬਿੰਦਪੁਰੀ ਉਨ੍ਹਾਂ ਚੋਣਵੇਂ ਸਿੱਖ ਵਿਦਵਾਨਾਂ ਵਿਚੋਂ ਹਨ ਜੋ ਹਿੰਦੀ ਅਤੇ ਅੰਗ੍ਰੇਜ਼ੀ ਵਿਚ ਵੀ ਉਨੀ ਹੀ ਰਵਾਨਗੀ ਨਾਲ ਗੁਰਬਾਣੀ ਦੀ ਵਿਆਖਿਆ ਕਰ ਸਕਦੇ ਹਨ ਜਿੰਨੀ ਨਾਲ ਕਿ ਪੰਜਾਬੀ ਵਿਚ। ਉਹ ਪਿਛਲੇ ਦੋ ਸਾਲਾਂ ਤੋਂ ਜਸ ਪੰਜਾਬੀ ਟੀ ਵੀ ਚੈਨਲ ਉਤੇ ਰੋਜ਼ ਦਰਬਾਰ ਸਾਹਿਬ ਤੋਂ ਆਉਂਦੇ ਹੁਕਮਨਾਮੇ ਦੀ ਅੰਗ੍ਰੇਜ਼ੀ ਵਿਚ ਵਿਆਖਿਆ ਕਰਦੇ ਆ ਰਹੇ ਹਨ।

ਗਿਆਨੀ ਸਰਬਜੀਤ ਸਿੰਘ ਨੇ ਦੱਸਿਆ ਕਿ ਉਹ ਗੁਰਦੁਆਰਾ ਗਲੈਨਕੋਵ ਤੋਂ ਸੇਵਾਮੁਕਤੀ ਤੋਂ ਬਾਅਦ ਵੀ ਦੇਸ਼-ਵਿਦੇਸ਼ ਦੀਆਂ ਦੀ ਸੇਵਾ ਪਹਿਲਾਂ ਵਾਂਗ ਹੀ ਕਰਦੇ ਰਹਿਣਗੇ। ਪਿਛਲੇ ਦਿਨੀਂ ਉਨ੍ਹਾਂ ਇੰਡੀਆਨਾ ਵਿਚ ਯੂਨਾਈਟਡ ਸਿੱਖਸ ਜਥੇਬੰਦੀ ਵਲੋਂ ਲਾਏ ਗਏ ਗੁਰਮਤਿ ਕੈਂਪ ਵਿਚ ਨੌਜਵਾਨ ਬੱਚਿਆਂ ਦੇ ਸਵਾਲਾਂ ਦੇ ਜਵਾਬ ਬੜੇ ਤਸੱਲੀਬਖਸ਼ ਤਰੀਕੇ ਨਾਲ ਦਿਤੇ। ਉਨ੍ਹਾਂ ਨਾਲ ਸੰਪਰਕ ਫੋਨ 646-464-1818 ਜਾਂ ਈਮੇਲ humbleSinghSahib@yahoo.com ਤੇ ਕੀਤਾ ਜਾ ਸਕਦਾ ਹੈ।

## ਪੰਜਾਬ ਤੋਂ ਆਉਂਦੇ ਸਿਆਸੀ ਲੀਡਰਾਂ ਦਾ ਸਵਾਗਤ ਕਰਨਾ ਛੱਡੋ-ਬੀਬੀ ਖਾਲੜਾ

**ਟੋਰਾਂਟੋ:** ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਲੇਖੇ ਲਾਉਣ ਵਾਲੇ ਅਤੇ ਪੰਜਾਬ ਵਿਚ 25 ਹਜ਼ਾਰ ਨੌਜਵਾਨਾਂ ਨੂੰ ਲਾਪਤਾ ਲਾਸ਼ਾਂ ਵਿਚ ਬਦਲੇ ਜਾਣ ਦੇ ਪੰਜਾਬ ਪੁਲਿਸ ਦੇ ਕੁਕਰਮ ਦਾ ਪਰਦਾ ਫਾਸ਼ ਕਰਨ ਵਾਲੇ ਮਰਹੂਮ ਸ. ਜਸਵੰਤ ਸਿੰਘ ਖਾਲੜਾ ਦੀ ਧਰਮਪਤਨੀ ਬੀਬੀ ਪਰਮਜੀਤ ਕੌਰ ਨੇ ਆਖਿਆ ਹੈ ਕਿ ਜਦੋਂ ਵੀ ਪੰਜਾਬ ਤੋਂ ਸਿਆਸੀ ਲੀਡਰ ਵਿਦੇਸ਼ਾਂ ਦੇ ਦੌਰੇ 'ਤੇ ਆਉਣ ਉਨ੍ਹਾਂ ਦਾ ਸਵਾਗਤ ਕਰਨ ਦੀ ਥਾਂ ਉਨ੍ਹਾਂ ਦਾ ਵਿਰੋਧ ਕੀਤਾ ਜਾਵੇ ਅਤੇ ਉਨ੍ਹਾਂ ਤੋਂ ਪੁਛਿਆ ਜਾਵੇ ਕਿ ਉਹ ਸਰਕਾਰ ਵਲੋਂ ਕੀਤੇ ਗਏ ਕਤਲਾਂ ਬਾਰੇ ਚੁੱਪ ਕਿਉਂ ਹਨ?



ਬੀਬੀ ਪਰਮਜੀਤ ਕੌਰ

ਕਰੀਬ ਪੰਜ ਸਾਲ ਕੈਨੇਡਾ ਦੇ ਦੌਰੇ 'ਤੇ ਆਏ ਬੀਬੀ ਪਰਮਜੀਤ ਕੌਰ ਖਾਲੜਾ ਨੇ ਇਥੇ ਸਕਾਰਬਰੋ ਗੁਰਦੁਆਰੇ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਹਾਲੀਆ ਸਿੱਖ ਸੰਘਰਸ਼ ਦਾ ਚੇਤਾ ਕਰਾਇਆ ਜਿਸ ਵਿਚ ਹਜ਼ਾਰਾਂ ਜਾਨਾਂ ਜਾਂਦੀਆਂ ਰਹੀਆਂ ਪਰ ਨਤੀਜਾ ਕੁਝ ਵੀ ਨਹੀਂ ਨਿਕਲਿਆ। ਸਮੇਂ ਦੀ ਹਕੂਮਤ ਨੇ ਸਿੱਖਾਂ ਉਤੇ ਅਸਹਿ ਜ਼ੁਲਮ ਢਾਹੇ, ਪੁਲਿਸ ਨੇ ਕੋਈ 25 ਹਜ਼ਾਰ ਲੋਕਾਂ ਨੂੰ ਲਾਪਤਾ ਲਾਸ਼ਾਂ ਵਿਚ ਬਦਲਿਆ ਅਤੇ ਪੁਲਿਸ ਨੇ ਉਨ੍ਹਾਂ ਨੂੰ ਮੁਕਾਬਲੇ ਵਿਚ ਮਾਰੇ ਗਏ ਅਤਿਵਾਦੀ ਦਰਸਾ ਕੇ ਤਰੱਕੀਆਂ ਹਾਸਲ ਕੀਤੀਆਂ। ਇਹ ਰਿਕਾਰਡ ਤਾਂ ਉਹ ਹੈ ਜੋ ਅੰਮ੍ਰਿਤਸਰ ਜ਼ਿਲੇ ਦੇ ਸ਼ਮਸ਼ਾਨਘਾਟਾਂ ਤੋਂ ਪ੍ਰਾਪਤ ਹੋਇਆ ਹੈ, ਜੋ ਲੋਕ ਦਰਿਆਵਾਂ ਵਿਚ ਰੋੜ੍ਹ ਦਿਤੇ ਗਏ ਉਸ ਦਾ ਤਾਂ ਕੋਈ ਰਿਕਾਰਡ ਹੀ ਨਹੀਂ। ਉਸ ਦੇ ਸਵਰਗਵਾਸੀ ਪਤੀ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰਾਂ ਪ੍ਰਤੀ ਸਰੋਕਾਰਾਂ ਕਰਕੇ ਹੀ ਪੁਲਿਸ ਵਲੋਂ ਦਰਸਾਏ ਗਏ ਲਾਪਤਾ ਲੋਕਾਂ ਸਬੰਧੀ ਅੰਕੜੇ ਇਕੱਠੇ ਕਰ ਰਹੇ ਸਨ ਕਿ ਉਨ੍ਹਾਂ ਨੂੰ ਪੁਲਿਸ ਹਿਰਾਸਤ ਵਿਚ ਹੀ ਕਤਲ ਕਰ ਦਿੱਤਾ ਗਿਆ। ਸ਼ਾਇਦ ਉਹ ਕਹਿਣਾ ਚਾਹੁੰਦੇ ਸਨ ਕਿ ਜਿਥੇ ਅਸੀਂ 25 ਹਜ਼ਾਰ ਲੋਕਾਂ ਨੂੰ ਲਾਪਤਾ ਕਹਿ ਕੇ ਖਤਮ ਕਰ ਸਕਦੇ ਹਾਂ ਉਥੇ ਇਕ ਹੋ ਸਹੀ। ਉਨ੍ਹਾਂ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਪੱਛਮੀ ਮੁਲਕਾਂ ਵਿਚ ਰਹਿੰਦੇ ਸਿੱਖ ਪੰਜਾਬ ਤੋਂ ਆਉਂਦੇ ਸਿਆਸੀ ਆਗੂਆਂ ਨੂੰ ਕਿਵੇਂ ਜੀ ਆਇਆਂ ਕਹਿ ਲੈਂਦੇ ਹਨ?


ਢਿਲੋਂ ਟਰਕ ਸਟਾਪ
Interstate 40, exit 356,
San Jon, NM

ਡੀਜ਼ਲ ਮਕੈਨਿਕ ਦੀ ਲੋੜ ਹੈ

ਵਧੀਆ ਤਨਖਾਹ (ਖਾਣੇ ਅਤੇ ਰਿਹਾਇਸ਼ ਸਮੇਤ)
ਮਕੈਨਿਕ ਜੇ ਕਮਿਸ਼ਨ ਉਤੇ ਕੰਮ ਕਰਨਾ ਚਾਹੇ ਤਾਂ
ਉਸ ਉਤੇ ਵੀ ਵਿਚਾਰ ਹੋ ਸਕਦੀ ਹੈ

ਸੰਪਰਕ ਕਰੋ: ਕੁਲਵਿੰਦਰ ਸਿੰਘ ਢਿਲੋਂ
ਫੋਨ: 317-918-6776 ਜਾਂ 575-976-2444



Short Sale Specialist
Certified HAFA Specialist

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

ਜੇ ਤੁਹਾਡੇ ਘਰ ਉਤੇ ਲੋਨ ਬਹੁਤ ਜ਼ਿਆਦਾ ਹੈ ਅਤੇ ਘਰ ਦੀ ਕੀਮਤ ਅੱਜ ਦੀ ਮਾਰਕਿਟ ਕੀਮਤ ਅਨੁਸਾਰ ਬਹੁਤ ਘੱਟ ਹੈ, ਮਿਸਾਲ ਵਜੋਂ ਤੁਹਾਡੇ ਘਰ 'ਤੇ ਲੋਨ 5 ਲੱਖ ਡਾਲਰ ਹੈ ਅਤੇ ਘਰ ਦੀ ਕੀਮਤ ਢਾਈ-ਤਿੰਨ ਲੱਖ ਡਾਲਰ ਹੀ ਰਹਿ ਗਈ ਹੈ ਤਾਂ ਤੁਸੀਂ ਸ਼ਾਰਟ ਸੇਲ ਦਾ ਲਾਭ ਉਠਾ ਸਕਦੇ ਹੋ।




ਸ਼ਾਰਟ ਸੇਲ 'ਤੇ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਹੁਤ ਘੱਟ ਸਮੇਂ ਲਈ ਖਰਾਬ ਹੋਵੇਗਾ ਅਤੇ ਤੁਸੀਂ ਸਾਲ-ਡੇਢ ਸਾਲ ਵਿਚ ਦੁਬਾਰਾ ਘਰ ਲੈਣ ਲਈ ਕੁਆਲੀਫਾਈ ਕਰ ਸਕਦੇ ਹੋ। ਦੂਜੇ ਪਾਸੇ ਜੇ ਤੁਹਾਡਾ ਘਰ ਫੋਰਕਲੋਜ਼ਰ ਵਿਚ ਜਾਂਦਾ ਹੈ ਤਾਂ ਤੁਹਾਡਾ ਕਰੈਡਿਟ ਸੱਤ ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਲਈ ਖਰਾਬ ਹੋ ਸਕਦਾ ਹੈ। ਜੇ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤਾਂ ਸ਼ਾਰਟ ਸੇਲ ਰਾਹੀਂ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਿਲਕੁਲ ਖਰਾਬ ਨਹੀਂ ਹੋਵੇਗਾ।

ਜੇ ਤੁਸੀਂ ਲੋਨ ਮੋਡੀਫਿਕੇਸ਼ਨ ਵਾਸਤੇ ਅਪਲਾਈ ਕੀਤਾ ਸੀ ਅਤੇ ਤੁਹਾਡਾ ਲੋਨ ਮੋਡੀਫਾਈ ਨਹੀਂ ਹੋਇਆ ਤਦ ਵੀ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ ਅਤੇ ਡੀਲ ਕਲੋਜ਼ ਹੋਣ ਤੱਕ ਤੁਸੀਂ ਆਰਾਮ ਨਾਲ ਆਪਣੇ ਘਰ ਵਿਚ ਰਹਿ ਸਕਦੇ ਹੋ।

*ਅਸੀਂ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ।*

ਅਸੀਂ ਟਰੇਸੀ, ਮਾਊਨਟੇਨ ਹਾਊਸ, ਮਨਟੀਕਾ, ਲੈਥਰੋਪ, ਸਟਾਕਟਨ, ਐਲਕ ਗਰੂਵ, ਸੈਕਰਾਮੈਂਟੋ ਇਲਾਕੇ ਵਿਚ ਬਹੁਤ ਘਰ ਸ਼ਾਰਟ ਸੇਲ ਵਿਚ ਵੇਚ ਚੁਕੇ ਹਾਂ।



Gurbans Singh Gill
Realtor
13 Years Experiance
in Real Estate
e-mail:gurbans@gotracy.com

REALTY WORLD
Millennium

Fax:209-836-0706
www.gotracy.com

Gurbans Gill 209-815-1869



Mobile Auto Service
Bay Area & Central Valley

32 Years Experience

ASE Certified
Master Auto Technician
Engine Performance Specialist

ASE CERTIFIED
MASTER AUTO TECHNICIAN



Guljender Dhami

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰੀ ਖੇਤੀ ਮੰਤਰੀ ਦੇ ਬੇਤੁਕੇ ਬਿਆਨ ਸੁਪਰੀਮ ਕੋਰਟ ਦੀ ਬੇਅਦਬੀ

ਤੱਕ ਨਹੀਂ ਪਹੁੰਚਦਾ ਕਿਉਂਕਿ ਇਸ ਪ੍ਰਣਾਲੀ ਵਿਚ ਬਹੁਤ ਵੱਡੀ ਘਪਲੇਬਾਜ਼ੀ ਹੈ। ਸਰਵ ਉਚ ਅਦਾਲਤ ਨੇ ਇਸ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਕਿ ਅਨਾਜ ਨੂੰ ਭਾਰਤੀ ਖੁਰਾਕ ਨਿਗਮ ਦੇ ਗੋਦਾਮਾਂ ਵਿਚ ਸੜਨ ਦੇਣ ਦੀ ਬਜਾਏ ਦੇਸ਼ ਦੇ ਭੁੱਖੇ ਤੇ ਗਰੀਬ ਲੋਕਾਂ 'ਚ ਮੁਫਤ ਵੰਡੇ ਜਾਣਾ ਯਕੀਨੀ ਬਣਾਇਆ ਜਾਵੇ। ਜਸਟਿਸ ਦਲਵੀਰ ਭੰਡਾਰੀ ਤੇ ਜਸਟਿਸ ਦੀਪਕ ਵਰਮਾ 'ਤੇ ਆਧਾਰਤ ਬੈਂਚ ਨੇ ਕੇਂਦਰ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਹਰੇਕ ਰਾਜ 'ਚ ਇਕ ਵੱਡੇ ਗੁਦਾਮ ਤੋਂ ਇਲਾਵਾ ਜ਼ਿਲ੍ਹਾ ਤੇ ਡਵੀਜ਼ਨ ਪੱਧਰ 'ਤੇ ਗੋਦਾਮ ਵੀ ਬਣਾਏ ਜਾਣ। ਸਰਵ ਉਚ ਅਦਾਲਤ ਨੇ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਵਾਜਬ ਕੀਮਤਾਂ ਵਾਲੀਆਂ ਦੁਕਾਨਾਂ ਪੂਰਾ ਮਹੀਨਾ ਖੁੱਲ੍ਹੀਆਂ ਰਹਿਣ।

ਪਰ ਦੂਜੇ ਪਾਸੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ, ਸਰਵ ਉਚ ਅਦਾਲਤ ਦੀਆਂ ਹਿਦਾਇਤਾਂ ਵਲ ਕੰਨ ਧਰਨ ਦੀ ਬਜਾਏ ਆਪਣੀ ਧੁਨ 'ਚ ਮਸਤ ਹੈ। ਉਨ੍ਹਾਂ 13 ਅਗਸਤ ਨੂੰ ਰਾਜ ਸਭਾ ਵਿਚ ਇਹ ਆਖ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਅਨਾਜ ਦੇ ਖਰਾਬੇ ਬਾਰੇ ਅੰਕੜੇ ਸਚਾਈ ਤੋਂ ਦੂਰ ਅਤੇ ਤੱਥਾਂ 'ਤੇ ਆਧਾਰਤ ਨਹੀਂ ਹਨ। ਇੱਥੇ ਜ਼ਿਕਰਯੋਗ ਹੈ ਕਿ ਇਸ ਤੋਂ ਦੋ ਦਿਨ ਪਹਿਲਾਂ ਹੀ ਪਵਾਰ ਨੇ ਸਦਨ ਵਿਚ ਅਨਾਜ ਦੇ ਖਰਾਬੇ ਨੂੰ 'ਸ਼ਰਮਨਾਕ' ਕਰਾਰ ਦਿੱਤਾ ਸੀ ਤੇ ਮੰਨਿਆ ਸੀ ਕਿ ਸਰਕਾਰੀ ਗੁਦਾਮਾਂ ਵਿਚ 6.86 ਕਰੋੜ ਰੁਪਏ ਦਾ 11,700 ਟਨ ਅਨਾਜ ਬਰਬਾਦ ਹੋਇਆ ਹੈ। ਪਰ ਦੋ ਦਿਨ ਪਿੱਛੋਂ ਉਨ੍ਹਾਂ ਆਪਣੇ ਬਿਆਨ ਤੋਂ ਪਲਟੀ ਮਾਰਦਿਆਂ ਨੁਕਸਾਨ ਬਾਰੇ ਮੀਡੀਆ ਰਿਪੋਰਟਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤੀਆਂ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਨਾਜ ਦੇ ਸੜਨ ਦੇ ਕੁਝ ਕੇਸ ਹੋ ਸਕਦੇ ਹਨ ਅਤੇ ਮਾਮਲੇ 'ਚ ਕੁਝ ਅਫਸਰਾਂ ਨੂੰ ਮੁਅੱਤਲ ਕੀਤਾ ਗਿਆ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਸਿਰਫ ਪਹਿਲੀ ਵਾਰ ਹੀ ਨਹੀਂ ਕਿ ਸ਼ਰਦ ਪਵਾਰ ਨੇ ਅਜਿਹਾ ਬਿਆਨ ਦਿੱਤਾ ਹੋਵੇ। ਇਸ ਤੋਂ ਪਹਿਲਾਂ ਵੀ ਕਈ ਵਾਰ ਉਨ੍ਹਾਂ ਦੇ ਅਜਿਹੇ ਬਿਆਨ ਬੇਹਤਾਸ਼ਾ ਮਹਿੰਗਾਈ ਦਾ ਕਾਰਨ ਬਣ ਚੁੱਕੇ ਹਨ। ਮਹਿੰਗਾਈ ਨੂੰ ਕਾਬੂ ਕਰਨ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ 'ਚ ਉਨ੍ਹਾਂ ਕਦੇ ਇਸ ਦੇ ਸਾਲ ਪਿੱਛੋਂ ਕੰਟਰੋਲ 'ਚ ਆਉਣ ਦੀ ਗੱਲ ਆਖੀ ਤੇ ਕਦੇ ਛੇ ਮਹੀਨੇ। ਫਿਰ ਇਕ ਵਾਰ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਮੈਂ ਕਿਹੜਾ ਜੋਤਿਸ਼ੀ ਹਾਂ ਜੋ ਮਹਿੰਗਾਈ ਦੇ ਘਟਣ ਬਾਰੇ ਭਵਿੱਖਬਾਣੀ ਕਰ ਦੇਵਾਂ। ਉਨ੍ਹਾਂ ਦੇ ਅਜਿਹੇ ਬਿਆਨਾਂ ਨਾਲ ਜ਼ਖੀਰੇਬਾਜ਼ਾਂ ਅਤੇ ਮੁਨਾਫਾਖੋਰ ਵਪਾਰੀਆਂ ਦੇ ਹੌਸਲੇ ਵਧੇ, ਉਨ੍ਹਾਂ ਖੰਡ ਤੇ ਹੋਰ ਜ਼ਰੂਰੀ ਖਾਧ ਪਦਾਰਥਾਂ ਦੀ ਨਕਲੀ ਥੁੜ ਪੈਦਾ ਕਰਕੇ ਮਹਿੰਗਾਈ ਨੂੰ ਸੱਤਵੇਂ ਆਸਮਾਨ 'ਤੇ ਪਹੁੰਚਾ ਦਿੱਤਾ ਜੋ ਅਜੇ ਤੀਕ ਹੇਠਾਂ ਆਉਣ ਦਾ ਨਾਂ ਨਹੀਂ ਲੈਂਦੀ।

ਮਹਿੰਗਾਈ ਸਬੰਧੀ ਅਜਿਹੇ ਬਿਆਨ ਸਿਰਫ ਖੇਤੀ ਮੰਤਰੀ ਦੇ ਹੀ ਨਹੀਂ, ਦੇਸ਼ ਦੇ ਪ੍ਰਧਾਨ ਮੰਤਰੀ ਵੀ ਕਈ ਵਾਰ ਅਜਿਹੇ ਬਿਆਨ ਦੇ ਚੁੱਕੇ ਹਨ। ਪਿੱਛੇ ਜਿਹੇ ਉਨ੍ਹਾਂ ਭਰਵੀਂ ਬਰਸਾਤ ਨੂੰ ਦੇਖਦਿਆਂ ਦਸੰਬਰ ਤੱਕ ਮਹਿੰਗਾਈ ਦਰ ਘਟਣ ਦਾ ਅਨੁਮਾਨ ਲਾਇਆ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਵਰਗੇ ਅਰਥ ਸ਼ਾਸਤਰੀਆਂ ਦੇ ਲੱਖ ਯਤਨਾਂ ਦੇ ਬਾਵਜੂਦ ਮਹਿੰਗਾਈ ਨੇ ਉਨ੍ਹਾਂ ਤੋਂ ਅਜਿਹਾ ਹੱਥ ਛੁਡਾਇਆ ਹੋਇਆ ਹੈ ਕਿ ਉਨ੍ਹਾਂ ਦੀ ਪਕੜ 'ਚ ਨਹੀਂ ਆ ਰਹੀ ਪਰ ਦੂਜੇ ਪਾਸੇ ਅਨਾਜ ਸਰਕਾਰੀ ਗੋਦਾਮਾਂ 'ਚ ਸੜ ਰਿਹਾ ਹੈ।

ਖੇਤੀਬਾੜੀ ਮੰਤਰੀ ਵਲੋਂ ਅਨਾਜ ਦੇ ਖਰਾਬੇ ਨੂੰ ਗੰਭੀਰਤਾ ਨਾਲ ਨਾ ਲੈਣ 'ਤੇ ਭਾਜਪਾ ਅਤੇ ਸੀ.ਪੀ.ਐਮ. ਨੇ ਉਨ੍ਹਾਂ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਮ ਆਦਮੀ ਦੀ ਰਤਾ ਪਰਵਾਹ ਨਹੀਂ। ਸੀ.ਪੀ.ਐਮ. ਦੀ ਬਰਿੰਦਾ ਕਾਰਤ ਨੇ ਕਿਹਾ ਕਿ ਮਹਿੰਗਾਈ ਰੋਕਣ ਨੂੰ ਇਕ ਸਾਲ ਲੱਗਣ ਵਰਗੇ ਬਿਆਨਾਂ ਤੋਂ ਲਗਦਾ ਹੈ ਕਿ ਸਰਕਾਰ ਆਮ ਵਿਅਕਤੀ ਦੀਆਂ ਮੁਸ਼ਕਲਾਂ ਤੋਂ ਬਿਲਕੁੱਲ ਅਣਜਾਣ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਚਾਰ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੀ ਗੱਲ ਕਹੀ ਸੀ, ਜੋ ਅੱਜ ਤੱਕ ਪੂਰੀ ਨਹੀਂ ਹੋ ਸਕੀ। ਭਾਜਪਾ ਦੇ ਬੁਲਾਰੇ ਰਾਜੀਵ ਪ੍ਰਤਾਪ ਰੈਡੀ ਨੇ ਕਿਹਾ ਕਿ ਪਵਾਰ ਦਾ ਸਦਨ ਵਿਚ ਬਿਆਨ ਬੇਤੁਕਾ ਤੇ ਅਨਾਜ ਦੇ ਖਰਾਬੇ 'ਤੇ ਪਰਦਾ ਪਾਉਣ ਵਾਲਾ ਹੈ। ਸਾਰਾ ਮੁਲਕ ਜਾਣਦਾ ਹੈ ਕਿ ਅਨਾਜ ਖਰਾਬ ਹੋ ਰਿਹਾ ਹੈ। ਇਸ ਦੇ ਬਾਵਜੂਦ ਮੰਤਰੀ ਸਦਨ ਨੂੰ ਗੁੰਮਰਾਹ ਕਰਨ 'ਤੇ ਤੁਲੇ ਹੋਏ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਦੇਸ਼ ਵਿਚ ਗੋਦਾਮਾਂ ਦਾ ਉਚਿਤ ਪ੍ਰਬੰਧ ਨਾ ਹੋਣ ਅਤੇ ਖੁੱਲ੍ਹੇ ਆਸਮਾਨ ਹੇਠ ਅਨਾਜ ਨੂੰ ਸਟੋਰ ਕਰਨ ਤੇ ਉਸ ਦੀ ਸਾਂਭ ਸੰਭਾਲ ਕਰਨ 'ਚ ਵਰਤੀ ਜਾਣ ਵਾਲੀ ਲਾਪ੍ਰਵਾਹੀ ਕਾਰਨ 60 ਹਜ਼ਾਰ ਕਰੋੜ ਰੁਪਏ ਦਾ ਅਨਾਜ ਹਰ ਸਾਲ ਮਿੱਟੀ ਵਿਚ ਮਿਲ ਜਾਂਦਾ ਹੈ, ਜੋ ਪਸ਼ੂਆਂ ਦੇ ਖਾਣ ਦੇ ਯੋਗ ਵੀ ਨਹੀਂ ਰਹਿੰਦਾ। ਰਿਪੋਰਟਾਂ 'ਚ ਇਹ ਵੀ ਦੋਸ਼ ਲੱਗ ਰਹੇ ਹਨ ਕਿ ਇਸ ਅਨਾਜ ਨੂੰ ਜਾਣ-ਬੁੱਝ ਕੇ ਸੜਨ ਦਿੱਤਾ ਜਾਂਦਾ ਹੈ ਤਾਂ ਕਿ ਇਹ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਨੂੰ ਨਿਗੂਣੇ ਮੁੱਲ 'ਤੇ ਵੇਚਿਆ ਜਾ ਸਕੇ। ਸਰਕਾਰ ਵਲੋਂ ਲੱਖਾਂ ਟਨ ਵਾਧੂ ਅਨਾਜ ਨੂੰ ਬਰਾਮਦ ਕਰਨ ਜਾਂ ਜਨਤਕ ਵੰਡ ਪ੍ਰਣਾਲੀ 'ਚ ਨਾ ਲਿਆ ਕੇ ਗੋਦਾਮਾਂ 'ਚ ਸਾੜ ਦਿੱਤੇ ਜਾਣ ਤੋਂ ਲਗਦਾ ਹੈ ਕਿ ਸਰਕਾਰ ਸਿਰ ਲੱਗ ਰਹੇ ਦੋਸ਼ ਬਿਲਕੁੱਲ ਹੀ ਸਚਾਈ ਤੋਂ ਸੱਖਣੇ ਨਹੀਂ। ਦੇਸ਼ ਦੀ ਆਜ਼ਾਦੀ ਤੋਂ ਕਈ ਦਹਾਕੇ ਬਾਅਦ ਤੱਕ ਦੇਸ਼ ਵਾਸੀਆਂ ਦੀ ਖੁਰਾਕ ਸਬੰਧੀ ਲੋੜਾਂ ਦੂਸਰੇ ਦੇਸ਼ਾਂ ਤੋਂ ਅਨਾਜ ਦਰਾਮਦ ਕਰਕੇ ਪੂਰੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਹੁਣ ਜੇ ਦੇਸ਼ ਕੋਲ ਅੰਨ ਦੇ ਭੰਡਾਰ ਭਰੇ ਹਨ ਤਾਂ ਉਹ ਸੰਭਾਲਣ ਖੁਣੋਂ ਬਰਬਾਦ ਹੋ ਰਹੇ ਹਨ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ 50 ਲੱਖ ਫਾਰਮ ਦਾਖਲ

**ਚੰਡੀਗੜ੍ਹ :** ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਾਸਤੇ ਵੋਟਾਂ ਬਣਾਉਣ ਲਈ ਕੇਸਧਾਰੀ ਸਿੱਖਾਂ ਵਲੋਂ ਮਿਲੇ ਜ਼ਬਰਦਸਤ ਹੁੰਗਾਰੇ ਕਾਰਨ ਕੇਵਲ ਪੰਜਾਬ ਅਤੇ ਹਰਿਆਣਾ ਦੇ ਤਕਰੀਬਨ 50 ਲੱਖ ਫਾਰਮ ਆਏ ਹਨ ਜਦੋਂ ਕਿ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਸਮੇਤ ਹਿਮਾਚਲ ਅਤੇ ਚੰਡੀਗੜ੍ਹ ਦੀ ਰਿਪੋਰਟ ਅਜੇ ਆਉਣੀ ਬਾਕੀ ਹੈ। ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਨਹੀਂ ਬਣੀਆਂ।

ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਆਦ ਪਿਛਲੀ 14 ਅਗਸਤ ਨੂੰ ਸਮਾਪਤ ਹੋ ਗਈ ਹੈ। ਇਸ ਤੋਂ ਪਹਿਲਾਂ ਵੋਟਾਂ ਬਣਾਉਣ ਲਈ ਇਕ ਮਹੀਨਾ ਮਿਆਦ ਵਧਾ ਦਿੱਤੀ ਗਈ ਸੀ ਅਤੇ ਹੁਣ ਵੀ ਕਈ ਜਥੇਬੰਦੀਆਂ ਮੰਗ ਕਰ ਰਹੀਆਂ ਸਨ ਕਿ ਵੋਟਾਂ ਬਣਾਉਣ ਦੀ ਮਿਆਦ ਹੋਰ ਵਧਾਈ ਜਾਵੇ ਪਰ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ (ਰਿਟਾ.) ਹਰਫੂਲ ਸਿੰਘ ਬਰਾੜ ਨੇ ਪਿਛਲੇ ਹਫਤੇ ਹੀ ਵੋਟਾਂ ਲਈ ਹੋਰ ਸਮਾਂ ਦੇਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਸੀ। ਇਹ ਵੀ ਅਹਿਮ ਹੈ ਕਿ ਪਿਛਲੀ ਵਾਰ 2004 ਦੀਆਂ ਆਮ ਚੋਣਾਂ ਲਈ ਜਿਹੜਾ ਫਾਰਮ ਦਿਤਾ ਗਿਆ ਸੀ, ਉਸ ਵਿਚ ਸਹਿਜਧਾਰੀ ਸਿੱਖ ਲਈ ਖਾਨਾ ਸੀ। ਉਸ ਵੇਲੇ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਬਣ ਵੀ ਗਈਆਂ ਸਨ ਪਰ ਬਾਅਦ ਵਿਚ ਕੱਟੀਆਂ ਗਈਆਂ ਸਨ। ਪਿਛਲੀ ਵਾਰ 52 ਲੱਖ ਤੋਂ ਉਪਰ ਵੋਟਰ ਬਣੇ ਸਨ ਅਤੇ ਤਕਰੀਬਨ 50 ਲੱਖ ਵੋਟਾਂ ਪਈਆਂ ਸਨ। ਇਸ ਵਾਰ ਵੀ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਬਣਾਉਣ ਲਈ ਅਦਾਲਤ ਵਿਚ ਕੇਸ ਤਾਂ ਚਲ ਰਿਹਾ ਹੈ ਪਰ ਅਦਾਲਤ ਵਲੋਂ ਅਜੇ ਕੋਈ ਫੈਸਲਾ ਨਹੀਂ ਆਇਆ।

ਸੂਤਰਾਂ ਅਨੁਸਾਰ ਪੰਜਾਬ ਵਿਚ ਕੇਸਧਾਰੀ ਸਿੱਖਾਂ ਨੇ ਵੋਟਾਂ ਬਨਾਉਣ ਲਈ ਭਾਰੀ ਉਤਸ਼ਾਹ ਦਿਖਾਇਆ ਹੈ। ਗੁਰਦੁਆਰਾ ਕਮਿਸ਼ਨ ਵਲੋਂ ਇਸ ਵਾਰ ਵੋਟਾਂ ਬਨਾਉਣ ਲਈ ਕਈ ਸਖ਼ਤ ਸ਼ਰਤਾਂ ਵੀ ਲਾਈਆਂ ਗਈਆਂ ਸਨ। ਇਨ੍ਹਾਂ ਸ਼ਰਤਾਂ ਵਿਚ ਕਿਹਾ ਗਿਆ ਸੀ ਕਿ ਵੋਟ ਬਨਾਉਣ ਲਈ ਹਰ ਵਿਅਕਤੀ ਨੂੰ ਜਾਤੀ ਤੌਰ 'ਤੇ ਹਾਜ਼ਰ ਹੋ ਕੇ ਫਾਰਮ ਲੈਣਾ ਪਏਗਾ। ਇਸ ਕੰਮ ਵਿਚ ਔਰਤਾਂ ਅਤੇ ਬਜ਼ੁਰਗਾਂ ਲਈ ਮੁਸ਼ਕਲ ਵੀ ਸੀ। ਇਸ ਤੋਂ ਇਲਾਵਾ ਸ਼ੁਰੂ ਵਿਚ ਪਟਵਾਰੀਆਂ ਨੇ ਹੜਤਾਲ ਕਰ ਦਿਤੀ ਸੀ ਅਤੇ ਬਾਅਦ ਵਿਚ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਹੜ੍ਹ ਆ ਗਏ ਅਤੇ ਇਸ ਕਾਰਨ ਵੀ ਵੋਟਾਂ ਬਣਾਉਣ ਵਿਚ ਦਿੱਕਤ ਆਈ।

ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਕੇਸਧਾਰੀ ਸਿੱਖ ਬੜੇ ਉਤਸ਼ਾਹ ਨਾਲ ਵੋਟਾਂ ਬਣਾਉਣ ਲਈ ਅੱਗੇ ਆਏ ਹਨ। ਬੀਤੀ 16 ਅਗਸਤ ਸ਼ਾਮ ਤੱਕ ਦੀ ਰਿਪੋਰਟ ਅਨੁਸਾਰ ਗੁਰਦੁਆਰਾ ਚੋਣ ਕਮਿਸ਼ਨ ਕੋਲ ਪੰਜਾਬ ਦੇ ਕਪੂਰਥਲਾ, ਅੰਮ੍ਰਿਤਸਰ ਅਤੇ ਮੁਹਾਲੀ ਜ਼ਿਲ੍ਹਿਆਂ ਦੀ ਰਿਪੋਰਟ ਨਹੀਂ ਆਈ ਸੀ। ਇਸੇ ਤਰ੍ਹਾਂ ਹਰਿਆਣਾ ਦੇ ਦੋ ਜ਼ਿਲ੍ਹਿਆਂ ਦੀ ਰਿਪੋਰਟ ਆਉਣੀ ਹੈ। ਹਿਮਾਚਲ ਅਤੇ ਚੰਡੀਗੜ੍ਹ ਨੇ ਆਪਣੀ ਰਿਪੋਰਟ ਭੇਜਣੀ ਹੈ। ਕੁਝ ਹੋਰ ਫੁਟਕਲ ਰਿਪੋਰਟਾਂ ਵੀ ਆਉਣੀਆਂ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਿਆਂ ਦੀ ਰਿਪੋਰਟ ਅਨੁਸਾਰ ਮੁਕਤਸਰ 248226 ਫਾਰਮ ਆਏ ਹਨ। ਫਿਰੋਜ਼ਪੁਰ ਲਈ 304317, ਮੋਗਾ ਵਾਸਤੇ 253748, ਫਰੀਦਕੋਟ 140380, ਬਠਿੰਡਾ 235620, ਮਾਨਸਾ 218673, ਸੰਗਰੂਰ 385192, ਪਟਿਆਲਾ 294522, ਫਤਿਹਗੜ੍ਹ ਸਾਹਿਬ 128236, ਨਵਾਂ ਸ਼ਹਿਰ 56929, ਗੁਰਦਾਸਪੁਰ 419586, ਹੁਸ਼ਿਆਰਪੁਰ 151916, ਰੋਪੜ 123293, ਤਰਨ ਤਾਰਨ 437390, ਬਰਨਾਲਾ 136787, ਲੁਧਿਆਣਾ ਸਾਢੇ ਛੇ ਲੱਖ ਅਤੇ ਜਲੰਧਰ ਤੋਂ ਦੋ ਲੱਖ ਫਾਰਮ ਆਏ ਹਨ। ਕਪੂਰਥਲਾ, ਅੰਮ੍ਰਿਤਸਰ ਅਤੇ ਮੁਹਾਲੀ ਦੀਆਂ ਰਿਪੋਰਟਾਂ ਆਉਣੀਆਂ ਹਨ।

ਇਸ ਤੋਂ ਅਗਲੇ ਪੜਾਅ ਵਿਚ ਵੋਟਰ ਲਿਸਟਾਂ ਬਣਾਉਣ ਦਾ ਕੰਮ ਸ਼ੁਰੂ ਹੋ ਜਾਵੇਗਾ। ਵੋਟਰ ਲਿਸਟਾਂ ਬਾਰੇ ਬਕਾਇਦਾ ਇਤਰਾਜ਼ ਲਏ ਜਾਣਗੇ ਅਤੇ ਮਿਥੇ ਪ੍ਰੋਗਰਾਮ ਅਨੁਸਾਰ 13 ਦਸੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅੰਤਿਮ ਵੋਟਰ ਸੂਚੀਆਂ ਛਪ ਕੇ ਵੋਟਰਾਂ ਦੇ ਹੱਥਾਂ ਵਿਚ ਆ ਜਾਣਗੀਆਂ। ਇਸ ਪ੍ਰੋਗਰਾਮ ਨਾਲ ਇਹ ਤੈਅ ਹੋ ਗਿਆ ਹੈ ਕਿ ਨਵੇਂ ਸਾਲ ਦੇ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਲਈ ਵੋਟਾਂ ਪੈਣ ਦਾ ਪ੍ਰੋਗਰਾਮ ਨਿਸ਼ਚਿਤ ਹੋ ਗਿਆ ਹੈ।

ਵੋਟਰ ਸੂਚੀ ਸਬੰਧੀ 30 ਸਤੰਬਰ ਤੱਕ ਇਤਰਾਜ਼ ਮੰਗੇ ਜਾਣਗੇ। ਚਾਰ ਅਕਤੂਬਰ ਤੋਂ ਲੈ ਕੇ 28 ਅਕਤੂਬਰ ਤੱਕ ਇਤਰਾਜ਼ਾਂ ਦੇ ਆਧਾਰ 'ਤੇ ਵੋਟਰ ਲਿਸਟਾਂ ਦੀ ਸੁਧਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਅੱਧ ਨਵੰਬਰ ਤੱਕ ਸਪਲੀਮੈਂਟਰੀ ਲਿਸਟਾਂ ਦੀ ਪ੍ਰਕਾਸ਼ਨਾ ਹੋਵੇਗੀ। 13 ਦਸੰਬਰ ਨੂੰ ਅੰਤਿਮ ਵੋਟਰ ਲਿਸਟ ਦੀ ਪ੍ਰਕਾਸ਼ਨਾ ਹੋ ਜਾਵੇਗੀ। ਇਨ੍ਹਾਂ ਵੋਟਰ ਲਿਸਟਾਂ ਦੇ ਰੱਖਣ ਲਈ ਬਕਾਇਦਾ ਥਾਵਾਂ ਵੀ ਨਿਰਧਾਰਤ ਕੀਤੀਆਂ ਜਾਣਗੀਆਂ। ਵੋਟ ਪੈਣ ਵੇਲੇ ਵੋਟਰ ਦੀ ਸ਼ਨਾਖਤ ਵਾਸਤੇ ਆਮ ਵੋਟਾਂ ਵਾਂਗ ਰਾਸ਼ਨ ਕਾਰਡ, ਪਛਾਣ ਪੱਤਰ ਅਤੇ ਕਈ ਹੋਰ ਦਸਤਾਵੇਜ਼ ਤੈਅ ਕੀਤੇ ਜਾਣਗੇ।

**ਜਥੇਦਾਰ ਮੱਕੜ ਵਲੋਂ ਧੰਨਵਾਦ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਸਿੱਖਾਂ ਵਲੋਂ ਮਿਲੇ ਭਰਵੇਂ ਹੁੰਗਾਰੇ ਲਈ ਧੰਨਵਾਦ ਕੀਤਾ ਹੈ। ਜਥੇਦਾਰ ਮੱਕੜ ਨੇ ਕਿਹਾ ਹੈ ਕਿ ਇਸ ਹੁੰਗਾਰੇ ਨਾਲ ਪਤਾ ਲਗਦਾ ਹੈ ਕਿ ਸਿੱਖ ਭਾਈਚਾਰੇ ਦਾ ਆਪਣੀ ਪਵਿੱਤਰ ਸੰਸਥਾ ਵਿਚ ਕਿੰਨਾ ਭਰੋਸਾ ਹੈ। ਉਨ੍ਹਾਂ ਨੇ ਇਹ ਵੀ ਆਸ ਕੀਤੀ ਹੈ ਕਿ ਸਿੱਖ ਆਪਣੀ ਪਰਖੀ ਹੋਈ ਲੀਡਰਸ਼ਿਪ ਦੇ ਹੱਥ ਹੀ ਕਮੇਟੀ ਦੀ ਅਗਵਾਈ ਮੁੜ ਸੌਂਪਣਗੇ।

## ਭਾਈ ਰੋਡੇ ਦੀ ਬਾਦਲ ਨਾਲ ਸਾਂਝ ਭਿਆਲੀ



**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਦਰਮਿਆਨ ਹੋਈ ਮੁਲਾਕਾਤ ਨੇ ਰੋਡੇ ਪਰਿਵਾਰ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝ ਨੂੰ ਸਾਹਮਣੇ ਲੈ ਆਂਦਾ ਹੈ। ਜਸਵੀਰ ਸਿੰਘ ਰੋਡੇ ਨੇ ਬੀਤੀ 12 ਅਗਸਤ ਨੂੰ ਇਥੇ ਸਿਵਲ ਸਕੱਤਰੇਤ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਦੋਵਾਂ ਆਗੂਆਂ ਨੇ ਰਾਜਸੀ ਤੇ ਧਾਰਮਿਕ ਵਿਚਾਰਾਂ ਕੀਤੀਆਂ ਅਤੇ ਕਈ ਨਵੀਆਂ ਨਾਮਜ਼ਦਗੀਆਂ 'ਤੇ ਵੀ ਚਰਚਾ ਕੀਤੀ। ਭਾਈ ਰੋਡੇ ਨੇ ਵੀ ਇਸ ਮੁਲਾਕਾਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਦਾ ਫੈਸਲਾ ਡੂੰਘੀ ਸੋਚ ਵਿਚਾਰ ਅਤੇ ਹਮਾਇਤੀਆਂ ਦੀ ਸਹਿਮਤੀ ਤੋਂ ਬਾਅਦ ਹੀ ਲਿਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਕੋਈ ਰਾਜਨੀਤਕ ਜਾਂ ਧਾਰਮਿਕ ਅਹੁਦਾ ਨਹੀਂ ਲਿਆ ਜਾਵੇਗਾ ਤੇ ਇਹ ਹਮਾਇਤ ਬਿਨਾਂ ਸ਼ਰਤ ਹੋਵੇਗੀ।

ਅਕਾਲੀ ਰਾਜਨੀਤੀ ਵਿਚ ਇਸ ਨਵੀਂ ਸਫਬੰਦੀ ਦੀਆਂ ਕਿਆਸ ਅਰਾਈਆਂ ਪਿਛਲੇ ਕਈ ਦਿਨਾਂ ਤੋਂ ਚਲ ਰਹੀਆਂ ਸਨ। ਸਰਕਾਰ ਨੇ ਭਾਈ ਜਸਵੀਰ ਸਿੰਘ ਰੋਡੇ ਦੇ ਹਮਾਇਤੀਆਂ ਨੂੰ ਸਰਕਾਰ ਵਿਚ ਅਹੁਦੇ ਦੇਣੇ ਵੀ ਸ਼ੁਰੂ ਕੀਤੇ ਹੋਏ ਹਨ। ਇਹ ਨਵੀਂ ਸਫਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਾਰਨ ਹੀ ਹੋ ਰਹੀ ਹੈ ਕਿਉਂਕਿ ਹਾਕਮ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵਿਰੋਧੀ ਧੜੇ ਇਕ ਮੰਚ 'ਤੇ ਇਕੱਠੇ ਹੋਣ ਦੀ ਦੁਹਾਈ ਦੇ ਰਹੇ ਹਨ। ਕਈਆਂ ਨੇ ਰਾਜਸੀ ਭਿਆਲੀ ਪਾ ਵੀ ਲਈ ਹੈ।

ਇਸ ਨਵੀਂ ਸਫਬੰਦੀ ਬਾਰੇ ਅਕਾਲੀ ਰਾਜਨੀਤੀ ਦੇ ਮਾਹਿਰਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦੀ ਹਮਾਇਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝ ਵਧਾ ਰਹੇ ਹਨ ਜਦੋਂਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦਾ ਵਿਰੋਧ ਕਰਨ ਵਾਲੇ ਵੱਖਰੇ ਤੌਰ 'ਤੇ ਖੜ੍ਹੇ ਦਿਖਾਈ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਨਾਨਕਸ਼ਾਹੀ ਕੈਲੰਡਰ ਵਿਚ ਜਦੋਂ ਸ਼੍ਰੋਮਣੀ ਕਮੇਟੀ ਨੇ ਸੋਧਾਂ ਦਾ ਐਲਾਨ ਕੀਤਾ ਸੀ ਤਾਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਅਤੇ ਸੰਤ ਸਮਾਜ ਦੇ ਇਕ ਧੜੇ ਨੇ ਇਸ ਦੀ ਹਮਾਇਤ ਕੀਤੀ ਸੀ। ਇਹ ਧੜਾ ਸ਼੍ਰੋਮਣੀ ਅਕਾਲੀ ਦਲ ਪੱਖੀ ਮੰਨਿਆ ਜਾ ਰਿਹਾ ਹੈ। ਆਉਂਦੇ ਕੁਝ ਦਿਨਾਂ ਦੌਰਾਨ ਅਕਾਲੀ ਰਾਜਨੀਤੀ ਵਿਚ ਨਾਟਕੀ ਘਟਨਾਵਾਂ ਵਾਪਰਨ ਦਾ ਅੰਦਾਜ਼ਾ ਵੀ ਰਾਜਨੀਤਕ ਆਗੂਆਂ ਵਲੋਂ ਲਗਾਇਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***7 ਮਹੀਨਿਆਂ 'ਚ ਪੰਜਾਬ ਦਾ ਨਕਸ਼ਾ ਬਦਲ ਦਿਆਂਗੇ-ਸੁਖਬੀਰ ਬਾਦਲ**
-ਕਿਸੇ ਚੰਗੇ ਜਿਹੇ ਨਕਸ਼ਾਨਵੀਸ ਕੋਲੋਂ ਬਣਾਵਾਇਓ ਫਿਰ।

***ਕਾਮਨਵੈਲਥ ਖੇਡਾਂ 'ਚ ਘੁਟਾਲੇ ਤੇ ਘੁਟਾਲਾ ਸਾਹਮਣੇ ਆਉਣ ਲੱਗਾ**
-ਕਾਸ਼! ਘੁਟਾਲਿਆਂ ਦੀ ਖੇਡ ਹੁੰਦੀ, ਇਕ ਗੋਲਡ ਮੈਡਲ ਤਾਂ ਭਾਰਤ ਨੂੰ ਮਿਲਦਾ।

***ਪੰਜਾਬ ਰੋਡਵੇਜ਼ ਦਾ ਜਨਰਲ ਮੈਨੇਜਰ ਰਿਸ਼ਵਤ ਲੈਂਦਾ ਵਿਜੀਲੈਂਸ ਦੇ ਅੜਿੱਕੇ ਚੜ੍ਹਿਆ**
-ਮਹੀਨਾ ਨਹੀਂ ਭਰਿਆ ਹੋਣਾ।

***10ਵੀਂ ਪਾਸ, ਬਿਨਾਂ ਆਈਲੈਟਸ ਸਿੰਗਾਪੁਰ ਤੇ ਜਾਰਜੀਆ ਜਾਣ-ਇਕ ਮਸ਼ਹੂਰੀ**
-ਤੇ ਉਥੇ ਜਾ ਕੇ ਕੈਨੇਡਾ-ਅਮਰੀਕਾ ਵਾਲੇ ਰਿਸ਼ਤੇਦਾਰਾਂ ਦਾ ਸਿਰ ਖਾਣ ਪਈ ਜੋ ਕੁਝ ਕੋਲ ਸੀ ਲਾ ਕੇ ਇਥੇ ਆ ਗਏ ਆਂ। ਭੁੱਖੇ ਮਰਨ ਡਹੇ ਆਂ, ਸਾਡਾ ਕੁਝ ਕਰੋ।

***ਪੰਜਾਬੀ ਨੌਜਵਾਨਾਂ ਨੂੰ ਮਾਰਨ ਵਾਲੇ ਸਿੱਖ ਪੁਲਿਸ ਅਧਿਕਾਰੀਆਂ ਨੂੰ ਪੰਥ 'ਚੋਂ ਛੇਕਿਆ ਜਾਵੇ -ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ**
-ਅਖੇ ਉਹ ਫਿਰੇ ਨੱਥ ਘੜਾਉਣ ਨੂੰ ਤੇ ਇਹ ਫਿਰਨ ਨੱਕ ਵਦਾਉਣ ਨੂੰ। ਜਨਾਬ! ਬਾਦਲ ਸਰਕਾਰ ਤਾਂ ਅਜਿਹੇ ਅਧਿਕਾਰੀਆਂ ਨੂੰ ਚੁਣ-ਚੁਣ ਕੇ ਸਨਮਾਨਜਨਕ ਅਹੁਦੇ ਦੇਣ ਡਹੀ ਐ ਤੇ ਤੁਸੀਂ?

***ਆਪਣੇ ਮੁੰਡੇ ਉਤੇ ਜੁੱਤੀ ਸੁਟੇ ਜਾਣ ਤੋਂ ਫਾਰੂਕ ਅਬਦੁੱਲਾ ਖੁਸ਼।**
-ਬਦਨਾਮ ਹੋਂਗੇ ਤੋ ਕਿਆ ਨਾਮ ਨਾ ਹੋਗਾ।

***ਪੰਜਾਬੀ ਮੇਲੇ 'ਚ ਰਿਕਾਰਡ ਤੋੜ ਇਕੱਠ -ਕੈਲੇਫੋਰਨੀਆ ਦੀ ਇਕ ਅਖਬਾਰ ਦੀ ਗੱਪ।**
-ਅੱਛਾ? ਪਿਛਲੀ ਵਾਰ ਤਾਂ 110 ਦਰਸ਼ਕ ਸੀ ਇਸ ਵਾਰ 111 ਹੋ ਗਏ?

# ਦੁਨੀਆਂ ਭਰ 'ਚ 'ਨਵੀਂ ਦਿੱਲੀ ਸੁਪਰਬੱਗ' ਦਾ ਹਾਊਆ, ਭਾਰਤ ਵੱਲੋਂ ਸਖ਼ਤ ਇਤਰਾਜ਼

**ਨਵੀਂ ਦਿੱਲੀ:** ਵਿਸ਼ਵ ਪੱਧਰ 'ਤੇ ਭਾਰਤ ਦੇ ਨਾਂ ਨੂੰ ਉਸ ਵੇਲੇ ਵੱਡੀ ਢਾਹ ਲੱਗੀ ਜਦੋਂ ਬਰਤਾਨਵੀ ਵਿਗਿਆਨੀਆਂ ਨੇ ਇਹ ਦਾਅਵਾ ਕੀਤਾ ਕਿ ਭਾਰਤ ਖ਼ਤਰਨਾਕ ਵਿਸ਼ਾਣੂ 'ਐਨ.ਡੀ.ਐਮ.-1' ਨੂੰ ਦੁਨੀਆਂ ਭਰ 'ਚ ਫੈਲਾ ਰਿਹਾ ਹੈ ਜਿਸ 'ਤੇ ਕੋਈ ਵੀ ਐਂਟੀਬਾਇਓਟਿਕ ਦਵਾਈ ਅਸਰ ਨਹੀਂ ਕਰਦੀ। ਖੋਜ ਵਿਗਿਆਨੀਆਂ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ 'ਚ ਸਸਤੀਆਂ ਸਿਹਤ ਸਹੂਲਤਾਂ ਹੋਣ ਕਾਰਨ ਜੋ ਵਿਦੇਸ਼ੀ ਮਰੀਜ਼ ਉਥੋਂ ਇਲਾਜ ਕਰਵਾ ਕੇ ਵਾਪਸ ਪਰਤਦੇ ਹਨ ਉਹ ਆਪਣੇ ਨਾਲ ਇਹ ਘਾਤਕ ਵਿਸ਼ਾਣੂ ਵੀ ਲੈ ਆਉਂਦੇ ਹਨ। ਇਸ ਵਿਸ਼ਾਣੂ ਦਾ ਨਾਂ ਵੀ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਨਾਂ ਉਪਰ 'ਨਵੀਂ ਦਿੱਲੀ ਮੇਟੈਲੋ-1' ਰੱਖਿਆ ਗਿਆ ਹੈ ਜਿਸ 'ਤੇ ਭਾਰਤ ਸਰਕਾਰ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਇਸ 'ਨਵੀਂ ਦਿੱਲੀ ਸੁਪਰਬੱਗ' ਨੂੰ ਦੁਨੀਆ ਲਈ ਵੱਡਾ ਖ਼ਤਰਾ ਐਲਾਨਿਆ ਗਿਆ ਹੈ ਤੇ ਬਰਤਾਨੀਆ ਸਰਕਾਰ ਨੇ ਚੌਕਸੀ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਦੂਜੇ ਪਾਸੇ ਇਸ ਗੱਲ 'ਤੇ ਜਿੱਥੇ ਭਾਰਤ ਨੇ ਢੁਕਵਾਂ ਜਵਾਬ ਦੇਣ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ ਉਥੇ ਇਹ ਖੋਜ ਰਿਪੋਰਟ ਛਪਾਉਣ ਵਾਲੇ ਇਕ ਵਿਗਿਆਨੀ ਕਾਰਤੀਕੇਨ ਕੁਮਾਰਸਵਾਮੀ ਨੇ ਕਿਹਾ ਹੈ ਕਿ ਇਸ ਰਿਪੋਰਟ ਵਿਚਲੀਆਂ ਬਹੁਤੀਆਂ ਗੱਲਾਂ ਦਾ ਉਸ ਨੂੰ ਖ਼ੁਦ ਵੀ ਨਹੀਂ ਪਤਾ। ਉਸ ਨੇ ਕਿਹਾ ਹੈ ਕਿ ਸੁਪਰਬੱਗ ਤੋਂ ਬਹੁਤਾ ਡਰਨ ਦੀ ਲੋੜ ਨਹੀਂ ਕਿਉਂਕਿ ਇਹ ਐਚ-1.ਐਨ-1. (ਸਵਾਈਨ ਫਲੂ) ਨਾਲੋਂ ਜ਼ਿਆਦਾ ਘਾਤਕ ਨਹੀਂ। ਉਸ ਨੇ ਦਾਅਵਾ ਕੀਤਾ ਕਿ ਇਹ ਲੇਖ 6 ਮਹੀਨੇ ਪਹਿਲਾਂ ਮੁੰਬਈ ਦੇ ਇੱਕ ਰਸਾਲੇ 'ਚ ਵੀ ਛਪ ਚੁੱਕਾ ਹੈ। ਜ਼ਿਕਰਯੋਗ ਹੈ ਕਿ ਇਹ ਰਿਪੋਰਟ ਕਾਰਤੀਕੇਨ ਕੁਮਾਰਸਵਾਮੀ ਤੇ ਟਿਮੋਥੀ ਵਾਲਸ਼ ਦੇ ਨਾਂ ਹੇਠ ਛਪੀ ਸੀ।

ਬਰਤਾਨੀਆ ਵਿਚ ਛਪਦੇ ਰਸਾਲੇ 'ਲੈਂਸੇਟ' ਵਿਚ ਪ੍ਰਕਾਸ਼ਿਤ ਖੋਜ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਰਾਹੀਂ ਦੁਨੀਆ ਭਰ ਵਿਚ ਅਜਿਹਾ ਵਿਸ਼ਾਣੂ ਫੈਲ ਰਿਹਾ ਹੈ ਜਿਸ 'ਤੇ ਕੋਈ ਵੀ ਦਵਾਈ ਅਸਰ ਨਹੀਂ ਕਰਦੀ। ਇਹ ਖੋਜ ਕਾਰਜ 31 ਸਿਹਤ ਵਿਗਿਆਨੀਆਂ ਨੇ ਕੀਤਾ ਹੈ ਤੇ ਉਨ੍ਹਾਂ ਵਿਚ 8 ਭਾਰਤੀ ਵੀ ਸ਼ਾਮਲ ਹਨ। ਇਸ ਖੋਜ ਵਿਚ ਕਿਹਾ ਗਿਆ ਹੈ ਕਿ ਸਸਤਾ ਇਲਾਜ ਕਰਵਾਉਣ ਲਈ ਅਮਰੀਕੀ ਤੇ ਯੂਰਪੀ ਮੁਲਕਾਂ ਵਿਚੋਂ ਵੱਡੀ ਗਿਣਤੀ ਵਿਚ ਲੋਕ ਭਾਰਤ ਜਾਂਦੇ ਹਨ ਤੇ ਉਥੋਂ ਆਪਣੇ ਨਾਲ ਇੱਕ ਖ਼ਤਰਨਾਕ ਵਿਸ਼ਾਣੂ ਵੀ ਲੈ ਆਉਂਦੇ ਹਨ। ਇਹ ਵਿਸ਼ਾਣੂ ਸਰਜਰੀ ਮੌਕੇ ਬੈਕਟੀਰੀਆ ਰਾਹੀਂ ਸਰੀਰ 'ਚ ਦਾਖ਼ਲ ਹੋ ਜਾਂਦੇ ਹਨ ਜਿਸ 'ਤੇ ਸਭ ਤੋਂ ਜ਼ਿਆਦਾ ਅਸਰਦਾਰ ਮੰਨੀ ਜਾਂਦੀ 'ਕਾਰਬਾਪੈਨੇਮਸ' ਵੀ ਕਾਰਗਰ ਨਹੀਂ ਹੈ। ਬਰਤਾਨੀਆ ਦੀ ਕਾਰਡਿਫ ਯੂਨੀਵਰਸਿਟੀ ਤੋਂ ਟਿਮਥੀ ਵਾਲਸ਼ ਦੀ ਅਗਵਾਈ ਹੇਠ ਖੋਜਕਾਰਾਂ ਨੇ 'ਲੈਂਸਟ ਇਨਫੈਕਸ਼ੀਅਸ ਡਿਜ਼ੀਜ਼ਜ਼' ਖੋਜ ਪੱਤ੍ਰਿਕਾ ਵਿਚ ਛਪਵਾਈ ਰਿਪੋਰਟ 'ਚ ਦਾਅਵਾ ਕੀਤਾ ਹੈ ਕਿ ਕੁਝ ਮਰੀਜ਼ਾਂ ਦੇ ਨਮੂਨੇ ਬਰਤਾਨੀਆ ਦੀ ਨੈਸ਼ਨਲ ਰੈਫਰੈਂਸ ਲੈਬਾਰਟੀ 'ਚ ਭੇਜੇ ਗਏ ਸਨ ਜਿਸ ਅਨੁਸਾਰ ਚੇਨਈ 'ਚ 44 ਐਨ.ਡੀ.ਐਮ.-1 ਪਾਜ਼ੀਟਿਵ, ਹਰਿਆਣਾ 'ਚ 26, ਬਰਤਾਨੀਆ ਵਿਚ 50 ਤੇ ਬੰਗਲਾਦੇਸ਼ ਤੇ ਪਾਕਿਸਤਾਨ ਵਿਚ 73 ਮਰੀਜ਼ ਮਿਲੇ ਹਨ। ਉਨ੍ਹਾਂ ਕਿਹਾ ਹੈ ਕਿ ਬਰਤਾਨੀਆ ਵਿਚ ਪਾਏ ਗਏ ਬਹੁਤੇ ਮਰੀਜ਼ ਭਾਰਤ ਤੇ ਪਾਕਿਸਤਾਨ ਤੋਂ ਇਲਾਜ ਕਰਵਾ ਕੇ ਆਏ ਸਨ।

ਭਾਰਤ ਇਸ ਮਾਮਲੇ ਨੂੰ ਇੱਕ ਸਾਜ਼ਿਸ਼ ਵਜੋਂ ਵੀ ਵੇਖ ਰਿਹਾ ਹੈ ਕਿਉਂਕਿ ਭਾਰਤ ਵਿਚ ਇਲਾਜ ਕਰਾਉਣ ਵਾਲੇ ਵਿਦੇਸ਼ੀ ਮਰੀਜ਼ਾਂ ਦੀ ਸਾਲਾਨਾ 20 ਫ਼ੀਸਦੀ ਆਮਦ ਵਧ ਰਹੀ ਹੈ। ਵਿਦੇਸ਼ੀ ਮਰੀਜ਼ਾਂ ਨੂੰ ਭਾਰਤ ਦੇ ਨਿੱਜੀ ਹਸਪਤਾਲਾਂ ਵਿਚ ਇਲਾਜ ਕਰਾਉਣ 'ਤੇ ਖਰਚ ਆਪਣੇ ਮੁਲਕਾਂ ਨਾਲੋਂ ਕਈ ਗੁਣਾ ਘੱਟ ਕਰਨਾ ਪੈਂਦਾ ਹੈ ਜਿਸ ਦਾ ਸਿੱਧਾ ਅਸਰ ਪੱਛਮੀ ਮੁਲਕਾਂ ਦੇ ਮੈਡੀਕਲ ਕਾਰੋਬਾਰ 'ਤੇ ਪੈ ਰਿਹਾ ਹੈ।

ਮਾਹਿਰਾਂ ਅਨੁਸਾਰ ਉਹ ਆਪਣੇ ਨਾਗਰਿਕਾਂ ਨੂੰ ਡਰਾ ਕੇ ਭਾਰਤ ਵਿਚ ਇਲਾਜ ਕਰਵਾਉਣ ਤੋਂ ਰੋਕਣਾ ਚਾਹੁੰਦੇ ਹਨ। 'ਨਵੀਂ ਦਿੱਲੀ ਸੁਪਰਬੱਗ' ਬਾਰੇ ਇਹ ਵੀ ਚਰਚਾ ਹੈ ਕਿ ਇਸ ਪਿੱਛੇ ਦਵਾਈ ਕੰਪਨੀਆਂ ਹਨ ਤੇ ਇਨ੍ਹਾਂ ਕੰਪਨੀਆਂ ਨੇ ਸਿਹਤ ਵਿਗਿਆਨੀਆਂ ਤੇ ਮਦਰਾਸ ਯੂਨੀਵਰਸਿਟੀ ਸਣੇ ਭਾਰਤ ਦੀਆਂ 6 ਯੂਨੀਵਰਸਿਟੀਆਂ ਨੂੰ ਪੈਸੇ ਦੇ ਕੇ ਇਹ ਖੋਜ ਕਰਵਾਈ ਹੈ।

## ਤੀਆਂ ਤੀਜ ਦੀਆਂ

ਹੈਨਫੋਰਡ (ਕੈਲੀਫੋਰਨੀਆ) ਵਿਚ ਸ. ਚੰਚਲ ਸਿੰਘ ਅਤੇ ਨਾਮਵਰ ਗੀਤਕਾਰ ਪੀਟਾ ਚੰਦੇਲੀ ਵਾਲਾ ਦੇ ਘਰ ਡੁੱਬਦੇ ਸੂਰਜ ਦੀ ਲਾਲੀ ਹੇਠ ਪੰਜਾਬਣਾਂ ਦੀ ਅੱਡੀ ਦਾ ਧਮਾਲ ਅਤੇ ਗਿੱਧੇ ਦਾ ਕਮਾਲ ਉਸ ਵੇਲੇ ਰੰਗੀਨ ਬਣ ਗਿਆ ਜਦੋਂ ਇਕ ਕੁੜੀ ਨੇ ਬੋਲੀ ਪਾਈ:

ਆਇਆ ਸਾਵਣ ਜੀ ਪਰਚਾਵਣ
ਝੜੀ ਲੱਗ ਗਈ ਭਾਰੀ।
ਹੂਟੇ ਲੈਂਦੀ ਲਾਜੋ ਭਿੱਜ ਗਈ,
ਨਾਲੇ ਰਾਮ ਪਿਆਰੀ।
ਕੁੜਤੀ ਹਰੋ ਦੀ ਭਿੱਜ ਗਈ ਵਰੀ ਦੀ
ਕਿਸ਼ਨੋ ਦੀ ਫੁਲਕਾਰੀ।
ਸ਼ਾਮੋ ਰਾਣੀ ਦੀਆਂ ਭਿੱਜ ਗਈਆਂ ਮਿੰਡੀਆਂ,
ਗਿਣਤੀ 'ਚ ਪੂਰੀਆਂ ਚਾਲੀ।
ਸ਼ਾਮ ਕੌਰ ਦੀ ਸੁੱਥਣ ਭਿੱਜ ਗਈ,
ਬਹੁਤੇ ਸ਼ੀਸ਼ਿਆਂ ਵਾਲੀ।
ਸੌਣ ਦਿਆਂ ਬੱਦਲਾ ਵੇ
ਹੀਰ ਭਿੱਜ ਗਈ ਸਿਆਲਾਂ ਵਾਲੀ।

ਤੀਆਂ ਦੇ ਇਸ ਰੰਗ ਨੂੰ ਹੋਰ ਰੰਗ ਚਾੜ੍ਹਿਆ ਪੰਜਾਬ ਦੇ ਉਘੇ ਗਾਇਕ ਸੁਖਵਿੰਦਰ ਪੰਛੀ ਨੇ ਆਪਣੀ ਮਧੁਰ ਆਵਾਜ਼ ਨਾਲ।






# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net



# Real Estate & Loans Under One Roof

*Call:Sam Chahal Tel: 916-612-5773*

*For Buying and Selling Residential, Commercial property and for Loans in Sacramento area*

**Multi-Million Dollars Producer-2007-08**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

**Reo-Bankowned Properties**
Serving from Bay Area to Sacramento

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**

# ਕਾਮਨਵੈਲਥ ਖੇਡਾਂ ਦੇ ਮਾਮਲੇ 'ਚ ਕਲਮਾਡੀ ਦੀ ਹਰ ਪਾਸਿਉਂ ਘੇਰਾਬੰਦੀ

## ਖੇਡਾਂ ਦੀ ਨਿਗਰਾਨੀ ਲਈ ਕੈਬਨਿਟ ਸਕੱਤਰ ਦੀ ਅਗਵਾਈ 'ਚ ਸਕੱਤਰਾਂ ਦੀ ਕਮੇਟੀ ਗਠਿਤ

–ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ :** ਰਾਸ਼ਟਰਮੰਡਲ ਖੇਡਾਂ ਦੇ ਮਾਮਲੇ 'ਚ ਦਖਲ ਦਿੰਦਿਆਂ ਬੀਤੀ 14 ਅਗਸਤ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਐਲਾਨ ਕੀਤਾ ਕਿ ਕੈਬਨਿਟ ਸਕੱਤਰ ਦੀ ਅਗਵਾਈ ਵਿਚ ਸਕੱਤਰਾਂ ਦੀ ਇਕ ਕਮੇਟੀ ਖੇਡਾਂ ਨਾਲ ਸਬੰਧਤ ਤਿਆਰੀਆਂ ਦੀ ਸਮੀਖਿਆ ਕਰੇਗੀ। ਇਸੇ ਨਾਲ ਉਨ੍ਹਾਂ ਨੇ ਕਿਹਾ ਕਿ ਜਿਹੜੇ ਲੋਕ ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ 'ਚ ਭ੍ਰਿਸ਼ਟਾਚਾਰ ਦੇ ਦੋਸ਼ੀ ਨਿਕਲੇ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਖੇਡਾਂ ਨਾਲ ਜੁੜੀਆਂ ਧਿਰਾਂ ਨਾਲ 90 ਮਿੰਟ ਤੱਕ ਮੀਟਿੰਗ ਕਰਨ ਮਗਰੋਂ ਪ੍ਰਧਾਨ ਮੰਤਰੀ ਦਫਤਰ ਵਲੋਂ ਜਾਰੀ ਬਿਆਨ 'ਚ ਪ੍ਰਧਾਨ ਮੰਤਰੀ ਨੇ ਸਬੰਧਤ ਮੰਤਰਾਲਿਆਂ ਨੂੰ ਹੁਕਮ ਦਿੱਤਾ ਹੈ ਕਿ ਉਹ ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ ਵਿਚ ਘਪਲਿਆਂ ਸਬੰਧੀ ਮਿਲੀਆਂ ਸ਼ਿਕਾਇਤਾਂ ਦੀ ਵਿਆਪਕ ਜਾਂਚ ਕਰਾਉਣ। ਉਨ੍ਹਾਂ ਐਲਾਨ ਕੀਤਾ ਕਿ ਉਹ ਅਗਸਤ ਦੇ ਆਖਰੀ ਹਫਤੇ ਰਾਸ਼ਟਰਮੰਡਲ ਖੇਡਾਂ ਦੀਆਂ ਕੁਝ ਗਿਣੀਆਂ-ਚੁਣੀਆਂ ਥਾਵਾਂ ਦਾ ਦੌਰਾ ਕਰਨਗੇ। ਇਸ ਲਈ ਸਾਰਾ ਲਟਕਦਾ ਕੰਮ ਮਿੱਥੇ ਸਮੇਂ ਵਿਚ ਪੂਰਾ ਕਰ ਲਿਆ ਜਾਵੇ।

ਇਸ ਤੋਂ ਪਹਿਲਾਂ ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ ਅਤੇ ਤਿਆਰੀਆਂ ਵਿਚ ਭ੍ਰਿਸ਼ਟਾਚਾਰ ਦੇ ਵਿਵਾਦਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖੇਡਾਂ ਨਾਲ ਜੁੜੇ ਮੰਤਰੀਆਂ ਅਤੇ ਹੋਰ ਸਬੰਧਤ ਧਿਰਾਂ ਨਾਲ ਮੀਟਿੰਗ ਕਰਕੇ ਅਕਤੂਬਰ ਵਿਚ ਹੋ ਰਹੇ ਖੇਡਾਂ ਦੇ ਇਸ ਮਹਾਂਕੁੰਭ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਮੀਟਿੰਗ ਵਿਚ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ, ਸ਼ਹਿਰੀ ਵਿਕਾਸ ਮੰਤਰੀ ਜੈਪਾਲ ਰੈਡੀ, ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ, ਖੇਡਾਂ ਦੀ ਇੰਤਜ਼ਾਮੀਆ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਅਤੇ ਚੋਟੀ ਦੇ ਅਫਸਰਾਂ ਨੇ ਸ਼ਿਰਕਤ ਕੀਤੀ।

ਪ੍ਰਧਾਨ ਮੰਤਰੀ ਨੇ 3 ਤੋਂ 14 ਅਕਤੂਬਰ ਤੱਕ ਹੋ ਰਹੀਆਂ ਇਨ੍ਹਾਂ ਖੇਡਾਂ ਦੀਆਂ ਤਿਆਰੀਆਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਗੌਰਤਲਬ ਹੈ ਕਿ ਖੇਡਾਂ ਸ਼ੁਰੂ ਹੋਣ ਨੂੰ ਹੁਣ ਮਹਿਜ਼ ਡੇਢ ਮਹੀਨਾ ਰਹਿੰਦਾ ਹੈ, ਪਰ ਇਸ ਦੇ ਬਾਵਜੂਦ ਖੇਡਾਂ ਦੇ ਕਈ ਕੇਂਦਰ ਹਾਲੇ ਮੁਕੰਮਲ ਨਹੀਂ ਹੋਏ ਅਤੇ ਕਈ ਥਾਈਂ ਹਾਲੇ ਉਸਾਰੀ ਦਾ ਕੰਮ ਜਾਰੀ ਹੈ। ਇਸ ਕਾਰਨ ਇਹ ਸਵਾਲ ਉਠ ਰਹੇ ਹਨ ਕਿ ਕੀ ਖੇਡਾਂ ਸ਼ੁਰੂ ਹੋਣ ਤੱਕ ਇਹ ਉਸਾਰੀਆਂ ਮੁਕੰਮਲ ਵੀ ਹੋ ਜਾਣਗੀਆਂ ਜਾਂ ਨਹੀਂ। ਇਸ ਦੇ ਨਾਲ ਹੀ ਤਿਆਰੀਆਂ ਵਾਸਤੇ ਟੈਂਡਰ ਜਾਰੀ ਕਰਨ ਅਤੇ ਸਾਜ਼ੋ-ਸਾਮਾਨ ਦੀ ਖਰੀਦ ਵਿਚ ਘਪਲੇਬਾਜ਼ੀਆਂ ਦੇ ਦੋਸ਼ ਲੱਗਣ ਕਾਰਨ ਸ੍ਰੀ ਕਲਮਾਡੀ ਵੀ ਵਿਵਾਦਾਂ 'ਚ ਘਿਰੇ ਹੋਏ ਹਨ।

ਇਸੇ ਕਾਰਨ ਬੀਤੇ ਦਿਨੀਂ ਕਾਂਗਰਸ ਦੀ ਕੋਰ ਕਮੇਟੀ ਨੇ ਵੀ ਇਹ ਮਾਮਲਾ ਵਿਚਾਰਿਆ ਸੀ।ਇਸ ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਡਾ. ਮਨਮੋਹਨ ਸਿੰਘ ਅਤੇ ਚੋਟੀ ਦੇ ਹੋਰ ਕਾਂਗਰਸੀ ਆਗੂਆਂ ਨੇ ਸ਼ਿਰਕਤ ਕੀਤੀ ਸੀ। ਇਸ ਤੋਂ ਪਹਿਲਾਂ ਸੰਸਦ ਵਿਚ ਵੀ ਇਹ ਮਾਮਲਾ ਉਠ ਚੁੱਕਿਆ ਹੈ।

ਸੰਸਦ ਵਿਚ ਖੇਡਾਂ ਸਬੰਧੀ ਇਕ ਉਚ ਪੱਧਰੀ ਨਿਗਰਾਨ ਕਮੇਟੀ ਬਣਾਉਣ ਦੀ ਮੰਗ ਉਠੀ ਹੈ। ਅਜਿਹੀ ਕਮੇਟੀ 1982 'ਚ ਏਸ਼ਿਆਈ ਖੇਡਾਂ ਦੌਰਾਨ ਬਣਾਈ ਗਈ ਸੀ। ਉਹ ਕਮੇਟੀ ਮਰਹੂਮ ਰਾਜੀਵ ਗਾਂਧੀ ਦੀ ਅਗਵਾਈ ਹੇਠ ਬਣੀ ਸੀ ਅਤੇ ਉਨ੍ਹਾਂ ਨਾਲ ਮੌਕੇ ਦੇ ਖੇਡ ਮੰਤਰੀ ਬੂਟਾ ਸਿੰਘ ਅਤੇ ਹੋਰ ਅਧਿਕਾਰੀ ਸਨ। ਭਾਜਪਾ ਨੇ ਸ਼ਨਿਚਰਵਾਰ ਨੂੰ ਮੰਗ ਕੀਤੀ ਸੀ ਕਿ ਪ੍ਰਧਾਨ ਮੰਤਰੀ ਵਲੋਂ ਇਸ ਮੁੱਦੇ 'ਤੇ ਬਿਆਨ ਦਿੱਤਾ ਜਾਵੇ।




ਯਾਦ ਰਹੇ ਲੰਡਨ 'ਚ ਕਵੀਨਜ਼ ਬੈਟਨ ਰਿਲੇਅ ਦੇ ਲਾਂਚ ਦੌਰਾਨ ਕਥਿਤ ਭ੍ਰਿਸ਼ਟਾਚਾਰ ਦੀ ਭੂਮਿਕਾ ਤੋਂ ਇਨਕਾਰ ਕਰਦੇ ਹੋਏ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਡਾਇਰੈਕਟਰ ਜਨਰਲ ਵੀ.ਕੇ. ਵਰਮਾ ਨੇ ਵੀ ਬੀਤੀ 12 ਅਗਸਤ ਨੂੰ ਉਸ ਸਮੇਂ ਹੋਏ ਸਾਰੇ ਕਰਾਰਾਂ ਲਈ ਬਰਖਾਸਤ ਅਧਿਕਾਰੀਆਂ ਟੀ.ਐਸ. ਦਰਬਾਰੀ ਤੇ ਸੰਜੇ ਮਹਿੰਦਰੂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪ੍ਰਬੰਧਕੀ ਕਮੇਟੀ ਦੇ ਡਾਇਰੈਕਟਰ ਜਨਰਲ (ਵਿੱਤ) ਸ੍ਰੀ ਵਰਮਾ ਨੇ ਕਿਹਾ ਕਿ ਦਰਬਾਰੀ ਤੇ ਮਹਿੰਦਰੂ 'ਏ.ਐਮ. ਫਿਲਮਜ਼' ਨਾਲ ਸਮਝੌਤੇ ਲਈ ਜ਼ਿੰਮੇਵਾਰ ਹਨ ਕਿਉਂਕਿ ਉਹ ਦੋਵੇਂ ਜੁਆਇੰਟ ਡਾਇਰੈਕਟਰ ਪੱਧਰ ਦੇ ਅਧਿਕਾਰੀ ਹਨ। ਉਨ੍ਹਾਂ ਆਪਣੇ ਬਾਰੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਉਹ ਉਸ ਵੇਲੇ ਲੰਡਨ 'ਚ ਨਹੀਂ ਸੀ ਤੇ ਇਸ ਮਾਮਲੇ ਨਾਲ ਨਹੀਂ ਜੁੜਿਆ ਹੋਇਆ।

ਵਰਮਾ ਨੇ ਕਲਮਾਡੀ ਦਾ ਬਚਾਅ ਕਰਦੇ ਹੋਏ ਕਿਹਾ ਕਿ ਖੇਡਾਂ ਵਨ ਮੈਨ ਸ਼ੋਅ ਨਹੀਂ ਹਨ। ਉਨ੍ਹਾਂ ਕਿਹਾ ਕਿ ਕਲਮਾਡੀ ਪ੍ਰਧਾਨ ਹੈ, ਪਰ ਉਹ ਇਕੱਲਾ ਹੀ ਸਭ ਕੁਝ ਨਹੀਂ ਕਰ ਰਿਹਾ। ਉਨ੍ਹਾਂ ਕਿਹਾ, "ਸਾਰੇ ਵੱਡੇ ਸਮਝੌਤੇ ਕਾਰਜਕਾਰੀ ਬੋਰਡ ਦੇ ਜ਼ਰੀਏ ਹੋਏ ਹਨ, ਨਾ ਕਿ ਕਲਮਾਡੀ ਦੇ।" ਉਨ੍ਹਾਂ ਕਿਹਾ ਕਿ ਜਾਂਚ ਰਿਪੋਰਟ 'ਚ ਸਾਰੇ ਪ੍ਰਾਜੈਕਟ ਲਈ ਦਰਬਾਰੀ ਤੇ ਮਹਿੰਦਰੂ ਤੋਂ ਇਲਾਵਾ ਜ਼ਿੰਮੇਵਾਰੀ ਪੂਰੀ ਕੀਤੇ ਬਗੈਰ ਲੰਡਨ ਛੱਡਣ ਲਈ ਜੈਚੰਦਰਨ ਦਾ ਨਾਂ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਤਿੰਨਾਂ ਵਿਅਕਤੀਆਂ ਦੀ ਸਹਿਮਤੀ ਨਾਲ ਹੀ ਸਮਝੌਤਾ ਹੋਇਆ ਸੀ।

ਇਸ ਤੋਂ ਪਹਿਲਾਂ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੁਰੇਸ਼ ਕਲਮਾਡੀ ਦੇ ਦਰਬਾਰ ਦੀ ਸ਼ੋਭਾ ਵਧਾਉਣ ਵਾਲੇ ਉਨ੍ਹਾਂ ਦੇ ਨੇੜਲੇ ਸਹਿਯੋਗੀ ਰਹੇ ਟੀ.ਐਸ. ਦਰਬਾਰੀ ਨੇ ਕਲਮਾਡੀ ਖਿਲਾਫ ਮੋਰਚਾ ਖੋਲ੍ਹਦਿਆਂ ਹਰ ਤਰ੍ਹਾਂ ਦੇ ਭੁਗਤਾਨ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਮੰਨਿਆ ਹੈ।ਯਾਦ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸ੍ਰੀ ਕਲਮਾਡੀ ਨੇ ਕਮੇਟੀ ਦੇ ਸੰਯੁਕਤ ਡਾਇਰੈਕਟਰ ਜਨਰਲ ਟੀ.ਐਸ. ਦਰਬਾਰੀ ਨੂੰ ਮੁਅੱਤਲ ਕਰ ਦਿੱਤਾ ਸੀ। ਮੁਅੱਤਲੀ ਤੋਂ ਨਾਰਾਜ਼ ਸ੍ਰੀ ਦਰਬਾਰੀ ਨੇ ਖੇਡ ਸਕੱਤਰ ਸ੍ਰੀ ਖੁੱਲਰ ਅਤੇ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਾਈਕ ਹੂਪਰ ਨੂੰ ਲਿਖੇ ਪੱਤਰ ਵਿਚ ਆਪਣੇ 'ਤੇ ਲੱਗੇ ਦੋਸ਼ਾਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਕਰਾਰਾਂ ਲਈ ਏ.ਐਮ.ਫਿਲਮਜ਼ ਦੀਆਂ ਸੇਵਾਵਾਂ ਉਨ੍ਹਾਂ ਦਾ ਫੈਸਲਾ ਨਹੀਂ ਸੀ। ਸ੍ਰੀ ਦਰਬਾਰੀ 'ਤੇ ਦੋਸ਼ ਲਗਾਏ ਗਏ ਸਨ ਕਿ ਲੰਡਨ ਵਿਖੇ ਕੁਈਨਜ਼ ਬੈਟਨ ਦੇ ਲਾਂਚ ਮੌਕੇ ਉਨ੍ਹਾਂ ਵਿੱਤੀ ਬੇਨਿਯਮੀਆਂ ਕੀਤੀਆਂ ਹਨ।

ਸ੍ਰੀ ਦਰਬਾਰੀ ਨੇ ਇਕ ਟੈਲੀਵਿਜ਼ਨ ਚੈਨਲ 'ਤੇ ਕਿਹਾ, "ਮੈਨੂੰ ਬਿਨਾਂ ਕਿਸੇ ਕਾਰਨ ਤੋਂ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਜਾਣਬੁੱਝ ਕੇ ਉਸ ਖਿਲਾਫ ਮੁਹਿੰਮ ਵਿੱਢੀ ਗਈ ਹੈ। ਮੈਂ ਤਾਂ ਆਸ਼ੀਸ਼ ਪਟੇਲ ਨੂੰ ਜਾਣਦਾ ਵੀ ਨਹੀਂ ਅਤੇ ਮੇਰੀ ਏ.ਐਮ. ਫਿਲਮਜ਼ ਦੀ ਸਿਫਾਰਸ਼ ਕਰਨ ਵਿਚ ਕੋਈ ਭੂਮਿਕਾ ਨਹੀਂ ਸੀ।" ਦਰਬਾਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਪ੍ਰਬੰਧਕੀ ਕਮੇਟੀ ਤੋਂ ਹਟਾਇਆ ਨਹੀਂ ਗਿਆ ਸੀ ਬਲਕਿ ਉਨ੍ਹਾਂ ਨੂੰ ਛੁੱਟੀ 'ਤੇ ਜਾਣ ਲਈ ਕਿਹਾ ਗਿਆ ਸੀ। ਕੁਈਨਜ਼ ਬੈਟਨ ਸਮਾਰੋਹ ਵਿਚ ਉਨ੍ਹਾਂ ਦੀ ਭੂਮਿਕਾ ਸਿਰਫ ਰਸਮ ਅਦਾਇਗੀ ਤੌਰ 'ਤੇ ਸੀ।




ਇਸ ਦੇ ਨਾਲ ਹੀ ਕੁਝ ਸਮਝੌਤਿਆਂ 'ਚ ਬੇਨਿਯਮੀਆਂ ਕਰਕੇ ਕੈਗ ਦੀ ਅੰਤਰਿਮ ਰਿਪੋਰਟ 'ਚ ਨਿਸ਼ਾਨੇ 'ਤੇ ਆਈ ਰਾਸ਼ਟਰਮੰਡਲ ਪ੍ਰਬੰਧਕ ਕਮੇਟੀ ਨੇ ਜ਼ਿਆਦਾ ਕਮਿਸ਼ਨ ਦੇ ਬਾਵਜੂਦ 'ਫਾਸਟ ਟਰੈਕ' ਨਾਲ ਪ੍ਰਸਾਰਣ ਅਧਿਕਾਰ ਸਮਝੌਤੇ 'ਤੇ ਆਪਣਾ ਬਚਾਅ ਕਰਦੇ ਹੋਏ ਕਿਹਾ ਕਿ ਬਰਤਾਨੀਆ ਦੀ ਕੰਪਨੀ ਨੂੰ ਦੁੱਗਣੀ ਆਮਦਨੀ ਦਾ ਟੀਚਾ ਦਿੱਤਾ ਗਿਆ ਸੀ। ਕੈਗ ਨੇ ਆਪਣੀ ਅੰਤਰਿਮ ਰਿਪੋਰਟ 'ਚ ਕਿਹਾ ਹੈ ਕਿ ਜ਼ਿਆਦਾ ਕਮਿਸ਼ਨ ਦੇ ਬਾਵਜੂਦ 'ਫਾਸਟ ਟਰੈਕ' ਨੂੰ ਸਪੋਰਟਸ ਮਾਰਕੀਟਿੰਗ ਐਂਡ ਮੈਨੇਜਮੈਂਟ (ਸਮੈਮ) ਨੂੰ ਨਜ਼ਰਅੰਦਾਜ਼ ਕਰਕੇ ਤਰਜੀਹ ਦਿੱਤੀ ਗਈ, ਜਿਸ ਨਾਲ ਪ੍ਰਬੰਧਕੀ ਕਮੇਟੀ ਨੇ ਕਾਫੀ ਪੈਸਾ ਗਵਾਇਆ।

ਸਮੈਮ ਨੇ 12.5 ਫੀਸਦੀ 'ਤੇ ਆਪਣੀ ਸੇਵਾ ਦੇਣ ਦੀ ਪੇਸ਼ਕਸ਼ ਕੀਤੀ ਸੀ, ਜਦੋਂ ਕਿ ਕਮੇਟੀ ਨੇ 'ਫਾਸਟ ਟਰੈਕ' ਨੂੰ 15 ਫੀਸਦੀ ਕਮਿਸ਼ਨ ਦਿੱਤਾ ਹੈ। ਜਦਕਿ ਆਸਟਰੇਲਿਆਈ ਕੰਪਨੀ ਸਪੋਰਟਸ ਐਂਡ ਮਾਰਕੀਟਿੰਗ ਮੈਨੇਜਮੈਂਟ ਕੰਪਨੀ ਨੇ ਦਿੱਲੀ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਵਲੋਂ ਸਮਝੌਤਾ ਰੱਦ ਕਰਨ ਦੇ ਮਾਮਲੇ ਵਿਚ ਕਮੇਟੀ ਖਿਲਾਫ ਕਾਨੂੰਨੀ ਕਾਰਵਾਈ ਦੀ ਧਮਕੀ ਦਿੱਤੀ। ਕੰਪਨੀ ਨੇ ਇਕ ਬਿਆਨ ਵਿਚ ਕਿਹਾ ਕਿ ਪ੍ਰਬੰਧਕੀ ਕਮੇਟੀ ਨੇ ਗਲਤ ਤਰੀਕੇ ਨਾਲ ਉਨ੍ਹਾਂ ਨਾਲ ਸਮਝੌਤਾ ਰੱਦ ਕੀਤਾ ਹੈ। ਇਸ ਨਾਲ ਕੇਵਲ ਉਨ੍ਹਾਂ ਦਾ ਹੀ ਨੁਕਸਾਨ ਨਹੀਂ ਹੋਇਆ ਬਲਕਿ ਖੇਡਾਂ ਦੀ ਦਿੱਖ ਨੂੰ ਵੀ ਧੱਕਾ ਪਹੁੰਚਿਆ ਹੈ। ਕੰਪਨੀ ਨੇ ਕਿਹਾ ਕਿ ਉਨ੍ਹਾਂ ਹਮੇਸ਼ਾਂ ਸਮਝੌਤੇ ਅਨੁਸਾਰ ਕੰਮ ਕੀਤਾ ਪਰ ਜਦੋਂ ਤੋਂ ਵਿੱਤੀ ਲੈਣ-ਦੇਣ ਬਾਰੇ ਉਨ੍ਹਾਂ ਮੀਡੀਆ ਨਾਲ ਗੱਲਬਾਤ ਕੀਤੀ ਤਾਂ ਪ੍ਰਬੰਧਕੀ ਕਮੇਟੀ ਉਨ੍ਹਾਂ ਨਾਲ ਨਾਰਾਜ਼ ਹੋ ਗਈ। ਕੰਪਨੀ 'ਤੇ ਗਲਤ ਦੋਸ਼ ਲਾ ਕੇ ਸਮਝੌਤਾ ਤੋੜ ਦਿੱਤਾ।

ਇਸ ਦੇ ਨਾਲ ਹੀ ਕਲਮਾਡੀ ਦੀਆਂ ਮੁਸ਼ਕਲਾਂ 'ਚ ਵਾਧਾ ਕਰਦੇ ਹੋਏ ਬੀਤੀ 12 ਅਗਸਤ ਨੂੰ ਕੈਗ ਨੇ ਆਪਣੀ ਅੰਤਰਿਮ ਰਿਪੋਰਟ ਵਿਚ ਕਲਮਾਡੀ ਦਾ ਨਾਂ ਲੈਂਦੇ ਹੋਏ ਕਿਹਾ ਹੈ ਕਿ ਕਾਮਨਵੈਲਥ ਖੇਡਾਂ ਲਈ ਠੇਕੇ ਦੇਣ ਦੀ ਪ੍ਰਕਿਰਿਆ ਵਿਚ ਗੰਭੀਰ ਬੇਨਿਯਮੀਆਂ ਪਾਈਆਂ ਗਈਆਂ ਹਨ। ਰਿਪੋਰਟ ਮੁਤਾਬਕ ਸਿਰਫ 3 ਵਿਅਕਤੀਆਂ ਸੁਰੇਸ਼ ਕਲਮਾਡੀ, ਕਾਮਨਵੈਲਥ ਖੇਡ ਐਸੋਸੀਏਸ਼ਨ ਦੇ ਮੁਖੀ ਮਾਈਕਲ ਫੈਨੇਲ ਅਤੇ ਮੁਖ ਕਾਰਜਕਾਰੀ ਅਧਿਕਾਰੀ ਮਾਈਕ ਹੂਪਰ ਦੀ ਸਲਾਹ 'ਤੇ ਹੀ ਮੈਸਰਜ਼ ਫਾਸਟ ਟਰੈਕ ਸੇਲਜ਼ ਲਿਮਟਿਡ ਨੂੰ ਕੌਮਾਂਤਰੀ ਪ੍ਰਸਾਰਣ ਅਧਿਕਾਰਾਂ ਲਈ ਸਲਾਹਕਾਰ ਚੁਣ ਲਿਆ ਗਿਆ। ਰਿਪੋਰਟ ਮੁਤਾਬਕ ਇਸ ਲਈ ਬੋਲੀ ਕਰਤਾਵਾਂ ਦਾ ਕੋਈ ਤਕਨੀਕੀ ਅਨੁਮਾਨ ਨਹੀਂ ਲਾਇਆ ਗਿਆ ਅਤੇ ਢੁਕਵੀਂ ਪ੍ਰਕਿਰਿਆ ਅਪਣਾਏ ਜਾਣ ਤੋਂ ਬਿਨਾਂ ਹੀ ਕੰਪਨੀ ਨੂੰ ਠੇਕਾ ਦੇ ਦਿੱਤਾ ਗਿਆ। ਇਸ ਨਾਲ 24.6 ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਕਾਮਨਵੈਲਥ ਖੇਡਾਂ ਲਈ ਸਪਾਂਸਰ ਲੱਭਣ ਦਾ ਕੰਮ ਆਸਟਰੇਲੀਆ ਦੀ ਇਕ ਕੰਪਨੀ ਨੂੰ ਦਿੱਤਾ ਗਿਆ ਸੀ ਅਤੇ ਕੈਗ ਦੀ ਰਿਪੋਰਟ ਮੁਤਾਬਕ ਇਸ ਸਮਝੌਤੇ ਨੂੰ ਹੀ ਇਕ ਵਿੱਤੀ ਟੈਂਡਰ ਦੌਰਾਨ ਹੀ ਨਿਪਟਾ ਦਿੱਤਾ ਗਿਆ। ਕੈਗ ਨੇ ਆਪਣੀ ਅੰਤਰਿਮ ਰਿਪੋਰਟ ਦੇ ਨਾਲ ਹੀ ਲੰਦਨ ਦੇ ਇਤਿਹਾਸਕ ਬਕਿੰਘਮ ਪੈਲੇਸ ਵਿਖੇ ਹੋਏ ਬੈਟਨ ਰਿਲੇਅ ਸਮਾਰੋਹ ਪ੍ਰੋਗਰਾਮ ਲਈ ਅਪਨਾਈ ਗਈ ਪ੍ਰਕਿਰਿਆ 'ਤੇ ਵੀ ਸਵਾਲੀਆ ਨਿਸ਼ਾਨ ਲਾਏ ਹਨ। ਕਾਮਨਵੈਲਥ ਖੇਡਾਂ ਵਿਚ ਕੁਰੱਪਸ਼ਨ 'ਤੇ ਕਿਸੇ ਵੀ ਜ਼ਿੰਮੇਵਾਰੀ ਤੋਂ ਪੱਲਾ ਝਾੜਦੇ ਹੋਏ ਕਾਂਗਰਸ ਪਾਰਟੀ ਨੇ ਬੀਤੀ 12 ਅਗਸਤ ਨੂੰ ਕਿਹਾ ਕਿ ਕਲਮਾਡੀ ਕਾਮਨਵੈਲਥ ਖੇਡਾਂ ਦੇ ਪੈਨਲ 'ਤੇ ਕਾਂਗਰਸ ਦੇ ਨੁਮਾਇੰਦੇ ਨਹੀਂ ਹਨ।

ਇਸ ਦੌਰਾਨ ਬੀਤੀ 13 ਅਗਸਤ ਨੂੰ ਕਾਂਗਰਸੀ ਨੇਤਾ ਅਤੇ ਰਾਜ ਸਭਾ ਦੇ ਸਾਬਕਾ ਮੈਂਬਰ ਤੇ ਫਿਲਹਾਲ ਰਾਂਚੀ ਵਿਚ ਹੋਣ ਵਾਲੀਆਂ ਕੌਮੀ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਆਰ.ਕੇ. ਆਨੰਦ ਨੇ ਕਲਮਾਡੀ ਨੂੰ ਲਿਖੀ ਚਿੱਠੀ ਵਿਚ ਕੌਮੀ ਖੇਡਾਂ ਲਈ ਖਰੀਦੇ ਜਾਣ ਵਾਲੇ ਸਾਮਾਨ ਵਿਚ ਹੋਈ ਧਾਂਦਲੀ ਦਾ ਦੋਸ਼ ਲਾਇਆ ਹੈ। ਆਨੰਦ ਮੁਤਾਬਕ ਝਾਰਖੰਡ ਓਲੰਪਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਐਸ.ਐਸ. ਹਾਸ਼ਮੀ ਨੇ ਕਲਮਾਡੀ ਦੇ ਕਹਿਣ 'ਤੇ ਕਈ ਅਜਿਹੀਆਂ ਕੰਪਨੀਆਂ ਕੋਲੋਂ ਸਾਮਾਨ ਖਰੀਦਿਆ, ਜੋ ਮਹਿੰਗਾ ਵੇਚ ਰਹੀਆਂ ਸਨ। ਖੇਡਾਂ ਲਈ ਖਰੀਦੇ ਗਏ ਇਲੈਕਟ੍ਰੋਨਿਕ ਸਾਮਾਨ ਜਿਵੇਂ ਸਕੋਰ ਬੋਰਡ ਆਦਿ ਵਿਚ ਕਈ ਤਰ੍ਹਾਂ ਦੀਆਂ ਗੜਬੜੀਆਂ ਪਾਈਆਂ ਗਈਆਂ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ 61 ਵਸਤਾਂ ਦੀ ਖਰੀਦ ਲਈ ਸਿਰਫ 2 ਕੰਪਨੀਆਂ ਵਲੋਂ ਹੀ ਬੋਲੀ ਲਾਈ ਗਈ, ਜਦੋਂਕਿ ਇਸ ਲਈ ਇੰਡੀਅਨ ਓਲੰਪਿਕ ਐਸੋਸੀਏਸ਼ਨ ਵਲੋਂ ਤਿੰਨ ਕੰਪਨੀਆਂ ਦੇ ਨਾਂ ਤੈਅ ਕੀਤੇ ਗਏ ਸਨ। ਇਹ ਤਿੰਨ ਕੰਪਨੀਆਂ ਸਨ ਫਿਨਿਸ਼ ਲਾਈਨੈਕਸ, ਓਮੇਗਾ ਅਤੇ ਏਸ਼ਨ ਆਪਟੇ ਟੇਕ। ਇਥੇ ਇਹ ਗੱਲ ਦੱਸਣਯੋਗ ਹੈ ਕਿ ਇੰਡੀਅਨ ਓਲੰਪਿਕ ਐਸੋਸੀਏਸ਼ਨ ਦੇ ਚੇਅਰਮੈਨ ਵੀ ਸੁਰੇਸ਼ ਕਲਮਾਡੀ ਹਨ।

## ਮਹਿਲਾ ਹਾਕੀ ਟੀਮ ਦਾ ਐਲਾਨ, ਸੁਰਿੰਦਰ ਕੌਰ ਦੀ ਕਪਤਾਨੀ ਬਰਕਰਾਰ



**ਪਟਿਆਲਾ :** ਦੇਸ਼ ਦੀ ਹਾਕੀ ਦੀ ਅਧਿਕਾਰਤ ਪ੍ਰਤੀਨਿਧਤ ਸੰਸਥਾ ਨੂੰ ਲੈ ਕੇ ਭਾਵੇਂ ਵਿਵਾਦ ਅਜੇ ਵੀ ਬਰਕਰਾਰ ਹੈ ਪਰ ਦੂਜੇ ਪਾਸੇ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਜਿਸ ਨੇ ਹਾਕੀ ਦੀ ਕਮਾਂਡ ਵਕਤੀ ਤੌਰ 'ਤੇ ਸੰਭਾਲੀ ਹੋਈ ਹੈ, ਵਲੋਂ ਮਹਿਲਾ ਹਾਕੀ ਵਿਸ਼ਵ ਕੱਪ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਗਿਆ। ਇਸ ਟੀਮ ਵਿਚ ਹਰਿਆਣਾ ਦੀ ਖਿਡਾਰਨ ਸੁਰਿੰਦਰ ਕੌਰ ਦੀ ਕਪਤਾਨੀ ਬਰਕਰਾਰ ਰੱਖੀ ਗਈ ਹੈ। ਸਾਈ ਵਲੋਂ ਭੇਜੀ ਮਾਹਿਰਾਂ ਦੀ ਟੀਮ ਨੇ ਇਹ ਚੋਣ ਪਿਛਲੇ ਦਿਨੀਂ ਸਥਾਨਕ ਐਨ.ਆਈ.ਐਸ. ਵਿਖੇ ਲਏ ਗਏ ਟਰਾਇਲ ਦੇ ਆਧਾਰ 'ਤੇ ਕੀਤੀ ਹੈ। ਐਨ.ਆਈ.ਐਸ. ਵਿਖੇ ਹੀ ਸਾਈ ਦੀ ਸਰਪ੍ਰਸਤੀ ਹੇਠ ਮਹਿਲਾ ਹਾਕੀ ਦਾ ਕੋਚਿੰਗ ਕੈਂਪ ਵੀ ਚੱਲ ਰਿਹਾ ਹੈ। ਕੋਚਿੰਗ ਕੈਂਪ ਦੇ ਕੋਆਰਡੀਨੇਟਰ ਸ੍ਰੀ ਪੀ.ਵੀ. ਪਾਵੇਲ ਨੇ ਦੱਸਿਆ ਕਿ ਫਿਲਹਾਲ ਮਹਿਲਾ ਹਾਕੀ ਵਿਸ਼ਵ ਕੱਪ ਲਈ ਹੀ ਟੀਮ ਦੀ ਚੋਣ ਹੋਈ ਹੈ।

ਸੁਰਿੰਦਰ ਕੌਰ ਨੂੰ ਟੀਮ ਦੀ ਮੁੜ ਕਪਤਾਨੀ ਸੌਂਪੀ ਗਈ ਹੈ। ਟੀਮ ਲਈ ਚੁਣੀਆਂ ਗਈਆਂ ਹੋਰਨਾਂ ਖਿਡਾਰਨਾਂ ਵਿਚ ਦੀਪਿਕਾ ਮੂਰਤੀ (ਗੁਜਰਾਤ) ਤੇ ਈ. ਰਜਨੀ (ਆਂਧਰਾ ਪ੍ਰਦੇਸ਼) ਦੋਵੇਂ ਗੋਲਕੀਪਰ ਵਜੋਂ, ਜਦੋਂ ਕਿ ਵਿਨੀਤਾ ਟੋਪੋ, ਸੁਭਦਰਾ ਪ੍ਰਧਾਨ (ਦੋਵੇਂ ਉੜੀਸਾ) ਅਤੇ ਜੈਦੀਪ ਕੌਰ (ਹਰਿਆਣਾ) ਤਿੰਨੇ ਫੁੱਲ ਬੈਕ ਵਜੋਂ ਚੁਣੀਆਂ ਗਈਆਂ ਹਨ। ਟੀਮ ਵਿਚ ਕਿਰਨਦੀਪ (ਪੰਜਾਬ), ਮੁਕਤਾ ਬਾਲਾ (ਉੜੀਸਾ), ਅਨਸੂਤਾ ਲਾਕੜਾ (ਝਾਰਖੰਡ), ਰਿਤੂ ਰਾਣੀ, ਪੂਨਮ ਰਾਣੀ, ਜਸਜੀਤ ਕੌਰ ਤੇ ਦੀਪਿਕਾ ਠਾਕੁਰ (ਸਾਰੀਆਂ ਹਰਿਆਣਾ), ਚਨਚਾਨ ਬੇਬੀ (ਮਨੀਪੁਰ), ਸੁਭਾ ਅੰਜੁਮ (ਛਤੀਸਗੜ੍ਹ), ਸੌਂਦਰਯਾ ਯੇਦਲ ਅਤੇ ਮੋਨਿਕਾ ਬਿਰਦਾਨ (ਆਂਧਰਾ ਪ੍ਰਦੇਸ਼) ਸ਼ਾਮਲ ਹਨ। 29 ਅਗਸਤ ਤੋਂ ਅਰਜਨਟੀਨਾ ਵਿਖੇ ਸ਼ੁਰੂ ਹੋਣ ਵਾਲੇ ਮਹਿਲਾ ਹਾਕੀ ਵਿਸ਼ਵ ਕੱਪ ਲਈ ਭਾਰਤੀ ਟੀਮ 22 ਅਗਸਤ ਨੂੰ ਦਿੱਲੀ ਲਈ ਰਵਾਨਾ ਹੋਵੇਗੀ ਜਿਥੋਂ ਇਹ ਟੀਮ ਅਰਜਨਟੀਨਾ ਲਈ ਰਵਾਨਾ ਹੋਵੇਗੀ।

# ਪੁਰਸ਼ ਅਤੇ ਮਹਿਲਾ ਹਾਕੀ ਫੈਡਰੇਸ਼ਨਾਂ ਇਕ-ਮਿਕ ਹੋਈਆਂ

## ਮੁੜ ਖੋਤੀ ਗਿੱਲ ਦੇ ਬੋਹੜ ਥੱਲੇ

**ਨਵੀਂ ਦਿੱਲੀ :** 'ਹਾਕੀ ਇੰਡੀਆ' ਦੇ ਮੁਕਾਬਲੇ ਕੇਂਦਰ ਸਰਕਾਰ ਵਲੋਂ ਮਾਨਤਾ ਮਿਲਣ ਤੋਂ ਬਾਅਦ ਕੇ ਪੀ ਐਸ ਗਿੱਲ ਦੀ ਅਗਵਾਈ ਵਾਲੀ ਭਾਰਤੀ ਹਾਕੀ ਫੈਡਰੇਸ਼ਨ ਤੇ ਮਹਿਲਾ ਹਾਕੀ ਫੈਡਰੇਸ਼ਨ ਦਾ ਬੀਤੀ 12 ਅਗਸਤ ਨੂੰ ਆਪਸ 'ਚ ਰਲੇਵਾਂ ਹੋ ਗਿਆ ਹੈ। ਇਸ ਤਰ੍ਹਾਂ ਕੁਝ ਸਾਲ ਪਹਿਲਾਂ ਬੀਜਿੰਗ ਉਲੰਪਿਕ ਲਈ ਇਕ ਕੁਆਲੀਫਾਇਰ ਮੁਕਾਬਲੇ ਵਿਚ ਹਾਰ ਤੋਂ ਬਾਅਦ ਭਾਰਤੀ ਹਾਕੀ ਫੈਡਰੇਸ਼ਨ ਦੀ ਰੱਦ ਹੋਈ ਮਾਨਤਾ ਮੁੜ ਬਹਾਲ ਹੋ ਗਈ ਹੈ।ਇੰਜ ਪੰਜਾਬੀ ਕਹਾਵਤ ਅਨੁਸਾਰ ਭਾਰਤੀ ਹਾਕੀ ਦੀ ਖੋਤੀ ਮੁੜ ਬੋਹੜ ਥੱਲੇ ਆ ਗਈ ਹੈ। ਇਸ ਦੇ ਨਾਲ ਹੀ ਭਾਰਤੀ ਹਾਕੀ ਫੈਡਰੇਸ਼ਨ ਨੇ ਅਕਤੂਬਰ ਦੇ ਪਹਿਲੇ ਹਫਤੇ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ।

ਕੇ.ਪੀ.ਐਸ. ਗਿੱਲ ਨੇ ਦੋਵਾਂ ਫੈਡਰੇਸ਼ਨਾਂ ਦੇ ਰਲੇਵੇਂ ਦਾ ਐਲਾਨ ਕਰਦਿਆਂ ਕਿਹਾ ਕਿ ਸਾਂਝੀ ਮੀਟਿੰਗ 'ਚ ਸਰਬਸੰਮਤੀ ਨਾਲ ਰਲੇਵੇਂ ਦੇ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ.) ਤੋਂ ਮਾਨਤਾ ਦੇ ਸਵਾਲ ਬਾਰੇ ਸ੍ਰੀ ਗਿੱਲ ਨੇ ਕਿਹਾ ਕਿ 9 ਸਤੰਬਰ ਨੂੰ ਹੋਣ ਵਾਲੀ ਅਗਲੀ ਮੀਟਿੰਗ 'ਚ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਜਾਣਗੀਆਂ। ਯਾਦ ਰਹੇ ਆਈ.ਐਚ.ਐਫ. ਦੀ ਮਾਨਤਾ ਰੱਦ ਕਰਨ ਦਾ ਕਾਰਨ ਉਸ ਵਲੋਂ ਮਹਿਲਾ ਹਾਕੀ ਫੈਡਰੇਸ਼ਨ ਨਾਲ ਰਲੇਵਾਂ ਕਰਨ ਤੋਂ ਇਨਕਾਰ ਕਰਨਾ ਸੀ ਕਿਉਂਕਿ ਐਫ.ਆਈ.ਐਚ. ਦੀ ਮਾਨਤਾ ਲਈ ਦੇਸ਼ 'ਚ ਮਹਿਲਾ ਤੇ ਪੁਰਸ਼ ਹਾਕੀ ਦੀ ਇਕੱਠੀ ਸੰਸਥਾ ਦਾ ਹੋਣਾ ਜ਼ਰੂਰੀ ਹੈ। ਆਈ.ਡਬਲਿਊ.ਐਚ.ਐਫ. ਦੇ ਜਨਰਲ ਸਕੱਤਰ ਅੰਮ੍ਰਿਤ ਬੋਸ ਨੇ ਕਿਹਾ ਕਿ ਸੰਵਿਧਾਨ 'ਚ ਸੋਧ ਤੋਂ ਪਹਿਲਾਂ 'ਸੁਸਾਇਟੀਜ਼ ਐਕਟ' ਤਹਿਤ 21 ਦਿਨ ਦਾ ਨੋਟਿਸ ਦੇਣਾ ਪਵੇਗਾ ਤੇ ਸੋਧ ਤੋਂ ਬਾਅਦ ਅਕਤੂਬਰ ਦੇ ਪਹਿਲੇ ਹਫਤੇ ਨਵੇਂ ਅਹੁਦੇਦਾਰਾਂ ਦੀ ਚੋਣ ਕਰਵਾਈ ਜਾਵੇਗੀ। ਇਸ ਤੋਂ ਬਾਅਦ ਹੀ ਐਫ.ਆਈ.ਐਚ. ਤੋਂ ਮਾਨਤਾ ਹਾਸਲ ਕਰਨ ਲਈ ਬੇਨਤੀ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਸਪਸ਼ਟ ਕੀਤਾ ਕਿ ਰਲੇਵਾਂ ਹੋਣ ਤੋਂ ਬਾਅਦ ਬਣੀ ਨਵੀਂ ਇਕਾਈ ਨੂੰ 'ਭਾਰਤੀ ਹਾਕੀ ਫੈਡਰੇਸ਼ਨ' ਦੇ ਨਾਂ ਨਾਲ ਹੀ ਜਾਣਿਆ ਜਾਵੇਗਾ।

ਇਸ ਮੌਕੇ ਸ੍ਰੀ ਗਿੱਲ ਨੇ ਕਿਹਾ ਕਿ ਚੋਣਾਂ ਹੋਣ ਤਕ ਦੋ ਕਾਰਜਕਾਰੀ ਕਮੇਟੀਆਂ ਹਾਕੀ ਦਾ ਪ੍ਰਬੰਧ ਸੰਭਾਲਣਗੀਆਂ। ਇਨ੍ਹਾਂ ਕਮੇਟੀਆਂ 'ਚ ਪੁਰਸ਼ ਤੇ ਮਹਿਲਾ ਫੈਡਰੇਸ਼ਨਾਂ ਦੇ ਪ੍ਰਤੀਨਿਧੀਆਂ ਦਾ 60:40 ਦਾ ਅਨੁਪਾਤ ਹੋਵੇਗਾ। ਇਹ ਪੁੱਛਣ 'ਤੇ ਕਿ ਹਾਕੀ ਇੰਡੀਆ ਨਾਲ ਜਾ ਮਿਲੇ ਪ੍ਰਤੀਨਿਧੀਆਂ ਨੂੰ ਆਈ.ਐਚ.ਐਫ. 'ਚ ਵਾਪਸੀ ਦੀ ਇਜਾਜ਼ਤ ਦਿੱਤੀ ਜਾਵੇਗੀ ਤਾਂ ਉਨ੍ਹਾਂ ਕਿਹਾ ਕਿ ਆਈ.ਐਚ.ਐਫ. 'ਚ ਉਹ ਵਿਅਕਤੀ ਹੀ ਆ ਸਕਦਾ ਹੈ ਜੋ ਸਿਰਫ ਹਾਕੀ ਦਾ ਨੁਮਾਇੰਦਾ ਹੋਵੇ। ਉਨ੍ਹਾਂ ਸਪਸ਼ਟ ਕੀਤਾ ਕਿ ਆਈ.ਐਚ.ਐਫ. 'ਚ ਕਿਸੇ ਵੀ ਅਜਿਹੇ ਵਿਅਕਤੀ ਨੂੰ ਨਹੀਂ ਆਉਣ ਦਿੱਤਾ ਜਾਵੇਗਾ ਜੋ ਹੋਰ ਖੇਡਾਂ ਨਾਲ ਵੀ ਜੁੜਿਆ ਹੋਵੇ। ਇਸ ਮੌਕੇ ਸ੍ਰੀ ਬੋਸ ਨੇ ਕਿਹਾ ਕਿ ਨਵੀਂ ਸੰਸਥਾ 'ਚ ਸਾਬਕਾ ਖਿਡਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਜਿਸ 'ਚ ਹਾਕੀ ਇੰਡੀਆ ਦੀ ਪ੍ਰਧਾਨਗੀ ਲਈ ਚੋਣ ਹਾਰ ਚੁੱਕੇ ਪਰਗਟ ਸਿੰਘ ਵੀ ਸ਼ਾਮਲ ਹਨ।



ਇਸ ਮੀਟਿੰਗ 'ਚ ਸਾਬਕਾ ਕਪਤਾਨ ਦਿਲੀਪ ਟਿਰਕੀ ਤੇ ਸਾਬਕਾ ਕੋਚ ਜੋਕਿਮ ਕਾਰਵਾਲੋਹ ਵੀ ਮੌਜੂਦ ਸਨ।ਪਰ ਦੇਸ਼ 'ਚ ਹਾਕੀ ਦੀ ਅਧਿਕਾਰਤ ਪ੍ਰਤੀਨਿਧ ਸੰਸਥਾ ਨੂੰ ਲੈ ਕੇ ਅਜੇ ਵੀ ਭਰਮ ਦੀ ਸਥਿਤੀ ਬਣੀ ਹੋਈ ਹੈ। ਹਾਕੀ ਇੰਡੀਆ ਤੇ ਆਈ.ਐਚ.ਐਫ. ਦੋਵੇਂ ਦੇਸ਼ ਦੇ ਅਸਲ ਪ੍ਰਤੀਨਿਧ ਹੋਣ ਦਾ ਦਾਅਵਾ ਕਰ ਰਹੇ ਹਨ। ਆਈ.ਐਚ.ਐਫ. ਨੂੰ ਸਰਕਾਰ ਦਾ ਥਾਪੜਾ ਮਿਲ ਚੁੱਕਾ ਹੈ ਪਰ ਐਫ.ਆਈ.ਐਚ. ਨੇ ਉਸ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਦੂਜੇ ਪਾਸੇ ਹਾਕੀ ਇੰਡੀਆ ਦੀ ਮਾਨਤਾ ਸਰਕਾਰ ਨੇ ਰੱਦ ਕਰ ਦਿੱਤੀ ਹੈ ਪਰ ਐਫ.ਆਈ.ਐਚ. ਉਸ ਦੀ ਪਿੱਠ ਪਿੱਛੇ ਹੈ। ਇਸ ਦੌਰਾਨ ਬੀਤੀ 13 ਅਗਸਤ ਨੂੰ ਹਾਕੀ ਨੂੰ 'ਹਕਸ ਇੰਡੀਆ' ਕਰਾਰ ਦਿੰਦੇ ਹੋਏ ਭਾਰਤੀ ਹਾਕੀ ਫੈਡਰੇਸ਼ਨ ਦੇ ਮੁਖੀ ਕੇ.ਪੀ. ਐਸ. ਗਿੱਲ ਨੇ ਕਿਹਾ ਹੈ ਕਿ ਕੌਮਾਂਤਰੀ ਟੂਰਨਾਮੈਂਟਾਂ 'ਚ ਹਾਕੀ ਇੰਡੀਆ ਦੀ ਚੁਣੀ ਟੀਮ ਭਾਰਤ ਦੀ ਨੁਮਾਇੰਦਗੀ ਨਹੀਂ ਕਰ ਸਕਦੀ ਪਰ ਇਸ ਮਹੀਨੇ ਹੋਣ ਵਾਲੇ ਮਹਿਲਾ ਹਾਕੀ ਵਿਸ਼ਵ ਕੱਪ ਲਈ ਟੀਮ ਦੀ ਚੋਣ ਮੌਜੂਦਾ ਚੋਣਕਰਤਾ ਹੀ ਕਰਨਗੇ। ਉਨ੍ਹਾਂ ਕਿਹਾ ਕਿ ਵਿਸ਼ਵ ਕੱਪ 'ਚ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ, ਇਸ ਲਈ ਮੌਜੂਦਾ ਰਾਸ਼ਟਰੀ ਚੋਣਕਰਤਾ ਹੀ ਟੀਮ ਦੀ ਚੋਣ ਕਰਨਗੇ ਤੇ ਆਈ.ਐਚ.ਐਫ. ਇਸ 'ਚ ਕੋਈ ਦਖਲ ਨਹੀਂ ਦੇਵੇਗਾ।

# ਸੱਜਣ ਵਿਰੁਧ ਮੁਕੱਦਮੇ ’ਤੇ ਸੁਪਰੀਮ ਕੋਰਟ ਵਲੋਂ ਰੋਕ



**ਨਵੀਂ ਦਿੱਲੀ :** ਸਿੱਖ ਕਤਲੇਆਮ ਦੇ ਕੇਸਾਂ ‘ਚ ਹੱਤਿਆ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਚੱਲ ਰਹੇ ਮੁਕਦਮਿਆਂ ‘ਤੇ ਸੁਪਰੀਮ ਕੋਰਟ ਨੇ ਬੀਤੀ 13 ਅਗਸਤ ਨੂੰ ਸਟੇਅ ਦੇ ਦਿੱਤੀ ਹੈ। ਜਸਟਿਸ ਪੀ. ਸਦਾਸ਼ਿਵਮ ਤੇ ਬੀ.ਐਸ. ਚੌਹਾਨ ‘ਤੇ ਆਧਾਰਤ ਡਿਵੀਜ਼ਨ ਬੈਂਚ ਨੇ ਇਸ ਮੁਕਦੱਮੇ ਚਲਾਉਣ ਨੂੰ ਚੁਣੌਤੀ ਦੇਣ ਵਾਲੀ ਸੱਜਣ ਕੁਮਾਰ ਦੀ ਅਪੀਲ ‘ਤੇ ਸੀ.ਬੀ.ਆਈ. ਨੂੰ ਨੋਟਿਸ ਵੀ ਜਾਰੀ ਕਰ ਦਿੱਤਾ। ਹਾਈ ਕੋਰਟ ਨੇ 19 ਜੁਲਾਈ ਨੂੰ ਸੱਜਣ ਕੁਮਾਰ ਵਿਰੁਧ ਹੱਤਿਆ ਸਣੇ ਲੱਗੇ ਕਈ ਦੋਸ਼ ਇਹ ਕਹਿ ਕੇ ਖਾਰਜ ਕਰਨੋਂ ਇਨਕਾਰ ਕਰ ਦਿੱਤਾ ਸੀ ਕਿ ਪਹਿਲਾਂ ਹੀ ਮੁਕੱਦਮੇ ਚਲਾਉਣ ‘ਚ ਹੋਈ ਦੇਰੀ ਨਾਲ ਉਸ ਨੂੰ (ਸੱਜਣ ਕੁਮਾਰ) ਬਹੁਤ ਲਾਭ ਮਿਲ ਚੁੱਕਿਆ ਹੈ।

ਬਾਹਰੀ ਦਿੱਲੀ ਦਾ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦੋ ਕੇਸਾਂ ‘ਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ ਤੇ ਉਹਦੇ ‘ਤੇ 1984 ‘ਚ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਸਿੱਖ ਭਾਈਚਾਰੇ ਵਿਰੁਧ ਭੀੜ ਨੂੰ ਭੜਕਾਉਣ ਦੇ ਦੋਸ਼ ਹਨ। ਸੱਜਣ ਕੁਮਾਰ ਦੇ ਵਕੀਲ ਅਮਿਤ ਆਨੰਦ ਤਿਵਾੜੀ ਨੇ ਅਦਾਲਤ ‘ਚ ਕਿਹਾ ਕਿ ਸ਼ਿਕਾਇਤ ਕਰਤਾ ਜਗਦੀਸ਼ ਕੌਰ ਨੇ 7 ਸਤੰਬਰ 1995 ਨੂੰ ਰੰਗਾਨਾਥਨ ਮਿਸ਼ਰਾ ਕਮਿਸ਼ਨ ਅੱਗੇ ਹਲਫੀਆ ਬਿਆਨ ਦਿੱਤਾ ਸੀ, ਜਿਸ ‘ਚ ਉਸ ਨੇ ਕਈ ਕਾਂਗਸੀਆਂ ਦੇ ਨਾਮ ਲਏ ਸਨ, ਪਰ ਸੱਜਣ ਕੁਮਾਰ ਦਾ ਨਾਮ ਨਹੀਂ ਲਿਆ। ਮਈ 2000 ‘ਚ ਉਹ ਨੇ ਜੀ.ਟੀ. ਨਾਨਾਵਤੀ ਕਮਿਸ਼ਨ ਅੱਗੇ ਹਲਫਨਾਮਾ ਦੇਂਦਿਆਂ ਸੱਜਣ ਕੁਮਾਰ ਦਾ ਨਾਮ ਲੈ ਕੇ ਕਿਹਾ ਕਿ ਉਹਨੇ ਉਸ ਭੀੜ ਦੀ ਅਗਵਾਈ ਕੀਤੀ ਸੀ, ਜਿਸ ਨੇ ਉਸ ਦੇ ਪਤੀ ਤੇ ਪੁੱਤਰ ਮਾਰੇ ਸਨ।

ਸੱਜਣ ਕੁਮਾਰ ਦੀ ਅਪੀਲ ‘ਚ ਇਹ ਵੀ ਕਿਹਾ ਗਿਆ ਕਿ ਫਿਰ ਜਦੋਂ ਉਹ ਖੁਦ ਕਮਿਸ਼ਨ ਅੱਗੇ ਪੇਸ਼ ਹੋਈ ਸੀ ਤਾਂ ਵੀ ਉਹਨੇ ਕਿਤੇ ਵੀ ਸੱਜਣ ਕੁਮਾਰ ਦਾ ਨਾਮ ਨਹੀਂ ਲਿਆ। ਫਿਰ ਸ਼ਿਕਾਇਤ ਕਰਤਾ ਨੇ 2006 ‘ਚ ਸੀ.ਬੀ.ਆਈ. ਅੱਗੇ ਦਿੱਤੀ ਗਵਾਹੀ ‘ਚ ਕਿਹਾ ਕਿ ਸੱਜਣ ਕੁਮਾਰ ਨੇ ਭੀੜ ਨੂੰ ਭੜਕਾਉਂਦੇ ਸੁਣਿਆ ਸੀ। ਵਕੀਲ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਇਸ ਕਰਕੇ ਜਗਦੀਸ਼ ਕੌਰ ਦੀ ਗਵਾਹੀ ‘ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਵਕੀਲ ਨੇ ਕਿਹਾ ਕਿ ਦੋ ਹੋਰ ਗਵਾਹ 23-24 ਸਾਲ ਮਗਰੋਂ ਸੱਜਣ ਕੁਮਾਰ ਵਿਰੁਧ ਗਵਾਹੀ ਦੇਣ ਲਈ ਉਠ ਖੜ੍ਹੇ ਹੋਏ ਹਨ। ਸੁਪਰੀਮ ਕੋਰਟ ਦੇ ਬੈਂਚ ਨੇ ਅਦਾਲਤ ਦੀ ਕਾਰਵਾਈ ‘ਤੇ ਸਟੇਅ ਦੇਂਦਿਆਂ ਮਹਿਸੂਸ ਕੀਤਾ ਕਿ ਹਾਈ ਕੋਰਟ ਨੇ ਕਈ ਵਾਧੂ ਟਿੱਪਣੀਆਂ ਕੀਤੀਆਂ ਜਿਸ ਦਾ ਅਸਰ ਮੁਕੱਦਮੇ ‘ਤੇ ਪੈਂਦਾ ਹੈ।

ਇਸੇ ਦੌਰਾਨ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਸੱਜਣ ਕੁਮਾਰ ਦੇ ਕੇਸ ‘ਤੇ ਸੁਪਰੀਮ ਕੋਰਟ ਵਲੋਂ ਦਿੱਤੀ ਸਟੇਅ ਨੂੰ ਮੰਦਭਾਗਾ ਦੱਸਿਆ ਹੈ। ਸ੍ਰੀ ਫੂਲਕਾ ਨੂੰ ਜਿਉਂ ਹੀ ਮੀਡੀਆ ਤੋਂ ਇਹ ਖਬਰ ਮਿਲੀ ਤਾਂ ਉਹ ਤੁਰੰਤ ਸੁਪਰੀਮ ਕੋਰਟ ਪੁੱਜੇ। ਉਨ੍ਹਾਂ ਕੇਸ ਦੀ ਪ੍ਰਗਤੀ ਵਲ ਬੈਂਚ ਦਾ ਧਿਆਨ ਦਿਵਾਇਆ ਪਰ ਉਹ ਰਾਹਤ ਲੈਣ ਵਿਚ ਅਸਫਲ ਰਹੇ।

## ਦਿੱਲੀ ਪੁਲਿਸ ’ਤੇ ਵਿਸ਼ਵਾਸ ਨਹੀ-ਜਗਦੀਸ਼ ਕੌਰ

**ਨਵੀਂ ਦਿੱਲੀ :**1984 ਦੇ ਸਿੱਖ ਕਤਲੇਆਮ ਦੌਰਾਨ ਆਪਣੇ ਪਰਿਵਾਰ ਦੇ ਪੰਜ ਜੀਅ ਗਵਾ ਚੁੱਕੀ ਬੀਬੀ ਜਗਦੀਸ਼ ਕੌਰ ਨੇ ਬੀਤੀ 12 ਅਗਸਤ ਨੂੰ ਸੱਜਣ ਕੁਮਾਰ ਵਿਰੁਧ ਗਵਾਹੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪੁਲਿਸ ‘ਤੇ ਕੋਈ ਵਿਸ਼ਵਾਸ ਨਹੀਂ ਕਿਉਂਕਿ ਉਹ ਕਾਤਲਾਂ ਨਾਲ ਰਲੀ ਹੋਈ ਸੀ। ਬੀਬੀ ਜਗਦੀਸ਼ ਕੌਰ ਨੇ ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੂੰ ਦਸਿਆ, “ਮੈਂ ਦਿੱਲੀ ਪੁਲਿਸ ਦੇ ਮੁਲਾਜ਼ਮਾਂ ਨਾਲ ਗੱਲ ਕਰਨਾ ਵੀ ਪਸੰਦ ਨਹੀਂ ਕਰਦੀ ਕਿਉਂਕਿ ਉਹ ਹਤਿਆਰੇ ਹਨ।” ਉਨ੍ਹਾਂ ਇਹ ਪ੍ਰਗਟਾਵਾ ਸੱਜਣ ਕੁਮਾਰ ਦੇ ਵਕੀਲ ਨਾਲ ਅਦਾਲਤ ਵਿਚ 16ਵੇਂ ਦਿਨ ਜਿਰ੍ਹਾ ਦੌਰਾਨ ਕੀਤਾ। ਉਨ੍ਹਾਂ ਕਿਹਾ, “ਮੈਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਜਦਕਿ ਦੋਸ਼ੀ ਖੁੱਲ੍ਹੇ ਘੁੰਮ ਰਹੇ ਹਨ।” ਇਸ ਪਿੱਛੋਂ ਅਦਾਲਤ ਵਲੋਂ ਸੱਜਣ ਕੁਮਾਰ ਦੇ ਵਕੀਲ ਨੂੰ ਜਿਰ੍ਹਾ ਜਲਦੀ ਖਤਮ ਕਰਨ ਦੀ ਹਦਾਇਤ ਕੀਤੀ ਗਈ ਹੈ।

# ਅਟਾਰਨੀ ਜਸਪ੍ਰੀਤ ਸਿੰਘ ਦੇ ਫਰਿਜ਼ਨੋ ਦਫਤਰ ਦਾ ਉਦਘਾਟਨ

**ਫਰਿਜ਼ਨੋ:** ਅਟਾਰਨੀ ਜਸਪ੍ਰੀਤ ਸਿੰਘ ਦੇ ਨਵੇਂ ਦਫਤਰ ਦਾ ਉਦਘਾਟਨ ਇਥੇ ਅਕਾਲੀ ਦਲ (ਬਾਦਲ) ਦੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ੍ਰੀ ਸੁਰਜੀਤ ਸਿੰਘ ਰਖੜਾ ਨੇ ਇਲਾਕੇ ਦੀਆਂ ਉਘੀਆਂ ਸ਼ਖਸੀਅਤਾਂ ਦੀ ਮੌਜੂਦਗੀ ਵਿਚ ਕੀਤਾ। ਇਸ ਮੌਕੇ ਹਾਜਰ ਵਿਅਕਤੀਆਂ ਵਿਚ ਹੋਰਨਾਂ ਤੋਂ ਇਲਾਵਾ ਰਿਟਾਇਰਡ ਜੱਜ ਸ. ਮੇਵਾ ਸਿੰਘ (ਜਸਪ੍ਰੀਤ ਸਿੰਘ ਦੇ ਪਿਤਾ), ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਚੇਅਰਮੈਨ ਹੈਰੀ ਗਿੱਲ, ਪ੍ਰਧਾਨ ਮਨਜੀਤ ਸਿੰਘ ਦਸੂਹਾ, ਅਵਤਾਰ ਗਿੱਲ, ਬਲਜੀਤ ਸਿੰਘ ਮਾਨ, ਪ੍ਰੀਤਮ ਸਿੰਘ ਗਰੇਵਾਲ, ਸੁਖਵਿੰਦਰ ਸਿੰਘ ਸੰਘੇੜਾ, ਜੋਬਨਜੀਤ ਸਿੰਘ, ਚਰਨਜੀਤ ਸਿੰਘ ਬਾਠ, ਦਵਿੰਦਰ ਸਿੰਘ ਰਣੀਆ, ਅਰਵਿੰਦਰ ਸਿੰਘ ਲਾਖਨ, ਪ੍ਰੀਤਮ ਸਿੰਘ ਗਿਲਜ਼ੀਆਂ ਅਤੇ ਬਲਬੀਰ ਸਿੰਘ ਢਿਲੋਂ ਹਾਜਰ ਸਨ।

ਇਸ ਮੌਕੇ ਅਟਾਰਨੀ ਜਸਪ੍ਰੀਤ ਸਿੰਘ ਵਲੋਂ ਸ਼ੁਰੂ ਕੀਤੇ ਗਏ ਨਵੇਂ ਪੰਜਾਬੀ ਅਖਬਾਰ ‘ਅਮੈਰੀਕਨ ਪੰਜਾਬੀ ਨਿਊਜ਼’ ਦਾ ਦੂਜਾ ਅੰਕ ਵੀ ਰਿਲੀਜ਼ ਕੀਤਾ ਗਿਆ। ਵਖ ਵਖ ਬੁਲਾਰਿਆਂ ਨੇ ਇਸ ਮੌਕੇ ਅਟਾਰਨੀ ਜਸਪ੍ਰੀਤ ਸਿੰਘ ਨੂੰ ਨਵਾਂ ਅਖਬਾਰ ਸ਼ੁਰੂ ਕਰਨ ਅਤੇ ਨਵਾਂ ਦਫਤਰ ਖੋਲ੍ਹਣ ਲਈ ਵਧਾਈ ਦਿੱਤੀ। ਅਟਾਰਨੀ ਜਸਪ੍ਰੀਤ ਸਿੰਘ ਨੇ ਦੂਰੋਂ-ਨੇੜਿਓਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਮੰਚ ਸੰਚਾਲਨ ਅਮੈਰੀਕਨ ਪੰਜਾਬੀ ਨਿਊਜ਼ ਦੇ ਸੰਪਾਦਕ ਨਰਿੰਦਰਪਾਲ ਸਿੰਘ ਹੁੰਦਲ ਨੇ ਕੀਤਾ।



*ਅਟਾਰਨੀ ਜਸਪ੍ਰੀਤ ਸਿੰਘ ਦੇ ਦਫਤਰ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਰਖੜਾ*

# ਪ੍ਰਧਾਨ ਮੰਤਰੀ ਵਲੋਂ ਲੇਹ ਲਈ 125 ਕਰੋੜ ਦੀ ਰਾਹਤ

**ਲੇਹ:**ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲੇਹ ਵਿਚ ਬੱਦਲ ਫਟਣ ਕਾਰਨ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਲਈ 125 ਕਰੋੜ ਰੁਪਏ ਦੀ ਰਾਹਤ ਦੇਣ ਦਾ ਐਲਾਨ ਕੀਤਾ ਹੈ ਅਤੇ ਕਿਹਾ ਕਿ ਹੜ੍ਹਾਂ ਕਾਰਨ ਤਬਾਹ ਹੋਏ ਸਾਰੇ ਘਰ ਢਾਈ ਮਹੀਨਿਆਂ ਦੇ ਅੰਦਰ ਅੰਦਰ ਮੁੜ ਉਸਾਰੇ ਜਾਣਗੇ।

ਪ੍ਰਧਾਨ ਮੰਤਰੀ ਇਥੇ ਰਾਹਤ ਅਤੇ ਬਚਾਓ ਕਾਰਜਾਂ ਦਾ ਜਾਇਜ਼ਾ ਲੈਣ ਪੁੱਜੇ ਸਨ ਅਤੇ ਉਨ੍ਹਾਂ ਕਿਹਾ ਕਿ ਇਹ ਰਾਹਤ ਪ੍ਰਧਾਨ ਮੰਤਰੀ ਕੌਮੀ ਆਫਤ ਫੰਡ ਵਿਚੋਂ ਦਿੱਤੀ ਜਾਵੇਗੀ। ਹਸਪਤਾਲ, ਸਕੂਲ, ਬਿਜਲੀ ਦੇ ਕੁਨੈਕਸ਼ਨ ਅਤੇ ਸੜਕਾਂ ਦੀ ਮੁੜ ਉਸਾਰੀ ਹੋਵੇਗੀ ਅਤੇ ਸਾਰਾ ਮੁੜ ਵਸੇਬਾ ਕਾਰਜ ਢਾਈ ਮਹੀਨਿਆਂ ਦੇ ਅੰਦਰ ਤੇ ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਪੂਰਾ ਕਰ ਲਿਆ ਜਾਵੇਗਾ।

ਪ੍ਰਧਾਨ ਮੰਤਰੀ ਨੇ ਆਖਿਆ ਕਿ ਇਸ ਤ੍ਰਾਸਦੀ ਕਾਰਨ ਬਹੁਤ ਸਾਰੀਆਂ ਜਾਨਾਂ ਗਈਆਂ ਹਨ ਜਿਨ੍ਹਾਂ ਦੀ ਭਰਪਾਈ ਨਹੀਂ ਹੋ ਸਕਦੀ ਪਰ ਹੁਣ ਕੇਂਦਰ ਅਤੇ ਜੰਮੂ-ਕਸ਼ਮੀਰ ਸਰਕਾਰਾਂ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰਨਗੀਆਂ।

## Matrimonials

### ਵਰ ਦੀ ਲੋੜ

Professional Jatt Sikh match, for beautiful Jatt Sikh girl 28, 5’3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

ਜੱਟ ਸਿੱਖ, ਸੁੰਦਰ, ਐਮ ਕਾਮ, 22, 5’5”, ਸ਼ਹਿਰੀ ਤੇ ਪੇਂਡੂ ਸੰਪਤੀ ਦੀ ਮਾਲਕ, ਲੜਕੀ ਲਈ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਰਹਿੰਦੇ ਜੱਟ ਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ: gurdevsidhu77@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

Handsome & educated Jatt Sikh match, preferably from California for Jatt Sikh beautiful girl, 24, 5’4", MBA. Call at 408-794-5382. Send Bio-data with pictures to Jatt_Sikh2010@yahoo.com

### ਕੰਨਿਆ ਦੀ ਲੋੜ

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ ‘ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com

### Companionship Sought

76 years old widower Punjabi healthy, handsome, retired doctor seeks companionship with a widow lady with attraction at or near 70. Even paying guest accommodation is welcome. Call Sharma at 315-383-2008


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Asiana Airlines · Emirates · Singapore Airlines · Cathay Pacific · Korean Air · Lufthansa · China Airlines
We Also Offer Notary Service



FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



100% NCLEX-PN Pass Rate! Job Placement Assistance! Affordable Payment Plans!
NCP Career College & College of Nursing
Training students since 1993!
12 Month LVN Program
20 Day CNA Program
Full Time
Part Time
Days, Evenings & Weekends
Choose which one is right for you…Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454

# ਵਿਕਾਸ ਅਤੇ ਕਾਰਗੁਜ਼ਾਰੀ ਸਾਡੀ ਸਰਕਾਰ ਦਾ ਮੁਖ ਏਜੰਡਾ-ਸੁਖਬੀਰ

***ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨਾਲ ਬੀਤੇ ਦਿਨੀਂ ਪਵਨ ਸ਼ਰਮਾ ਵਲੋਂ ਹਿੰਦੁਸਤਾਨ ਟਾਈਮਜ਼ ਲਈ ਕੀਤੀ ਗਈ ਇੰਟਰਵਿਊ ਦਾ ਪੰਜਾਬੀ ਅਨੁਵਾਦ ਅਸੀਂ ਇੱਥੇ ਪੰਜਾਬ ਟਾਈਮਜ਼ ਦੇ ਪਾਠਕਾਂ ਦੀ ਦਿਲਚਸਪੀ ਲਈ ਦੇ ਰਹੇ ਹਾਂ। – ਸੰਪਾਦਕ***

---

**ਸਵਾਲ**-ਪੰਜਾਬ ਪਿਛਲੇ ਕਾਫੀ ਸਮੇਂ ਤੋਂ ਮਾੜੇ ਪ੍ਰਸ਼ਾਸਨ ਦਾ ਸ਼ਿਕਾਰ ਰਿਹਾ ਹੈ। ਤੁਹਾਡੀ ਸਰਕਾਰ ਨੇ ਇਸ ਵਿਚ ਕੀ ਫਰਕ ਪਾਇਆ ਹੈ?

**ਜਵਾਬ**-ਅਕਾਲੀ-ਭਾਜਪਾ ਸਰਕਾਰ ਭਾਰਤ ਵਿਚ ਇੱਕੋ ਇਕ ਸਰਕਾਰ ਹੈ ਜਿਸ ਨੇ ਪ੍ਰਸ਼ਾਸਨ 'ਚ ਸੁਧਾਰ ਲਿਆਉਣ ਦਾ ਉਦਮ ਕੀਤਾ ਹੈ। ਆਮ ਲੋਕ ਅਫਸਰਸ਼ਾਹੀ, ਭ੍ਰਿਸ਼ਟਾਚਾਰ ਅਤੇ ਛੋਟੇ-ਛੋਟੇ ਕੰਮਾਂ ਵਿਚਲੇ ਅੜਿੱਕਿਆਂ ਤੋਂ ਪ੍ਰੇਸ਼ਾਨ ਸਨ। ਅਸੀਂ ਪਹਿਲੇ ਹਾਂ ਜਿਨ੍ਹਾਂ ਨੇ ਆਮ ਆਦਮੀ ਵਲੋਂ ਮਹਿਸੂਸ ਕੀਤੇ ਜਾ ਰਹੇ ਇਨ੍ਹਾਂ ਅੜਿੱਕਿਆਂ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਇਹ ਸਾਡਾ ਸਭ ਤੋਂ ਪਹਿਲਾਂ ਮਿਸ਼ਨ ਹੈ। ਇਸ ਮਕਸਦ ਲਈ ਅਸੀਂ ਡਾਕਟਰ ਪ੍ਰਮੋਦ ਕੁਮਾਰ ਦੀ ਅਗਵਾਈ ਵਿਚ ਪ੍ਰਸ਼ਾਸਨਿਕ ਸੁਧਾਰਾਂ ਲਈ ਕਮਿਸ਼ਨ ਕਾਇਮ ਕੀਤਾ ਹੈ, ਉਹ ਸਾਨੂੰ ਇਸ ਸਬੰਧ ਵਿਚ ਨਵੇਂ ਵਿਚਾਰ ਮੁਹੱਈਆ ਕਰਵਾ ਰਹੇ ਹਨ ਅਤੇ ਅਸੀਂ ਲਾਗੂ ਵੀ ਕਰਾਂਗੇ।

**ਸਵਾਲ**-ਪ੍ਰਸ਼ਾਸਨਿਕ ਸੁਧਾਰ ਅੱਧ ਵਿਚਕਾਰ ਲਟਕ ਗਏ ਹਨ?

**ਜਵਾਬ**-ਤੁਸੀਂ ਕਿਸੇ ਵੀ ਚੀਜ਼ ਨੂੰ ਰਾਤੋ-ਰਾਤ ਤਬਦੀਲ ਨਹੀਂ ਕਰ ਸਕਦੇ ਹਾਲਾਂਕਿ ਹਰ ਖੇਤਰ ਵਿਚ ਬਹੁਤ ਸਾਰਾ ਕੰਮ ਕੀਤਾ ਗਿਆ ਹੈ। ਫਿਰ ਵੀ ਦਸੰਬਰ ਤੱਕ ਤੁਸੀਂ ਵੱਡੀ ਤਬਦੀਲੀ ਦੇਖੋਗੇ। ਅਜਿਹੀ ਮੈਨੂੰ ਆਸ ਹੈ। ਸਾਡਾ ਇਹ ਸਭ ਤੋਂ ਪਹਿਲਾ ਮਿਸ਼ਨ ਮੁਕੰਮਲ ਹੋਵੇਗਾ।

**ਸਵਾਲ**-ਪੰਜਾਬ ਦੇ ਲੋਕਾਂ ਨੂੰ 2012 ਦੀਆਂ ਚੋਣਾਂ ਵਿਚ ਅਕਾਲੀ-ਭਾਜਪਾ ਸਰਕਾਰ ਨੂੰ ਕਿਉਂ ਚੁਣਨਾ ਹੋਵੇਗਾ?

**ਜਵਾਬ**-ਸਾਡੀ ਕਾਰਗੁਜ਼ਾਰੀ ਕਾਰਨ ਅਸੀਂ ਸਮਾਜ ਦੇ ਬਹੁਤ ਸਾਰੇ ਹਿੱਸਿਆਂ ਵਲੋਂ ਪੇਸ਼ ਮਸਲਿਆਂ ਨੂੰ ਸੰਬੋਧਨ ਹੋ ਰਹੇ ਹਾਂ। ਆਟਾ-ਦਾਲ ਸਬਸਿਡੀ ਤੋਂ ਲੈ ਕੇ ਵਿੱਦਿਆ, ਬਿਜਲੀ, ਸਿਹਤ, ਰੁਜ਼ਗਾਰ, ਸੜਕਾਂ ਅਤੇ ਹਵਾਈ ਲਿੰਕ ਸਮੇਤ ਅਸੀਂ ਲੋਕਾਂ ਦੀਆਂ ਬਹੁਤ ਸਾਰੀਆਂ ਜ਼ਰੂਰਤਾਂ ਉਪਰ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਇਸ ਨੂੰ ਕਾਂਗਰਸ ਦੇ 15 ਸਾਲਾਂ ਦੇ ਰਾਜ ਨਾਲ ਮੇਲ ਕੇ ਵੇਖੋ। ਅਸੀਂ ਹਜ਼ਾਰਾਂ ਕਦਮ ਅੱਗੇ ਹਾਂ। ਇਹ ਚਾਹੇ ਹਵਾਈ ਲਿੰਕ ਦਾ ਮਸਲਾ ਹੋਵੇ ਜਾਂ ਸੜਕੀ ਆਵਾਜਾਈ ਨਾਲ ਸੰਬੰਧਿਤ ਬੁਨਿਆਦੀ ਢਾਂਚੇ ਦਾ, ਸਾਡੀ ਸਰਕਾਰ ਨੇ ਬਹੁਤ ਸਾਰਾ ਕੰਮ ਕੀਤਾ ਹੈ। ਅਸੀਂ ਅਜਿਹੇ ਕਦਮ ਚੁੱਕੇ ਹਨ ਜਿਸ ਦਾ ਕਾਂਗਰਸ ਵਾਲੇ ਸੁਪਨਾ ਵੀ ਨਹੀਂ ਲੈ ਸਕਦੇ ਹਨ।

ਹਰਿਆਣਾ ਕੋਲ ਕੋਈ ਹਵਾਈ ਅੱਡਾ ਨਹੀਂ, ਉਤਰ ਪ੍ਰਦੇਸ਼ ਅਤੇ ਬਿਹਾਰ ਕੋਲ ਇਕ-ਇਕ ਅੱਡਾ ਹੈ ਪਰ ਪੰਜਾਬ ਕੋਲ ਹੁਣ 5 ਹਵਾਈ ਅੱਡੇ ਹਨ। ਇਸ ਛੋਟੇ ਜਿਹੇ ਸਮੇਂ ਵਿਚ ਅਸੀਂ ਪੰਜਾਬ ਦੀ ਆਉਣ ਵਾਲੇ 25 ਸਾਲਾਂ ਦੀ ਬਿਜਲੀ ਦੀ ਲੋੜ ਦਾ ਵੀ ਸਾਮਾ ਕੀਤਾ ਹੈ। ਪੰਜਾਬ ਆਉਣ ਵਾਲੇ ਸਮੇਂ ਵਿਚ ਸਭ ਤੋਂ ਵਧੇਰੇ ਆਵਾਜਾਈ ਦੇ ਬੁਨਿਆਦੀ ਢਾਂਚੇ ਦਾ ਮਾਲਕ ਹੋਵੇਗਾ। ਹੁਣ ਤੋਂ 3 ਸਾਲਾਂ ਬਾਅਦ ਪੰਜਾਬ ਦੇ ਸਾਰੇ ਮੁੱਖ ਸ਼ਹਿਰ 4 ਮਾਰਗੀ ਸੜਕਾਂ ਨਾਲ ਜੁੜੇ ਹੋਣਗੇ।

**ਸਵਾਲ**-ਕਿਹਾ ਜਾਂਦਾ ਹੈ ਕਿ ਫਰਵਰੀ 2007 ਦੀਆਂ ਚੋਣਾਂ ਵਿਚ ਡੇਰਾ ਸੱਚਾ ਸੌਦਾ ਦੇ ਚੇਲਿਆਂ ਨੇ ਕਾਂਗਰਸ ਦੇ ਮੁਕਾਬਲੇ ਅਕਾਲੀਆਂ ਨੂੰ ਪ੍ਰਭਾਵਿਤ ਕੀਤਾ। 2012 ਦੀਆਂ ਚੋਣਾਂ ਵਿਚ ਤੁਹਾਡੀ ਕੀ ਰਣਨੀਤੀ ਹੋਵੇਗੀ।

**ਜਵਾਬ**-ਉਹ ਹੁਣ ਇਤਿਹਾਸ ਬਣ ਗਿਆ ਹੈ ਤੇ ਅੱਜ ਸਾਡਾ ਏਜੰਡਾ ਵਿਕਾਸ ਅਤੇ ਕਾਰਗੁਜ਼ਾਰੀ ਹੈ। ਅਸੀਂ ਆਪਣਾ ਵਿਕਾਸ ਏਜੰਡਾ ਜਾਰੀ ਰੱਖਾਂਗੇ। ਲੋਕ ਸਾਡੀ ਕਾਰਗੁਜ਼ਾਰੀ ਤੋਂ ਹੀ ਫੈਸਲਾ ਕਰਨਗੇ ਕਿ ਉਨ੍ਹਾਂ ਨੇ ਬੇਹਤਰ ਕਾਰਗੁਜ਼ਾਰੀ ਵਾਲੀ ਇਸ ਸਰਕਾਰ ਨੂੰ ਭਵਿੱਖ ਵਿਚ ਵੀ ਕਾਇਮ ਰੱਖਣਾ ਹੈ ਜਾਂ ਨਹੀਂ। ਮੈਂ ਪੰਜਾਬ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਸਖਤ ਮਿਹਨਤ ਕਰ ਰਿਹਾ ਹਾਂ। ਲੋਕ ਜਾਣਦੇ ਨੇ ਕਿ ਸੁਖਬੀਰ ਜੋ ਕਹਿੰਦਾ ਹੈ, ਉਹ ਪੂਰਾ ਕਰਦਾ ਹੈ।



**ਸਵਾਲ**-ਤੁਸੀਂ ਆਪਣੇ ਰਾਜ ਕਾਲ ਦੌਰਾਨ ਬਿਨਾਂ ਤਾਜ ਤੋਂ ਰਾਜ ਕੁਮਾਰ ਰਹੇ ਹੋ। ਅਗਲੀਆਂ ਚੋਣਾਂ 'ਚ ਤੁਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਕਿਸ ਹੈਸੀਅਤ ਵਿਚ ਅਗਵਾਈ ਦੇਵੋਗੇ। ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਵਜੋਂ ਜਾਂ ਉਪ ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵਜੋਂ।

**ਜਵਾਬ**-ਚੋਣਾਂ ਹਮੇਸ਼ਾਂ ਹੀ ਪਾਰਟੀ ਅਤੇ ਪਾਰਟੀ ਪ੍ਰਧਾਨ ਦੀ ਅਗਵਾਈ ਵਿਚ ਲੜੀਆਂ ਜਾਂਦੀਆਂ ਹਨ।

**ਸਵਾਲ**-ਕੀ ਇਸ ਟਰਮ ਵਿਚ ਤੁਸੀਂ ਮੁੱਖ ਮੰਤਰੀ ਬਣ ਜਾਓਗੇ?

**ਜਵਾਬ**-ਇਹ ਫੈਸਲਾ ਪਾਰਟੀ ਨੇ ਕਰਨਾ ਹੈ।

**ਸਵਾਲ**-ਤੁਸੀਂ ਪਾਰਟੀ ਦੇ ਪ੍ਰਧਾਨ ਹੋ। ਅੜਿੱਕਾ ਕਿੱਥੇ ਹੈ?

**ਜਵਾਬ**-ਪਾਰਟੀ ਇਕ ਟੀਮ ਹੈ ਅਤੇ ਜ਼ਿੰਮੇਵਾਰੀ ਸਮੂਹਿਕ ਹੈ। ਪਾਰਟੀ ਦੀ ਉਸਾਰੀ ਸਾਰੀ ਟੀਮ ਦੀ ਸਖਤ ਮਿਹਨਤ ਤੋਂ ਬਾਅਦ ਹੋਈ ਹੈ। ਇੰਝ ਪਾਰਟੀ ਟੀਮ ਹੀ ਸਹੀ ਸਮੇਂ ਅਤੇ ਸਹੀ ਮੌਕੇ ਸੰਬੰਧੀ ਫੈਸਲਾ ਕਰਦੀ ਹੈ।

**ਸਵਾਲ**-ਕੀ ਇਹ ਮਸਲਾ ਕਦੇ ਪਾਰਟੀ ਪੱਧਰ 'ਤੇ ਵਿਚਾਰਿਆ ਗਿਆ ਹੈ।

**ਜਵਾਬ**-ਜੋ ਵੀ ਪਾਰਟੀ ਅੰਦਰ ਵਾਪਰਦਾ ਹੈ, ਉਸ ਨੂੰ ਪਾਰਟੀ ਦੇ ਅੰਦਰ ਹੀ ਰੱਖਿਆ ਜਾਂਦਾ ਹੈ। ਕਈ ਚੀਜ਼ਾਂ ਪਾਰਟੀ ਤੋਂ ਬਾਹਰ ਨਹੀਂ ਵਿਚਾਰੀਆਂ ਜਾਂਦੀਆਂ।

**ਸਵਾਲ**-ਆਮ ਪ੍ਰਭਾਵ ਇਹ ਹੈ ਕਿ ਇਹ ਫੈਸਲਾ ਤੁਹਾਡੇ ਪਿਤਾ ਜੀ ਕਰਨਗੇ ਕਿ ਕਦੋਂ ਤੁਹਾਨੂੰ ਮੁੱਖ ਮੰਤਰੀ ਬਣਾਇਆ ਜਾਣਾ ਹੈ।

**ਜਵਾਬ**-ਇਸ ਤਰ੍ਹਾਂ ਨਹੀਂ, ਪਾਰਟੀ ਨੇ ਮੈਨੂੰ ਪ੍ਰਧਾਨ ਬਣਾਇਆ ਜੋ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ।

**ਸਵਾਲ**-ਕੀ ਤੁਸੀਂ ਮੌਜੂਦਾ ਅਹੁਦੇ ਨਾਲ ਸੰਤੁਸ਼ਟ ਹੋ ਅਤੇ ਮੁੱਖ ਮੰਤਰੀ ਨਹੀਂ ਬਣਨਾ ਚਾਹੁੰਦੇ?

**ਜਵਾਬ**-ਮੈਨੂੰ ਪਹਿਲਾਂ ਹੀ ਪਾਰਟੀ ਨੂੰ ਅਗਵਾਈ ਦੇਣ ਦਾ ਮਾਣ ਦਿੱਤਾ ਗਿਆ ਹੈ। ਭਾਵੇਂ ਉਹ ਇਕ ਬੰਦੇ ਨੂੰ ਦੋ ਜਾਂ ਤਿੰਨ ਅਹੁਦੇ ਦੇਣ ਦੀ ਚਾਹਵਾਨ ਹੋਵੇ। ਇਹ ਪਾਰਟੀ 'ਤੇ ਮੁਨੱਸਰ ਕਰਦਾ ਹੈ ਕਿ ਉਹ ਸਰਦਾਰ ਪ੍ਰਕਾਸ ਸਿੰਘ ਬਾਦਲ ਨੂੰ ਮੁੱਖ ਮੰਤਰੀ 5 ਸਾਲ ਲਈ ਰੱਖਣਾ ਚਾਹੁੰਦੀ ਹੈ ਜਾਂ 1 ਸਾਲ ਜਾਂ 10 ਸਾਲ ਲਈ।

**ਸਵਾਲ**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਬਣਨ ਤੋਂ ਬਾਅਦ ਤੁਸੀਂ ਆਪਣੇ ਪਿਤਾ ਜੀ ਤੋਂ ਕੀ ਸਬਕ ਹਾਸਲ ਕੀਤਾ ਹੈ।

**ਉਤਰ**-ਸਖਤ ਮਿਹਨਤ? ਤੁਹਾਡਾ ਮਿਸ਼ਨ ਹੋਣਾ ਚਾਹੀਦਾ ਹੈ ਕਿ ਆਪਣੇ ਨਿਸ਼ਾਨੇ ਬਣਾਓ, ਵੱਡੇ ਨਿਸ਼ਾਨੇ ਅਤੇ ਉਨ੍ਹਾਂ ਉਪਰ ਇਹ ਸੋਚੇ ਬਿਨਾਂ ਅਮਲ ਕਰੋ ਕਿ ਤੁਹਾਡੇ ਖੱਬੇ-ਸੱਜੇ ਕੀ ਵਾਪਰ ਰਿਹਾ ਹੈ। ਉਨ੍ਹਾਂ ਮੈਨੂੰ ਇਹ ਸਲਾਹ ਦਿੱਤੀ ਹੈ ਕਿ ਤੇਰਾ ਮੁੱਖ ਨਿਸ਼ਾਨਾ ਇਹ ਹੋਣਾ ਚਾਹੀਦਾ ਹੈ ਕਿ ਪੰਜਾਬ ਨੂੰ ਨਵੀਆਂ ਉਚਿਆਈਆਂ 'ਤੇ ਲੈ ਕੇ ਜਾਣਾ ਹੈ। ਵੱਡੀ ਸੋਚ ਰੱਖੋ। ਜੇ ਤੁਹਾਡੀ ਸੋਚ ਵੱਡੀ ਹੋਵੇਗੀ, ਤੁਸੀਂ ਵੱਡੀਆਂ ਪ੍ਰਾਪਤੀਆਂ ਕਰੋਗੇ। ਮੈਂ ਇਹੋ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

**ਸਵਾਲ**-ਅਗਲੇ 16 ਮਹੀਨਿਆਂ ਲਈ ਤੁਸੀਂ ਕੀ ਵੱਡੇ ਨਿਸ਼ਾਨੇ ਰੱਖੇ ਹਨ।

**ਜਵਾਬ**-ਪ੍ਰਸ਼ਾਸ਼ਨਿਕ ਸੁਧਾਰਾਂ ਨੂੰ ਲਾਗੂ ਕਰਨਾ ਤਾਂ ਕਿ ਆਮ ਆਦਮੀ ਨੂੰ ਦਿੱਕਤਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਮੇਰਾ ਦੂਜਾ ਨਿਸ਼ਾਨਾ ਹੈ ਕਿ ਸੰਸਾਰ ਪੱਧਰ ਦਾ ਆਧਾਰ ਢਾਂਚਾ ਕਾਇਮ ਕਰਨਾ। ਸਰਮਾਇਆ ਖਿੱਚਣ ਲਈ ਸਾਨੂੰ ਦੂਜੇ ਰਾਜਾਂ ਨਾਲੋਂ ਵਧੀਆ ਆਧਾਰ ਢਾਂਚੇ ਦੀ ਲੋੜ ਹੈ। ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ। ਇਕ ਵੀ ਪ੍ਰਾਜੈਕਟ ਦਾ ਨਾਂ ਦੱਸੋ ਜਿਹੜਾ ਉਨ੍ਹਾਂ ਨੇ ਲਿਆ। ਮੈਂ ਕਈ ਗਿਣਾ ਸਕਦਾ ਹਾਂ ਸਮੇਤ ਬਠਿੰਡਾ ਰਿਫਾਇਨਰੀ ਦੇ ਜਿਸ ਨੂੰ ਕਾਂਗਰਸ ਨੇ 5 ਸਾਲ ਠੱਪ ਕਰੀ ਰੱਖਿਆ। ਅਸੀਂ ਇਸ ਨੂੰ ਸ਼ੁਰੂ ਕੀਤਾ ਅਤੇ ਪੂਰਾ ਕਰ ਦਿੱਤਾ ਹੈ। ਸਾਡੇ ਬਿਜਲੀ ਪ੍ਰਾਜੈਕਟਾਂ ਉਪਰ 50 ਹਜ਼ਾਰ ਕਰੋੜ ਰੁਪਏ ਦਾ ਖਰਚ ਆਵੇਗਾ। ਰੇਲ ਕੋਚ ਫੈਕਟਰੀ, ਹਵਾਈ ਅੱਡਿਆਂ ਆਦਿ ਉਪਰ ਵੱਡਾ ਨਿਵੇਸ਼ ਕੀਤਾ ਜਾਵੇਗਾ।

**ਸਵਾਲ**-ਕੀ ਤੁਸੀਂ ਕਦੇ ਇਕ ਸਕੀਮ ਦਾ ਨਾਂ ਲੈ ਸਕਦੇ ਹੋ ਜਿਹੜੀ ਪਿੰਡਾਂ ਦੇ ਲੋਕਾਂ ਨੂੰ ਫਾਇਦਾ ਪਹੁੰਚਾਏਗੀ?

**ਜਵਾਬ**-ਬਹੁਤ ਸਾਰੀਆਂ ਹਨ। ਆਧਾਰ ਢਾਂਚੇ ਤੇ ਪ੍ਰਸ਼ਾਸ਼ਨਿਕ ਮਾਮਲੇ ਨੂੰ ਹੀ ਲਓ। ਉਹ ਆਮ ਬੰਦੇ ਵਲੋਂ ਮਹਿਸੂਸ ਕੀਤੀਆਂ ਜਾ ਰਹੀਆਂ ਦਿੱਕਤਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਵੇਗੀ। ਮਾਰਚ ਤੱਕ ਲੋਕ ਆਪਣੇ ਜ਼ਮੀਨ ਰਿਕਾਰਡ ਨੂੰ ਕੰਪਿਊਟਰ ਉਪਰ ਹੀ ਵੇਖ ਲਿਆ ਕਰਨਗੇ। ਜ਼ਮੀਨ ਦਾ ਇੰਤਕਾਲ, ਰਜਿਸਟਰੇਸ਼ਨ ਅਤੇ ਫਰਦ ਇੰਟਰਨੈੱਟ 'ਤੇ ਉਪਲਬੱਧ ਹੋਵੇਗੀ। ਅਸੀਂ ਸਰਕਾਰੀ ਵਿਭਾਗਾਂ ਵਿਚ ਐਫੀਡੇਵਿਟ ਦੇਣ ਦਾ ਅਮਲ ਖਤਮ ਕਰ ਦਿੱਤਾ ਹੈ। ਮਾਲੀਆ ਵਿਭਾਗ ਵਿਚ ਲੋਕਾਂ ਨੂੰ ਬਹੁਤ ਉਲਝਣ ਹੁੰਦੀ ਸੀ, ਉਹ ਘਟਾ ਦਿੱਤੀ ਗਈ ਹੈ। ਪਾਰਦਰਸ਼ਤਾ ਅਤੇ ਘੱਟ ਤੋਂ ਘੱਟ ਪ੍ਰੇਸ਼ਾਨੀ ਸਾਡਾ ਨਿਸ਼ਾਨਾ ਹੈ।

**ਸਵਾਲ**-ਇੰਜ ਲਗਦਾ ਹੈ ਕਿ ਵਿਕਾਸ ਦਾ ਨਕਸ਼ਾ ਉਲੀਕਣ ਵਿਚ ਤੁਸੀਂ ਕਾਫੀ ਦੇਰ ਲਗਾ ਦਿੱਤੀ। ਹੁਣ ਤੁਹਾਡੇ ਕੋਲ ਸਮਾਂ ਬਹੁਤ ਘੱਟ ਹੈ।

**ਜਵਾਬ**-ਜੇ ਤੁਸੀਂ ਸੁਪਨਿਆਂ ਦਾ ਘਰ ਬਣਾਉਣਾ ਚਾਹੁੰਦੇ ਹੋ ਤਾਂ ਨਕਸ਼ਾ ਨਵੀਸ ਕੋਲੋਂ ਨਕਸ਼ਾ ਬਣਾਉਣ ਤੋਂ ਲੈ ਕੇ ਆਖਰੀ ਛੋਹਾਂ ਦੇਣ ਤੱਕ ਸਮਾਂ ਤਾਂ ਲਗਦਾ ਹੀ ਹੈ। ਪਰ ਅਸੀਂ ਪਹਿਲੇ ਦਿਨ ਤੋਂ ਹੀ ਸਮਾਂ ਜਾਇਆ ਨਹੀਂ ਕੀਤਾ ਅਤੇ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਰਾਜ ਬਣਾਉਣ ਦਾ ਐਲਾਨ ਕੀਤਾ।

ਫਿਰ ਵੀ ਅਜਿਹੇ ਪ੍ਰਾਜੈਕਟਾਂ ਵਿਚ ਤੁਹਾਨੂੰ ਵਾਤਾਵਰਨ, ਕੋਇਲਾ ਅਤੇ ਰੇਲਵੇ ਸੰਪਰਕ ਦੇ ਮਾਮਲੇ ਵਿਚ ਕੇਂਦਰ ਤੋਂ ਆਗਿਆ ਲੈਣੀ ਪੈਂਦੀ ਹੈ, ਜਿਹਦੇ ਵਿਚ ਕਾਫੀ ਸਮਾਂ ਲਗਦਾ ਹੈ। ਅਸੀਂ ਇਹ ਇਜਾਜ਼ਤ ਆਪਣੀਆਂ ਜ਼ੋਰਦਾਰ ਕੋਸ਼ਿਸ਼ਾਂ ਨਾਲ 18 ਮਹੀਨੇ ਵਿਚ ਹਾਸਲ ਕੀਤੀ ਅਤੇ ਹੁਣ ਪਾਵਰ ਪਲਾਂਟ ਅਤੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕੰਮ ਚਲ ਰਿਹਾ ਹੈ।

**ਸਵਾਲ**-ਤੁਹਾਡਾ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਰਾਜ ਬਣਾਉਣ ਦਾ ਸੁਪਨਾ 2012 ਤੱਕ ਪੂਰਾ ਨਹੀਂ ਹੋਵੇਗਾ। ਇਸ ਤੋਂ ਇਲਾਵਾ ਮੁਹਾਲੀ ਹਵਾਈ ਅੱਡੇ ਦਾ ਪ੍ਰਾਜੈਕਟ ਵੀ ਲੇਟ ਹੋ ਰਿਹਾ ਹੈ। ਲੁਧਿਆਣਾ ਮੈਟਰੋ ਅਤੇ ਚੰਡੀਗੜ੍ਹ-ਫਗਵਾੜਾ ਐਕਸਪ੍ਰੈਸ ਵੀ ਹਾਲੇ ਖਲਜਗਣ ਵਿਚ ਹੈ।

**ਜਵਾਬ**-ਕਈ ਚੀਜ਼ਾਂ ਕੇਂਦਰ ਸਰਕਾਰ ਦੇ ਹੱਥ ਵਿਚ ਹਨ। ਉਦਾਹਰਣ ਦੇ ਤੌਰ 'ਤੇ ਕੋਲ ਲਿੰਕਏਜ਼, ਇਸ ਮਾਮਲੇ ਵਿਚ ਸਾਡੀ ਅਰਜ਼ੀ ਪਿਛਲੇ ਇਕ ਸਾਲ ਤੋਂ ਕੇਂਦਰ ਕੋਲ ਪਈ ਹੈ। ਹਾਲੇ ਵੀ ਇਹ ਮਨਜ਼ੂਰ ਨਹੀਂ ਹੋਈ। ਅਸੀਂ ਆਪਣੇ ਵਲੋਂ ਸਾਰਾ ਕੁਝ ਕਰ ਦਿੱਤਾ ਹੈ। ਇਸ ਤੋਂ ਪਿੱਛੋਂ

**(ਬਾਕੀ ਅਗਲੇ ਪੰਨੇ 'ਤੇ)**

## ਅਸੀਂ ਮੈਰਿਟ ਨੂੰ ਕਦੇ ਨਜ਼ਰਅੰਦਾਜ਼ ਨਹੀਂ ਕੀਤਾ-ਬਾਦਲ

ਸ੍ਰੀ ਪ੍ਰਕਾਸ਼ ਸਿੰਘ ਬਾਦਲ ਸਾਲ 1970 ਵਿਚ ਪਹਿਲੀ ਵਾਰ 43 ਸਾਲ ਦੀ ਉਮਰ ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ। ਉਦੋਂ ਉਹ ਸੂਬੇ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਸਨ। ਹੁਣ ਚੌਥੀ ਵਾਰ ਮੁੱਖ ਮੰਤਰੀ ਵਜੋਂ ਆਪਣੀ ਸਰਕਾਰ ਦੇ ਚੌਥੇ ਸਾਲ ਵਿਚ ਉਹ 83 ਸਾਲਾਂ ਨੂੰ ਢੁੱਕਣ ਵਾਲੇ ਹਨ ਅਤੇ ਸਿਆਸੀ ਤੌਰ 'ਤੇ ਉਹ ਇੰਨੇ ਘਾਗ ਮੰਨੇ ਜਾਂਦੇ ਹਨ ਕਿ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਦੇ ਇਰਾਦਿਆਂ ਬਾਰੇ ਕਿਆਸ-ਅਰਾਈਆਂ ਹੀ ਲਾਉਂਦੇ ਰਹਿੰਦੇ ਹਨ। ਪੇਸ਼ ਹਨ ਟ੍ਰਿਬਿਊਨ ਅਖਬਾਰ ਸਮੂਹ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ ਨਾਲ ਮੁੱਖ ਮੰਤਰੀ ਦੀ ਵਿਸ਼ੇਸ਼ ਇੰਟਰਵਿਊ ਦੇ ਕੁਝ ਅਹਿਮ ਅੰਸ਼ :



**ਮੈਂ ਸਿੱਖ, ਮੁਸਲਿਮ ਜਾਂ ਇਸਾਈ ਵਜੋਂ ਨਹੀਂ ਸੋਚਦਾ, ਹਰ ਕੌਮ ਵਿਚ ਚੰਗੇ-ਮਾੜੇ ਲੋਕ ਹੁੰਦੇ ਹਨ**

**ਸਵਾਲ**-ਤੁਸੀਂ ਸ਼ਾਇਦ ਇਕਲੌਤੇ ਮੁੱਖ ਮੰਤਰੀ ਹੋ ਜੋ 70ਵਿਆਂ ਤੋਂ ਲੈ ਕੇ ਹੁਣ ਤਕ ਹਰ ਦਹਾਕੇ ਵਿਚ ਸੱਤਾ ਵਿਚ ਰਹੇ ਹੋ। ਮੁੱਖ ਮੰਤਰੀ ਵਜੋਂ ਤੁਹਾਡੇ ਪਹਿਲੇ ਅਤੇ ਚੌਥੇ ਸ਼ਾਸਨ ਕਾਲ ਵਿਚ ਕੀ ਫ਼ਰਕ ਹੈ?

**ਜਵਾਬ**-ਉਸ ਸਮੇਂ ਲੋਕਾਂ ਦੀਆਂ ਸਮੱਸਿਆਵਾਂ ਬਹੁਤ ਘੱਟ ਸਨ। ਹੁਣ ਉਨ੍ਹਾਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਬਹੁਤ ਵਧ ਗਈਆਂ ਹਨ। ਇਸ ਦੇ ਹਿਸਾਬ ਨਾਲ ਮੁੱਖ ਮੰਤਰੀ ਨੂੰ ਉਦੋਂ ਦੇ ਮੁਕਾਬਲੇ ਹੁਣ ਜ਼ਿਆਦਾ ਸਮਾਂ ਕੰਮ ਕਰਨਾ ਪੈਂਦਾ ਹੈ। ਇਹ ਵੱਡੀ ਚੁਣੌਤੀ ਹੈ।

**ਸਵਾਲ**-ਮੁੱਖ ਮੰਤਰੀ ਵਜੋਂ ਸਭ ਤੋਂ ਵਧ ਮੁਸ਼ਕਿਲ ਕਦੋਂ ਆਈ?

**ਜਵਾਬ**-ਅਤਿਵਾਦ ਦਾ ਦੌਰ ਬਹੁਤ ਚੁਣੌਤੀਪੂਰਨ ਸੀ। ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਕਦੇ ਵੀ ਕਾਂਗਰਸ ਦੀ ਕੇਂਦਰ ਸਰਕਾਰ ਨੇ ਪੰਜਾਬ ਨਾਲ ਨਿਆਂ ਨਹੀਂ ਕੀਤਾ। ਪੰਜਾਬ ਨੂੰ ਸ਼ੁਰੂ ਤੋਂ ਹੀ ਹੱਕਾਂ ਤੋਂ ਵਾਂਝਾ ਰੱਖਿਆ ਗਿਆ। ਸੂਬਿਆਂ ਦਾ ਭਾਸ਼ਾਈ ਆਧਾਰ ਉਤੇ ਪੁਨਰਗਠਨ ਕੀਤਾ ਗਿਆ ਪਰ ਪੰਜਾਬ ਦਾ ਨਹੀਂ। ਨਿਆਂ ਲਈ ਸਾਨੂੰ ਲੜਨਾ ਪਿਆ। ਦੂਜੇ ਸੂਬਿਆਂ ਵਿਚੋਂ ਨਵੇਂ ਰਾਜ ਬਣਾਉਣ ਵੇਲੇ ਮੁੱਖ ਸੂਬੇ ਨੂੰ ਹੀ ਰਾਜਧਾਨੀ ਦਿੱਤੀ ਗਈ। ਪੰਜਾਬ ਨੂੰ ਜਾਣ-ਬੁੱਝ ਕੇ ਚੰਡੀਗੜ੍ਹ ਨਹੀਂ ਦਿੱਤਾ ਗਿਆ। ਮੈਂ ਰਾਜੀਵ-ਲੌਂਗੋਵਾਲ ਸਮਝੌਤੇ ਦੇ ਖ਼ਿਲਾਫ਼ ਸੀ। ਮੈਨੂੰ ਪਤਾ ਸੀ ਕਿ ਸੰਤ ਲੌਂਗੋਵਾਲ ਨਾਲ ਧੋਖਾ ਕੀਤਾ ਜਾਵੇਗਾ। ਅੰਮ੍ਰਿਤਸਰ ਵਿਚ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਮੈਥੋਂ ਸਲਾਹ ਮੰਗੀ। ਮੈਂ ਉਨ੍ਹਾਂ ਨੂੰ ਰਾਜੀਵ ਗਾਂਧੀ ਤੋਂ ਕੋਈ ਠੋਸ ਵਾਅਦਾ ਲੈਣ ਲਈ ਕਿਹਾ। ਮੈਨੂੰ ਪਤਾ ਸੀ ਕਿ ਸੰਤਾਂ ਨਾਲ ਕੀਤੇ ਵਾਅਦੇ ਨਿਭਾਏ ਨਹੀਂ ਜਾਣੇ। ਇਸ ਕਾਰਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ।

**ਸਵਾਲ**-ਪੰਜਾਬ ਵਿਚੋਂ ਅਤਿਵਾਦ ਕਿਉਂ ਖਤਮ ਹੋਇਆ?

**ਜਵਾਬ**-ਜਦੋਂ ਅਤਿਵਾਦ ਸ਼ੁਰੂ ਹੋਇਆ, ਉਦੋਂ ਲੋਕਾਂ ਨੇ ਮਨਾਂ ਵਿਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਉਦਾਰਵਾਦੀ ਲੋਕ ਜਮਹੂਰੀ ਢੰਗ ਨਾਲ ਨਿਆਂ ਹਾਸਲ ਨਹੀਂ ਕਰ ਸਕਣਗੇ। ਇੰਤਹਾਪਸੰਦ ਤੱਤਾਂ ਨੇ ਲੋਕਾਂ ਨੂੰ ਮਹਿਸੂਸ ਕਰਵਾਇਆ ਕਿ ਅਤਿਵਾਦ ਰਾਹੀਂ ਹੀ ਨਿਆਂ ਮਿਲ ਸਕਦਾ ਹੈ। ਪਰ ਹੌਲੀ-ਹੌਲੀ ਲੋਕਾਂ ਨੂੰ ਅਹਿਸਾਸ ਹੋਣ ਲੱਗਾ ਕਿ ਇਹ ਢੰਗ ਠੀਕ ਨਹੀਂ। ਇਹੋ ਜਿਹੇ ਹਾਲਾਤ ਵਿਚ ਲੋਕਾਂ ਦੇ ਸਹਿਯੋਗ ਬਿਨਾਂ ਤੁਸੀਂ ਕਾਮਯਾਬ ਨਹੀਂ ਹੋ ਸਕਦੇ। ਹੌਲੀ-ਹੌਲੀ ਲੋਕ ਇੰਤਹਾਪਸੰਦਾਂ ਨਾਲੋਂ ਟੁੱਟ ਗਏ। ਉਂਜ ਵੀ, ਸ਼੍ਰੋਮਣੀ ਅਕਾਲੀ ਦਲ ਵੱਖਵਾਦੀ ਪਾਰਟੀ ਨਹੀਂ ਹੈ।

**ਸਵਾਲ**-ਮੁੱਖ ਮੰਤਰੀ ਵਜੋਂ ਇਸ ਵਾਰ ਤੁਹਾਡੇ ਕੀ ਟੀਚੇ ਹਨ?

**ਜਵਾਬ**-ਸਾਡੀ ਸਰਕਾਰ ਦਾ ਮੁੱਖ ਮਕਸਦ ਸੂਬੇ ਵਿਚ ਮੁਕੰਮਲ ਅਮਨ ਅਤੇ ਫਿਰਕੂ ਸਦਭਾਵਨਾ ਕਾਇਮ ਰੱਖਣਾ ਹੈ। ਮੈਂ ਕਹਿ ਸਕਦਾ ਹਾਂ ਕਿ ਪਾਕਿਸਤਾਨ ਦੀ ਸਰਹੱਦ 'ਤੇ ਸਥਿਤ ਹੋਣ ਅਤੇ ਜੰਮੂ ਕਸ਼ਮੀਰ ਵਿਚ ਗੜਬੜੀ ਹੋਣ ਦੇ ਬਾਵਜੂਦ ਪੰਜਾਬ ਵਿਚ ਅਤਿਵਾਦ ਦੀ ਕੋਈ ਘਟਨਾ ਨਹੀਂ ਵਾਪਰੀ। ਪੰਜਾਬ 'ਚ ਫ਼ਿਰਕੂ ਸਦਭਾਵਨਾ ਹੈ।

**ਸਵਾਲ**-ਆਪਣੀ ਸਰਕਾਰ ਦੌਰਾਨ ਤੁਸੀਂ ਕਿਸਾਨਾਂ ਨੂੰ ਬਹੁਤ ਸਾਰੀਆਂ ਮਾਲੀ ਛੋਟਾਂ ਦਿੱਤੀਆਂ, ਇਸ ਦੇ ਬਾਵਜੂਦ ਪੰਜਾਬ ਦਾ ਆਰਥਿਕ ਪੱਖੋਂ ਹਾਲ ਮੰਦਾ ਹੈ?

**ਜਵਾਬ**-ਇਸ ਦਾ ਅਸਲੀ ਕਾਰਨ ਕੀ ਹੈ? ਕੋਈ ਵੀ ਮਹਿਸੂਸ ਨਹੀਂ ਕਰਦਾ ਕਿ ਸਾਡਾ ਇਹ ਹਾਲ ਕਿਉਂ ਹੈ? ਪੰਦਰਾਂ ਸਾਲ ਚੱਲੇ ਅਤਿਵਾਦ ਨੇ ਸਾਨੂੰ ਦੀਵਾਲੀਆ ਬਣਾ ਦਿੱਤਾ। ਸਨਅਤਾਂ ਪੰਜਾਬ ਵਲ ਨਹੀਂ ਆ ਰਹੀਆਂ। ਉਹ ਹੋਰ ਸੂਬਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਅਸੀਂ ਪੱਖਪਾਤ ਨਹੀਂ ਚਾਹੁੰਦੇ, ਪਰ ਇਨਸਾਫ਼ ਜ਼ਰੂਰ ਚਾਹੁੰਦੇ ਹਾਂ।

**ਸਵਾਲ**-ਇਕ ਸਿੱਖ ਦਾ ਪ੍ਰਧਾਨ ਮੰਤਰੀ ਹੋਣਾ ਪੰਜਾਬ ਲਈ ਕਿੰਨਾ ਕੁ ਲਾਹੇਵੰਦ ਹੋਇਆ ਹੈ?

**ਜਵਾਬ**-ਮੈਂ ਸਿੱਖ, ਮੁਸਲਿਮ ਜਾਂ ਇਸਾਈ ਵਜੋਂ ਨਹੀਂ ਸੋਚਦਾ। ਹਰ ਕੌਮ ਵਿਚ ਚੰਗੇ-ਮਾੜੇ ਲੋਕ ਹੁੰਦੇ ਹਨ। ਮੇਰੇ ਡਾ. ਮਨਮੋਹਨ ਸਿੰਘ ਨਾਲ ਸਬੰਧ ਬਹੁਤ ਚੰਗੇ ਹਨ। ਇੰਜ ਹੀ, ਸ੍ਰੀ ਵਾਜਪਾਈ ਅਤੇ ਗੁਜਰਾਲ ਸਾਹਿਬ ਨਾਲ ਵੀ।

ਤੁਸੀਂ ਸਾਡੀ ਕਾਰਗੁਜ਼ਾਰੀ ਦੀ ਤੁਲਨਾ ਕਾਂਗਰਸ ਸਰਕਾਰ ਨਾਲ ਕਰ ਸਕਦੇ ਹੋ। ਅਸੀਂ 40,000 ਅਧਿਆਪਕ ਨਿਯੁਕਤ ਕਰਨੇ ਸਨ ਪਰ ਹਾਈ ਕੋਰਟ ਦੇ ਸਟੇਅ ਦੇ ਹੁਕਮਾਂ ਕਾਰਨ ਸਿਰਫ 25,000 ਨਿਯੁਕਤੀਆਂ ਕੀਤੀਆਂ ਹਨ। ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਤਿੰਨ ਯੂਨੀਵਰਸਿਟੀਆਂ ਤੋਂ ਇਲਾਵਾ ਰੋਪੜ ਵਿਚ ਆਈ.ਆਈ.ਟੀ. ਖੋਲ੍ਹੇ ਹਨ। ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਗੰਦੇ ਪਾਣੀ ਦੀ ਨਿਕਾਸੀ ਅਤੇ ਜਲ ਸਪਲਾਈ ਯਕੀਨੀ ਬਣਾ ਕੇ ਦਰਿਆਈ ਪਾਣੀ ਦੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਾਂ। ਪੀਣ ਯੋਗ ਪਾਣੀ ਲਈ 2000 ਕਰੋੜ ਰੁਪਏ ਰਾਖਵੇਂ ਰੱਖੇ ਹਨ। ਜਦੋਂ ਅਸੀਂ ਸੱਤਾ ਸੰਭਾਲੀ ਬਿਜਲੀ ਉਤਪਾਦਨ ਲੋੜ ਤੋਂ 30 ਫੀਸਦੀ ਘੱਟ ਸੀ। ਅਸੀਂ ਥਰਮਲ ਪਲਾਂਟਾਂ ਨੂੰ ਮਨਜ਼ੂਰੀ ਦਿੱਤੀ ਜਿਨ੍ਹਾਂ ਨੂੰ ਮੁਕੰਮਲ ਕਰਨ ਲਈ ਦਿਨ-ਰਾਤ ਕੰਮ ਚਲ ਰਿਹਾ ਹੈ। ਕਾਂਗਰਸ 15 ਸਾਲ ਵਿਚ ਓਨਾ ਕੰਮ ਨਹੀਂ ਕਰ ਸਕੀ ਜਿੰਨਾ ਅਸੀਂ ਇਸ ਵਾਰ ਕੀਤਾ ਹੈ।

**ਸਵਾਲ**-ਕੀ ਤੁਹਾਨੂੰ ਲਗਦਾ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿਧਾਨ ਸਭਾ ਤੋਂ ਮੁਅੱਤਲ ਕਰਵਾ ਕੇ ਤੁਸੀਂ ਗਲਤੀ ਕੀਤੀ? ਇਹ ਬਦਲੇ ਦੀ ਰਾਜਨੀਤੀ ਨਹੀਂ ਸੀ?

**ਜਵਾਬ**-ਅਮਰਿੰਦਰ ਸਿੰਘ ਖ਼ਿਲਾਫ਼ ਕੇਸ ਮੇਰੇ ਸ਼ਾਸਨ ਕਾਲ ਦੌਰਾਨ ਦਰਜ ਨਹੀਂ ਹੋਇਆ। ਸੱਚ ਇਹ ਹੈ ਕਿ ਬਦਲੇ ਦੀ ਰਾਜਨੀਤੀ ਦੀ ਸ਼ੁਰੂਆਤ ਕਾਂਗਰਸ ਸਰਕਾਰ ਨੇ ਕੀਤੀ। ਮੈਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ। ਮੇਰੇ ਪੁੱਤਰ ਅਤੇ ਪਤਨੀ ਨੂੰ ਵੀ ਇਨ੍ਹਾਂ ਕੇਸਾਂ ਵਿਚ ਸ਼ਾਮਲ ਕੀਤਾ ਗਿਆ। ਜੇ ਸਿਰਫ ਮੈਨੂੰ ਜਾਂ ਮੇਰੇ ਪੁੱਤਰ ਨੂੰ ਕੇਸਾਂ ਵਿਚ ਫਸਾਇਆ ਹੁੰਦਾ ਤਾਂ ਮੈਨੂੰ ਦੁੱਖ ਨਹੀਂ ਸੀ ਹੋਣਾ। ਉਨ੍ਹਾਂ ਨੇ ਮੇਰੀ ਪਤਨੀ ਨੂੰ ਵੀ ਕੇਸਾਂ ਵਿਚ ਫਸਾਇਆ। ਮੇਰੀ ਪਤਨੀ ਦਾ ਇਸ ਨਾਲ ਕੀ ਲੈਣ-ਦੇਣ ਸੀ? ਅਸੀਂ ਕਾਂਗਰਸ ਪਾਰਟੀ ਦੇ ਕਿਸੇ ਮੈਂਬਰ, ਵਿਧਾਇਕ ਜਾਂ ਮੰਤਰੀ ਖ਼ਿਲਾਫ਼ ਕੇਸ ਦਾਇਰ ਨਹੀਂ ਕੀਤਾ। ਮੈਂ ਬਦਲੇ ਦੀ ਰਾਜਨੀਤੀ ਵਿਚ ਵਿਸ਼ਵਾਸ ਨਹੀਂ ਰੱਖਦਾ। ਇਹ ਸਿਰਫ ਪੰਜਾਬ ਵਿਚ ਨਹੀਂ ਸਗੋਂ ਸਾਰੇ ਮੁਲਕ ਵਿਚ ਬੰਦ ਹੋਣੀ ਚਾਹੀਦੀ ਹੈ। ਬਦਲੇ ਦੀ ਰਾਜਨੀਤੀ ਚੰਗੀ ਨਹੀਂ ਹੁੰਦੀ।

**ਸਵਾਲ**-ਵਿਰੋਧੀ ਧਿਰ ਤੁਹਾਡੇ ਉੱਤੇ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੀ ਪੁਰਜ਼ੋਰ ਕੋਸ਼ਿਸ਼ ਕਰਨ ਦਾ ਦੋਸ਼ ਲਾਉਂਦੀ ਹੈ?

**ਜਵਾਬ**-ਕੀ ਮੈਂ ਉਸ ਨੂੰ ਮੁੱਖ ਮੰਤਰੀ ਬਣਾ ਦਿੱਤਾ ਹੈ? ਉਸ ਨੇ ਬਹੁਤ ਵੱਡੇ ਫਰਕ ਨਾਲ ਚੋਣ ਜਿੱਤੀ ਹੈ। ਪੰਜਾਬ ਵਿਚ ਉਸ ਨੇ ਰਿਕਾਰਡ ਕਾਇਮ ਕੀਤਾ। ਉਸ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਫੈਸਲਾ ਮੇਰਾ ਨਹੀਂ ਸਗੋਂ ਪਾਰਟੀ ਦਾ ਹੈ। ਅਜਿਹੇ ਮੁੱਦਿਆਂ ਦੇ ਫੈਸਲੇ ਪਾਰਟੀ ਕਰਦੀ ਹੈ।

**ਸਵਾਲ**-ਉਪ ਮੁੱਖ ਮੰਤਰੀ ਵਜੋਂ ਉਸ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ?

**ਜਵਾਬ**-ਉਹ ਚੰਗਾ ਕੰਮ ਕਰ ਰਿਹਾ ਹੈ, ਪਿਛਲੀਆਂ ਚੋਣਾਂ ਵਿਚ ਸਾਡੀ ਪਾਰਟੀ ਦੀ ਸਰਕਾਰ ਬਣਨ ਸਮੇਂ ਉਸ ਨੇ ਮਿਹਨਤ ਕੀਤੀ। ਪਾਰਟੀ ਨੂੰ ਜਾਪਿਆ ਕਿ ਚੋਣਾਂ ਦੌਰਾਨ ਉਸ ਦੀ ਕਾਰਗੁਜ਼ਾਰੀ ਬਹੁਤ ਵਧੀਆ ਰਹੀ ਹੈ। ਇਸ ਲਈ ਪਾਰਟੀ ਖੁਸ਼ ਸੀ ਅਤੇ ਉਹ ਠੀਕ ਕੰਮ ਕਰ ਰਿਹਾ ਹੈ। ਅਸੀਂ ਮੈਰਿਟ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ।

**ਸਵਾਲ**-ਅਤੇ ਮਨਪ੍ਰੀਤ?

**ਜਵਾਬ**-ਮਨਪ੍ਰੀਤ ਬਹੁਤ ਵਧੀਆ ਬੰਦਾ ਹੈ। ਉਹ ਹੁਸ਼ਿਆਰ ਅਤੇ ਮਿਹਨਤੀ ਹੈ। ਇਹ ਵੱਖਰੀ ਗੱਲ ਹੈ ਕਿ ਪਾਰਟੀ ਕਈ ਵਾਰ ਉਸ ਨਾਲ ਸਹਿਮਤ ਨਹੀਂ ਹੁੰਦੀ। ਮੈਂ ਮਹਿਸੂਸ ਕਰਦਾ ਹਾਂ ਕਿ ਪਾਰਟੀ ਸਰਵ ਉਚ ਹੈ। ਜੇ ਮੇਰੀ ਸੋਚ ਮੁਤਾਬਕ ਫੈਸਲਾ ਨਹੀਂ ਕਰਦੀ ਤਾਂ ਮੈਂ ਆਪਣਾ ਮਨ ਬਦਲ ਕੇ ਪਾਰਟੀ ਦੀ ਗੱਲ ਮੰਨਦਾ ਹਾਂ।

## ਸੁਖਬੀਰ ਬਾਦਲ...
(ਪਿਛਲੇ ਪੰਨੇ ਦੀ ਬਾਕੀ)

ਟੈਂਡਰ ਕੱਢਣ ਦੀ ਪ੍ਰਕਿਰਿਆ ਹੈ, ਇਸ ਨੂੰ ਵੀ ਛੋਟਾ ਨਹੀਂ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਕੋਸ਼ਿਸ਼ਾਂ ਨਾਲ ਇਹ ਮਾਮਲਾ ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀਆਂ ਕੋਲ ਰੱਖਿਆ ਗਿਆ ਹੈ। ਚਾਰ ਬਿਜਲੀ ਪ੍ਰਾਜੈਕਟਾਂ ਵਿਚੋਂ ਤਿੰਨ ਸਮਾਂ ਸੀਮਾ ਤੋਂ ਅੱਗੇ ਚਲ ਰਹੇ ਹਨ ਪਰ ਕੇਂਦਰ ਵਲੋਂ ਹਾਲੇ ਗਿੱਦੜਬਾਹਾ ਪ੍ਰਾਜੈਕਟ ਲਈ ਕੋਲ ਲਿੰਕਏਜ਼ ਦੇਣਾ ਬਾਕੀ ਹੈ।

**ਸਵਾਲ**–ਪਰ ਬਿਜਲੀ ਦੀ ਕਮੀ ਜਾਰੀ ਰਹਿ ਰਹੀ ਹੈ। ਸਿਹਤ ਵਿਭਾਗ 'ਚ ਸਭ ਅੱਛਾ ਨਹੀਂ ਹੈ। ਇਹੋ ਹਾਲ ਵਿੱਦਿਆ ਵਿਭਾਗ ਦਾ ਹੈ। ਮਾਲਵੇ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ ਤੇ ਨਾ ਹੀ ਕੈਂਸਰ ਦਾ ਇਲਾਜ ਹੋ ਰਿਹਾ ਹੈ। ਰਾਜ ਦੀ ਵਿੱਤੀ ਹਾਲਤ ਵੀ ਸਹੀ ਨਹੀਂ?

**ਜਵਾਬ**–ਮੇਰਾ ਖਿਆਲ ਹੈ ਤੁਸੀਂ ਪਹਿਲੀ ਕਾਂਗਰਸ ਸਰਕਾਰ ਵੇਲੇ ਦੀ ਗੱਲ ਕਰ ਰਹੇ ਹੋ। ਅਸੀਂ ਬਿਜਲੀ ਪਲਾਂਟ ਉਸਾਰੇ ਹਨ। ਹੁਣ ਸਿਰਫ 1-2 ਘੰਟੇ ਦਾ ਕੱਟ ਹੈ ਜਿਹੜਾ ਕਿ ਕਾਂਗਰਸ ਸਰਕਾਰ ਵੇਲੇ 10-15 ਘੰਟੇ ਦਾ ਹੁੰਦਾ ਸੀ। ਅਸੀਂ 28,000 ਟੀਚਰ ਭਰਤੀ ਕੀਤੇ ਹਨ। ਸਕੂਲਾਂ ਨੂੰ ਅਪਗ੍ਰੇਡ ਕਰਨ ਲਈ 7 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਹਨ।

**ਸਵਾਲ**–ਰਾਜਨੀਤਕ ਭ੍ਰਿਸ਼ਟਾਚਾਰ ਨੂੰ ਠੱਲ੍ਹ ਮਾਰਨ ਲਈ ਕੀ ਕੀਤਾ ਜਾ ਰਿਹਾ ਹੈ ਜਿਹੜਾ ਕਿ ਆਮ ਤੌਰ 'ਤੇ ਦਿਸਦਾ ਨਹੀਂ।

**ਜਵਾਬ**–ਇਸ ਮਕਸਦ ਲਈ ਅਸੀਂ ਈ ਟੈਂਡਰਿੰਗ ਦਾ ਅਮਲ ਸ਼ੁਰੂ ਕੀਤਾ ਹੈ। ਇਸ ਤੋਂ ਪਿੱਛੋਂ ਈ ਪੇਮਿੰਟ ਦਾ ਅਮਲ ਵੀ ਸ਼ੁਰੂ ਹੋਵੇਗਾ। ਅਸੀਂ ਲੈਂਡ ਰਿਕਾਰਡ ਨੂੰ ਕੰਪਿਊਟਰ 'ਤੇ ਕਰਕੇ ਚੋਰ ਮੋਰੀਆਂ ਬੰਦ ਕਰ ਦਿੱਤੀਆਂ ਹਨ। ਜੋ ਭਰਤੀ ਅਸੀਂ ਕੀਤੀ ਹੈ, ਉਸ 'ਤੇ ਨਜ਼ਰ ਮਾਰੋ। ਲੋਕਾਂ ਨੂੰ ਪਾਰਦਸ਼ਤਾ ਦੀ ਸਹੁੰ ਚੁਕਾਈ ਹੈ।

**ਸਵਾਲ**–ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਸੀ ਬੀ ਆਈ ਵਲੋਂ ਇਕ ਭ੍ਰਿਸ਼ਟਾਚਾਰ ਦੇ ਕੇਸ ਵਿਚ ਚਾਰਜਸ਼ੀਟ ਕੀਤਾ ਗਿਆ। ਇਹਦੇ ਬਾਰੇ ਤੁਹਾਡੀ ਪਾਰਟੀ ਦੀ ਕੀ ਰਾਇ ਹੈ।

**ਜਵਾਬ**–ਕਾਂਗਰਸ ਨੇ ਸੀ ਬੀ ਆਈ ਨੂੰ ਵਰਤ ਕੇ ਚਾਰਜਸ਼ੀਟ ਨੂੰ ਇਕ ਕਿਸਮ ਦਾ ਮਖੌਲ ਬਣਾ ਦਿੱਤਾ ਹੈ। ਪਹਿਲਾਂ ਕਿਉਂਕਿ ਕੋਈ ਰਾਜਨੀਤਕ ਪੱਖਪਾਤ ਨਹੀਂ ਸੀ ਹੁੰਦਾ, ਇਸ ਲਈ ਚਾਰਜਸ਼ੀਟ ਹੋਣਾ ਵੱਡੀ ਗੱਲ ਸਮਝਿਆ ਜਾਂਦਾ ਸੀ। ਹੁਣ ਇਹ ਰਾਜਸੀ ਵਿਰੋਧੀਆਂ ਨੂੰ ਖੂੰਜੇ ਲਾਉਣ ਦਾ ਸਾਧਨ ਬਣ ਗਈ ਹੈ। ਜੇ ਉਸ ਖਿਲਾਫ ਦੋਸ਼ ਸਿੱਧ ਹੋ ਜਾਣ ਤਦ ਤਾਂ ਕੋਈ ਗੱਲ ਹੈ। ਪਰ ਚਾਰਜਸ਼ੀਟ ਤਾਂ ਕੋਈ ਵੀ ਗੱਲ ਨਹੀਂ।

**ਸਵਾਲ**–ਅਫਸਰਸ਼ਾਹੀ ਵਿਚ ਇਹ ਪ੍ਰਭਾਵ ਹੈ ਕਿ ਬਾਦਲ ਕਿਸੇ ਵੀ ਅਫਸਰ ਵਿਚ ਵਿਸ਼ਵਾਸ ਨਹੀਂ ਕਰਦੇ ਸਿਵਾਇ ਕੁਝ ਕੁ ਅਫਸਰਾਂ ਦੇ ਜਿਹੜੇ ਉਨ੍ਹਾਂ ਦੇ ਰਿਸ਼ਤੇਦਾਰ ਹਨ ਜਾਂ ਹੇਠਲੇ ਪੱਧਰ ਦੇ ਅਫਸਰ ਹਨ।

**ਜਵਾਬ**–ਅਸੀਂ ਉਨ੍ਹਾਂ ਅਫਸਰਾਂ ਵਿਚ ਹੀ ਵਿਸ਼ਵਾਸ ਕਰਦੇ ਹਾਂ ਜੋ ਕੰਮ ਕਰਦੇ ਹਨ। ਸਾਡੇ ਲਈ ਹਰ ਅਫਸਰ ਬਰਾਬਰ ਹੈ। ਸਾਡੀ ਨਜ਼ਰ 'ਚ ਉਨ੍ਹਾਂ ਲਈ ਕੋਈ ਪੱਖਪਾਤ ਨਹੀਂ। ਅਸੀਂ ਨਤੀਜੇ ਚਾਹੁੰਦੇ ਹਾਂ ਅਤੇ ਜਿਹੜੇ ਨਤੀਜੇ ਦਿੰਦੇ ਹਨ ਉਨ੍ਹਾਂ ਨੂੰ ਥਾਪੀ ਵੀ ਦਿੰਦੇ ਹਾਂ। ਜਿਹੜੇ ਕੰਮ ਨਹੀਂ ਕਰਨਗੇ, ਉਨ੍ਹਾਂ ਦੀ ਤਾਂ ਖਿਚਾਈ ਹੋਵੇਗੀ ਹੀ।

## ਪੰਜਾਬੀ ਟ੍ਰਿਬਿਊਨ ਦੀ ਵੈਬਸਾਈਟ ਸ਼ੁਰੂ

**ਚੰਡੀਗੜ੍ਹ:** ਆਪਣੀ ਸਥਾਪਨਾ ਦੇ 33ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਉਪਰੰਤ ਸੋਮਵਾਰ 'ਪੰਜਾਬੀ ਟ੍ਰਿਬਿਊਨ' ਅਤੇ 'ਦੈਨਿਕ ਟ੍ਰਿਬਿਊਨ' ਦਾ ਆਨਲਾਈਨ ਐਡੀਸ਼ਨ ਸ਼ੁਰੂ ਕਰ ਦਿੱਤਾ ਗਿਆ ਜਿਸ ਦਾ ਉਦਘਾਟਨ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਦੋ ਟਰਸਟੀ ਪ੍ਰੋ. ਆਰ.ਪੀ. ਬਾਂਬਾ ਅਤੇ ਜਸਟਿਸ ਐਸ.ਐਸ. ਸੋਢੀ ਨੇ ਕੀਤਾ। 'ਪੰਜਾਬੀ ਟ੍ਰਿਬਿਊਨ' ਅਤੇ ਦੈਨਿਕ ਟ੍ਰਿਬਿਊਨ ਦਾ ਇੰਟਰਨੈਟ ਐਡੀਸ਼ਨ www.punjabitribuneonline.com ਅਤੇ www.dainiktribuneonline.com'ਤੇ ਉਪਲਬਧ ਹੋਵੇਗਾ। ਇਸ ਮੌਕੇ ਦਿ ਟ੍ਰਿਬਿਊਨ ਦੇ ਮੁੱਖ ਸੰਪਾਦਕ ਰਾਜ ਚੇਂਗੱਪਾ ਨੇ ਇੰਟਰਨੈਟ ਐਡੀਸ਼ਨ ਸ਼ੁਰੂ ਹੋਣ ਨਾਲ ਪ੍ਰਿੰਟ ਮੀਡੀਆ 'ਤੇ ਪੈਣ ਵਾਲੇ ਕਿਸੇ ਵੀ ਮਾੜੇ ਪ੍ਰਭਾਵ ਨੂੰ ਖਾਰਜ ਕੀਤਾ ਅਤੇ ਕਿਹਾ ਕਿ ਰੇਡੀਓ ਅਤੇ ਟੈਲੀਵਿਜ਼ਨ ਵੀ ਪ੍ਰਿੰਟ ਮੀਡੀਆ ਦਾ ਬਦਲ ਨਹੀਂ ਬਣ ਸਕਿਆ।

ਇਸ ਮੌਕੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਵਰਿੰਦਰ ਵਾਲੀਆ, ਦੈਨਿਕ ਟ੍ਰਿਬਿਊਨ ਦੇ ਸੰਪਾਦਕ ਨਰੇਸ਼ ਕੌਸ਼ਲ, ਜਨਰਲ ਮੈਨੇਜਰ ਸੰਜੇ ਹਜ਼ਾਰੀ ਤੋਂ ਇਲਾਵਾ ਤਿੰਨਾਂ ਅਖਬਾਰਾਂ ਦੇ ਸੰਪਾਦਕੀ ਮੰਡਲ ਦਾ ਸੀਨੀਅਰ ਅਮਲਾ ਅਤੇ ਮੈਨੇਜਮੈਂਟ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, JET AIRWAYS DELTA, AIR INDIA,
For Emergency Call anytime at
India $545
EARLY BIRD SALE!!!!



NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm
CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

ਪੰਜਾਬ ਟਾਈਮਜ਼

ਸਨਿਚਰਵਾਰ, 21 ਅਗਸਤ 2010

ਸਰਕਾਰ ਦਾ ਫਰਜ਼ ਲੋਕਾਂ ਦਾ ਆਤਮ-ਵਿਸ਼ਵਾਸ ਮਜ਼ਬੂਤ ਕਰਨਾ ਹੁੰਦਾ ਹੈ। -ਬੇਵਰਬਰੁੱਕ

## ਸੁਪਰਬੱਗ ਦਾ ਖ਼ਤਰਾ

ਕੌਮਾਂਤਰੀ ਵਿਗਿਆਨੀਆਂ ਨੂੰ ਹੁਣ ਇਕ ਨਵੀਂ ਬਿਮਾਰੀ ਦੇ ਵਿਸ਼ਾਣੂ ਦਾ ਖ਼ਤਰਾ ਸਤਾਉਣ ਲੱਗ ਪਿਆ ਹੈ। ਵਿਗਿਆਨੀਆਂ ਅਨੁਸਾਰ ਐਨ. ਡੀ. ਐਮ.-1 ਨਾਮੀ ਸੁਪਰਬੱਗ ਦੀ ਭਾਰਤ ਵਿਚ ਭਰਮਾਰ ਹੈ। ਉਨ੍ਹਾਂ ਦਾ ਇਹ ਵੀ ਆਖਣਾ ਹੈ ਕਿ ਇਸ ਗੱਲ ਉਪਰ ਨਜ਼ਰ ਰੱਖਣ ਦੀ ਲੋੜ ਹੈ ਕਿ ਕਿਧਰੇ ਇਹ ਭਾਰਤ ਤੋਂ ਸਾਰੀ ਦੁਨੀਆਂ ਵਿਚ ਨਾ ਫੈਲ ਜਾਵੇ। ਬਰਤਾਨੀਆ ਤੇ ਕੈਨੇਡਾ ਸਮੇਤ ਕੁਝ ਹੋਰ ਮੁਲਕਾਂ ਦੇ ਵਿਗਿਆਨੀਆਂ ਦਾ ਆਖਣਾ ਹੈ ਕਿ ਸਸਤੀਆਂ ਮੈਡੀਕਲ ਸਹੂਲਤਾਂ ਕਾਰਨ ਜਿਹੜੇ ਪ੍ਰਵਾਸੀ ਜਾਂ ਵਿਦੇਸ਼ੀ ਲੋਕ ਭਾਰਤ ਅਤੇ ਪਾਕਿਸਤਾਨ ਤੋਂ ਇਲਾਜ ਕਰਵਾ ਕੇ ਮੁੜਦੇ ਹਨ, ਉਨ੍ਹਾਂ ਅੰਦਰ ਇਹ ਵਿਸ਼ਾਣੂ / ਜੀਨ ਪਾਇਆ ਜਾਂਦਾ ਹੈ। ਖੋਜਕਾਰਾਂ ਨੇ ਐਨ. ਡੀ. ਐਮ.-1 ਨਾਮ ਦੇ ਇਸ ਜੀਨ ਦਾ ਨਾਂ ਵੀ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਉਪਰ ਆਧਾਰਤ 'ਨਿਊ ਦਿੱਲੀ ਮੇਟੈਲੋ-ਬੀਟਾ-ਲੈਕਟਾਮੇਜ਼' ਰੱਖ ਦਿੱਤਾ ਹੈ। ਇਸ ਬਿਮਾਰੀ ਸੰਬੰਧੀ ਹੋਈ ਖੋਜ ਅਨੁਸਾਰ ਇਸ ਰੋਗ ਦਾ ਜੀਨ ਕਿਸੇ ਵੀ ਬੈਕਟੀਰੀਆ ਰਾਹੀਂ ਸਰੀਰ ਅੰਦਰ ਦਾਖਲ ਹੋ ਸਕਦਾ ਹੈ ਅਤੇ ਇਸ ਉਪਰ ਕਿਸੇ ਵੀ ਐਂਟੀ-ਬਾਇਓਟਿਕ ਦਾ ਅਸਰ ਨਹੀਂ ਹੁੰਦਾ। ਪਿੱਛੇ ਜਿਹੇ 'ਦਿ ਲਨਸੈਂਟ ਇਨਫੈਕਸ਼ੀਅਸ ਡਿਜ਼ੀਜ਼' ਨਾਂ ਦੇ ਮੈਗਜ਼ੀਨ ਵਿਚ ਇਕ ਅਧਿਐਨ ਪ੍ਰਕਾਸ਼ਤ ਹੋਇਆ ਸੀ। ਇਸ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਐਨ. ਡੀ. ਐਮ.-1 ਨਾਂ ਦਾ ਵਿਸ਼ਾਣੂ ਆਮ ਤੌਰ 'ਤੇ ਬੰਗਲਾਦੇਸ਼, ਭਾਰਤ ਅਤੇ ਪਾਕਿਸਤਾਨ ਵਿਚ ਪਾਇਆ ਜਾਂਦਾ ਹੈ ਅਤੇ ਇਨ੍ਹਾਂ ਮੁਲਕਾਂ ਤੋਂ ਇਲਾਜ ਕਰਵਾ ਕੇ ਪਰਤੇ ਮਰੀਜ਼ਾਂ ਰਾਹੀਂ ਬਰਤਾਨੀਆ ਅਤੇ ਆਸਟ੍ਰੇਲੀਆ ਜਿਹੇ ਮੁਲਕਾਂ ਵਿਚ ਪ੍ਰਵੇਸ਼ ਕਰ ਗਿਆ ਹੈ। ਬਰਤਾਨੀਆ ਦੀ ਕਾਰਡਿਫ ਯੂਨੀਵਰਸਿਟੀ ਤੋਂ ਟਿਮਥੀ ਵਾਲਿਸ਼ ਦੀ ਅਗਵਾਈ ਹੇਠ ਖੋਜਕਾਰਾਂ ਨੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਭਾਰਤ ਵਿਚ ਸਸਤੀਆਂ ਮੈਡੀਕਲ ਸਹੂਲਤਾਂ ਕਾਰਨ ਯੂਰਪੀਅਨ ਤੇ ਅਮਰੀਕਨ ਇਥੋਂ ਕਾਸਮੈਟਿਕ ਸਰਜਰੀ ਕਰਵਾਉਂਦੇ ਹਨ ਅਤੇ ਇਨ੍ਹਾਂ ਰਾਹੀਂ ਉਪਰੋਕਤ ਜੀਨ ਸੰਸਾਰ ਭਰ ਵਿਚ ਫੈਲ ਰਿਹਾ ਹੈ। ਖੋਜਕਾਰਾਂ ਅਨੁਸਾਰ ਚੇਨਈ ਵਿਚ 44, ਹਰਿਆਣਾ ਵਿਚ 26 ਅਤੇ ਬਰਤਾਨੀਆਂ ਵਿਚ 37 ਮਰੀਜ਼ ਮਿਲੇ ਹਨ। ਬੰਗਲਾਦੇਸ਼, ਭਾਰਤ ਅਤੇ ਪਾਕਿਸਤਾਨ ਵਿਚ ਵੱਖ-ਵੱਖ ਥਾਵਾਂ 'ਤੇ ਇਸ ਬਿਮਾਰੀ ਨਾਲ ਪੀੜਤ 73 ਮਰੀਜ਼ ਪਾਏ ਗਏ ਹਨ।

ਇਸ ਬਿਮਾਰੀ ਸੰਬੰਧੀ ਅਖ਼ਬਾਰਾਂ ਵਿਚ ਰਿਪੋਰਟਾਂ ਛਪਣ ਤੋਂ ਬਾਅਦ ਭਾਰਤ ਦੀ ਕੇਂਦਰ ਸਰਕਾਰ ਨੇ ਕਾਫੀ ਬੁਰਾ ਮਨਾਇਆ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਇਸ ਜੀਨ ਦਾ ਨਾਂ ਨਵੀਂ ਦਿੱਲੀ ਦੇ ਨਾਂ 'ਤੇ ਰੱਖਣਾ ਅਤੇ ਭਾਰਤ ਵਿਚੋਂ ਉਪਰੋਕਤ ਬਿਮਾਰੀ ਦੇ ਫੈਲਾਅ ਦਾ ਢੰਡੋਰਾ ਪਿੱਟਣਾ ਅਸਲ ਵਿਚ ਸਾਡੇ ਦੇਸ਼ ਦੇ ਖਿਲਾਫ਼ ਕੋਈ ਸਾਜ਼ਿਸ਼ ਹੈ। ਸਿਹਤ ਸੰਬੰਧੀ ਰਾਜ ਮੰਤਰੀ ਦਿਨੇਸ਼ ਤ੍ਰਿਵੇਦੀ ਨੇ ਬੀਤੀ 13 ਅਗਸਤ ਨੂੰ ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਰੌਲੇ ਬਾਰੇ ਸਾਰੇ ਫਿਕਰਮੰਦ ਹਨ। ਉਨ੍ਹਾਂ ਕਿਹਾ ਕਿ ਸੁਪਰਬੱਗ ਸੰਸਾਰ ਪੱਧਰੀ ਵਰਤਾਰਾ ਹੈ ਅਤੇ ਇਹ ਕਿਸੇ ਇਕੱਲੇ-ਇਕਹਿਰੇ ਦੇਸ਼ ਨਾਲ ਸੰਬੰਧਤ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਇਨ੍ਹਾਂ ਰਿਪੋਰਟਾਂ ਦੀ ਤਹਿ ਤੱਕ ਜਾਵੇਗਾ ਅਤੇ ਇਨ੍ਹਾਂ ਪਿੱਛੇ ਫਾਰਮਾਸਿਊਟੀਕਲ ਫਰਮਾਂ ਦਾ ਹੱਥ ਵੀ ਹੋ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ 'ਲਾਂਸੈਟ' ਮੈਗਜ਼ੀਨ ਵਿਚ ਛਪੇ ਖੋਜ ਲੇਖ ਦੇ ਭਾਰਤੀ ਮੂਲ ਦੇ ਸਹਿ-ਲੇਖਕ ਕਾਰਤੀਕੇਨ ਕੁਮਾਰ ਸਵਾਮੀ ਨੇ ਸੰਬੰਧਤ ਖੋਜ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ। ਸ੍ਰੀ ਕਾਰਤੀਕੇਨ, ਟਿਮਥੀ ਵਾਲਿਸ਼ ਨਾਲ ਇਸ ਖੋਜ ਦੇ ਸਾਂਝੀਦਾਰ ਹਨ। ਕਾਰਤੀਕੇਨ ਕੁਮਾਰ ਸਵਾਮੀ ਏ. ਐਲ. ਮੁਦਾਲੀਅਰ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਬੇਸਿਕ ਮੈਡੀਕਲ ਸਾਇੰਸ ਦਾ ਵਿਦਿਆਰਥੀ ਹੈ। ਉਸਨੇ ਆਪਣੇ ਲੇਖ ਬਾਰੇ ਕਿਹਾ ਹੈ ਕਿ ਲੇਖ ਵਿਚ ਕੁਝ ਗੱਲਾਂ ਬਾਰੇ ਉਸਨੂੰ ਕੁਝ ਵੀ ਪਤਾ ਨਹੀਂ ਹੈ। ਕੁਮਾਰਸਵਾਮੀ ਨੇ ਕਿਹਾ ਹੈ ਕਿ ਸੁਪਰਬੱਗ ਉਰਫ ਐਨ. ਡੀ. ਐਮ.-1 ਵਿਸ਼ਾਣੂ, ਐਚ-1 ਐਨ-1 ਸਵਾਈਨ ਫਲੂ ਜਿੰਨੇ ਖ਼ਤਰਨਾਕ ਨਹੀਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਹ ਵਿਸ਼ਾਣੂ ਭਾਰਤ ਤੋਂ ਫੈਲ ਰਹੇ ਹਨ, ਇਹ ਸਿਰਫ ਭੁਲੇਖਾ ਹੀ ਹੈ। ਇਸ ਵਿਸ਼ਾਣੂ ਬਾਰੇ ਇਕ ਲੇਖ ਮਹੀਨਾ ਕੁ ਪਹਿਲਾਂ ਮੁੰਬਈ ਦੇ ਇਕ ਹਸਪਤਾਲ ਦੇ ਮੈਗਜ਼ੀਨ ਵਿਚ ਵੀ ਛਪਿਆ ਸੀ। ਕਾਰਤੀਕੇਨ ਨੇ ਇਹ ਵੀ ਕਿਹਾ ਹੈ ਕਿ ਇਹ ਧਾਰਨਾ ਵੀ ਗਲਤ ਹੈ ਕਿ ਇਸ ਵਿਸ਼ਾਣੂ ਉਪਰ ਕੋਈ ਐਂਟੀਬਾਇਓਟਿਕ ਅਸਰ ਨਹੀਂ ਕਰਦਾ। ਇਸੇ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਭਾਰਤ ਤੋਂ ਸਿਡਨੀ ਗਏ 3 ਆਸਟ੍ਰੇਲੀਆਈ ਸੁਪਰਬੱਗ ਤੋਂ ਪੀੜਤ ਹਨ। ਮਾਹਿਰਾਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਹ ਵਿਸ਼ਾਣੂ ਦੁਨੀਆਂ ਭਰ ਵਿਚ ਫੈਲ ਸਕਦਾ ਹੈ। ਭਾਰਤ ਤੋਂ ਗਏ ਇਨ੍ਹਾਂ ਪੀੜਤ ਵਿਅਕਤੀਆਂ ਦਾ ਕੈਨਬਰਾ, ਨਿਊ ਸਾਊਥ ਵੇਲਜ਼ ਅਤੇ ਕੁਈਨਜ਼ਲੈਂਡ ਵਿਚ ਇਲਾਜ ਹੋ ਰਿਹਾ ਹੈ। ਦੁਨੀਆਂ ਭਰ ਵਿਚ ਇਕ ਨਵੀਂ ਬਿਮਾਰੀ ਸੰਬੰਧੀ ਖੜ੍ਹੇ ਕੀਤੇ ਜਾ ਰਹੇ ਉਪਰੋਕਤ ਹਊਏ ਦੇ ਸੰਦਰਭ ਵਿਚ ਇਥੇ ਇਹ ਗੱਲ ਵੀ ਚੇਤੇ ਕਰਨੀ ਬਣਦੀ ਹੈ ਕਿ ਕੁਝ ਸਮਾਂ ਪਹਿਲਾਂ ਸੰਸਾਰ ਪੱਧਰ ਉਪਰ ਸਵਾਈਨ ਫਲੂ ਨਾਂ ਦੀ ਬਿਮਾਰੀ ਦਾ ਵਿਆਪਕ ਪੱਧਰ ਉਪਰ ਡਰ ਖੜ੍ਹਾ ਕੀਤਾ ਗਿਆ ਸੀ। ਪਰ ਬਾਅਦ ਵਿਚ ਇਹ ਰਿਪੋਰਟਾਂ ਵੀ ਦੁਨੀਆਂ ਦੇ ਵੱਡੇ ਅਖ਼ਬਾਰਾਂ ਵਿਚ ਛਪੀਆਂ ਸਨ ਕਿ ਇਸ ਬਿਮਾਰੀ ਦਾ ਕਥਿੱਤ ਖ਼ਤਰਾ ਅਸਲ ਵਿਚ ਦੁਨੀਆਂ ਦੀਆਂ ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਵਲੋਂ ਆਪਣੀਆਂ ਦਵਾਈਆਂ ਵੇਚਣ ਲਈ ਖੜ੍ਹਾ ਕੀਤਾ ਗਿਆ ਸੀ। ਇਸ ਦੂਰ-ਪ੍ਰਚਾਰ ਨੇ ਯੂ. ਐਨ. ਓ. ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵਰਗੀਆਂ ਸੰਸਾਰ ਪੱਧਰੀ ਸੰਸਥਾਵਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਸੋ ਸਪੱਸ਼ਟ ਹੈ ਕਿ ਮੁਨਾਫ਼ਾ ਕਮਾਉਣ ਦੀ ਹਿਰਸ ਕਿਸ ਪੱਧਰ ਤੱਕ ਜਾ ਸਕਦੀ ਹੈ। ਗਾਹੇ-ਬਗਾਹੇ ਕਥਿਤ ਬਿਮਾਰੀਆਂ ਦੇ ਹਊਏ ਖੜ੍ਹੇ ਕਰਕੇ ਵੱਡੀਆਂ ਦਵਾਈ ਕੰਪਨੀਆਂ ਨੂੰ ਫਾਇਦੇ ਪਹੁੰਚਾਉਣ ਲਈ ਅਜਿਹਾ ਅਕਸਰ ਹੀ ਕੀਤਾ ਜਾਂਦਾ ਹੈ। ਉਂਝ ਇਹ ਧਰਵਾਸ ਵਾਲੀ ਗੱਲ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਨੇ ਬਰਤਾਨਵੀ ਵਿਗਿਆਨੀਆਂ ਦੀ ਉਪਰੋਕਤ ਹਰਕਤ ਦਾ ਢੁਕਵਾਂ ਜਵਾਬ ਦੇਣ ਦਾ ਫੈਸਲਾ ਕੀਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬ ਬਨਾਮ ਪਰਵਾਸੀ!*

ਡੋਡੇ, ਭੰਗ, ਸਮੈਕਾਂ ਤੇ ਟੀਕਿਆਂ ਨੇ ਮੁੰਡੇ ਕਰੇ ਐ ਢਾਂਚੇ ਈ ਹੱਡੀਆਂ ਦੇ।
ਸਾਦੇ ਕਮਰਿਆਂ ਨਾਲ ਨਹੀਂ ਟੌਹਰ ਬਣਦੀ, ਸੁਪਨੇ ਲੈਣ ਸਭ ਕੋਠੀਆਂ ਵੱਡੀਆਂ ਦੇ।
ਤੁਰੇ 'ਬਾਹਰ' ਨੂੰ ਵੇਚ ਸਿਆੜ ਬਹੁਤੇ ਜਾਂ ਫਿਰ ਪਾਲਦੇ ਸ਼ੌਂਕ ਨੇ ਗੱਡੀਆਂ ਦੇ।
ਬਣੀ ਜਾਂਦੇ ਬਿਹਾਰੀਏ ਆਣ ਮਾਲਕ, ਪਿਛੇ ਖਾਲੀ ਹਵੇਲੀਆਂ ਛੱਡੀਆਂ ਦੇ।
ਰੁਲਦੇ ਵਿਰਸੇ ਦੇ ਸੁਣੇਗਾ ਕੌਣ ਹੌਕੇ? ਪੱਗਾਂ ਸਿਰਾਂ 'ਤੇ ਬੰਨ੍ਹਣੀਆਂ ਛੱਡੀਆਂ ਦੇ।
ਪਰਵਾਸੀ ਸਿੱਖਾਂ ਨੂੰ ਸਾਹ ਨਹੀਂ ਲੈਣ ਦਿੰਦੇ-ਗਿੱਧੇ, ਭੰਗੜੇ, ਮੈਚ ਕਬੱਡੀਆਂ ਦੇ।

# ਦਿੱਲੀ ਦੇ ਹਵਾਈ ਅੱਡੇ ਨੂੰ ਆਬਾਦ ਕਰਨ ਲਈ ਅੰਮ੍ਰਿਤਸਰ ਨੂੰ ਬਰਬਾਦ ਨਾ ਕਰੋ

**ਹਰਜਾਪ ਸਿੰਘ ਔਜਲਾ***

ਆਪ ਸਭ ਨੂੰ ਪਤਾ ਹੀ ਹੈ ਕਿ ਭਾਰਤ ਦੀ ਸਰਕਾਰੀ ਹਵਾਈ ਜਹਾਜ਼ ਕੰਪਨੀ ਏਅਰ ਇੰਡੀਆ ਕਾਫੀ ਦੇਰ ਤੋਂ ਲਗਾਤਾਰ ਘਾਟੇ ਵਿਚ ਜਾ ਰਹੀ ਹੈ। ਇਸਦੇ ਘਾਟੇ ਦੇ ਕਈ ਕਾਰਨ ਹਨ। ਇਕ ਕਾਰਨ ਇਹ ਹੈ ਕਿ ਇਸ ਵਿਚ ਵਜ਼ੀਰ, ਸੰਸਦ ਮੈਂਬਰ, ਵਿਧਾਨਕਾਰ, ਆਈ. ਏ. ਐਸ. ਤੇ ਆਈ. ਪੀ. ਐਸ. ਅਫਸਰ ਨਾ ਸਿਰਫ ਮੁਫ਼ਤ ਸਫਰ ਹੀ ਕਰਦੇ ਹਨ ਬਲਕਿ ਫਸਟ ਕਲਾਸ ਅਤੇ ਬਿਜ਼ਨਸ ਕਲਾਸ ਵਿਚ ਸਫਰ ਕਰਦੇ ਹਨ। ਇਕ ਕਾਰਨ ਇਹ ਵੀ ਹੈ ਕਿ ਏਅਰ ਇੰਡੀਆ ਕਈ ਰੂਟਾਂ 'ਤੇ ਖਾਲੀ ਜਹਾਜ਼ਾਂ ਰਾਹੀਂ ਪਰਵਾਜ਼ਾਂ ਭਰਦੀ ਹੈ। ਏਅਰ ਇੰਡੀਆ ਦਾ ਪ੍ਰਬੰਧ ਕਿਸੇ ਕਾਰੋਬਾਰੀ ਮਾਹਿਰ ਦੇ ਹੱਥਾਂ ਵਿਚ ਨਹੀਂ ਹੈ ਬਲਕਿ ਇਸਨੂੰ ਕੇਂਦਰੀ ਹਵਾਬਾਜ਼ੀ ਮੰਤਰੀ ਆਪਣੀ ਮਨਮਰਜ਼ੀ ਨਾਲ, ਆਪਣੇ ਚਮਚਿਆਂ ਨੂੰ ਖ਼ੁਸ਼ ਕਰਨ ਲਈ ਚਲਾ ਰਹੇ ਹਨ।



ਏਅਰ ਇੰਡੀਆ ਤੋਂ ਇਲਾਵਾ ਦਿੱਲੀ ਹਵਾਈ ਅੱਡੇ ਨੂੰ ਚਲਾਉਣ ਵਾਲੀ ਕੰਪਨੀ ਦੀਆਂ ਝੋਲੀਆਂ ਭਰਨ ਦੀ ਜ਼ਿੰਮੇਵਾਰੀ ਵੀ ਕੇਂਦਰੀ ਹਵਾਬਾਜ਼ੀ ਮੰਤਰੀ ਦੇ ਮੋਢਿਆਂ 'ਤੇ ਪੈ ਗਈ ਹੈ। ਹਕੀਕਤ ਇਹ ਹੈ ਕਿ ਕੇਂਦਰੀ ਹਵਾਬਾਜ਼ੀ ਮੰਤਰੀ ਦੇ ਇਕ ਕਰੀਬੀ ਮਿੱਤਰ ਨੇ ਨਵੀਂ ਦਿੱਲੀ ਹਵਾਈ ਅੱਡੇ ਦਾ ਸਭ ਤੋਂ ਨਵਾਂ ਟਰਮੀਨਲ-ਸੀ ਤਿਆਰ ਕੀਤਾ ਹੈ। ਇਹ ਬਹੁਤ ਵੱਡਾ ਟਰਮੀਨਲ ਹੈ। ਇਸ ਵਿਚ ਆਉਣ ਅਤੇ ਜਾਣ ਵਾਸਤੇ 78 ਗੇਟ ਹਨ। ਠੇਕੇਦਾਰਾਂ ਦੀਆਂ ਝੋਲੀਆਂ ਭਰਨ ਵਾਸਤੇ ਇਸਦੇ ਤਮਾਮ ਗੇਟ ਦਿਨ-ਰਾਤ ਚਾਲੂ ਰਹਿਣੇ ਚਾਹੀਦੇ ਹਨ। ਕੇਂਦਰੀ ਮੰਤਰੀ, ਹੋਰ ਕੰਪਨੀਆਂ ਉਪਰ ਵੀ ਦਬਾਅ ਪਾ ਰਹੇ ਹਨ ਕਿ ਉਹ ਆਪਣੀਆਂ ਗਤੀਵਿਧੀਆਂ ਇਸ ਟਰਮੀਨਲ-ਸੀ ਤੋਂ ਸ਼ੁਰੂ ਕਰਨ। ਬਾਕੀ ਦੀਆਂ ਕੰਪਨੀਆਂ ਜੇ ਸਰਕਾਰ ਦੀ ਨਾ ਵੀ ਮੰਨਣ ਤਾਂ ਸਰਕਾਰ ਉਨ੍ਹਾਂ ਨੂੰ ਡਰਾ-ਧਮਕਾ ਸਕਦੀ ਹੈ, ਪਰ ਉਨ੍ਹਾਂ ਦਾ ਨੁਕਸਾਨ ਕਰਨ ਤੋਂ ਸਰਕਾਰ ਜ਼ਰੂਰ ਬਚਣ ਦੀ ਕੋਸ਼ਿਸ਼ ਕਰੇਗੀ। ਹਾਂ, ਬਾਂਹ ਮਰੋੜੀ ਜਾਰੀ ਰਹਿ ਸਕਦੀ ਹੈ। ਏਅਰ ਇੰਡੀਆ ਤਾਂ ਭਾਰਤ ਸਰਕਾਰ ਦੀ ਘਰ ਦੀ ਕੁਕੜੀ ਹੈ, ਜਦੋਂ ਮਰਜ਼ੀ ਗਾਟਾ ਮਰੋੜ ਦਿੱਤਾ।

ਏਅਰ ਇੰਡੀਆ ਨੂੰ ਕੇਂਦਰੀ ਮੰਤਰੀ ਨੇ ਹੁਕਮ ਕਰ ਦਿੱਤਾ ਹੈ ਕਿ ਉਹ ਆਪਣੀਆਂ ਸਾਰੀਆਂ ਹੀ ਅੰਤਰਰਾਸ਼ਟਰੀ ਉਡਾਣਾਂ, ਜੋ ਉਤਰੀ ਭਾਰਤ ਤੋਂ ਸ਼ੁਰੂ ਹੁੰਦੀਆਂ ਹਨ, 'ਹੱਬ ਐਂਡ ਸਪੋਕਸ' ਦੀ ਪ੍ਰਣਾਲੀ ਅਨੁਸਾਰ ਨਵੀਂ ਦਿੱਲੀ ਹਵਾਈ ਅੱਡੇ ਦੇ ਟਰਮੀਨਲ-ਸੀ ਤੋਂ ਸ਼ੁਰੂ ਕਰੇ। ਏਅਰ ਇੰਡੀਆ ਜੋ ਪੈਸੇ ਦੇ ਬਗੈਰ ਸਹਿਕ ਹੀ ਰਹੀ ਹੈ, ਉਸਦੀ ਕੀ ਮਜ਼ਾਲ ਕਿ ਉਹ ਮੰਤਰੀ ਮਹਾਰਾਜ ਦੇ ਹੁਕਮ ਦੀ ਖਿਲਾਫਵਰਜ਼ੀ ਕਰ ਸਕੇ। ਹੁਣ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਉਤਰੀ ਭਾਰਤ ਵਿਚ ਕਿੰਨੇ ਕੁ ਅਜਿਹੇ ਹਵਾਈ ਅੱਡੇ ਹਨ, ਜੋ ਵਿਦੇਸ਼ੀ ਪਰਵਾਜ਼ਾਂ ਦਾ ਪ੍ਰਬੰਧ ਕਰਦੇ ਹਨ। ਮੁੱਕਦੀ ਗੱਲ ਇਹ ਹੈ ਕਿ ਅੰਮ੍ਰਿਤਸਰ ਹੀ ਇਕ ਅਜਿਹਾ ਉਤਰੀ ਭਾਰਤੀ ਹਵਾਈ ਅੱਡਾ ਹੈ, ਜੋ ਵਿਦੇਸ਼ੀ ਉਡਾਣਾਂ ਦਾ ਪ੍ਰਬੰਧ ਕਰੀ ਬੈਠਾ ਹੈ। ਕੁਝ ਪਰਵਾਜ਼ਾਂ ਦਾ ਪ੍ਰਬੰਧ ਜੈਪੁਰ ਵੀ ਕਰ ਸਕਦਾ ਹੈ, ਬਾਕੀ ਬਚੇ ਲਖਨਊ, ਪਟਨਾ, ਕਾਨਪੁਰ ਆਦਿ ਹਵਾਈ ਅੱਡੇ ਬਹੁਤ ਅਹਿਮੀਅਤ ਨਹੀਂ ਰੱਖਦੇ।

ਹੁਣ ਗੱਲ ਕਰੀਏ ਪਈ 'ਹੱਬ ਐਂਡ ਸਪੋਕਸ' ਪਰਵਾਜ਼ਾਂ ਕੀ ਹੁੰਦੀਆਂ ਹਨ? ਅਮਰੀਕਾ ਵਰਗੇ ਵਿਸ਼ਾਲ ਦੇਸ਼ ਵਿਚ ਇਥੋਂ ਦੀਆਂ ਵੱਡੀਆਂ ਹਵਾਈ ਜਹਾਜ਼ ਕੰਪਨੀਆਂ ਚੰਦ ਇਕ ਹੱਬ ਸਟੇਸ਼ਨਾਂ ਤੋਂ ਮੁੱਖ ਤੌਰ 'ਤੇ ਲੰਮੀ ਦੂਰੀ ਦੀਆਂ ਪਰਵਾਜ਼ਾਂ ਚਲਾਉਂਦੀਆਂ ਹਨ। ਨਿਊ ਯਾਰਕ ਦਾ ਜੇ. ਐਫ. ਕੇ. ਹਵਾਈ ਅੱਡਾ, ਨਿਊ ਜਰਸੀ ਦਾ ਹਵਾਈ ਅੱਡਾ, ਸ਼ਿਕਾਗੋ ਦਾ ਓ'ਹੇਅਰ, ਲਾਸ ਏਂਜਲਸ ਦਾ ਅੰਤਰਰਾਸ਼ਟਰੀ ਹਵਾਈ ਅੱਡਾ, ਸੈਨ ਫਰਾਂਸਿਸਕੋ ਦਾ ਹਵਾਈ ਅੱਡਾ, ਹਿਊਸਟਨ ਦਾ ਹਵਾਈ ਅੱਡਾ ਅਤੇ ਅਟਲਾਂਟਾ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਉਨ੍ਹਾਂ ਅੱਡਿਆਂ ਵਿਚੋਂ ਹਨ, ਜਿੱਥੋਂ ਹੱਬ ਪਰਵਾਜ਼ਾਂ ਉਡਾਈਆਂ ਜਾਂਦੀਆਂ ਹਨ। ਛੋਟੇ ਸ਼ਹਿਰਾਂ ਤੋਂ ਛੋਟੇ ਜਹਾਜ਼ ਹੱਬ ਸਟੇਸ਼ਨਾਂ 'ਤੇ ਉਤਰਦੇ ਹਨ।

ਮਿਸਾਲ ਦੇ ਤੌਰ 'ਤੇ ਕੰਟੀਨੈਂਟਲ ਏਅਰਲਾਈਨਜ਼ ਦਾ ਇਕ ਹੱਬ ਨਿਊ ਯਾਰਕ ਹਵਾਈ ਅੱਡਾ ਹੈ ਇੱਥੇ ਕਈ ਛੋਟੇ ਜਹਾਜ਼ ਬੌਸਟਨ, ਵਾਸ਼ਿੰਗਟਨ ਡੀ. ਸੀ., ਰਿੱਚਮੰਡ, ਪਿਟਸਬਰਗ, ਬਾਲਟੀਮੋਰ ਆਦਿ ਤੋਂ ਕੈਲੀਫੋਰਨੀਆ ਦੀਆਂ ਸਵਾਰੀਆਂ ਲੈ ਕੇ ਆਉਂਦੇ ਹਨ। ਨਿਊ ਯਾਰਕ ਦੀ ਹੱਬ ਤੋਂ ਇਨ੍ਹਾਂ ਸਵਾਰੀਆਂ ਨੂੰ ਲਾਸ ਏਂਜਲਸ ਅਤੇ ਸੈਨ ਫਰਾਂਸਿਸਕੋ ਵਾਸਤੇ ਭੇਜਿਆ ਜਾਂਦਾ ਹੈ। ਹੱਬ ਸਟੇਸ਼ਨ ਦਾ ਸਿਲਸਿਲਾ ਗਲਤ ਨਹੀਂ ਹੈ, ਪਰ ਇਹ ਕਾਮਯਾਬ ਪਰਵਾਜ਼ਾਂ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ।

ਅੰਮ੍ਰਿਤਸਰ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਭਾਰਤ ਦੇ ਕਾਮਯਾਬ ਹਵਾਈ ਅੱਡਿਆਂ ਵਿਚੋਂ ਹੈ। ਅੰਮ੍ਰਿਤਸਰ ਤੋਂ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਵਾਸਤੇ ਸਵਾਰੀਆਂ ਦੀ ਕੋਈ ਕਮੀ ਨਹੀਂ ਹੈ। ਏਅਰ ਇੰਡੀਆ ਨੇ 2005 ਵਿਚ ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਪਰਵਾਜ਼ਾਂ ਸ਼ੁਰੂ ਕੀਤੀਆਂ ਸਨ। ਪਹਿਲੇ ਦਿਨ ਤੋਂ ਹੀ ਸਾਰੇ ਹਵਾਈ ਜਹਾਜ਼ ਡਕਾਡਕ ਭਰੇ ਜਾਣ ਲੱਗੇ। ਸ਼ੁਰੂ ਸ਼ੁਰੂ 'ਚ ਹਫਤੇ ਵਿਚ ਤਿੰਨ ਪਰਵਾਜ਼ਾਂ ਚਲਾਈਆਂ ਗਈਆਂ, ਜੋ 2006 ਵਿਚ ਵਧਾ ਕੇ ਛੇ ਦਿਨ ਕਰ ਦਿੱਤੀਆਂ। ਜਦੋਂ ਇਹ ਪਰਵਾਜ਼ਾਂ ਭਰ ਜੋਬਨ ਵਿਚ ਸਨ, ਉਸ ਸਮੇਂ ਬਰਮਿੰਘਮ ਦੀ ਬਜਾਏ ਲੰਡਨ ਰਾਹੀਂ ਅੰਮ੍ਰਿਤਸਰ-ਟੋਰਾਂਟੋ ਪਰਵਾਜ਼ਾਂ ਸ਼ੁਰੂ ਕਰ ਦਿੱਤੀਆਂ। ਵਪਾਰਕ ਪੱਖ ਤੋਂ ਬਰਮਿੰਘਮ ਬਿਹਤਰ ਸਟੇਸ਼ਨ ਸੀ ਕਿਉਂਕਿ ਬਰਮਿੰਘਮ ਦੇ ਆਸੇ-ਪਾਸੇ ਪੰਜ ਲੱਖ ਪੰਜਾਬੀ ਵਸਦੇ ਹਨ। ਇਸਦੇ ਮੁਕਾਬਲੇ ਵਿਚ ਲੰਡਨ ਅਤੇ ਇਸਦੇ ਆਸੇ-ਪਾਸੇ ਸਿਰਫ ਦੋ ਲੱਖ ਪੰਜਾਬੀ ਹੀ ਹਨ।

ਫੇਰ ਵੀ ਅੰਮ੍ਰਿਤਸਰ-ਲੰਡਨ-ਟੋਰਾਂਟੋ ਪਰਵਾਜ਼ਾਂ ਕਾਮਯਾਬ ਹੋ ਗਈਆਂ ਕਿਉਂਕਿ ਟੋਰਾਂਟੋ ਤੋਂ ਹੀ ਜਹਾਜ਼ ਭਰ ਜਾਂਦਾ ਸੀ। ਫੇਰ ਇਨ੍ਹਾਂ ਪਰਵਾਜਾਂ ਦੀ ਗਿਣਤੀ ਘਟਾ ਕੇ ਛੇ ਤੋਂ ਤਿੰਨ ਪ੍ਰਤੀ ਹਫਤਾ ਕਰ ਦਿੱਤੀ ਗਈ ਜੋ ਛੇਤੀ ਹੀ ਵਧਾ ਕੇ ਸੱਤੇ ਹੀ ਦਿਨ ਕਰਨੀ ਪਈ। ਪਿਛਲੇ ਵਰ੍ਹੇ 2009 ਦੇ ਅਖੀਰ ਵਿਚ ਏਅਰ ਇੰਡੀਆ ਨੇ ਫੈਸਲਾ ਕੀਤਾ ਕਿ ਅੰਮ੍ਰਿਤਸਰ-ਲੰਡਨ-ਟੋਰਾਂਟੋ ਦੀਆਂ ਹਫਤਾਵਾਰ ਸੱਤ ਪਰਵਾਜ਼ਾਂ ਵਿਚੋਂ ਤਿੰਨ ਦਿੱਲੀ ਤੋਂ ਚੱਲਣਗੀਆਂ। ਇਸ ਕਾਰਨ ਪੰਜਾਬੀਆਂ ਨੂੰ ਔਖੇ ਹੋ ਕੇ ਵੀ ਦਿੱਲੀ ਤੋਂ ਪਰਵਾਜ਼ਾਂ ਫੜਨੀਆਂ ਪਈਆਂ।

ਹੁਣ ਪਹਿਲੀ ਨਵੰਬਰ ਤੋਂ ਏਅਰ ਇੰਡੀਆ ਨੇ ਫੈਸਲਾ ਕੀਤਾ ਹੈ ਕਿ ਟੋਰਾਂਟੋ ਹੱਬ ਪਰਵਾਜ਼ਾਂ ਦਿੱਲੀ ਤੋਂ ਹੀ ਚੱਲਣਗੀਆਂ। ਅੰਮ੍ਰਿਤਸਰ ਤੋਂ ਕਸਟਮਜ਼ ਅਤੇ ਹੋਰ ਚੈਕਅਪ ਕਰਕੇ ਛੋਟੇ ਜਹਾਜ਼ਾਂ ਰਾਹੀਂ ਸਵਾਰੀਆਂ ਦਿੱਲੀ ਭੇਜੀਆਂ ਜਾਣਗੀਆਂ ਅਤੇ ਟੋਰਾਂਟੋ ਦੀਆਂ ਪਰਵਾਜ਼ਾਂ ਮਹਿਜ ਦਿੱਲੀ ਤੋਂ ਹੀ ਚੱਲਣਗੀਆਂ। ਜੇ ਲੇਖਾ-ਜੋਖਾ ਕੀਤਾ ਜਾਵੇ ਤਾਂ ਅੰਮ੍ਰਿਤਸਰ-ਟੋਰਾਂਟੋ ਪਰਵਾਜ਼ ਮੁਨਾਫੇ ਵਿਚ ਸੀ, ਜਿਸਨੂੰ ਬੰਦ ਕਰਕੇ ਸਿਆਣਪ ਨਹੀਂ ਕੀਤੀ ਜਾ ਰਹੀ। ਅਸੀਂ ਤਾਂ ਮੰਗ ਕਰਦੇ ਸਾਂ ਕਿ ਅੰਮ੍ਰਿਤਸਰ-ਵੈਨਕੂਵਰ ਫਲਾਈਟਾਂ ਲੱਗਣ ਪਰ ਹੋ ਉਲਟਾ ਰਿਹਾ ਹੈ। ਅੰਮ੍ਰਿਤਸਰ ਨੂੰ ਬਰਬਾਦ ਕਰਕੇ ਦਿੱਲੀ ਨੂੰ ਆਬਾਦ ਕੀਤਾ ਜਾ ਰਿਹਾ ਹੈ।

***e-mail:harjapaujla@gmail.com**

# ਜਾਤ-ਆਧਾਰਿਤ ਮਰਦਮਸ਼ੁਮਾਰੀ ਹੀ ਹੋਵੇਗੀ ਦੇਸ਼ 'ਚ

ਕਿਆਸਅਰਾਈਆਂ ਦਾ ਦੌਰ ਖ਼ਤਮ ਕਰਦਿਆਂ 2011 ਦੀ ਮਰਦਮਸ਼ੁਮਾਰੀ ਵਿਚ ਜਾਤਾਂ ਦੀ ਗਿਣਤੀ ਬਾਰੇ ਹਰੀ ਝੰਡੀ ਦੇਣ ਬਾਰੇ ਕੀਤਾ ਗਿਆ ਫ਼ੈਸਲਾ ਆਸ ਮੁਤਾਬਿਕ ਹੀ ਹੈ। ਸੰਸਦ ਦੇ ਬਜਟ ਇਜਲਾਸ ਦੌਰਾਨ ਇਹ ਮੁੱਦਾ ਵੱਡੀ ਬਹਿਸ ਦਾ ਕੇਂਦਰ ਬਣ ਗਿਆ ਸੀ ਤੇ ਲਗਪਗ ਸਾਰੀਆਂ ਸਿਆਸੀ ਪਾਰਟੀਆਂ ਹੀ ਇਸ ਪੱਖ ਵਿਚ ਸਨ ਕਿ ਮਰਦਮਸ਼ੁਮਾਰੀ ਜਾਤ-ਆਧਾਰਿਤ ਹੀ ਹੋਵੇ। ਭਾਰਤੀ ਜਨਤਾ ਪਾਰਟੀ ਜੋ ਸ਼ੁਰੂ 'ਚ ਇਸ 'ਤੇ ਝਿਜਕ ਰਹੀ ਸੀ, ਮਗਰੋਂ ਰਾਜ਼ੀ ਹੋ ਗਈ।

ਇਸ ਸੰਵੇਦਨਸ਼ੀਲ ਮਾਮਲੇ 'ਤੇ ਕਾਂਗਰਸ ਸਾਰੀਆਂ ਸਿਆਸੀ ਪਾਰਟੀਆਂ ਦੀ ਲਿਖਤੀ ਸਹਿਮਤੀ ਤੋਂ ਬਿਨਾਂ ਅਗਾਂਹ ਨਹੀਂ ਸੀ ਵਧਣਾ ਚਾਹੁੰਦੀ। ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਤੇ ਜਨਤਾ ਦਲ (ਯੂਨਾਈਟਿਡ) ਵਲੋਂ ਬਜਟ ਇਜਲਾਸ ਦੌਰਾਨ ਇਹ ਮਾਮਲਾ ਇਸ ਹੱਦ ਤੱਕ ਗਰਮਾ ਦਿੱਤਾ ਗਿਆ ਕਿ ਇਸ ਬਾਰੇ ਮੰਤਰੀ ਸਮੂਹ ਨੂੰ ਸਿਫ਼ਾਰਸ਼ਾਂ ਦੇਣ ਦੀ ਜ਼ਿੰਮੇਵਾਰੀ ਲਾਉਣੀ ਪਈ। ਰੌਲਾ-ਰੱਪਾ ਪਾ ਕੇ ਇਨ੍ਹਾਂ ਪਾਰਟੀਆਂ ਨੇ ਕੇਂਦਰ ਕੋਲੋਂ ਇਹ ਭਰੋਸਾ ਵੀ ਲੈ ਲਿਆ ਸੀ ਕਿ ਉਨ੍ਹਾਂ ਦੀ ਮੰਗ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਇਸ ਲਈ ਸਰਕਾਰ ਪਾਬੰਦ ਵੀ ਸੀ। ਇਨ੍ਹਾਂ ਤਿੰਨਾਂ ਖੇਤਰੀ ਪਾਰਟੀਆਂ ਦਾ ਸਿਆਸੀ ਆਧਾਰ ਹੀ 'ਹੋਰ ਪਛੜੀਆਂ ਸ਼੍ਰੇਣੀਆਂ' ਉਪਰ ਨਿਰਭਰ ਕਰਦਾ ਹੈ ਤੇ ਇਨ੍ਹਾਂ ਵਲੋਂ ਮਾਮਲਾ ਉਠਾਉਣ ਦਾ ਆਧਾਰ ਵੀ ਇਹੋ ਬਣਾਇਆ ਗਿਆ ਕਿ 1931 ਦੀ ਮਰਦਮਸ਼ੁਮਾਰੀ ਤੋਂ ਬਾਅਦ ਇਨ੍ਹਾਂ ਜਾਤਾਂ ਦੀ ਗਿਣਤੀ ਨਾ ਹੋਣ ਕਰਕੇ ਇਸ ਵੇਲੇ ਪਤਾ ਨਹੀਂ ਲੱਗ ਰਿਹਾ ਪਰ ਮੰਤਰੀ ਸਮੂਹ ਨੇ ਕੈਬਨਿਟ ਦੀ ਪ੍ਰਵਾਨਗੀ ਲਈ ਜੋ ਸਿਫ਼ਾਰਸ਼ਾਂ ਕੀਤੀਆਂ ਹਨ, ਉਨ੍ਹਾਂ 'ਚ ਅਹਿਮ ਗੱਲ ਇਹ ਹੈ ਕਿ ਗਿਣਤੀ ਸਿਰਫ਼ 'ਹੋਰ ਪਛੜੀਆਂ ਸ਼੍ਰੇਣੀਆਂ' ਦੀ ਹੀ ਨਹੀਂ ਸਗੋਂ ਸਾਰੀਆਂ ਜਾਤਾਂ ਦੀ ਹੋਵੇਗੀ। ਯਾਨਿ ਹਰ ਨਾਗਰਿਕ ਨੂੰ ਪੁੱਛਿਆ ਜਾਵੇਗਾ ਕਿ ਉਸ ਦੀ ਜਾਤ ਕੀ ਹੈ?

ਕਾਨੂੰਨੀ ਮਾਹਿਰ ਅਤੇ ਨੀਤੀਘਾੜੇ ਵੀ ਇਹ ਆਖ ਰਹੇ ਸਨ ਕਿ ਵੱਖ-ਵੱਖ ਜਾਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਬਾਰੇ ਭਰੋਸੇਯੋਗ ਅੰਕੜੇ ਇਕੱਠੇ ਕਰਨ ਲਈ ਮਰਦਮਸ਼ੁਮਾਰੀ ਦੇ ਮੌਕੇ ਨੂੰ ਬਾਖ਼ੂਬੀ ਵਰਤ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਕੰਮ 'ਸਮਾਜਿਕ ਨਿਆਂ ਮੰਤਰਾਲੇ' ਜਾਂ ਫਿਰ 'ਕੌਮੀ ਵਸੋਂ ਰਜਿਸਟਰ' ਤਿਆਰ ਕਰਨ ਵਾਲਿਆਂ ਦੇ ਵੱਸ ਦੀ ਗੱਲ ਨਹੀਂ। ਕੇਂਦਰੀ ਰੱਖਿਆ ਮੰਤਰੀ ਏ.ਕੇ. ਐਂਟਨੀ ਦਾ ਕਹਿਣਾ ਬਿਲਕੁਲ ਦਰੁਸਤ ਹੈ ਕਿ ਇਸ ਤਰ੍ਹਾਂ ਦੀ ਮਸ਼ਕ ਭਾਰਤੀ ਸਮਾਜ ਨੂੰ ਇਕ ਜਾਤੀ ਰਹਿਤ ਸਮਾਜ ਵਜੋਂ ਉਭਰਨ ਦੇ ਰਾਹ ਵਿਚ ਰੋੜਾ ਬਣ ਸਕਦੀ ਹੈ। ਪਰ ਬੁਨਿਆਦੀ ਸਵਾਲ ਇਸ ਵੇਲੇ ਦੇਸ਼ ਦੀ ਕੁੱਲ ਵਸੋਂ ਅੰਦਰ ਵੱਖ-ਵੱਖ ਜਾਤਾਂ ਦੀ ਸਹੀ ਗਿਣਤੀ ਬਾਰੇ ਪਤਾ ਲਾਉਣਾ ਹੈ ਤਾਂ ਜੋ ਉਨ੍ਹਾਂ ਦੀ ਆਰਥਿਕ ਸਥਿਤੀ ਦੇ ਮੱਦੇਨਜ਼ਰ ਉਨ੍ਹਾਂ ਲਈ ਭਲਾਈ ਸਕੀਮਾਂ ਤਿਆਰ ਕੀਤੀਆਂ ਜਾ ਸਕਣ ਤੇ ਦੇਸ਼ ਦੇ ਵਿਕਾਸ ਦਾ ਲਾਭ ਉਹ ਵੀ ਉਠਾ ਸਕਣ। ਭਾਰਤੀ ਸੰਵਿਧਾਨ 'ਚ ਸਾਰੇ ਨਾਗਰਿਕਾਂ ਲਈ ਨਿਆਂ, ਆਜ਼ਾਦੀ ਤੇ ਬਰਾਬਰੀ ਦੀ ਵਿਵਸਥਾ ਹੈ। ਇਸ ਦੇ ਨਾਲ ਹੀ ਛੂਆ-ਛਾਤ ਜਾਂ ਫਿਰ ਇਸ ਤਰ੍ਹਾਂ ਦੇ ਹੋਰ ਕਾਰਨਾਂ ਕਰਕੇ ਸਮਾਜ ਦਾ ਜੋ ਵਰਗ ਸਮਾਜਕ, ਵਿੱਦਿਅਕ ਤੇ ਆਰਥਿਕ ਪਛੜੇਵੇਂ ਦਾ ਸ਼ਿਕਾਰ ਹੋ ਗਿਆ, ਉਸ ਦੇ ਹਿਤ ਸੁਰੱਖਿਅਤ ਕਰਨ ਲਈ 1951 ਵਿਚ 10 ਸਾਲਾਂ ਲਈ ਰਾਖਵਾਂਕਰਨ ਕਰ ਦਿੱਤਾ ਗਿਆ ਸੀ। ਇਹ ਜਾਤ-ਆਧਾਰਿਤ ਰਾਖਵਾਂਕਰਨ ਅਜੇ ਵੀ ਜਾਰੀ ਹੈ। ਇਸ ਦਾ ਲਾਭ ਅਨੁਸੂਚਿਤ, ਪੱਟੀਦਰਜ ਤੇ ਪਛੜੀਆਂ ਜਾਤਾਂ ਦੇ ਮੂਹਰਲੀ ਕਤਾਰ ਵਾਲੇ ਹੀ ਲੈ ਰਹੇ ਹਨ ਤੇ ਇਨ੍ਹਾਂ ਜਾਤਾਂ ਅੰਦਰਲਾ ਹੇਠਾਂ ਰਹਿ ਗਿਆ ਵਰਗ ਅਜੇ ਵੀ ਪਛੜਿਆ ਹੈ। ਵੀ.ਪੀ. ਸਿੰਘ ਵਲੋਂ 1990 ਵਿਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਨਾਲ ਸਮਾਜ ਅੰਦਰ ਜਾਤੀ ਮਸਲਾ ਸਗੋਂ ਹੋਰ ਵਧ ਗਿਆ।

ਰਾਖਵੇਂਕਰਨ ਦੇ ਮੁੱਦੇ ਨੂੰ ਪਾਰਟੀਆਂ ਨੇ ਜਿਊਂਦਾ ਰੱਖ ਕੇ ਆਪਣੇ ਵੋਟ-ਬੈਂਕ ਦੀ ਰਾਖੀ ਕੀਤੀ ਹੈ। ਸਿਆਸੀ ਪਾਰਟੀਆਂ ਨੂੰ ਹੁਣ ਪੂਰੀ ਜ਼ਿੰਮੇਵਾਰੀ ਨਾਲ ਇਹ ਯਤਨ ਕਰਨਾ ਚਾਹੀਦਾ ਹੈ ਕਿ ਜਾਤ-ਆਧਾਰਿਤ ਰਾਖਵੇਂਕਰਨ ਨੂੰ ਇਕ ਸਮਾਂ-ਸੀਮਾ ਅੰਦਰ ਰੱਖ ਕੇ ਖ਼ਤਮ ਕੀਤਾ ਜਾਵੇ ਅਤੇ ਇਸ ਦੀ ਥਾਂ ਸਿਰਫ਼ ਤੇ ਸਿਰਫ਼ ਆਰਥਿਕ ਪਛੜੇਵੇਂ ਨੂੰ ਆਧਾਰ ਬਣਾ ਕੇ ਦੇਸ਼ ਦੇ ਉਸ ਵਰਗ ਦੀ ਪਛਾਣ ਕੀਤੀ ਜਾਵੇ, ਜੋ ਅਜੇ ਵੀ ਊਣਾ-ਊਣਾ ਫਿਰ ਰਿਹਾ ਹੈ। ਗਰੀਬੀ ਰੇਖਾ ਤੋਂ ਹੇਠਾਂ ਜਿਊਣ ਵਾਲਾ ਨਾਗਰਿਕ ਅਨੁਸੂਚਿਤ, ਪੱਟੀਦਰਜ, ਪਛੜੀ ਜਾਤੀ ਦੇ ਕਰੀਮੀ ਲੇਅਰ ਵਿਚ ਦਾਖਲ ਹੋ ਚੁੱਕੇ ਨਾਗਰਿਕ ਨਾਲੋਂ ਸਹੂਲਤਾਂ ਦਾ ਵੱਧ ਹੱਕਦਾਰ ਹੈ।

# ਧਾਰਾ 370 ਨੂੰ ਖਤਮ ਕਰਨਾ ਹੀ ਕਸ਼ਮੀਰ ਮਸਲੇ ਦਾ ਅਸਲੀ ਹੱਲ


ਲਾਲ ਕ੍ਰਿਸ਼ਨ ਅਡਵਾਨੀ

ਅੱਜ ਕੱਲ੍ਹ ਅਖ਼ਬਾਰਾਂ ਵਿਚ ਕਸ਼ਮੀਰ ਦੀ ਬਹੁਤ ਚਰਚਾ ਹੈ। ਜੰਮੂ-ਕਸ਼ਮੀਰ ਦੇ ਭਾਜਪਾਈ ਵਿਧਾਨ ਸਭਾ ਮੈਂਬਰ ਪਿਛਲੇ ਦਿਨੀਂ ਦਿੱਲੀ ਆਏ ਅਤੇ ਪ੍ਰਧਾਨ ਮੰਤਰੀ ਨੂੰ ਮਿਲੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਇਕ ਮੈਮੋਰੰਡਮ ਦਿੱਤਾ ਜਿਸ ਵਿਚ ਪ੍ਰਧਾਨ ਮੰਤਰੀ ਨੂੰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਲਈ ਕਿਹਾ ਗਿਆ ਸੀ ਕਿ ਜੰਮੂ-ਕਸ਼ਮੀਰ ਵਿਚ ਫੌਜ ਦੀ ਮੌਜੂਦਗੀ ਵਿਚ ਕੋਈ ਅਦਲ-ਬਦਲ ਨਾ ਕੀਤੀ ਜਾਏ। ਉਨ੍ਹਾਂ ਨੇ ਇਸ ਗੱਲ ਉਤੇ ਵੀ ਜ਼ੋਰ ਦਿੱਤਾ ਕਿ ਵੱਖਵਾਦੀਆਂ ਦੀ ਕੋਈ ਮੰਗ ਨਾ ਮੰਨੀ ਜਾਏ। ਭਾਰਤੀ ਜਨਤਾ ਪਾਰਟੀ ਲਈ, ਜੰਮੂ-ਕਸ਼ਮੀਰ ਦਾ ਭਾਰਤ ਵਿਚ ਮੁਕੰਮਲ ਰਲੇਵਾਂ, ਇਕ ਐਸਾ ਮੁੱਦਾ ਹੈ ਜਿਸ ਲਈ ਉਹ, ਭਾਰਤੀ ਜਨ ਸੰਘ ਦੇ ਰੂਪ ਵਿਚ ਆਪਣੇ ਜਨਮ ਤੋਂ ਹੀ ਲਗਾਤਾਰ ਯਤਨਸ਼ੀਲ ਹੈ। ਜਨ ਸੰਘ ਦੇ ਬਾਨੀ ਪ੍ਰਧਾਨ ਡਾ. ਸ਼ਿਆਮਾ ਪ੍ਰਸਾਦ ਮੁਕਰਜੀ ਨੇ ਭਾਰਤ ਵਿਚ ਕਸ਼ਮੀਰ ਦੇ ਮੁਕੰਮਲ ਰਲੇਵੇਂ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। 1953 ਵਿਚ ਕਾਨਪੁਰ ਵਿਖੇ ਭਾਰਤੀ ਜਨ ਸੰਘ ਦੀ ਇਕ ਕੌਮੀ ਕਾਨਫਰੰਸ ਹੋਈ ਜਿਸ ਵਿਚ ਡਾ. ਮੁਕਰਜੀ ਨੇ ਕੌਮ ਨੂੰ ਇਕ ਜੋਸ਼ੀਲਾ ਨਾਅਰਾ ਦਿੱਤਾ; 'ਇਕ ਦੇਸ਼ ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ, ਨਹੀਂ ਚੱਲਣਗੇ, ਨਹੀਂ ਚੱਲਣਗੇ।'

ਕਸ਼ਮੀਰ ਵਿਚ ਡਾ. ਮੁਕਰਜੀ ਦੀ ਸ਼ਹੀਦੀ ਨਾਲ ਇਸ ਨਾਅਰੇ ਦੀਆਂ ਦੋ ਗੱਲਾਂ ਤਾਂ ਪੂਰੀਆਂ ਹੋ ਗਈਆਂ। 1953 ਤੱਕ ਦੋ ਪ੍ਰਧਾਨ ਚਲਦੇ ਰਹੇ। ਨਵੀਂ ਦਿੱਲੀ ਵਿਚ ਬੈਠੇ ਪ੍ਰਧਾਨ ਦਾ ਜੰਮੂ-ਕਸ਼ਮੀਰ ਉਤੇ ਕੋਈ ਅਧਿਕਾਰ ਨਹੀਂ ਸੀ। ਰਿਆਸਤ ਵਿਚ ਬੈਠੇ ਪ੍ਰਧਾਨ ਦਾ, ਜਿਸ ਨੂੰ ਸਦਰ-ਏ-ਰਿਆਸਤ ਕਹਿੰਦੇ ਸਨ, ਜੰਮੂ-ਕਸ਼ਮੀਰ ਉਤੇ ਮੁਕੰਮਲ ਰਾਜ ਸੀ। ਡਾ. ਮੁਕਰਜੀ ਦੀ ਕੁਰਬਾਨੀ ਨਾਲ ਦੋ ਪ੍ਰਧਾਨਾਂ ਦੀ ਬਜਾਏ ਇਕ ਪ੍ਰਧਾਨ ਹੋ ਗਿਆ। ਸਦਰ-ਏ-ਰਿਆਸਤ ਦਾ ਅਹੁਦਾ ਖਤਮ ਕਰ ਦਿੱਤਾ ਗਿਆ ਅਤੇ ਜੰਮੂ ਤੇ ਕਸ਼ਮੀਰ ਭਾਰਤੀ ਰਾਸ਼ਟਰਪਤੀ ਦੇ ਅਧਿਕਾਰ ਵਿਚ ਆ ਗਏ। ਇਸੇ ਤਰ੍ਹਾਂ ਦੋ ਝੰਡਿਆਂ ਦੀ ਥਾਂ ਇੱਕੋ ਝੰਡਾ ਬਣ ਗਿਆ। ਤਿਰੰਗਾ ਝੰਡਾ, ਜੋ 1953 ਤੱਕ ਕੇਵਲ ਭਾਰਤ ਦਾ ਕੌਮੀ ਝੰਡਾ ਸੀ ਅਤੇ ਜਿਸ ਨੂੰ ਜੰਮੂ-ਕਸ਼ਮੀਰ ਵਿਚ ਲਹਿਰਾਉਣ ਦੀ ਆਗਿਆ ਨਹੀਂ ਸੀ, ਇਸ ਉਪਰੰਤ ਇਹ ਜੰਮੂ-ਕਸ਼ਮੀਰ ਦਾ ਵੀ ਕੌਮੀ ਝੰਡਾ ਬਣ ਗਿਆ। ਡਾ. ਮੁਕਰਜੀ ਵਲੋਂ ਆਰੰਭ ਕੀਤੀ ਗਈ ਲਹਿਰ ਵਿਚ ਜਨ ਸੰਘ ਅਤੇ ਪਰਜਾ ਪ੍ਰੀਸ਼ਦ ਦੇ ਕਈ ਕਾਰਕੁਨ ਤਿਰੰਗਾ ਲਹਿਰਾਉਣ ਦੇ ਜੁਰਮ ਵਿਚ ਸ਼ਹੀਦ ਹੋ ਗਏ ਸਨ। ਪਰ ਉਪਰੋਕਤ ਨਾਅਰੇ ਦਾ ਤੀਜਾ ਨਿਸ਼ਾਨਾ ਅਜੇ ਪੂਰੀ ਹੋਣਾ ਬਾਕੀ ਹੈ। ਭਾਰਤੀ ਸੰਵਿਧਾਨ ਦੀ ਧਾਰਾ 370, ਜੋ ਜੰਮੂ-ਕਸ਼ਮੀਰ ਨੂੰ ਇਕ ਵੱਖਰੇ ਵਿਧਾਨ ਦੀ ਆਗਿਆ ਦਿੰਦਾ ਹੈ ਅਤੇ ਵੱਖਵਾਦ ਨੂੰ ਉਤਸ਼ਾਹਿਤ ਕਰਦੀ ਹੈ, ਅਵੱਸ਼ ਹੀ ਖਤਮ ਹੋਣੀ ਚਾਹੀਦੀ ਹੈ।

ਕਸ਼ਮੀਰ ਵਾਦੀ ਵਿਚ ਇਸ ਵੇਲੇ ਅਰਾਜਕਤਾ ਵਾਲੀ ਸਥਿਤੀ ਹੈ ਅਤੇ ਸਰਕਾਰ ਨੂੰ ਕੁਝ ਸਮਝ ਨਹੀਂ ਆਉਂਦੀ ਕਿ ਇਸ ਸਥਿਤੀ ਨਾਲ ਕਿਵੇਂ ਨਿਪਟਿਆ ਜਾਵੇ। ਭਾਜਪਾਈ ਵਿਧਾਨ ਸਭਾ ਮੈਂਬਰਾਂ ਨੇ ਪ੍ਰਧਾਨ ਮੰਤਰੀ ਨੂੰ ਜੋ ਮੈਮੋਰੰਡਮ ਦਿੱਤਾ, ਉਸ ਵਿਚ ਕਿਹਾ ਗਿਆ ਹੈ,

'ਵੱਖਵਾਦੀਆਂ ਨੇ ਇਕ ਬਦਲਵੀਂ ਰਣਨੀਤੀ ਅਪਣਾ ਲਈ ਹੈ। ਉਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਅੱਤਵਾਦੀ ਕਾਰਵਾਈਆਂ ਨੂੰ ਹੁਣ ਵਿਸ਼ਵ-ਪ੍ਰਵਾਨਗੀ ਮਿਲਣੀ ਬੰਦ ਹੋ ਗਈ ਹੈ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਭਾਰਤ ਦੇ ਦੇਸ਼ ਭਗਤ ਅਤੇ ਪੇਸ਼ਾਵਰ ਸੁਰੱਖਿਆ ਬਲ, ਅੱਤਵਾਦੀਆਂ ਦੇ ਭੰਨ-ਤੋੜ ਵਾਲੇ ਵਿਦਰੋਹੀ ਕਾਰਿਆਂ, ਹਿੰਸਾ ਅਤੇ ਵਿਸਫੋਟਾਂ ਆਦਿ ਦਾ ਮੁਕਾਬਲਾ ਕਰ ਸਕਦੇ ਹਨ। 2000 ਤੋਂ ਵੱਖਵਾਦੀਆਂ ਨੇ ਫੈਸਲਾ ਕੀਤਾ ਹੈ ਕਿ ਇੱਕਾ-ਦੁੱਕਾ ਅੱਤਵਾਦੀ ਘਟਨਾਵਾਂ ਦੀ ਬਜਾਏ ਸਮੂਹਿਕ ਹਿੰਸਾ ਦੀ ਨੀਤੀ ਅਪਣਾਈ ਜਾਏ। ਉਨ੍ਹਾਂ ਦੀ ਰਣਨੀਤੀ ਇਹ ਹੈ ਕਿ ਦੁਨੀਆ ਨੂੰ ਕਸ਼ਮੀਰੀ-ਕਾਜ਼ ਦੀ ਅਖੌਤੀ ਨਿਆਂਇਸ਼ੀਲਤਾ ਪ੍ਰਤੀ ਕਾਇਲ ਕੀਤਾ ਜਾਏ।' ਵੱਖਵਾਦੀਆਂ ਨੂੰ ਇਸ ਵੇਲੇ ਸਰਹੱਦ ਪਾਰ ਤੋਂ ਹਦਾਇਤਾਂ ਮਿਲ ਰਹੀਆਂ ਹਨ।



ਸਕੂਲਾਂ ਦੇ ਬੱਚਿਆਂ ਤੋਂ ਲੈ ਕੇ ਔਰਤਾਂ ਤੇ ਵੱਡੀ ਉਮਰ ਦੇ ਬੰਦਿਆਂ ਵਲੋਂ ਸੁਰੱਖਿਆ ਬਲਾਂ ਅਤੇ ਸਰਕਾਰੀ ਇਮਾਰਤਾਂ ਉਤੇ ਪੱਥਰਬਾਜ਼ੀ ਕਰਨ ਦੀ ਰਣਨੀਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਹ ਸਮੂਹਿਕ ਹਿੰਸਾ ਇਸ ਲਈ ਕਰਦੇ ਹਨ ਕਿ ਸੁਰੱਖਿਆ ਬਲ ਭੜਕ ਕੇ ਬਚਾਓ ਦੀਆਂ ਕਾਰਵਾਈਆਂ ਕਰਨ ਲਈ ਮਜਬੂਰ ਹੋ ਜਾਣ। ਇਹ ਅੱਤਵਾਦੀ ਭੇਸ ਬਦਲ ਕੇ ਹਿੰਸਕ ਭੀੜਾਂ ਵਿਚ ਸ਼ਾਮਿਲ ਹੋ ਜਾਂਦੇ ਹਨ। ਸੁਰੱਖਿਆ ਬਲਾਂ ਵਲੋਂ ਕੀਤੀਆਂ ਬਚਾਓ-ਕਾਰਵਾਈਆਂ ਕਾਰਨ ਕਈ ਲੋਕ ਜ਼ਖਮੀ ਹੋ ਜਾਂਦੇ ਹਨ ਅਤੇ ਕਈ ਮਰ ਵੀ ਜਾਂਦੇ ਹਨ। ਹੁਣ ਤੱਕ ਸੁਰੱਖਿਆ ਬਲਾਂ ਦੇ 1262 ਜਵਾਨ ਜ਼ਖਮੀ ਹੋ ਚੁੱਕੇ ਹਨ। ਸਮੂਹਿਕ ਹਿੰਸਾ ਵਿਚ ਸ਼ਾਮਿਲ ਕਈ ਲੋਕ ਵੀ ਜ਼ਖਮੀ ਹੋਏ ਹਨ। ਕਈ ਆਪਣੀਆਂ ਜਾਨਾਂ ਗੁਆ ਚੁੱਕੇ ਹਨ।

ਅੱਤਵਾਦ ਅਤੇ ਭੰਨ-ਤੋੜ ਦੀਆਂ ਕਾਰਵਾਈਆਂ ਨਾਲ ਨਿਪਟਣ ਦੀ ਭਾਰਤ ਦੀ ਰਣਨੀਤੀ ਬੜੀ ਸਪੱਸ਼ਟ ਅਤੇ ਚੰਗੀ ਤਰ੍ਹਾਂ ਪਰਿਭਾਸ਼ਿਤ ਹੈ। ਫਿਰ ਭਾਰਤ ਸਰਕਾਰ ਵਰਤਮਾਨ ਚੁਣੌਤੀ ਦਾ ਸਾਹਮਣਾ ਕਰਨ ਲਈ ਭੰਬਲਭੂਸੇ ਵਿਚ ਪਈ ਹੋਈ ਜਾਪਦੀ ਹੈ। ਰਿਆਸਤ ਦੀ ਸਰਕਾਰ ਲੋਕਾਂ ਵਿਚ ਬੇਹੱਦ ਗੈਰ-ਮਕਬੂਲ ਹੋ ਗਈ ਹੈ। ਮੁੱਖ ਮੰਤਰੀ ਵਿਰੁਧ ਲੋਕਾਂ ਨੂੰ ਨਿੱਜੀ ਗਿਲੇ ਹਨ। ਉਹ ਆਪਣੀ ਪਾਰਟੀ ਦੇ ਕਾਰਜ-ਕਰਤਾਵਾਂ ਨਾਲੋਂ ਟੁੱਟਦੇ ਜਾ ਰਹੇ ਹਨ।

ਆਪਣੀ ਪੁਸਤਕ 'ਕੁੜੀਆਂ ਤੇ ਮੁੰਡਿਆਂ ਨੂੰ' ਵਿਚ ਲਾਤਨੀ ਲੇਖਕ ਰਾਬਰਟ ਲੁਇਸ ਸਟੀਵਨਸਨ ਲਿਖਦੇ ਹਨ, 'ਮਨੁੱਖ ਇਕ ਐਸਾ ਪ੍ਰਾਣੀ ਹੈ ਜੋ ਕੇਵਲ ਰੋਟੀ ਉਤੇ ਨਹੀਂ ਜਿਉਂਦਾ, ਉਸ ਨੂੰ ਕੁਝ ਦਿਲਕਸ਼ ਸ਼ਬਦ ਵੀ ਚਾਹੀਦੇ ਹਨ।' ਇਸ ਤਰ੍ਹਾਂ ਦਾ ਇਕ ਸ਼ਬਦ ਹੈ 'ਸੰਪਰਦਾਇਕ' ਜੋ ਭਾਰਤੀ ਸਿਆਸਤਦਾਨਾਂ ਨੂੰ ਬਹੁਤ ਪਿਆਰਾ ਹੈ। ਇਸ ਸ਼ਬਦ ਦੇ ਅਸਲ ਅਰਥਾਂ ਵਿਚ ਕੋਈ ਨਫਰਤਯੋਗ ਗੱਲ ਨਹੀਂ ਹੈ। ਇਸ ਸ਼ਬਦ ਦਾ ਸੰਬੰਧ ਭਾਈਚਾਰੇ ਜਾਂ ਸੰਪਰਦਾਇ ਨਾਲ ਹੈ। ਪਰ ਭਾਰਤੀ ਸਿਆਸੀ ਭਾਸ਼ਾ ਵਿਚ ਇਹ ਸ਼ਬਦ ਬਹੁਤ ਬਦਨਾਮ ਹੋ ਗਿਆ ਹੈ। ਜਵਾਹਰ ਲਾਲ ਨਹਿਰੂ ਨੇ ਇਹ ਸ਼ਬਦ ਮਹਾਨ ਦੇਸ਼ ਭਗਤ ਅਤੇ ਪ੍ਰਸਿਧ ਸੰਸਦੀ ਬੁਲਾਰੇ ਡਾ. ਸ਼ਿਆਮਾ ਪ੍ਰਸਾਦ ਮੁਕਰਜੀ ਅਤੇ ਉਨ੍ਹਾਂ ਵਲੋਂ ਬਣਾਈ ਗਈ ਪਾਰਟੀ ਭਾਰਤੀ ਜਨ ਸੰਘ ਉਤੇ ਕਈ ਵਾਰ ਥੋਪਿਆ। ਇਹ ਵਿਸ਼ੇਸ਼ਣ ਭਾਰਤੀ ਜਨਤਾ ਪਾਰਟੀ ਉਤੇ ਵੀ ਅੱਜ ਤੱਕ ਥੋਪਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਇਕ ਸਿਧਾਂਤਕ ਪਾਰਟੀ ਹੈ ਜੋ ਦੇਸ਼ ਦੇ ਕਈ ਮਸਲਿਆਂ ਬਾਰੇ ਆਪਣੀ ਵੱਖਰੀ ਪਹੁੰਚ ਰੱਖਦੀ ਹੈ। ਕਈ ਮਸਲਿਆਂ ਬਾਰੇ ਇਕੱਲੀ ਇਸ ਪਾਰਟੀ ਦੇ ਵਿਚਾਰ ਵੱਖਰੇ ਹੁੰਦੇ ਹਨ ਭਾਵੇਂ ਲੋਕਾਂ ਦੀ ਇਕ ਵੱਡੀ ਗਿਣਤੀ ਵੀ ਉਸ ਦੇ ਵਿਚਾਰਾਂ ਨਾਲ ਸਹਿਮਤ ਹੁੰਦੀ ਹੈ। 1998 ਤੱਕ ਇਕੱਲੀ ਇਸ ਪਾਰਟੀ ਦਾ ਵਿਚਾਰ ਸੀ ਕਿ ਭਾਰਤ ਪਾਸ ਮੁਕਾਬਲੇ ਵਜੋਂ ਪ੍ਰਮਾਣੂ ਸ਼ਕਤੀ ਹੋਣੀ ਚਾਹੀਦੀ ਹੈ। 1998 ਵਿਚ ਕੌਮੀ ਲੋਕਤੰਤਰੀ ਗਠਜੋੜ ਨਾਲ ਸੰਬੰਧਿਤ ਸਾਰੀਆਂ ਪਾਰਟੀਆਂ ਸਾਡੇ ਵਿਚਾਰ ਦਾ ਸਮਰਥਨ ਕਰਨ ਲੱਗ ਪਈਆਂ। ਅੱਜ ਸਾਰੇ ਦੇਸ਼ ਨੂੰ ਇਸ ਗੱਲ ਉਤੇ ਮਾਣ ਹੈ ਕਿ ਸਾਡੇ ਸ਼ਸਤਰ ਭੰਡਾਰ ਵਿਚ ਪ੍ਰਮਾਣੂ ਸ਼ਸਤਰ ਮੌਜੂਦ ਹਨ। ਅੱਜ ਭਾਰਤੀ ਜਨਤਾ ਪਾਰਟੀ ਦੇਸ਼ ਦੀ ਇੱਕੋ ਇਕ ਸਿਆਸੀ ਪਾਰਟੀ ਹੈ, ਜਿਸ ਦਾ ਇਹ ਵਿਚਾਰ ਹੈ ਕਿ ਧਾਰਾ 370 ਨੂੰ ਭਾਰਤੀ ਸੰਵਿਧਾਨ ਵਿਚੋਂ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਇਹ ਧਾਰਾ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਪ੍ਰਦਾਨ ਕਰਦੀ ਹੈ। ਸਾਡਾ ਵਿਚਾਰ ਹੈ ਕਿ ਇਹ ਧਾਰਾ ਦੇਸ਼ ਦੀ ਭਾਵਨਾਤਮਿਕ ਏਕਤਾ ਵਿਚ ਰੁਕਾਵਟ ਪਾਉਂਦੀ ਹੈ। ਮੈਂ ਇਸ ਗੱਲ ਨੂੰ ਸਮਝ ਸਕਦਾ ਹਾਂ ਕਿ ਕੋਈ ਵਿਅਕਤੀ ਸਾਡੇ ਸਟੈਂਡ ਨਾਲ ਸਹਿਮਤ ਨਹੀਂ ਹੋ ਸਕਦਾ ਪਰ ਉਸ ਵੇਲੇ ਮੈਨੂੰ ਹੈਰਾਨੀ ਹੁੰਦੀ ਹੈ ਜਦੋਂ ਧਾਰਾ 370 ਨੂੰ ਸੰਵਿਧਾਨ ਵਿਚੋਂ ਖਾਰਜ ਕਰਨ ਦੀ ਸਾਡੀ ਦਲੀਲ ਨੂੰ ਸਾਡੇ ਫਿਰਕਾਪ੍ਰਸਤ ਹੋਣ ਦੇ ਸਬੂਤ ਵਜੋਂ ਵਰਤਿਆ ਜਾਂਦਾ ਹੈ। ਇਹ ਸਥਿਤੀ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਕੁਝ ਸ਼ਬਦਾਂ ਦਾ ਉਚੇਚਾ ਪ੍ਰੇਮ ਕਿਵੇਂ ਉਨ੍ਹਾਂ ਦੇ ਅਰਥਾਂ ਨੂੰ ਉਲਟ-ਭਾਵੀ ਬਣਾ ਦਿੰਦਾ ਹੈ। ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਸਾਡੇ ਵਿਧਾਨ-ਨਿਰਮਾਤਾਵਾਂ ਨੇ ਕਿਸ ਵਿਚਾਰ ਅਧੀਨ ਇਸ ਧਾਰਾ ਨੂੰ ਸੰਵਿਧਾਨ ਵਿਚ ਸ਼ਾਮਲ ਕਰਨਾ ਸਹੀ ਸਮਝਿਆ ਹੋਵੇਗਾ।

ਦੇਸ਼ ਆਜ਼ਾਦ ਹੋਣ ਸਮੇਂ ਦੇਸ਼ ਵਿਚ 500 ਤੋਂ ਵਧ ਰਾਜਾਸ਼ਾਹੀ ਰਿਆਸਤਾਂ ਮੌਜੂਦ ਸਨ। ਕਈ ਰਿਆਸਤਾਂ ਨੇ ਆਪਣੇ ਵਿਧਾਨ ਬਣਾ ਲਏ ਸਨ। ਜਦੋਂ 17 ਅਕਤੂਬਰ, 1949 ਨੂੰ ਇਸ ਵਿਸ਼ੇਸ਼ ਧਾਰਾ ਉਤੇ ਵਿਚਾਰ ਕਰਨ ਲਈ ਵਿਧਾਨਸਾਜ਼ ਅਸੈਂਬਲੀ ਬੈਠੀ ਤਾਂ ਐਨ. ਗੋਪਾਲਾਸਵਾਮੀ ਆਇੰਗਰ ਨੇ, ਜਿਨ੍ਹਾਂ ਨੇ ਇਸ ਧਾਰਾ ਦੀ ਜਾਣ-ਪਛਾਣ ਕਰਾਈ, ਅਸੈਂਬਲੀ ਦਾ ਧਿਆਨ ਇਸ ਗੱਲ ਵਲ ਖਿੱਚਿਆ ਕਿ ਜਿਨ੍ਹਾਂ ਹੋਰ ਸਾਰੀਆਂ ਰਿਆਸਤਾਂ ਨੇ ਆਪਣੇ ਸੰਵਿਧਾਨ ਬਣਾ ਲਏ ਸਨ, ਉਹ ਸਾਰੇ ਭਾਰਤੀ ਸੰਵਿਧਾਨ ਵਿਚ ਸਮੋਅ ਲਏ ਗਏ ਹਨ ਪਰ ਜੰਮੂ-ਕਸ਼ਮੀਰ ਬਾਰੇ ਇਹ ਗੱਲ ਸੰਭਵ ਨਹੀਂ ਹੋ ਸਕੀ, ਇਸ ਲਈ ਉਸ ਦਾ ਵੱਖਰਾ ਸੰਵਿਧਾਨ ਮੌਜੂਦ ਰਹੇਗਾ।

ਮੌਲਾਨਾ ਹਸਰਤ ਮੋਹਾਨੀ ਨੇ ਆਇੰਗਰ ਨੂੰ ਵਿਚੋਂ ਟੋਕ ਕੇ ਪੁੱਛਿਆ ਕਿ ਜੰਮੂ-ਕਸ਼ਮੀਰ ਨਾਲ 'ਵਿਤਕਰਾ' ਕਿਉਂ ਕੀਤਾ ਜਾ ਰਿਹਾ ਹੈ? ਇਸ ਤਰ੍ਹਾਂ ਮੋਹਾਨੀ ਦੀ ਨਜ਼ਰ ਵਿਚ, ਜੰਮੂ-ਕਸ਼ਮੀਰ ਦਾ ਵੱਖਰਾ ਵਿਧਾਨ ਜਾਰੀ ਰੱਖਣਾ, ਰਿਆਸਤ ਨਾਲ ਵਿਤਕਰਾ ਕਰਨਾ ਸੀ।

ਆਇੰਗਰ ਨੇ ਜਵਾਬ ਦਿੱਤਾ, 'ਇਸ ਵਿਤਕਰੇ ਦਾ ਕਾਰਨ ਕਸ਼ਮੀਰ ਦੇ ਵਿਸ਼ੇਸ਼ ਹਾਲਾਤ ਹਨ। ਇਹ ਰਿਆਸਤ ਭਾਰਤ ਵਿਚ ਰਲੇਵੇਂ ਲਈ ਅਜੇ ਉਸ ਢੁਕਵੀਂ ਹਾਲਤ ਵਿਚ ਨਹੀਂ ਪਹੁੰਚੀ, ਜਿਸ ਵਿਚ ਕਿ ਦੂਜੀਆਂ ਰਿਆਸਤਾਂ ਪਹੁੰਚੀਆਂ ਹੋਈਆਂ ਹਨ। ਇਥੇ ਹਾਜ਼ਰ ਹਰ ਵਿਅਕਤੀ ਇਹ ਉਮੀਦ ਕਰਦਾ ਹੈ ਕਿ ਇਕ ਦਿਨ ਉਹ ਸਮਾਂ ਆ ਜਾਏਗਾ ਕਿ ਜੰਮੂ-ਕਸ਼ਮੀਰ ਦੀ ਸਥਿਤੀ ਵੀ ਰਲੇਵੇਂ ਲਈ ਢੁਕਵੀਂ ਬਣ ਜਾਏਗੀ।

# ਕਸ਼ਮੀਰੀ ਲੋਕ ਭਾਵਨਾਤਮਕ ਤੌਰ 'ਤੇ ਦੂਰ ਜਾ ਰਹੇ ਨੇ ਭਾਰਤੀਅਤਾ ਤੋਂ

**-ਕੁਲਦੀਪ ਨਈਅਰ**

ਕਸ਼ਮੀਰ ਵਾਦੀ 'ਚ ਜੋ ਕੁਝ ਹੋ ਰਿਹਾ ਹੈ, ਉਹ ਉਨ੍ਹਾਂ ਕਸ਼ਮੀਰੀ ਪ੍ਰਵਾਸੀਆਂ ਦੇ ਪ੍ਰਚਾਰ ਦੀ ਭਰੋਸੇਯੋਗਤਾ ਵਧਾਉਂਦਾ ਹੈ ਜਿਨ੍ਹਾਂ ਨੇ ਵਾਸ਼ਿੰਗਟਨ ਵਿਚ ਕੁਝ ਦਿਨ ਪਹਿਲਾਂ ਕਾਨਫਰੰਸ ਵਿਚ ਕਸ਼ਮੀਰ ਸਮੱਸਿਆ ਦਾ ਜਲਦੀ ਤੇ ਸ਼ਾਂਤੀਪੂਰਨ ਹੱਲ ਕੱਢਣ ਦੀ ਮੰਗ ਕੀਤੀ ਹੈ। ਮੈਂ ਉਸ ਕਾਨਫਰੰਸ ਵਿਚ ਸ਼ਾਮਿਲ ਹੋਇਆ ਸੀ ਜੋ ਕਿ ਕਸ਼ਮੀਰੀ-ਅਮਰੀਕਨ ਕੌਂਸਲ ਅਤੇ ਮਨੁੱਖਤਾਵਾਦੀ ਵਕੀਲਾਂ ਦੀ ਇਕ ਜਥੇਬੰਦੀ ਵਲੋਂ ਕਰਵਾਈ ਗਈ ਸੀ। ਭਾਵਨਾਵਾਂ ਤੋਂ ਇਲਾਵਾ ਕਸ਼ਮੀਰੀ ਪ੍ਰਵਾਸੀ ਆਪਣੀ ਜਨਮ-ਭੂਮੀ ਦੇ ਭਵਿੱਖ ਨੂੰ ਲੈ ਕੇ ਚਿੰਤਤ ਸਨ।

ਦਰਅਸਲ ਅਜਿਹੀਆਂ ਘਟਨਾਵਾਂ ਵਾਪਰਨ ਦਾ ਕਾਰਨ ਕਸ਼ਮੀਰੀਆਂ ਵਿਚ ਭਾਰਤ ਪ੍ਰਤੀ ਬੇਗਾਨਗੀ ਦੀ ਭਾਵਨਾ ਅਤੇ ਭਾਰਤ ਸਰਕਾਰ ਦੀ ਇਹ ਧਾਰਨਾ ਹੈ ਕਿ ਜੇਕਰ ਕਸ਼ਮੀਰੀ ਲੋਕਾਂ ਨੂੰ ਸਹੀ, ਇਮਾਨਦਾਰ ਤੇ ਰਾਜ ਦੀ ਬਿਹਤਰੀ ਲਈ ਕੰਮ ਕਰਦਾ ਪ੍ਰਸ਼ਾਸਨ ਮਿਲਦਾ ਹੈ ਤਾਂ ਉਹ ਜਿਉਂ ਦੀ ਤਿਉਂ ਸਥਿਤੀ ਨੂੰ ਸਵੀਕਾਰ ਕਰ ਲੈਣਗੇ ਪਰ ਸਥਿਤੀ ਇਸ ਤੋਂ ਕਾਫੀ ਅੱਗੇ ਲੰਘ ਚੁੱਕੀ ਹੈ।

ਇਹ ਦਲੀਲ ਪ੍ਰਭਾਵਸ਼ਾਲੀ ਨਹੀਂ ਰਹੀ ਕਿ ਵੱਖਵਾਦੀ ਸਥਿਤੀ ਨੂੰ ਸੁਖਾਵਾਂ ਨਹੀਂ ਬਣਨ ਦਿੰਦੇ। ਪਰ ਇਹ ਵੀ ਸਚਾਈ ਹੈ ਕਿ ਕਸ਼ਮੀਰੀਆਂ ਨੇ ਰਾਜ ਤੇ ਕੇਂਦਰ ਸਰਕਾਰ ਨੂੰ ਖੁਦਮੁਖਤਿਆਰੀ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਹੱਤਵਪੂਰਨ ਮਸਲੇ ਨੂੰ ਹੱਲ ਕਰਨ ਦੇ ਅਨੇਕਾਂ ਮੌਕੇ ਦਿੱਤੇ ਹਨ (ਜਿਸ ਵਿਚ ਇਕ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ 'ਚ ਲੋਕਾਂ ਵਲੋਂ 60 ਫੀਸਦੀ ਸ਼ਮੂਲੀਅਤ ਦੇ ਰੂਪ 'ਚ ਦਿੱਤਾ ਮੌਕਾ ਵੀ ਸ਼ਾਮਿਲ ਹੈ) ਪਰ ਦੋਵਾਂ ਸਰਕਾਰਾਂ ਨੇ ਇਨ੍ਹਾਂ ਮੌਕਿਆਂ ਦੀ ਸੰਭਾਲ ਨਹੀਂ ਕੀਤੀ। ਸਵਾਲ ਇਹ ਹੈ ਕਿ ਗ਼ਲਤੀ ਕਿੱਥੇ ਹੋਈ ਹੈ। ਮੇਰਾ ਤਜਰਬਾ ਦੱਸਦਾ ਹੈ ਕਿ ਜੰਮੂ-ਕਸ਼ਮੀਰ ਦੀ ਕੋਈ ਸਿਆਸੀ ਪਾਰਟੀ ਜਾਂ ਪ੍ਰਸ਼ਾਸਨ ਜਿੰਨਾ ਭਾਰਤ ਦੇ ਨੇੜੇ ਹੁੰਦਾ ਹੈ, ਓਨਾ ਹੀ ਜ਼ਿਆਦਾ ਲੋਕਾਂ 'ਚ ਰੋਹ ਵਧਦਾ ਹੈ ਜੋ ਆਪਣੀ ਪਛਾਣ ਸੁਰੱਖਿਅਤ ਰੱਖਣਾ ਚਾਹੁੰਦੇ ਹਨ। ਰਾਜ ਦੀ ਜਿਹੜੀ ਸਰਕਾਰ, ਕੇਂਦਰ ਸਰਕਾਰ ਨੂੰ ਚੁਣੌਤੀ ਦਿੰਦੀ ਦਿਖਾਈ ਦਿੰਦੀ ਹੈ, ਉਹ ਕਸ਼ਮੀਰੀਆਂ 'ਚ ਮਕਬੂਲ ਹੁੰਦੀ ਹੈ। ਇਸ ਨਾਲ ਉਨ੍ਹਾਂ ਨੂੰ ਆਜ਼ਾਦ ਹੋਂਦ ਦੀ ਇਕ ਵੱਖਰੀ ਸੰਤੁਸ਼ਟੀ ਹਾਸਲ ਹੁੰਦੀ ਹੈ।

ਹਰਮਨਪਿਆਰੇ ਕਸ਼ਮੀਰੀ ਆਗੂ ਸ਼ੇਖ ਅਬਦੁੱਲਾ ਨੇ ਇਹ ਗੱਲ ਸਮਝੀ ਸੀ। ਉਨ੍ਹਾਂ ਨੇ ਕਸ਼ਮੀਰ ਦੇ ਭਾਰਤ 'ਚ ਰਲੇਵੇਂ 'ਤੇ ਕੋਈ ਸਵਾਲ ਨਹੀਂ ਉਠਾਇਆ ਪਰ ਉਸ ਨੇ ਰਾਜ ਦੀ ਖੁਦਮੁਖਤਿਆਰੀ ਨੂੰ ਖੋਰਾ ਲਾਉਣ ਨੂੰ ਲੈ ਕੇ ਭਾਰਤ ਸਰਕਾਰ ਦੀ ਆਲੋਚਨਾ ਕਰਕੇ ਕਸ਼ਮੀਰੀਆਂ ਨੂੰ ਨਾਲ ਲੈ ਲਿਆ ਸੀ। ਉਹਾਦਰਣ ਦੇ ਤੌਰ ਤੇ ਉਹ ਕਹਿੰਦੇ ਸਨ ਕਿ ਜੇਕਰ ਭਾਰਤ ਤੋਂ ਆਟਾ ਆਉਣ ਦੀ ਕੀਮਤ 'ਤੇ ਉਨ੍ਹਾਂ ਦੀ



ਆਜ਼ਾਦੀ ਦੇ ਅਧਿਕਾਰ 'ਤੇ ਸੱਟ ਵਜਦੀ ਹੈ ਤਾਂ ਉਹ ਭੁੱਖੇ ਰਹਿਣ ਨੂੰ ਤਰਜੀਹ ਦੇਣਗੇ। ਭਾਵੇਂ ਜ਼ਬਾਨੀ-ਕਲਾਮੀ ਗੱਲਾਂ ਹੀ ਸਨ ਪਰ ਇਨ੍ਹਾਂ ਦਾ ਵੀ ਅਸਰ ਹੁੰਦਾ ਸੀ। ਇਥੋਂ ਤੱਕ ਕਿ ਜਵਾਹਰ ਲਾਲ ਨਹਿਰੂ ਜੋ ਸ਼ੇਖ ਅਬਦੁੱਲਾ ਦੇ ਦੋਸਤ ਸਨ ਅਤੇ ਜੰਮੂ-ਕਸ਼ਮੀਰ ਦੇ ਮਹਾਰਾਜੇ ਦੇ ਵਿਰੁਧ ਸਿਆਸੀ ਲੜਾਈ ਵਿਚ ਉਨ੍ਹਾਂ ਦੇ ਸਮਰਥਕ ਸਨ, ਨੇ ਸ਼ੇਖ ਦੀਆਂ ਸੁਰਾਂ ਨੂੰ ਨਹੀਂ ਸਮਝਿਆ ਅਤੇ ਬਿਨਾਂ ਮੁਕੱਦਮਾ ਚਲਾਏ ਉਨ੍ਹਾਂ ਨੂੰ ਦੱਖਣੀ ਭਾਰਤ ਵਿਚ 12 ਸਾਲਾਂ ਲਈ ਜੇਲ੍ਹ 'ਚ ਰੱਖਿਆ ਗਿਆ। ਫਿਰ ਵੀ ਨਹਿਰੂ ਨੇ (ਭਾਵੇਂ ਦੇਰ ਨਾਲ ਹੀ ਸਹੀ) ਇਹ ਮਹਿਸੂਸ ਕੀਤਾ ਕਿ ਭਾਰਤ ਸਰਕਾਰ ਵਲੋਂ ਖੁਦਮੁਖਤਿਆਰੀ ਦੇ ਮੁੱਦੇ 'ਤੇ ਕੀਤੇ ਗਏ ਵੱਖਰੇ ਤਰ੍ਹਾਂ ਦੇ ਵਿਵਹਾਰ ਨਾਲ ਕਸ਼ਮੀਰੀਆਂ 'ਚ ਬੇਗਾਨਗੀ ਦੀ ਭਾਵਨਾ ਪੈਦਾ ਹੋਈ ਹੈ ਅਤੇ ਪਾਕਿਸਤਾਨ ਪ੍ਰਤੀ ਝੁਕਾਅ ਬਣਿਆ ਹੈ। ਉਨ੍ਹਾਂ ਨੇ ਸ਼ੇਖ ਨੂੰ ਰਿਹਾਅ ਕਰ ਦਿੱਤਾ ਤੇ ਇਸਲਾਮਾਬਾਦ ਭੇਜ ਦਿੱਤਾ। ਬਦਕਿਸਮਤੀ ਨਾਲ ਨਹਿਰੂ ਦੀ ਮੌਤ ਹੋ ਗਈ ਜਦੋਂ ਸ਼ੇਖ ਦੀ ਪਾਕਿਸਤਾਨ ਦੇ ਫੌਜੀ ਸ਼ਾਸਕ ਜਨਰਲ ਅਯੂਬ ਖਾਨ ਨਾਲ ਗੱਲਬਾਤ ਚਲ ਰਹੀ ਸੀ।

ਉਦੋਂ ਤੱਕ ਕਸ਼ਮੀਰ, ਭਾਰਤ ਤੇ ਪਾਕਿਸਤਾਨ ਵਿਚਾਲੇ ਇਕ ਸਮੱਸਿਆ ਸੀ। ਉਨ੍ਹਾਂ ਵਿਚਕਾਰ ਗੱਲਬਾਤ ਹੋਈ ਅਤੇ ਜੰਗਾਂ ਵੀ ਲੜੀਆਂ ਗਈਆਂ ਪਰ ਕੋਈ ਸਿੱਟਾ ਨਹੀਂ ਨਿਕਲਿਆ। ਸ਼ਿਮਲਾ ਸਮਝੌਤੇ ਨੇ ਜੰਗਬੰਦੀ ਰੇਖਾ ਨੂੰ ਕੰਟਰੋਲ ਰੇਖਾ ਵਿਚ ਤਬਦੀਲ ਕਰ ਦਿੱਤਾ। ਪਰ ਦੋਵੇਂ ਦੇਸ਼ ਆਪਣੀਆਂ-ਆਪਣੀਆਂ ਘਰੇਲੂ ਬੰਦਸ਼ਾਂ ਕਾਰਨ ਇਸ ਦਿਸ਼ਾ 'ਚ ਅੱਗੇ ਵਧਣ 'ਚ ਅਸਫਲ ਰਹੇ। ਸ਼ੇਖ ਵਾਪਸ ਸੱਤਾ ਵਿਚ ਆ ਗਏ ਅਤੇ ਉਨ੍ਹਾਂ ਦਾ ਤਤਕਾਲੀਨ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਸਮਝੌਤਾ ਹੋ ਗਿਆ ਜਿਸ ਨਾਲ ਖੁਦਮੁਖਤਿਆਰੀ ਕਿਸੇ ਹੱਦ ਤੱਕ ਬਹਾਲ ਹੋ ਗਈ ਪਰ ਉਸ ਵਿਚ ਵੀ ਸ਼ੇਖ ਦੀ ਗੈਰ-ਹਾਜ਼ਰੀ ਵਿਚ ਭਾਰਤ ਸਰਕਾਰ ਨੇ ਤਬਦੀਲੀ ਕਰ ਦਿੱਤੀ। ਪਰ ਇਸ ਨਾਲ ਸ਼ੇਖ ਨੂੰ ਖੁੱਲ੍ਹੀ ਛੁੱਟੀ ਨਹੀਂ ਮਿਲੀ ਕਿਉਂਕਿ ਨੌਕਰਸ਼ਾਹ ਤੇ ਖੁਫੀਆ ਏਜੰਸੀਆਂ ਜੋ ਉਦੋਂ ਕਾਫੀ ਮਜ਼ਬੂਤ ਸਨ, ਨਹੀਂ ਚਾਹੁੰਦੀਆਂ ਸਨ ਕਿ ਉਹ ਸਫਲ ਹੋਣ। ਸ਼ੇਖ ਅਕਸਰ ਮੈਨੂੰ ਕਿਹਾ ਕਰਦੇ ਸਨ, 'ਉਹ ਮੈਨੂੰ ਚਪੜਾਸੀ ਸਮਝ ਕੇ ਮੇਰੇ ਨਾਲ ਵਿਵਹਾਰ ਕਰਦੇ ਹਨ।'

ਉਨ੍ਹਾਂ ਦੇ ਪੁੱਤਰ ਫਾਰੂਕ ਅਬਦੁੱਲਾ ਓਨੇ ਕੱਦ ਵਾਲੇ ਆਗੂ ਨਹੀਂ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਕੇ ਕਿ ਉਹ ਰਲੇਵੇਂ ਦੀਆਂ ਸ਼ਰਤਾਂ ਵਲ ਵਾਪਸ ਆਵੇ, ਸਥਿਤੀ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ। ਇਹ ਸ਼ਰਤਾਂ ਇਹ ਹਨ ਕਿ ਕੇਂਦਰ ਕੋਲ ਸਿਰਫ ਤਿੰਨ ਵਿਸ਼ੇ ਰਹਿਣ ਰੱਖਿਆ, ਵਿਦੇਸ਼ੀ ਮਾਮਲੇ ਤੇ ਸੰਚਾਰ। ਸਮੇਂ ਦੀਆਂ ਸਰਕਾਰਾਂ ਨੇ ਇਹ ਮਹਿਸੂਸ ਕੀਤਾ ਕਿ ਇਹ ਸ਼ਰਤਾਂ ਮਨਜ਼ੂਰ ਨਹੀਂ ਕਰ ਸਕਦੀਆਂ ਕਿਉਂਕਿ ਉਨ੍ਹਾਂ ਨੂੰ ਇਸ ਦਾ ਉਲਟ ਅਸਰ ਹੋਣ ਦਾ ਡਰ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਇੱਕੋ-ਇਕ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਮਸਲੇ ਦਾ ਕੋਈ ਹੱਲ ਨਾ ਨਿਕਲਣ ਦੀ ਸੂਰਤ ਵਿਚ ਪੈਦਾ ਹੋਣ ਵਾਲੇ ਖਤਰਿਆਂ ਨੂੰ ਭਾਂਪ ਲਿਆ ਸੀ। ਉਨ੍ਹਾਂ ਨੇ ਇਕ ਅਸਿੱਧਾ ਢੰਗ ਅਪਣਾਇਆ ਸੀ, ਜਿਸ ਰਾਹੀਂ ਉਦੋਂ ਹੱਲ ਲਗਭਗ ਕੱਢ ਹੀ ਲਿਆ ਗਿਆ ਸੀ ਪਰ ਉਦੋਂ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਫੌਜੀ ਮੁਖੀ ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਗੱਦੀਓਂ ਲਾਹ ਦਿੱਤਾ।

ਮੈਨੂੰ ਕਾਨਫਰੰਸ ਵਿਚ ਨਹਿਰੂ ਵਲੋਂ ਕਸ਼ਮੀਰੀਆਂ ਨਾਲ ਕੀਤੇ ਉਸ ਵਾਅਦੇ ਦੀ ਯਾਦ ਦਿਵਾਈ ਗਈ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਹ ਕਸ਼ਮੀਰੀਆਂ ਨੂੰ ਹੀ ਇਹ ਫੈਸਲਾ ਕਰਨ ਦਾ ਮੌਕਾ ਦੇਣਗੇ ਕਿ ਉਹ ਆਪਣੇ ਖੇਤਰ ਦਾ ਕੀ ਕਰਨਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਨਹਿਰੂ ਨੇ ਹਮੇਸ਼ਾ ਲਈ ਰਾਏਸ਼ੁਮਾਰੀ ਕਰਾਉਣ ਦੀ ਮੰਗ ਰੱਦ ਕਰ ਦਿੱਤੀ ਸੀ। ਉਨ੍ਹਾਂ ਦੀ ਦਲੀਲ ਇਹ ਸੀ ਕਿ ਪਾਕਿਸਤਾਨ ਨੇ ਸੈਂਟੋ ਅਤੇ ਸੀਟੋ ਵਿਚ ਸ਼ਾਮਿਲ ਹੋ ਕੇ ਜੋ ਸੋਵੀਅਤ ਸੰਘ ਖਿਲਾਫ ਦੋ ਫੌਜੀ ਗਠਜੋੜ ਸਨ, ਸਾਰੇ ਮਾਹੌਲ ਨੂੰ ਬਦਲ ਦਿੱਤਾ ਸੀ। ਅੱਸੀਵਿਆਂ ਵਿਚ ਕਸ਼ਮੀਰ ਸਮੱਸਿਆ ਇਕ ਮੁੱਦਾ ਬਣ ਗਈ। ਕਸ਼ਮੀਰੀਆਂ ਨੇ ਵੀ ਇਸ ਸਬੰਧੀ ਦੁਵੱਲੀ ਗੱਲਬਾਤ 'ਚ ਧਿਰ ਵਜੋਂ ਉਸ ਨੂੰ ਸ਼ਾਮਿਲ ਕਰਨ ਦਾ ਦਾਅਵਾ ਕੀਤਾ। 1987 ਵਿਚ ਰਾਜ 'ਚ ਹੋਈਆਂ ਚੋਣਾਂ ਵਿਚ ਧਾਂਦਲੀ ਹੋਈ ਜਿਸ ਨੇ ਨੌਜਵਾਨਾਂ ਦਾ ਮੂੰਹ ਵੋਟ ਦੀ ਜਗ੍ਹਾ ਗੋਲੀ ਵਲ ਮੋੜ ਦਿੱਤਾ।

ਪਾਕਿਸਤਾਨ ਵੀ ਇਨ੍ਹਾਂ ਨੂੰ ਹਥਿਆਰ ਮੁਹੱਈਆ ਕਰਾਉਣ ਦਾ ਇੱਛੁਕ ਸੀ। ਇਸ ਤੋਂ ਬਾਅਦ ਦੇ 10 ਸਾਲਾਂ ਤੱਕ ਕਸ਼ਮੀਰੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਸੰਘਰਸ਼ ਚਲਦਾ ਰਿਹਾ। ਦੋਵੇਂ ਪਾਸੇ ਹਜ਼ਾਰਾਂ ਲੋਕ ਮਾਰੇ ਗਏ। ਨਤੀਜਾ ਇਹ ਨਿਕਲਿਆ ਕਿ ਕਸ਼ਮੀਰੀਆਂ ਤੇ ਭਾਰਤ ਸਰਕਾਰ ਵਿਚਕਾਰ ਦੂਰੀਆਂ ਹੋਰ ਵਧ ਗਈਆਂ।

ਤਿੰਨ ਗੱਲਾਂ ਹੋਈਆਂ। ਇਕ ਇਹ ਕਿ ਕਸ਼ਮੀਰ ਦੀ ਲੀਡਰਸ਼ਿਪ ਨੇ 'ਆਲ ਪਾਰਟੀ ਹੁਰੀਅਤ ਕਾਨਫਰੰਸ' ਨਾਂ ਹੇਠ ਇਕ ਸਾਂਝੀ ਜਥੇਬੰਦੀ ਬਣਾ ਲਈ। ਦੂਜੀ, ਇਕ ਧਰਮ-ਨਿਰਪੱਖ ਲਹਿਰ ਨੂੰ ਇਸਲਾਮੀ ਰੰਗਤ ਮਿਲ ਗਈ, ਖਾਸ ਕਰਕੇ ਗਰਮ ਖਿਆਲੀ ਸਈਅਦ ਅਲੀ ਸ਼ਾਹ ਗਿਲਾਨੀ ਕਾਰਨ। ਤੀਜੀ, ਪਾਕਿਸਤਾਨ 'ਚ ਸ਼ਾਮਿਲ ਹੋਣ ਦਾ ਵਿਚਾਰ ਪੂਰਨ ਆਜ਼ਾਦੀ ਲੈਣ ਦੀ ਮੰਗ ਵਿਚ ਬਦਲ ਗਿਆ ਜਿਸ ਦਾ ਨਾਅਰਾ ਕਸ਼ਮੀਰ ਦੇ ਪਹਿਲੇ ਖਾੜਕੂ ਯਾਸੀਨ ਮਲਿਕ ਨੇ ਲਾਇਆ। ਅੱਜ ਇਹ ਭਾਵਨਾ ਕਸ਼ਮੀਰੀਆਂ ਵਲੋਂ ਆਪਣੀ ਹੋਣੀ ਖੁਦ ਘੜਨ ਦੇ ਫੈਸਲੇ ਦਾ ਰੂਪ ਧਾਰਨ ਕਰ ਚੁੱਕੀ ਹੈ।

# ਸਾਧ ਚਲਦੇ ਭਲੇ-ਨਗਰੀ ਵੱਸਦੀ ਭਲੀ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕਿਸੇ ਛੋਟੀ-ਮੋਟੀ ਰਿਆਸਤ ਦਾ ਇਕ ਰਾਜਾ, ਜਦੋਂ ਵੀ ਇਧਰ-ਉਧਰ ਜਾਣ ਲੱਗਿਆਂ ਦਰਿਆ ਦੇ ਪੱਤਣ ਤੋਂ ਗੁਜ਼ਰਦਾ ਤਾਂ ਉਹ ਦਰਿਆ ਦੇ ਕੰਢੇ ਉਪਰ ਕੱਖਾਂ-ਕਾਨਿਆਂ ਦੀ ਬਣੀ ਖਸਤਾ ਹਾਲ ਕੁੱਲੀ ਵਲ ਜ਼ਰੂਰ ਨਿਗ੍ਹਾ ਮਾਰਦਾ। ਉਥੇ ਇਕ ਬਹੁਤ ਹੀ ਤੇਜਸਵੀ ਸਾਧੂ ਜਾਂ ਤਾਂ ਸਮਾਧੀ ਵਿਚ ਲੀਨ ਹੁੰਦਾ ਜਾਂ ਫਿਰ ਕੁੱਲੀ ਦੇ ਇਰਦ-ਗਿਰਦ ਸਿਮਰਨਾ ਫੇਰਦਾ ਦਿਖਾਈ ਦਿੰਦਾ। ਉਥੋਂ ਲੰਘਣ ਸਮੇਂ ਰਾਜਾ ਉਸ ਨੂੰ ਦੂਰੋਂ ਹੱਥ ਜੋੜ ਕੇ ਨਮਸਕਾਰ ਕਰ ਦਿੰਦਾ ਪਰ ਉਹ ਸਾਧੂ ਇਤਨਾ ਬੇਪ੍ਰਵਾਹ ਸੀ ਕਿ ਉਸਨੇ ਕਦੇ ਵੀ ਰਾਜੇ ਦੀ ਨਮਸਕਾਰ ਨੂੰ ਗੌਲਿਆ ਨਹੀਂ ਸੀ। ਲੇਕਿਨ ਰਾਜੇ 'ਤੇ ਉਸ ਨੂਰਾਨੀ ਚਿਹਰੇ ਵਾਲੇ ਸਾਧੂ ਦਾ ਬਹੁਤ ਪ੍ਰਭਾਵ ਸੀ।

ਰਾਜੇ ਦੇ ਮਨ ਵਿਚ ਕਈ ਵਾਰ ਇਹ ਸ਼ਰਧਾ ਭਰੀ ਇੱਛਾ ਪੈਦਾ ਹੋਈ ਕਿ ਇਸ ਸਾਧੂ ਨੂੰ ਮਹਿਲਾਂ ਵਿਚ ਲਿਜਾ ਕੇ ਭੋਜਨ ਛਕਾਇਆ ਜਾਵੇ ਪਰ ਉਹ ਸਾਧੂ ਦੇ ਫੱਕਰਪੁਣੇ ਤੋਂ ਤ੍ਰਹਿੰਦਾ ਰਿਹਾ। ਕੀ ਪਤਾ ਉਹ ਨਾ ਮੰਨੇ ਜਾਂ ਜਵਾਬ ਦੇਣ ਸਮੇਂ ਮੈਨੂੰ ਕੋਈ ਐਸੀ-ਵੈਸੀ ਗੱਲ ਕਹਿ ਦੇਵੇ। ਅਹਿਲਕਾਰਾਂ ਸਾਹਮਣੇ ਮੇਰੀ ਬੇਇੱਜ਼ਤੀ ਹੋ ਜਾਵੇਗੀ। ਅਜਿਹੀਆਂ ਸੋਚਾਂ ਵਿਚ ਉਲਝੇ ਰਾਜੇ ਦਾ ਕਦੀ ਹੌਸਲਾ ਨਾ ਪਿਆ ਕਿ ਉਹ ਸਾਧੂ ਨੂੰ ਰਾਜ-ਮਹਿਲੀਂ ਆਉਣ ਦਾ ਸੱਦਾ ਦੇਵੇ।

ਇਕ ਦਿਨ ਰਾਜੇ ਨੇ ਹੀਆ ਕਰਕੇ ਸਾਧੂ ਨੂੰ ਚਰਨ ਬੰਦਨਾਂ ਕਰਦਿਆਂ ਦਿਲ ਦੀ ਇੱਛਾ ਕਹਿ ਦਿੱਤੀ। ਰਾਜੇ ਦੀ ਸਾਧੂ ਪ੍ਰਤੀ ਸ਼ਰਧਾ ਉਸੇ ਵੇਲੇ ਅੱਧੀ ਰਹਿ ਗਈ, ਜਦ ਉਹ ਸਾਧੂ, ਰਾਜੇ ਦੇ ਇੱਕੋ ਵਾਰ ਕਹਿਣ 'ਤੇ ਰਾਜਮਹਿਲੀਂ ਜਾਣ ਲਈ ਤਿਆਰ ਹੋ ਗਿਆ। ਰਾਜਾ ਤਾਂ ਸੋਚਦਾ ਸੀ ਕਿ ਹਜ਼ਾਰ ਮਿੰਨਤਾਂ-ਅਰਜ਼ੋਈਆਂ ਕਰਨੀਆਂ ਪੈਣਗੀਆਂ ਪਰ ਇਥੇ ਤਾਂ ਇਕਦਮ ਉਲਟ ਹੋ ਗਿਆ। ਸਾਧੂ ਤਾਂ ਇੰਜ ਝਟਪਟ ਮੰਨ ਗਿਆ ਜਿਵੇਂ ਕਿਤੇ ਉਹ ਰਾਜੇ ਦਾ ਸੱਦਾ ਹੀ ਉਡੀਕ ਰਿਹਾ ਸੀ?

ਚਲੋ ਖੈਰ, ਰਾਜਮਹਿਲਾਂ ਵਿਚ ਪਹੁੰਚ ਕੇ ਰਾਜੇ ਦੇ ਵਿਸ਼ਰਾਮ-ਗ੍ਰਹਿ ਦੇ ਨੇੜੇ ਹੀ ਉਹੋ ਜਿਹੇ ਭਵਨ ਵਿਚ ਸਾਧੂ ਦੀ ਰਿਹਾਇਸ਼ ਦਾ ਇੰਤਜ਼ਾਮ ਕਰ ਦਿੱਤਾ ਗਿਆ। ਜਦੋਂ ਰਾਜਾ ਸੌਣ ਦੀ ਤਿਆਰੀ ਕਰਦਾ ਤਾਂ ਸਾਧੂ ਵੀ ਸੌਂ ਜਾਂਦਾ। ਰਾਜਾ ਉਠਦਾ ਤਾਂ ਉਹ ਵੀ ਜਾਗ ਪੈਂਦਾ। ਉਹ ਪ੍ਰਛਾਵੇਂ ਵਾਂਗ ਰਾਜੇ ਦੇ ਅੰਗ-ਸੰਗ ਰਹਿੰਦਾ। ਹੁਣ ਉਸ ਪ੍ਰਤੀ ਰਾਜੇ ਦੀ ਸਾਰੀ ਸ਼ਰਧਾ ਭਾਵਨਾ ਉਡ-ਪੁਡ ਗਈ। ਰਾਜਾ ਚਾਹ ਰਿਹਾ ਸੀ ਕਿ ਇਹ ਆਪੇ ਹੀ ਇਥੋਂ ਵਿਦਾ ਹੋ ਜਾਵੇ ਪਰ ਸਾਧੂ ਉਥੋਂ ਹਿੱਲਣ ਦਾ ਨਾਂ ਨਹੀਂ ਸੀ ਲੈ ਰਿਹਾ। ਉਹ ਬੜੀ ਆਨੰਦ-ਪ੍ਰਸੰਨਤਾ ਨਾਲ ਉਥੇ ਸਮਾਂ ਬਤੀਤ ਕਰਨ ਲੱਗਾ।

ਇਕ ਦਿਨ ਜਦੋਂ ਉਹ ਦੋਵੇਂ ਜਣੇ ਪ੍ਰਸ਼ਾਦਾ ਛਕ ਕੇ ਹਟੇ ਤਾਂ ਅੱਕੇ ਪਏ ਰਾਜੇ ਦੇ ਮਨ ਵਿਚ ਫੁਰਨਾ ਫੁਰਿਆ। ਉਹ ਸਾਧੂ ਨੂੰ ਕਹਿਣ ਲੱਗਾ, "ਬਾਬਾ ਜੀ, ਜਿਹੋ ਜਿਹਾ ਭੋਜਨ ਮੈਂ ਛਕਦਾ ਹਾਂ, ਉਹੋ ਜਿਹਾ ਹੀ ਤੁਸੀਂ ਛਕਦੇ ਹੋ। ਸੋਨੇ ਦੇ ਭਾਂਡਿਆਂ ਵਿਚ ਮੇਰੀ ਦਾਲ-ਭਾਜੀ ਹੁੰਦੀ ਏ ਤੇ ਸੋਨੇ ਦੇ ਭਾਂਡਿਆਂ ਵਿਚ ਹੀ ਤੁਹਾਡੀ। ਜਿੱਦਾਂ ਦੇ ਸ਼ਾਹੀ ਪਲੰਘ 'ਤੇ ਮੈਂ ਰਾਤ ਗੁਜ਼ਾਰਦਾ ਹਾਂ, ਉਹੋ ਜਿਹੇ 'ਤੇ ਹੀ ਤੁਸੀਂ। ਸਾਡੇ ਦੋਹਾਂ ਦਾ ਸੌਣ-ਜਾਗਣ ਦਾ ਸਮਾਂ ਵੀ ਇਕੋ ਹੀ ਹੈ।...ਹੁਣ ਤੁਸੀਂ ਦੱਸੋ ਕਿ ਅਸੀਂ ਦੋਵੇਂ ਇਕੋ ਜਿਹੇ ਨਹੀਂ ਹੋ ਗਏ? ਹੁਣ ਤੁਹਾਡੇ ਤੇ ਮੇਰੇ ਵਿਚ ਫਰਕ ਕਾਹਦਾ ਰਹਿ ਗਿਆ?"

"ਤੁਹਾਡਾ ਖਿਆਲ ਸਹੀ ਹੈ ਰਾਜਨ, ਪਰ ਤੁਹਾਡੇ ਤੇ ਮੇਰੇ ਵਿਚ ਇਕ ਬਹੁਤ ਵੱਡਾ ਫਰਕ ਹੈ।" ਸ਼ਾਂਤ ਚਿੱਤ ਸਾਧੂ ਵਲੋਂ ਇੰਜ ਕਹਿਣ 'ਤੇ ਰਾਜੇ ਨੇ ਫੱਟ ਸਵਾਲ ਕੀਤਾ, "ਉਹ ਕਿਹੜਾ?" "ਆ ਦਿਖਾਵਾਂ" ਕਹਿ ਕੇ ਸਾਧੂ ਉਥੋਂ ਤੁਰ ਪਿਆ। ਰਾਜਾ ਵੀ ਉਤਸੁਕਤਾ ਨਾਲ ਉਹਦੇ ਪਿੱਛੇ-ਪਿੱਛੇ ਚਲ ਪਿਆ। ਰਾਜ ਦਰਬਾਰ ਤੋਂ ਬਾਹਰ ਆ ਗਏ... ਸਾਰਾ ਸ਼ਹਿਰ ਲੰਘ ਆਏ। ਰਾਜੇ ਨੇ ਹੈਰਾਨ ਹੁੰਦਿਆਂ ਸਾਧੂ ਨੂੰ ਪੁੱਛਿਆ ਕਿ ਮਹਾਂਪੁਰਸ਼ੋ, ਤੁਸੀਂ ਆਪਣੇ ਤੇ ਮੇਰੇ ਵਿਚ ਫਰਕ ਦੱਸਦੇ ਈ ਨਹੀਂ? ਪਰ ਸਾਧੂ ਨੇ ਉਸਨੂੰ ਪਿੱਛੇ ਤੁਰੇ ਆਉਣ ਲਈ ਇਸ਼ਾਰਾ ਕੀਤਾ। ਤੁਰਦਿਆਂ-ਤੁਰਦਿਆਂ ਹੁਣ ਉਹ ਉਥੇ ਪਹੁੰਚ ਗਏ, ਜਿਥੇ ਰਾਜੇ ਦੀ ਰਿਆਸਤ ਦਾ ਵਸੀਮਾ ਖ਼ਤਮ ਹੁੰਦਾ ਸੀ ਤੇ ਦੂਜੇ ਬਾਦਸ਼ਾਹ ਦਾ ਇਲਾਕਾ ਸ਼ੁਰੂ ਹੁੰਦਾ ਸੀ। ਸਾਧੂ ਤਾਂ ਪੈਦਲ ਚਲਦਾ ਹੋਇਆ ਸਰਹੱਦ ਪਾਰ ਕਰ ਗਿਆ, ਪਰ ਨਾਲ ਤੁਰਿਆ ਹੋਇਆ ਰਾਜਾ, ਆਪਣੀ ਸਰਹੱਦ 'ਤੇ ਖਲੋ ਕੇ ਕਹਿੰਦਾ ਕਿ ਮੈਂ ਇਸ ਤੋਂ ਅੱਗੇ ਨਹੀਂ ਜਾ ਸਕਦਾ। ਮੇਰੇ ਰਾਜ ਦੀ ਸੀਮਾ ਇੱਥੇ ਖ਼ਤਮ ਹੁੰਦੀ ਹੈ। ਮੇਰੇ ਸਵਾਲ ਦਾ ਜਵਾਬ ਇਥੇ ਹੀ ਦੇ ਦਿਓ।

'ਆਪਣੇ ਇਲਾਕੇ' ਵਿਚ ਖਲੋਤੇ ਰਾਜੇ ਵਲ ਦੇਖ ਕੇ ਸਾਧੂ ਮੁਸਕਰਾਉਂਦਿਆਂ ਹੋਇਆ ਬੋਲਿਆ, "ਬੱਸ ਇਹੀ ਹੈ ਤੇਰੇ ਤੇ ਮੇਰੇ ਵਿਚ ਵੱਡਾ ਫਰਕ। ਤੂੰ ਸੀਮਾ ਵਿਚ ਬੱਝਾ ਹੋਇਆ ਹੈਂ ਪਰ ਸਾਧੂ ਲਈ ਸੀਮਾ ਦੀ ਪਾਬੰਦੀ ਕੋਈ ਅਰਥ ਨਹੀਂ ਰੱਖਦੀ... ਤੇ ਧਰਤੀ ਦੀ ਸੀਮਾ ਨਾਲ ਬੱਝਾ ਹੋਇਆ ਕੋਈ ਸਾਧੂ ਨਹੀਂ ਹੁੰਦਾ।"... ਕਬੀਰ ਸਗਲੀ ਧਰਤੀ ਸਾਧ ਕੀ... ਇਹ ਸਲੋਕ ਗੁਣਗੁਣਾਉਂਦਾ ਹੋਇਆ ਫੱਕਰ ਸਾਧੂ ਔਹ ਗਿਆ-ਔਹ ਗਿਆ।... ਸਾਧ ਚਲਦੇ ਭਲੇ, ਨਗਰੀ ਵਸਦੀ ਭਲੀ!

ਸਾਡੇ ਇਲਾਕੇ ਵਿਚ ਸਾਧੂ ਬਿਰਤੀ ਵਾਲੇ ਇਕ ਨਿਹੰਗ ਸਿੰਘ ਹੁੰਦੇ ਸਨ ਬਾਬਾ ਹਰਨਾਮ ਸਿੰਘ। ਗੜ੍ਹਸ਼ੰਕਰ ਅਤੇ ਨਵਾਂਸ਼ਹਿਰ ਦੀਆਂ ਦੋ ਤਹਿਸੀਲਾਂ ਦੇ ਕਈ ਪਿੰਡਾਂ ਵਿਚ ਉਨ੍ਹਾਂ ਨੇ ਗੁਰਦੁਆਰੇ ਤਾਮੀਰ ਕਰਵਾਏ। ਬੱਬਰ ਕਰਮ ਸਿੰਘ ਦੇ ਪਿੰਡ ਦੌਲਤਪੁਰ, ਬਕਾਪੁਰ, ਜੈਨਪੁਰ, ਮਹਿੰਦਪੁਰ, ਬੀਹੜਾਂ, ਅਕਾਲਗੜ੍ਹ ਅਤੇ ਮੋਇਲਾ ਵਾਹਿਦਪੁਰ ਆਦਿ ਪਿੰਡਾਂ ਵਿਚ ਉਨ੍ਹਾਂ ਨੇ ਆਲੀਸ਼ਾਨ ਗੁਰਦੁਆਰੇ ਬਣਵਾਏ। ਇਸ ਬਾਬੇ ਦੀ ਸਾਦਗੀ ਦੀਆਂ ਪੂਰੇ ਇਲਾਕੇ ਵਿਚ ਗੱਲਾਂ ਹੁੰਦੀਆਂ ਰਹਿੰਦੀਆਂ ਨੇ। ਕਹਿੰਦੇ ਨੇ ਜਿਸ ਪਿੰਡ ਵੀ ਗੁਰੂਘਰ ਬਣਾਉਂਦੇ, ਉਥੇ ਆਪ ਖੁਦ ਮਜ਼ਦੂਰਾਂ ਨਾਲ ਰਲ ਕੇ ਸਾਰਾ ਕੰਮ ਕਰਦੇ। ਕਿਸੇ ਦੇ ਘਰ ਵਿਸ਼ਰਾਮ ਕਰਨ ਦੀ ਥਾਂ ਉਥੇ ਹੀ ਅਲਾਣੀ ਮੰਜੀ 'ਤੇ ਰੈਣ ਬਸੇਰਾ ਕਰ ਲੈਂਦੇ। ਜੇ ਕੋਈ ਸ਼ਰਧਾਲੂ ਬੀਬੀ ਘਿਓ-ਮੱਖਣ ਵਗੈਰਾ ਛਕਾਉਣ ਲਈ ਲਿਆਉਂਦੀ ਤਾਂ ਆਪਣੇ ਲਈ ਸਿਰਫ ਦੋ ਫੁਲਕਿਆਂ 'ਤੇ ਥੋੜ੍ਹੀ ਦਾਲ-ਭਾਜੀ ਪਾ ਕੇ ਛਕ ਲੈਂਦੇ। ਖੇਤਾਂ ਵਿਚ ਹਲ ਵਾਹ ਰਹੇ ਪਾਲੀਆਂ ਵਲ ਇਸ਼ਾਰਾ ਕਰਕੇ ਕਹਿੰਦੇ, "ਭਾਈ, ਘਿਉ-ਮੱਖਣ ਉਨ੍ਹਾਂ ਨੂੰ ਛਕਾਓ।"

ਬਜ਼ੁਰਗ ਦੱਸਦੇ ਹੁੰਦੇ ਹਨ ਕਿ ਜਿਸ ਪਿੰਡ ਗੁਰਦੁਆਰਾ ਸਾਹਿਬ ਮੁਕੰਮਲ ਹੋ ਜਾਂਦਾ, ਉਥੇ ਸਮਾਪਤੀ ਦਾ ਦੀਵਾਨ ਲਾ ਕੇ ਫਤਿਹ ਬੁਲਾ ਜਾਂਦੇ। ਫਿਰ ਕਿਸੇ ਹੋਰ ਪਿੰਡ ਸੇਵਾ ਕਰਨ ਜਾ ਲਗਦੇ। ਕਈ ਪਿੰਡਾਂ ਵਿਚ ਉਨ੍ਹਾਂ ਨੇ ਸਕੂਲ ਵੀ ਬਣਵਾਏ। ਉਨ੍ਹਾਂ ਬਾਰੇ ਕਦੇ ਇਹ ਨਹੀਂ ਸੁਣਿਆ ਕਿ ਉਨ੍ਹਾਂ ਨੇ ਗੁਰਦੁਆਰੇ ਦੇ ਨਾਲ-ਨਾਲ ਆਪਣੀ ਵੱਖਰੀ ਕੁਟੀਆ ਬਣਾਈ ਹੋਵੇ ਜਾਂ ਕਿਤੇ ਉਹ ਕਿਸੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਹੋਣ। ਨਾ ਹੀ ਉਨ੍ਹਾਂ ਨੇ ਕਿਸੇ ਗੁਰਦੁਆਰੇ ਵਿਚ ਆਪਣੇ ਜਾਂ-ਨਸ਼ੀਨ ਵਜੋਂ ਕਿਸੇ 'ਛੋਟੇ ਸੰਤ' ਨੂੰ ਨਾਮਜ਼ਦ ਕੀਤਾ। ਬਾਬਾ ਹਰਨਾਮ ਸਿੰਘ ਨੇ ਸਾਰੀ ਜ਼ਿੰਦਗੀ 'ਰਾਤ ਕਿਤੇ ਦਿਨ ਕਿਤੇ ਬਿਤੈ ਹੈ' ਅਨੁਸਾਰ ਹੀ ਗੁਜ਼ਾਰੀ।

ਰੋਪੜ ਦੇ ਲਾਗੇ ਇਕ ਵਿਸ਼ਾਲ ਡੇਰੇ ਦਾ ਸ਼ਰਧਾਲੂ ਮੇਰਾ ਦੋਸਤ ਹੈ। ਉਹ ਹਮੇਸ਼ਾ ਉਸ



ਡੇਰੇ ਦੇ ਸੰਚਾਲਕ ਬਾਬਾ ਜੀ ਦੀਆਂ ਸਿਫਤਾਂ ਕਰਦਿਆਂ ਕਹਿੰਦਾ ਹੈ ਕਿ ਉਹ ਪੱਕੇ 'ਪੰਥਕ ਸਾਧੂ' ਹਨ ਅਤੇ ਉਹ ਸਿਧਾਂਤਕ ਤੌਰ 'ਤੇ ਖਾਲਸਾ ਪੰਥ ਨੂੰ ਸਿਰਮੌਰ ਮੰਨਦੇ ਹਨ।

ਸੰਨ 1999 ਦੇ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਖਾਲਸੇ ਦਾ ਤਿੰਨ ਸੌ ਸਾਲਾ ਸਾਜਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਵਜੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਸਵਾਰਿਆ-ਸ਼ਿੰਗਾਰਿਆ ਜਾ ਰਿਹਾ ਸੀ। ਮੇਰਾ ਉਹ ਦੋਸਤ ਮੈਨੂੰ ਹੁੱਬ ਕੇ ਦੱਸਣ ਲੱਗਾ ਕਿ ਮੈਂ ਸੰਤਾਂ (ਰੋਪੜ ਲਾਗਲੇ ਡੇਰੇ ਵਾਲੇ) ਨੂੰ ਕਿਹਾ ਕਿ ਬਾਬਾ ਜੀ, ਕਹਿੰਦੇ ਸ੍ਰੀ ਅਨੰਦਪੁਰ ਸਾਹਿਬ ਅੱਠਵਾਂ ਅਜੂਬਾ ਬਣਨ ਜਾ ਰਿਹਾ ਹੈ। ਅੱਗਿਓਂ ਸੰਤ ਬੋਲੇ, "ਅੱਛਾ ਭਾਈ ਜਿਥੇ ਤੂੰ ਬੈਠਾ ਏਂ, ਇਹ ਫਿਰ 'ਨੌਵਾਂ ਅਜੂਬਾ' ਬਣ ਜਾਏਗਾ।" ਇਸ ਪੰਥਕ ਸੰਤ ਵਲੋਂ ਆਪਣੇ ਡੇਰੇ ਨੂੰ 'ਨੌਵਾਂ ਅਜੂਬਾ' ਬਣਾਏ ਜਾਣ ਦੀ ਕੀਤੀ ਗਈ 'ਭਵਿੱਖਬਾਣੀ' ਸੁਣ ਕੇ ਮੇਰਾ ਅੰਮ੍ਰਿਤਧਾਰੀ ਦੋਸਤ ਬਾਗੋ-ਬਾਗ ਹੁੰਦਾ ਕਹਿ ਰਿਹਾ ਸੀ, "ਸਾਧੂ ਬੋਲੇ ਸਹਿਜ ਸੁਭਾਇ, ਸਾਧੂ ਕਾ ਬੋਲਿਆ ਬਿਰਥਾ ਨਾ ਜਾਇ।"

ਜਿਵੇਂ ਕਿ ਆਮ ਡੇਰਿਆਂ ਵਿਚ ਹੁੰਦਾ ਹੀ ਹੈ, ਇਕ ਕੁਟੀਆ ਵਿਚ ਰਹਿੰਦੇ 'ਸੰਤ ਜੀ' ਤੋਂ ਲਾਗਲੇ ਪਿੰਡਾਂ ਦੇ ਲੋਕਾਂ ਦਾ ਮੋਹ ਭੰਗ ਹੋ ਗਿਆ। ਲੋਕ ਚਾਹੁੰਦੇ ਸਨ ਕਿ ਸੰਤ ਜਿੱਦਾਂ ਪਰਨਾ-ਕਛਹਿਰਾ ਲੈ ਕੇ ਇੱਥੇ ਆਇਆ ਸੀ, ਉਵੇਂ ਹੀ ਉਥੋਂ ਰਵਾਨਾ ਹੋ ਜਾਵੇ। ਪਰ ਡੇਰੇ ਦੀ ਬਣੀ-ਬਣਾਈ ਜਾਇਦਾਦ ਐਸ਼ੋ-ਆਰਾਮ ਛੱਡ ਕੇ ਸੰਤ ਜੀ ਜਾਣਾ ਨਹੀਂ ਸੀ ਚਾਹੁੰਦੇ। ਆਪੋ ਵਿਚ ਖਟਾਪਟੀ ਚਲ ਰਹੀ ਸੀ।

ਇਕ ਦਿਨ ਲਾਗੇ ਦੇ ਪਿੰਡੋਂ ਕੋਈ ਸਿੰਘ ਡੇਰੇ ਮੱਥਾ ਟੇਕਣ ਆਇਆ। ਵਿਹੜੇ ਵਿਚ ਝੂਲ ਰਹੇ ਕੇਸਰੀ ਨਿਸ਼ਾਨ ਦੇ ਕੋਲ ਸੰਤ ਜੀ ਆਪਣੇ ਕੁਝ ਸੰਗੀ-ਸਾਥੀਆਂ ਨਾਲ ਆਸਣ ਜਮਾਈ ਬੈਠੇ ਸਨ। ਪ੍ਰਸ਼ਾਦ ਲੈਣ ਉਪਰੰਤ ਉਹ ਸਿੰਘ ਸੰਤਾਂ ਦੀ ਸੰਗਤ ਵਿਚ ਆ ਖੜ੍ਹਿਆ। ਖਿਚਿਬਾਜ਼ੀ ਤਾਂ ਚਲ ਹੀ ਰਹੀ ਸੀ, ਸੋ ਉਥੇ ਚਲਦੀਆਂ ਗੱਲਾਂ ਦਾ ਰੁਖ ਗਰਮਾ-ਗਰਮ ਬਹਿਸ ਵਿਚ ਬਦਲ ਗਿਆ। ਜੋਸ਼ 'ਚ ਆਏ ਪੇਂਡੂ ਸਿੰਘ ਵਲੋਂ ਕੋਈ ਸਖ਼ਤ ਸ਼ਬਦ ਬੋਲਿਆ ਗਿਆ। ਇਧਰ ਸੰਤ ਵੀ ਆਪਣਾ 'ਸੰਤਪੁਣਾ' ਭੁਲਾ ਕੇ ਇਕਦਮ ਲੋਹੇ-ਲਾਖੇ ਹੋ ਗਏ। ਛਾਤੀ ਠੋਕ ਕੇ ਕਹਿਣ ਲੱਗੇ, "ਮੈਂ ਵੀ ਜੱਟ ਦਾ ਪੁੱਤ ਨਹੀਂ, ਜੇ ਤੈਨੂੰ ਬੰਦਾ ਨਾ ਬਣਾਇਆ ਤਾਂ...।"

ਉਹ ਦ੍ਰਿਸ਼ ਚੇਤੇ ਕਰਕੇ ਮੇਰੇ ਮੂੰਹੋਂ 'ਧੰਨ ਸਿੱਖੀ' ਆਪੇ ਹੀ ਨਿਕਲ ਜਾਂਦਾ ਹੈ। ਸੰਤਾਂ ਦਾ ਨੂੰਹੇ ਸੁੱਟਦਾ ਨੱਕ, ਬੁੱਲ੍ਹਾਂ 'ਚੋਂ ਨਿਕਲਦੀ ਝੱਗ ਅਤੇ ਲਾਲ ਸੁਰਖ ਹੋਈਆਂ ਅੱਖਾਂ ਦੇਖ ਕੇ ਉਹ ਪੇਂਡੂ ਗਰੀਬੜਾ ਸਿੱਖ, ਬੜੇ ਹੀ ਤਹੰਮਲ ਨਾਲ ਮੁਸਕਰਾ ਕੇ ਕਹਿੰਦਾ, "ਓ ਅੱਛਾ ਜੀ! ਅਸੀਂ ਤਾਂ ਫੇਰ ਭੁਲੇਖੇ ਵਿਚ ਹੀ ਰਹੇ। ਅਸੀਂ ਤਾਂ ਤੁਹਾਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁੱਤਰ ਸਮਝਦੇ ਰਹੇ...ਚੰਗਾ ਹੋਇਆ ਤੁਸੀਂ ਦੱਸ ਦਿੱਤਾ ਕਿ "ਗੁਰੂ ਦਾ ਨਹੀਂ, ਮੈਂ ਜੱਟ ਦਾ ਪੁੱਤ ਹਾਂ।"

ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਦੌਰਾਨ ਇਕ ਰਾਤ ਅਸੀਂ ਵੱਖ-ਵੱਖ ਦੀਵਾਨਾਂ ਦੀਆਂ ਹਾਜ਼ਰੀਆਂ ਭਰਦੇ ਘੁੰਮ ਰਹੇ ਸਾਂ। ਇਕ ਲੰਗਰ-ਅਸਥਾਨ ਦੇ ਬਾਹਰਵਾਰ ਕਿਸੇ ਡੇਰੇ ਦੇ ਸੰਤਾਂ ਦਾ ਨਾਮ ਪੜ੍ਹ ਕੇ ਮੇਰਾ ਇਕ ਮਿੱਤਰ ਕਹਿਣ ਲੱਗਾ ਕਿ ਇਨ੍ਹਾਂ ਸੰਤਾਂ ਦੇ ਲੰਗਰ ਦਾ ਸੌਂਫਾ ਬਹੁਤ ਸੁਆਦ ਹੁੰਦਾ ਹੈ। ਥਕੇਵਾਂ ਲਾਹੁਣ ਲਈ ਆਪਾਂ ਇਕ-ਇਕ ਬਾਟੀ ਛਕ ਲਈਏ। ਕੁਦਰਤੀ ਸਾਡੀ ਪੰਗਤ ਦਾ ਨੰਬਰ ਛੇਤੀ ਲੱਗ ਗਿਆ। ਸਵਾਦਿਸ਼ਟ ਸੌਂਫੇ ਦੇ ਨਾਲ-ਨਾਲ ਬ੍ਰੈਡ ਪੀਸ ਤੇ ਪਕੌੜੇ ਵਰਤਾਏ ਜਾ ਰਹੇ ਸਨ। ਸੱਚਮੁਚ ਸੌਂਫੇ ਦਾ ਸਵਾਦ ਅਲਹਿਦਾ ਹੀ ਸੀ। ਅਸੀਂ ਸੋਚਿਆ ਕਿ ਸੰਤਾਂ ਦੇ ਦਰਸ਼ਨ ਵੀ ਕਰ ਚੱਲੀਏ, ਨਾਲੇ ਗੋਲਕ ਵਿਚ ਦਸ-ਵੀਹ ਰੁਪਏ ਭੇਟ ਕਰ ਆਈਏ। ਇਹ ਸੋਚ ਕੇ ਅਸੀਂ ਸੰਤਾਂ ਦੇ ਨਿਵਾਸ ਕਮਰੇ ਵਲ ਚਲ ਪਏ।

ਅੰਦਰ ਜਾ ਕੇ ਕੀ ਦੇਖਦੇ ਹਾਂ। ਚਿੱਟੇ ਦੁੱਧ ਜਿਹੇ ਗੁਦਗੁਦੇ ਗਦੈਲੇ ਉਪਰ ਮਹਾਂਪੁਰਸ਼ ਬਿਰਾਜਮਾਨ ਹਨ। ਉਨ੍ਹਾਂ ਦੀਆਂ ਲੰਮੀਆਂ ਵਸਾਰੀਆਂ ਹੋਈਆਂ ਦੋਂਹ ਲੱਤਾਂ ਨੂੰ ਚਾਰ ਜਣੇ ਘੁੱਟ ਰਹੇ ਹਨ। ਆਪਣੀ ਗੋਗੜ ਉਤੇ ਦੋਵੇਂ ਹੱਥ ਟਿਕਾਈ ਬਾਬਾ ਜੀ ਲੋਹੇ ਦੇ ਮਣਕਿਆਂ ਵਾਲਾ ਸਿਮਰਨਾ ਫੇਰ ਰਹੇ ਹਨ। ਕਮਰਾ ਭਰਿਆ ਹੋਇਆ ਹੋਣ ਕਰਕੇ ਅਸੀਂ ਦੂਰੋਂ ਨਮਸਕਾਰ ਕਰਕੇ ਬਹਿ ਗਏ। ਲੰਗਰ ਵਲੋਂ ਦੋ ਸਿੰਘ ਕਮਰਕੱਸੇ ਬੰਨ੍ਹੀ ਅੰਦਰ ਆਏ। ਬਾਬਾ ਜੀ ਨੇ ਉਨ੍ਹਾਂ ਦੇ ਨਾਮ ਲੈ ਕੇ ਉਚੀ ਆਵਾਜ਼ ਵਿਚ ਪੁੱਛਿਆ ਕਿ ਲੰਗਰ ਠੀਕ-ਠਾਕ ਚਲ ਰਿਹਾ ਹੈ? ਉਨ੍ਹਾਂ ਨੇ ਤਾਂ ਦੋਵੇਂ ਹੱਥ ਜੋੜ ਕੇ ਲੰਗਰ ਦੇ ਚੜ੍ਹਦੀ ਕਲਾ ਵਿਚ ਹੋਣ ਦਾ ਸੰਕੇਤ ਦਿੱਤਾ ਪਰ ਬਾਬਾ ਜੀ ਦੀ ਮੁੱਠੀ-ਚਾਪੀ ਕਰ ਰਹੇ ਦੋ ਸਿੰਘ ਵਾਰੀ-ਵਾਰੀ ਕਹਿਣ ਲੱਗੇ, "ਮਹਾਰਾਜ, ਲੰਗਰ ਦੀ ਨਾ ਪੁੱਛੋ, ਤਿੰਨ ਦਿਨਾਂ ਤੋਂ ਲਗਾਤਾਰ ਚਲ ਰਿਹਾ ਹੈ, ਆਪ ਦੀ 'ਮਿਹਰ' ਸਦਕਾ। ਇਹ ਸਭ ਆਪ ਦੀਆਂ 'ਕਮਾਈਆਂ' ਦੀਆਂ ਬਰਕਤਾਂ ਨੇ...ਰਾਤੀਂ ਬਾਰਾਂ ਕੁ ਵਜੇ ਅਸੀਂ ਕੇਸਗੜ੍ਹ (ਉਨ੍ਹਾਂ 'ਸਾਹਿਬ' ਨਹੀਂ ਸੀ ਕਿਹਾ) ਦੇ ਲੰਗਰਾਂ ਵਿਚ ਗਏ, ਉਥੇ ਲਾਂਗਰੀ ਖਾਲੀ ਹੱਥ ਬੈਠੇ ਸਨ। ਅਖੇ ਰਸਦਾਂ ਮੁੱਕ ਗਈਆਂ... ਹੀ...ਹੀ...ਹਾ...ਹਾ...।"

ਕੇਸਗੜ੍ਹ ਸਾਹਿਬ ਦੇ ਲੰਗਰ ਬਾਰੇ ਹਿਮਾਲੀਆ ਪਰਬਤ ਜਿੱਡੀ ਗੱਪ ਮਾਰਦੇ ਹੋਏ ਉਨ੍ਹਾਂ ਦੋਹਾਂ 'ਸਾਧ ਸ਼ਰਧਾਲੂਆਂ' ਦੇ ਚਿਹਰਿਆਂ 'ਤੇ ਜਿੰਨੀ ਲਾਲੀ ਛਾਈ ਹੋਈ ਸੀ, ਉਨ੍ਹਾਂ ਤੋਂ ਦੁੱਗਣੀ ਲਾਲੀ 'ਆਪਣੇ ਲੰਗਰਾਂ' ਦੀ ਉਪਮਾ ਸੁਣ ਕੇ ਖੀਵੇ ਹੁੰਦੇ ਜਾ ਰਹੇ ਉਸ ਬਾਬੇ ਦੇ ਚਿਹਰੇ 'ਤੇ ਡਲਕਾਂ ਮਾਰ ਰਹੀ ਸੀ। ਪੰਥ ਦੇ ਕੇਂਦਰੀ ਅਸਥਾਨ ਦੀ ਨਿੰਦਿਆ ਸੁਣ ਕੇ ਮੇਰੇ ਚਿਹਰੇ ਦੇ ਬਦਲਦੇ ਤੇਵਰ ਦੇਖ ਕੇ ਉਹ ਮਿੱਤਰ ਜਿਹੜਾ ਸਾਨੂੰ ਇਥੇ ਲਿਆਇਆ ਸੀ, ਕਾਹਲੀ 'ਚ ਬੋਲਿਆ, "ਚੱਲੀਏ।"

ਸਿਰਮੌਰ ਭਗਤ ਕਬੀਰ ਜੀ ਨੇ ਗ੍ਰਿਹਸਥੀ ਅਤੇ ਵੈਰਾਗੀ ਸੰਤ ਬਣਨ ਦੀਆਂ ਦੋ ਤਰਕੀਬਾਂ ਦੱਸੀਆਂ ਹਨ। ਇਕ ਸਲੋਕ ਵਿਚ ਉਹ ਕਹਿੰਦੇ ਨੇ ਕਿ ਐ ਸੱਜਣਾ ਜੇ ਤੂੰ ਗ੍ਰਿਹਸਥੀ ਬਣਨਾ ਚਾਹੁਨੈਂ ਤਾਂ ਦਸਾਂ ਨਹੁੰਆਂ ਦੀ ਕਿਰਤ-ਵਿਰਤ ਕਰਨ ਵਾਲਾ ਧਰਮੀ-ਗ੍ਰਿਹਸਥੀ ਬਣ ਜਾ। ਜੇ ਇਹ ਗ੍ਰਿਹਸਥ ਆਸ਼ਰਮ ਵਾਲੇ ਝੰਜਟ 'ਚ ਨਹੀਂ ਪੈਣਾ ਚਾਹੁੰਦਾ ਤਾਂ ਫਿਰ ਵੈਰਾਗੀ ਬਣ ਜਾਹ। ਪਰ ਜੇ ਤੂੰ ਵੈਰਾਗੀ ਬਣਨ ਤੋਂ ਬਾਅਦ ਫੇਰ 'ਮੇਰਾ-ਤੇਰਾ' ਦੇ ਚੱਕਰਾਂ ਵਿਚ ਪੈ ਗਿਆ, ਮੇਰਾ ਡੇਰਾ, ਮੇਰੀ ਕੁਟੀਆ ਜਾਂ ਮੇਰਾ ਗੁਰਦੁਆਰਾ ਕਹਿਣ ਲੱਗ ਪਿਆ ਤਾਂ ਫਿਰ ਤੇਰੇ ਜਿਹਾ ਕੋਈ ਅਭਾਗਾ ਨਹੀਂ ਜੇ ਹੋਣਾ। ਸੌ ਹੱਥ ਰੱਸਾ ਸਿਰੇ 'ਤੇ ਗੰਢ-ਸਾਧ ਸੰਤਾਂ ਮੂੰਹੋਂ ਤਾਂ ਇਹੀ ਵਾਕ ਸੋਭਦਾ ਹੈ, 'ਸਾਧ ਚਲਦੇ ਭਲੇ, ਨਗਰੀ ਵਸਦੀ ਭਲੀ।'

---

## ਰੱਬਾ ਲੱਗ ਨਾ ਕਿਸੇ ਨੂੰ ਜਾਵੇ, ਗੁੜ ਨਾਲੋਂ ਇਸ਼ਕ ਮਿੱਠਾ

**ਡੇਵਿਡ ਐਲਿਨ ਲੌਂਗਫੈਲੋ**

ਅਜੀਬ ਸ਼ੈਅ ਹੈ ਇਸ਼ਕ ਵੀ। ਕਿਤੇ ਯਾਰ ਦੀ ਖਾਤਰ ਪੱਟ ਚੀਰ ਕੇ ਕਬਾਬ ਬਣਾਵੇ ਤੇ ਕਿਤੇ ਆਪਣਾ ਹੀ ਸਿਰ ਤਲੀ 'ਤੇ ਟਿਕਾ ਕੇ ਯਾਰ ਦੀ ਗਲੀ ਵਿਚ ਅਲਖ ਜਗਾਵੇ। ਅਜਿਹੀ ਮਿਠਾਸ ਨੂੰ ਚੱਟਣ ਲਈ ਕਿਸ ਦਾ ਦਿਲ ਨਹੀਂ ਕਰੇਗਾ? ਇਸ਼ਕ ਵਿਚ ਅੰਨ੍ਹੇ ਹੋਏ ਤੁਲਸੀ ਦਾਸ ਨੂੰ ਬਨੇਰੇ ਉਤੇ ਰੀਂਗਦਾ ਸੱਪ ਰੱਸੀ ਲੱਗਿਆ, ਨਦੀ ਵਿਚ ਤਰਿਆ ਜਾਂਦਾ ਮੁਰਦਾ ਸ਼ਤੀਰ ਜਾਪਿਆ ਅਤੇ ਉਹ ਸਹੁਰੇ ਘਰ ਦੀ ਛੱਤ ਪਾੜ ਕੇ ਆਪਣੀ ਪਤਨੀ ਕੋਲ ਜਾ ਪੁੱਜਾ। ਅੱਗੋਂ ਉਸ ਦੀ ਪਤਨੀ ਨੇ ਗੁੱਸੇ ਵਿਚ ਆ ਕੇ ਕਿਹਾ:

ਲਾਜ ਨਾ ਲਾਗਤ ਆਪ ਕੋ, ਦੌੜੇ ਆਇਓ ਸਾਥ

ਲੋਕ-ਮਨ ਦਾ ਸਭਿਆਚਾਰ ਇਸ਼ਕ ਨੂੰ ਵਿਚਾਰਗੀ ਦੀ ਸੰਗਿਆ ਨਾਲ ਨਿਵਾਜ ਕੇ ਮੁਆਫ ਕਰਨ ਦਾ ਆਦੀ ਰਿਹਾ ਹੈ, ਜਿਵੇਂ 'ਆਸ਼ਕਾਂ ਦਾ ਕੀ ਮਾਰਨਾ, ਝਿੜਕ ਦਿੱਤਿਆਂ ਮਰ ਜਾਣ।' ਤੁਲਸੀ ਦਾਸ ਦੀ ਸਾਰੀ ਉਮਰ ਪਛਤਾਵੇ ਦੀ ਅੱਗ ਵਿਚ ਸੜਦਿਆਂ ਲੰਘ ਗਈ, ਪਰ ਨਾਰੀ ਜਾਤੀ ਪ੍ਰਤੀ ਉਹ ਦੁਸ਼ਮਣੀ ਨਾ ਛੱਡ ਸਕਿਆ, ਜਿਵੇਂ 'ਸ਼ੂਦਰ ਗਵਾਰ ਢੋਰ ਔਰ ਨਾਰੀ, ਚਾਰੋਂ ਤਾੜਨ ਕੇ ਅਧਿਕਾਰੀ।' ਇਸ਼ਕ ਦੀ ਡਗਰ 'ਤੇ ਚਲਦਿਆਂ ਕਈ ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠੇ। ਪੰਜਾਬੀਆਂ ਵਿਚ ਇਸ਼ਕ, ਮਹਿਮਾਨ-ਨਿਵਾਜ਼ੀ ਅਤੇ ਅਪਣੱਤ ਦੀ ਕਮੀ ਕਦੇ ਵੀ ਨਾ ਆਈ। ਖੂਹ ਦੀਆਂ ਟਿੰਡਾਂ ਵਿਚੋਂ ਜਦੋਂ ਸੁਨਹਿਰੀ ਕਿਰਨਾਂ ਦੀ ਲੱਪ ਲੈ ਕੇ ਸਵੇਰ ਜਾਗਦੀ ਤਾਂ ਛੋਟੀਆਂ-ਛੋਟੀਆਂ ਸ਼ੋਖ ਚਿੜੀਆਂ ਚੁੰਝ ਵਿਚ ਚੁੰਝ ਪਾ ਕੇ ਇਸ਼ਕ ਦੀ ਆਰਤੀ ਉਤਾਰਦੀਆਂ। ਜਿਵੇਂ ਰਾਹ ਦੀ ਥੱਕੀ ਹਾਰੀ ਕੋਈ ਵਿਜੋਗਣ ਰਾਮ ਸਤ ਕਹਿ ਕੇ ਅਸੀਸਾਂ ਦੀ ਝੜੀ ਲਗਾਉਣ ਲਈ ਮੂੰਹ ਸੁੱਚਾ ਕਰ ਰਹੀ ਹੋਵੇ।

ਹਵਸ ਨਾਲ ਭਰੇ ਖੂਨੀ ਦਰਿੰਦੇ ਜਗੀਰਦਾਰਾਂ ਨੇ ਇਕ ਮਰਤਬਾ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਸਮਾਜ ਛੋਟੀ ਉਮਰ ਵਿਚ ਹੀ ਲੜਕੀਆਂ ਵਿਆਹੁਣ ਲਈ ਮਜਬੂਰ ਹੋ ਗਿਆ ਤਾਂ ਜੁ ਸੁਰਖੀ-ਬਿੰਦੀ ਦੇਖ ਕੇ ਜਰਵਾਣੇ ਸਮਝਣ ਕਿ ਹੁਸਨ ਕਿਸੇ ਦੂਸਰੇ ਦੀ ਅਮਾਨਤ ਹੈ। ਸਮਾਜ ਕੁਰੀਤੀਆਂ ਨਾਲ ਭਰ ਗਿਆ। ਮੈਂ ਤਾਂ ਇਥੋਂ ਤੱਕ ਸੁਣਿਆ ਹੈ ਕਿ ਪੰਜਾਬ ਦਾ ਇਕ ਰਾਜਾ ਮੁਕਲਾਵੇ ਜਾਣ ਲੱਗੀ ਮੁਟਿਆਰ ਨੂੰ ਖੋਹ ਕੇ ਲੈ ਜਾਂਦਾ ਸੀ ਅਤੇ ਆਪਣੀ ਮਰਜ਼ੀ ਨਾਲ ਹੀ ਮੋੜਦਾ ਸੀ। ਕੁਝ ਕਾਰਨ ਤਾਂ ਹੈ ਸੀ ਕਿ ਰਾਜਸਥਾਨ ਦੇ ਰਣਥੰਬੋਰ ਕਰੇ ਸਭ ਤੋਂ ਪਹਿਲਾਂ ਕੁੜੀਆਂ ਮਾਰਨ ਲਈ ਮਜਬੂਰ ਹੋ ਗਏ, ਕਿਉਂਕਿ ਲੜਾਈ ਵਿਚ ਲੜਦਿਆਂ ਆਦਮੀਆਂ ਦੀ ਗਿਣਤੀ ਘਟ ਗਈ ਸੀ। ਮਜ਼ਹਬ ਆਪਣੀ ਥਾਂ ਘਿਨਾਉਣੀ ਖੇਡ ਖੇਡ ਰਿਹਾ ਸੀ। ਇਕ ਮੁਲਾਣੇ ਦੀ ਹਵਸ ਪੂਰੀ ਕਰਨ ਲਈ ਅੱਠ ਔਰਤਾਂ ਵੀ ਘੱਟ ਸਨ, ਜਦੋਂਕਿ ਦੂਸਰੀਆਂ ਸ਼ਰਾ ਦੀ ਵਲਗਣ ਹੇਠ ਲਿਆ ਕੇ ਨਫਰਤ ਦੀਆਂ ਪਾਤਰ ਬਣਾ ਦਿੱਤੀਆਂ ਜਾਂਦੀਆਂ। ਇਨ੍ਹਾਂ ਰੱਬ ਦੀ ਦਰਗਾਹ ਦੇ ਮੋਮਨ ਕਹਿਲਾਉਣ ਵਾਲਿਆਂ ਨੇ ਮਨਸੂਰ ਦੇ ਹੱਥ ਵੱਢ ਦਿੱਤੇ। ਖੂਨ ਨਾਲ ਲੱਥ-ਪੱਥ ਦੋਵੇਂ ਟੁੰਡ ਮਨਸੂਰ ਨੇ ਚਿਹਰੇ ਉਤੇ ਮਲ ਲਏ। ਅੱਖਾਂ ਵਿਚ ਨੱਚਦੀ ਸ਼ਰਾਰਤ ਅਤੇ ਚਿਹਰੇ 'ਤੇ ਮੱਕਾਰੀ ਲਿਆਉਂਦਿਆਂ ਮੋਮਨਾਂ ਨੇ ਵਿਅੰਗ ਕੱਸਿਆ ਅਤੇ ਕਾਫਰ ਜ਼ਾਰੋ ਜ਼ਾਰ ਰੋਣ ਲੱਗੇ, "ਇਹ ਕੀ ਕਰ ਰਿਹੈਂ ਮਨਸੂਰ?"

"ਅੱਜ ਮੈਂ ਆਪਣੇ ਯਾਰ ਦੀ ਨਮਾਜ਼ ਵਿਚ ਜਾਣੈ, ਕਿਤੇ ਮੇਰਾ ਯਾਰ ਵੀ ਤਾਹਨਾ ਨਾ ਮਾਰ ਦੇਵੇ ਕਿ ਮੁਲਾਣਿਆਂ ਤੋਂ ਡਰਦੇ ਮਨਸੂਰ ਦਾ ਚਿਹਰਾ ਉਤਰ ਗਿਐ। ਮੈਂ ਇਸ ਲਈ ਵਜ਼ੂ ਪਾਣੀ ਦੀ ਬਜਾਏ ਖੂਨ ਨਾਲ ਕਰ ਰਿਹਾ ਹਾਂ।" ਸ਼ਰਾ ਕਿਸੇ ਵਿਧਵਾ ਦੇ ਹੰਝੂ ਪੋਚ ਕੇ ਜੀਊਣ ਦੀ ਪ੍ਰੇਰਨਾ ਨਹੀਂ ਬਣਦੀ। ਸ਼ਰਾ ਕੋਈ ਨਿਯਮ ਜਾਂ ਸਿਧਾਂਤ ਨਹੀਂ, ਸਿਰਫ ਅਪਨਾਈ ਹੋਈ ਵਿਚਾਰਾਂ ਦੀ ਕਸੌਟੀ ਹੈ। ਸ਼ਰਾ ਕਿਸੇ ਅਨਾਥ ਬੱਚੇ ਦੀ ਭੁੱਖ ਸ਼ਾਂਤ ਕਰਨ ਲਈ ਕੋਈ ਵਸੀਲਾ ਨਹੀਂ ਬਣਦੀ। ਧੌਣ ਹੇਠ ਸੁੱਟੀ ਬੇਸ਼ਰਮ ਮੁਲਾਣੇ ਸੁਣਦੇ ਰਹੇ ਤੇ ਮਨਸੂਰ ਵੇਦਨਾ ਦੇ ਹੰਝੂ ਰੋਂਦਾ ਰਿਹਾ। ਇਸ਼ਕ ਦੀ ਗਲੀ ਵਿਚ ਪਰਵਾਨੇ ਸਿਰ ਤਲੀ 'ਤੇ ਧਰ ਕੇ ਆਉਣੋਂ ਨਾ ਰੁਕੇ। ਕਾਫਲਿਆਂ ਦੀਆਂ ਪੈੜਾਂ ਆਸ਼ਕ ਲੱਭਣੋਂ ਨਾ ਰੁਕੇ, ਕਈ ਅਫਸਾਨੇ ਬਦਨਾਮ ਹੋ ਗਏ। ਲੋਕ ਤ੍ਰਾਹ-ਤ੍ਰਾਹ ਕਰ ਉਠੇ। ਕਵੀਆਂ ਨੇ ਕਲਮ ਚੁੱਕੀ ਤੇ ਨਿਖੇਧਵਾਚਕ ਚਿਤਰਣ ਅਲੰਕਾਰਾਂ ਵਿਚ ਕੀਤਾ। ਲੋਕ ਮਨ ਨੂੰ ਸਾਰਥਿਕਤਾ ਘੱਟ ਹੀ ਯਾਦ ਰਹਿੰਦੀ ਹੈ, ਪਰ ਨਿਰਾਰਥਕਤਾ ਹਰ ਸਮੇਂ ਜ਼ਮੀਰ 'ਤੇ ਚੋਭਾਂ ਮਾਰ ਕੇ ਚੌਕੰਨਾ ਰੱਖਦੀ ਹੈ:

ਐਨ ਇਸ਼ਕ ਜਿਨ੍ਹਾਂ ਨੂੰ ਲੱਗ ਜਾਂਦੇ
ਸੁੱਕ ਜਾਂਦੇ ਨੇ ਵਾਂਗ ਕਾਨਿਆਂ ਦੇ
ਕਈ ਸੁੱਕਦੇ ਸੁੱਕਦੇ ਸੁੱਕ ਜਾਂਦੇ
ਕਈ ਮਰ ਜਾਂਦੇ ਨਾਲ ਤਾਹਨਿਆਂ ਦੇ
ਬੱਧਾ ਇਸ਼ਕ ਦਾ ਕਦੇ ਨਾ ਛੁੱਟਦਾ ਏ
ਕੈਦੀ ਛੁੱਟ ਜਾਂਦੇ ਜੇਲ੍ਹ-ਖਾਨਿਆਂ ਦੇ।

ਦੂਸਰੇ ਪਲ ਕੋਈ ਰਮਤਾ ਜੋਗੀ ਬੁਝੇ ਦਿਲਾਂ ਨੂੰ ਵਾਰਸ ਬੰਨ੍ਹਾਉਣ ਲਈ ਹਾਅ ਦਾ ਨਾਹਰਾ ਮਾਰਦਾ, ਜੋ ਕਦੇ ਧਰਮ ਦਾ ਆਗਿਆਰਥ ਬਣ ਕੇ ਸੱਟ ਖਾਧੀ ਜ਼ਮੀਰ ਨੂੰ ਟੁੰਬਦਾ, 'ਲੱਗੀ ਵਾਲੇ ਕਦੇ ਨਹੀਂ ਸੌਂਦੇ, ਤੇਰੀ ਕਿਵੇਂ ਅੱਖ ਲੱਗ ਗਈ?' ਪਿਆਰ ਦਾ ਤਰਕ ਭਾਰੂ ਹੋ ਕੇ ਜਾਦੂ ਵਾਂਗ ਸਿਰ ਚੜ੍ਹ ਬੋਲਦਾ ਹੈ। ਟਿਮਟਿਮਾਉਂਦੇ ਚਿਰਾਗ ਪਿਆਰ ਨੂੰ ਸਜਦਾ ਕਰਦੇ ਹਨ ਤੇ ਤਾਂਘਾਂ ਦੀ ਬੇਸਬਰੀ ਰੰਗੀਨ ਬਣ ਕੇ ਖੁਸ਼ੀ ਦੀ ਝਲਕ ਪ੍ਰਦਾਨ ਕਰਦੀ ਹੈ। ਬ੍ਰਿਹੋਂ ਦਾ ਸੱਲ ਹੰਢਾਉਂਦਾ ਹੁਸਨ ਪੀਰ ਦੇ ਬੱਕਰਾ ਚੜ੍ਹਾਉਣ ਨੂੰ ਬੇਵੱਸ ਹੋ ਜਾਂਦਾ ਹੈ, ਜਿਵੇਂ ਰੱਬ ਹੁਸਨ ਦੇ ਵਾਰਸਾਂ ਨੂੰ ਵਰਦਾਨ ਦੇਣ ਲਈ ਖੁਸ਼ ਹੋਵੇ। ਪਿਆਰ ਤੇ ਹਕੂਮਤਾਂ ਦਾ ਕਹਿਰ ਅਸਮਾਨੀ ਬਿਜਲੀ ਦੀ ਤਰ੍ਹਾਂ ਪਿਆ, ਪਰ ਹੁਸਨ ਦੇ ਬਲੀਦਾਨ ਨੇ ਜਰਵਾਣਿਆਂ ਨੂੰ ਝੰਜੋੜ ਕੇ ਰੱਖ ਦਿੱਤਾ। ਮੀਰਾ ਨੇ ਇਸ਼ਕ ਦਾ ਪਿਆਲਾ ਪੀ ਕੇ ਮਾਰੂ ਜ਼ਹਿਰ ਤੱਕ ਨੂੰ ਖੋਖਲਾ ਕਰ ਦਿੱਤਾ। ਸਰਾਪੀਆਂ ਰੂਹਾਂ ਦਾ ਇਸ਼ਕ ਘ੍ਰਿਣਾ ਦਾ ਸੂਚਕ ਬਣ ਕੇ ਲੋਕ-ਮਨ ਵਿਚ ਨਿਖੇਧਵਾਚਕ ਕਾਰਕ ਪੈਦਾ ਕਰਦਾ ਰਿਹਾ। ਲੋਕ ਕੈਕਈ ਅਤੇ ਲੂਣਾ ਦਾ ਨਾਮ ਰੱਖਣੋਂ ਵੀ ਝਿਜਕਣ ਲੱਗ ਪਏ। ਇਨ੍ਹਾਂ ਦਾ ਨਾਮ ਯਾਦ ਆਉਂਦਿਆਂ ਹੀ ਮਨ ਕਚ੍ਹਿਆਣ ਨਾਲ ਭਰ ਜਾਂਦਾ। ਟੂਣੇਹਾਰ ਜਾਦੂਗਰਨੀਆਂ ਦੀ ਸ਼੍ਰੇਣੀ ਵਿਚ ਗਿਣੀਆਂ ਜਾਣ ਲੱਗੀਆਂ ਸੀ ਇਹ। ਸ਼ੇਖੂਪੁਰ ਜ਼ਿਲ੍ਹੇ ਦੇ ਘੁੱਗ ਵੱਸਦੇ ਪਿੰਡ ਜੰਡਿਆਲਾ ਸ਼ੇਰ ਖਾਨ ਵਿਚ ਇਸ਼ਕ ਦਾ ਅਫਸਾਨਾ ਵਾਪਰਿਆ ਤੇ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਿਆ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕਾਦਰ ਨੇ ਸਾਨੂੰ ਲਾਹੌਰ ਦਾ ਹੋਰ ਵੀ ਸਭ ਤੋਂ ਅਮੀਰ ਇਲਾਕਾ ਦਿਖਾਇਆ। ਇਥੇ ਵੱਡੇ-ਵੱਡੇ ਮਾਲ ਸਨ। ਉਸ ਦੱਸਿਆ ਕਿ ਅੰਗਰੇਜ਼ਾਂ ਨੇ ਇਹ ਏਰੀਆ ਆਪਣੇ ਰਹਿਣ ਲਈ ਬਣਾਇਆ ਸੀ। ਅੱਗੇ "ਗੱਦਾਫੀ ਸਟੇਡੀਅਮ" ਆ ਗਿਆ। ਇਸਦੇ ਬਾਹਰਵਾਰ ਸਾਰੇ ਪਾਸੇ ਵੱਡੀਆਂ ਦੁਕਾਨਾਂ ਤੇ ਰੈਸਟੋਰੈਂਟ ਹਨ ਜਿੱਥੇ ਤਕਰੀਬਨ ਹਰੇਕ ਮੁਲਕ ਦਾ ਖਾਣਾ ਮਿਲ ਜਾਂਦਾ ਹੈ। ਉਸਦੇ ਸਾਹਮਣੇ ਇਕ ਪਾਰਕ ਹੈ ਤੇ ਆਲੇ ਦੁਆਲੇ ਦਾ ਏਰੀਆ ਤੇ ਸ਼ੋਅ ਰੂਮ ਬਹੁਤ ਵਧੀਆ ਹਨ। ਫਿਰ ਉਹਨੇ ਉਹ



**ਮਝੈਲ ਸਿੰਘ ਸਰਾਂ**

ਥਾਂ ਵੀ ਦਿਖਾਈ ਜਿੱਥੋਂ ਤਾਲਿਬਾਨੀਆਂ ਨੇ ਸ੍ਰੀਲੰਕਾ ਦੀ 'ਕ੍ਰਿਕਟ ਟੀਮ ਲਿਆ ਰਹੀ ਬੱਸ 'ਤੇ ਫਾਇਰਿੰਗ ਕੀਤੀ ਸੀ। ਇਹ ਤਾਂ ਉਸ ਪਾਰਕ ਤੋਂ ਕੋਈ 150 ਕੁ ਮੀਟਰ ਹੀ ਦੂਰ ਹੈ। ਇਸ ਵਿਚ 5 ਪੁਲਿਸ ਵਾਲੇ ਮਾਰੇ ਗਏ ਸਨ। ਉਹਨੇ ਇਹ ਵੀ ਦੱਸਿਆ ਕਿ ਸੜਕ ਤੇ ਕਿੱਥੇ-ਕਿੱਥੇ ਇਨ੍ਹਾਂ ਪੁਲਸੀਆਂ ਦੀਆਂ ਲਾਸ਼ਾਂ ਪਈਆਂ ਸਨ। ਉਸ ਪਾਰਕ ਵਿਚ ਉਨ੍ਹਾਂ ਪੰਜਾਂ ਹੀ ਪੁਲਿਸ ਵਾਲਿਆਂ ਦੀਆਂ ਵੱਡੀਆਂ ਫੋਟੋਆਂ, ਹਰੇਕ ਦਾ ਨਾਂ ਲਿਖ ਕੇ ਲਾਈਆਂ ਹੋਈਆਂ ਹਨ। ਉਰਦੂ ਵਿਚ ਲਿਖਿਆ ਸੀ ਕਿ ਇਹ ਕੌਮ ਦੇ ਸ਼ਹੀਦ ਹਨ। ਉਨੀ ਦੇਰ ਨੂੰ ਤ੍ਰਿਕਾਲਾਂ ਵੀ ਪੈ ਗਈਆਂ ਤੇ ਅਸੀਂ ਗੁਰਦੁਆਰੇ ਨੂੰ ਵਾਪਸ ਪਰਤ ਪਏ।

ਘੁਸਮੁਸਾ ਹੁੰਦੇ ਹੀ ਅਸੀਂ ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ ਪਹੁੰਚ ਗਏ। ਅਗਲੇ ਦਿਨ ਤਾਂ ਅਸੀਂ ਵਾਪਸ ਆ ਜਾਣਾ ਸੀ ਤੇ ਕਾਦਿਰ ਭਾਈ ਨੇ ਕਿਹਾ ਕਿ ਸਵੇਰੇ ਮੈਂ 8 ਵਜੇ ਤੋਂ ਪਹਿਲਾਂ ਆ ਜਾਵਾਂਗਾ ਤੇ ਇਕ-ਦੋ ਹੋਰ ਥਾਵਾਂ ਵੀ ਤੁਹਾਨੂੰ ਜ਼ਰੂਰ ਦਿਖਾਉਣੀਆਂ ਹਨ, ਕਿਉਂਕਿ ਬਾਰਡਰ ਤਾਂ 10 ਵਜੇ ਖੁੱਲ੍ਹਦਾ ਹੈ।

ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਅਸੀਂ ਭਾਈ ਸਾਹਿਬ ਨਾਲ ਬਹਿ ਕੇ, ਲੰਗਰ ਛਕਿਆ ਤੇ ਕਾਫੀ ਚਿਰ ਗੱਲਾਂ-ਬਾਤਾਂ ਕਰਦੇ ਰਹੇ। ਅਸਲ ਵਿਚ ਮੈਂ ਆਪਣੇ ਜੀਜੇ ਨੂੰ ਮਾੜੀ-ਮੋਟੀ ਮਸ਼ਕਰੀ ਕਰਦਾ ਹੁੰਦਾ ਹਾਂ। ਭਾਵੇਂ ਉਨ੍ਹਾਂ ਦੀ ਉਮਰ ਤਾਂ ਮੇਰੇ ਨਾਲੋਂ ਕਾਫੀ ਵੱਡੀ ਯਾਨਿ 70 ਸਾਲ ਹੈ, ਕਿਉਂਕਿ ਮੇਰੇ ਭਾਣਜੇ ਹੀ ਮੈਥੋਂ 6-7 ਕੁ ਸਾਲ ਛੋਟੇ ਆ। ਛੇੜਨ ਦਾ ਵੀ ਕੋਈ ਬਹਾਨਾ ਚਾਹੀਦਾ ਸੀ। ਉਹ ਸਾਨੂੰ ਜਿੱਦਣ ਅਸੀਂ ਏਮਨਾਬਾਦ ਗਏ ਸੀ, ਉਸ ਦਿਨ ਦਾ ਹੀ ਹੱਥ ਲੱਗਿਆ ਸੀ। ਬੱਸ ਮੌਕਾ ਜਿਹਾ ਹੀ ਨਹੀਂ ਸੀ ਲੱਗਾ ਛੇੜਨ ਤੇ ਹੱਸਣ ਦਾ। ਉਦਾਂ ਵੀ ਧਾਰਮਿਕ ਯਾਤਰਾ ਹੋਣ ਕਰਕੇ ਇਸ ਪਾਸੇ ਵਲੋਂ ਕੁਦਰਤੀ ਪ੍ਰਹੇਜ਼ ਹੀ ਰਿਹਾ ਸੀ। ਅਸੀਂ ਸੂਈ ਰਿਕਾਰਡ 'ਤੇ ਰੱਖ ਹੀ ਦਿੱਤੀ। ਹੋਇਆ ਇੱਦਾਂ ਕਿ ਏਮਨਾਬਾਦ ਵਿਚ ਭਾਈ ਲਾਲੋ ਜੀ ਦੇ ਅਸਥਾਨ 'ਤੇ ਪੁਲਿਸ ਵਾਲਾ ਤੇ ਕਾਦਿਰ ਭਾਈ, ਉਸ ਜਗ੍ਹਾ ਬਾਰੇ ਜਾਣਕਾਰੀ ਦੇ ਰਹੇ ਸਨ ਤਾਂ ਉਨ੍ਹਾਂ ਨੇ ਇਹ ਵੀ ਕਿਹਾ ਕਿ ਬਾਬੇ ਨਾਨਕ ਨੇ 'ਮਲਿਕ ਭਾਗੋ' ਦੇ ਪੂੜਿਆਂ ਵਿਚੋਂ ਖੂਨ ਨੁੱਚੜਦਾ ਦਿਖਾਇਆ। ਮਲਿਕ ਭਾਗੋ ਦਾ ਨਾਂ ਕਈ ਵਾਰੀ ਉਨ੍ਹਾਂ ਨੇ ਲਿਆ ਸੀ ਤਾਂ ਕੁਝ ਚਿਰ ਬਾਅਦ ਸਾਡਾ ਜੀਜਾ ਜੀ ਉਨ੍ਹਾਂ ਨੂੰ ਪੁੱਛਣ ਲੱਗਿਆ ਕਿ ਯਾਰ ਇਹ ਮਲਿਕ ਭਾਗੋ ਜ਼ਨਾਨੀ ਸੀ। ਕਾਦਿਰ ਨੇ ਤਾਂ ਸਹਿਜ ਮੁਤਾਬਿਕ ਜੁਆਬ ਦੇ ਦਿੱਤਾ ਕਿ ਉਹ ਇਲਾਕੇ ਦਾ ਵੱਡਾ ਸੇਠ ਸੀ, ਪਰ ਉਸ ਵੇਲੇ ਮੇਰੇ ਭਰਾ ਨੇ ਅੱਖਾਂ ਨਾਲ ਹੀ ਜੀਜੇ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਆਹ ਵੀ ਪੁੱਛਣ ਵਾਲੀ ਗੱਲ ਸੀ। ਰੋਜ਼ ਗੁਰਦੁਆਰਿਆਂ ਵਿਚ ਇਹ ਕਥਾ ਹੁੰਦੀ ਰਹਿੰਦੀ ਹੈ, ਮਲਿਕ ਭਾਗੋ ਤੇ ਭਾਈ ਲਾਲੋ ਦੀ। ਇਸ ਗੱਲ 'ਤੇ ਉਨ੍ਹਾਂ ਨੂੰ ਛੇੜਨ ਦਾ ਮਨ ਬਣਾਇਆ। ਅਸੀਂ ਉਨ੍ਹਾਂ ਨੂੰ ਭਾਜੀ ਕਹਿ ਕੇ ਸੱਦੀਦਾ ਹੈ ਤੇ ਕਦੇ-ਕਦੇ ਗਿਆਨੀ ਜੀ ਵੀ, ਕਿਉਂਕਿ ਮਾਹਿਲਾਂ ਪਿੰਡ ਰਹਿੰਦਿਆਂ, ਉਨ੍ਹਾਂ ਨੂੰ ਪਿੰਡ ਦੀ ਪੰਚਾਇਤ ਵਿਚ ਗਿਆਨੀ ਸਰਪੰਚ ਕਰਕੇ ਲੋਕੀਂ ਬੁਲਾਉਂਦੇ ਹੁੰਦੇ ਸਨ। ਮੈਂ ਕਿਹਾ ਕਿ ਭਾਜੀ ਤੁਸੀਂ ਤਾਂ ਪੁੱਛਿਆ ਹੋਣਾ ਕਿ ਭਾਗੋ ਨਾਂ ਅਕਸਰ ਜ਼ਨਾਨੀਆਂ ਦਾ ਹੁੰਦਾ। ਪਹਿਲੀਆਂ 'ਚ ਤੁਹਾਡੇ ਪਿੰਡ ਵੀ ਕੋਈ ਭਾਗੋ ਨਾਂ ਦੀ ਹੋਣੀ ਹੈ ਤਾਂ ਸ਼ਾਇਦ ਉਹਦਾ ਚੇਤਾ ਆ ਗਿਆ ਹੋਣਾ। ਮੇਰਾ ਭਰਾ (ਅਫਸੋਸ ਹੁਣ ਉਹ ਇਸ ਦੁਨੀਆਂ 'ਤੇ ਨਹੀਂ ਰਿਹਾ) ਉਦਾਂ ਗੰਭੀਰ ਸੁਭਾਅ ਦਾ ਹੈ ਤੇ ਟਿੱਚਰਾਂ-ਟੁੱਚਰਾਂ ਬਹੁਤ ਘੱਟ ਕਰਦਾ ਪਰ ਇਸ ਗੱਲ 'ਤੇ ਉਹ ਵੀ ਮੇਰੇ ਨਾਲ ਰਲ ਗਿਆ। ਅਸੀਂ ਪੁੱਛੀਏ ਕਿ ਦੱਸੋ ਗਿਆਨੀ ਜੀ, ਕਿਹੜੀ ਭਾਗੋ ਚੇਤੇ ਆ ਗਈ ਸੀ, ਉਹ ਬਥੇਰੀ ਗੱਲ ਹੋਧਰ ਪਾਉਣ ਦੀ ਕੋਸ਼ਿਸ਼ ਕਰਨ ਪਰ ਸਾਡੇ ਰਿਕਾਟ ਦੀ ਸੂਈ ਉਥੇ ਹੀ ਅਟਕ ਗਈ। ਅਖੀਰ ਉਹ ਕਹਿਣ ਲੱਗੇ ਕਿ ਪਤਾ ਨਹੀਂ ਮੇਰੇ ਮੂੰਹੋਂ ਇਹ ਕਿੱਦਾਂ ਨਿਕਲ ਗਿਆ ਸੀ। ਬਸ ਹੱਸਦੇ-ਹੱਸਦੇ ਸੌਂ ਗਏ।

25 ਅਕਤੂਬਰ ਨੂੰ ਅਸੀਂ ਤਾਂ ਉਠ ਕੇ ਤਿਆਰ-ਬਿਆਰ ਹੋ ਕੇ 8 ਵਜੇ ਨੂੰ ਖੜ੍ਹ ਗਏ ਪਰ ਕਾਦਿਰ ਭਾਈ ਨਾ ਆਵੇ, ਉਹਨੂੰ ਟੈਲੀਫੋਨ ਕਰੀਏ ਤਾਂ ਵੀ ਕੋਈ ਜੁਆਬ ਨਾ ਮਿਲੇ, ਅਖੀਰ ਉਹ 9 ਕੁ ਵਜੇ ਆ ਗਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਲੇਟ ਆਉਣ ਦੀ ਮੁਆਫੀ ਮੰਗੀ। ਉਸ ਦੱਸਿਆ ਕਿ ਮੈਂ ਤਾਂ ਸਾਰੀ ਰਾਤ ਜਾਗਿਆਂ। ਘਰ ਤਾਂ 6 ਕੁ ਵਜੇ ਸਵੇਰੇ ਗਿਆਂ ਤੇ ਬੱਸ ਨਹਾ ਕੇ ਤਿਆਰ ਹੋ ਕੇ ਆ ਗਿਆਂ। ਅਸੀਂ ਪੁੱਛਿਆ ਕਿ ਸੁੱਖ ਸੀ? ਬੋਲਿਆ, "ਰਾਤੀਂ ਇਕ ਵਿਆਹ ਪਾਰਟੀ 'ਤੇ ਆਪਣੀ ਗੱਡੀ ਲੈ ਕੇ ਗਿਆ ਸੀ। ਸ਼ਹਿਰੀਆਂ ਦੇ ਵਿਆਹਾਂ ਦੇ ਚੋਚਲੇ ਹੀ ਬਥੇਰੇ ਹੁੰਦੇ ਨੇ। ਹੋਟਲ ਵਿਚ ਵਿਆਹ ਸੀ ਤੇ ਸਾਰੀ ਰਾਤ ਹੀ ਗਾਣਾ, ਭੰਗੜਾ ਚਲਦਾ ਰਿਹਾ।"

ਮੈਨੂੰ ਇਹ ਵੀ ਗੱਲ ਵਧੀਆ ਲੱਗੀ ਕਿ ਇਸ ਤੋਂ ਇੱਥੋਂ ਦੇ ਵਿਆਹਾਂ ਬਾਰੇ ਕੋਈ ਜਾਣਕਾਰੀ ਲਈਏ। ਉਸ ਦੱਸਿਆ ਕਿ ਅਮੀਰ ਲੋਕੀਂ ਤਾਂ ਵਿਆਹ ਹੋਟਲਾਂ 'ਚ ਹੀ ਕਰਦੇ ਨੇ ਤੇ ਖਰਚਾ ਵੀ ਰੱਜ ਕੇ ਕਰਦੇ ਆ, ਪਿੰਡਾਂ ਵਾਲੇ ਆਪਣੇ ਪਿੰਡਾਂ ਵਿਚ ਹੀ ਪਹਿਲੇ ਰਿਵਾਜਾਂ ਮੁਤਾਬਿਕ ਹੀ ਕਰਦੇ ਨੇ। ਮੈਂ ਪੁੱਛਿਆ ਕਿ ਗਾਣਿਆਂ 'ਤੇ ਭੰਗੜਾ, ਆਦਮੀ ਤੇ ਜ਼ਨਾਨੀਆਂ ਦੋਵੇਂ ਹੀ ਪਾਉਂਦੇ ਨੇ? **ਤਾਂ** ਦੱਸਿਆ ਕਿ ਅਮੀਰਾਂ ਦੇ ਵਿਆਹਾਂ ਵਿਚ ਨਾਚ ਗਾਣਾ ਤਾਂ ਹੁੰਦਾ ਹੈ ਪਰ ਮਰਦ ਤੇ ਜ਼ਨਾਨੀਆਂ ਵੱਖਰੇ-ਵੱਖਰੇ ਗਰੁਪਾਂ ਵਿਚ ਨੱਚਦੇ ਹਨ। ਇਹ ਵੀ ਉਥੇ ਹੁੰਦਾ ਜਿੱਥੇ ਵਿਆਹ ਹੋਟਲਾਂ ਵਿਚ ਹੁੰਦੇ। ਆਮ ਲੋਕਾਂ ਦੇ ਵਿਆਹਾਂ ਵਿਚ ਧਮੱਚੜ ਘੱਟ ਪੈਂਦੈ। ਪਾਰਟੀ ਵਿਚ ਸ਼ਰਾਬ ਨਹੀਂ ਵਰਤਾਈ ਜਾਂਦੀ ਕਿਉਂਕਿ ਪਾਕਿਸਤਾਨ ਵਿਚ ਸ਼ਰਾਬਬੰਦੀ ਹੈ। ਲੋਕੀਂ ਆਪ ਹੀ ਇਸਲਾਮ ਦੇ ਕਾਇਦੇ-ਕਾਨੂੰਨਾਂ ਤੋਂ ਬਾਹਰ ਨਹੀਂ ਜਾਂਦੇ। ਪਾਕਿਸਤਾਨ ਵਿਚ ਕੁਝ ਮਹਿੰਗੇ ਹੋਟਲਾਂ ਵਿਚ ਸਿਰਫ ਵਿਦੇਸ਼ੀ ਲੋਕਾਂ ਨੂੰ ਹੀ ਸ਼ਰਾਬ ਦਿੱਤੀ ਜਾਂਦੀ ਹੈ ਤੇ ਇਸ ਦਾ ਹੋਟਲ ਵਾਲਿਆਂ ਨੂੰ ਪੂਰਾ-ਪੂਰਾ ਹਿਸਾਬ-ਕਿਤਾਬ ਰੱਖਣਾ ਪੈਂਦਾ ਹੈ। ਇਹ ਸੁਣ ਕੇ ਮੈਂ ਆਪਣੇ ਆਪ ਨੂੰ ਹੀ ਕਿਹਾ ਕਿ ਜੇ ਐਦਾਂ ਦੇ ਵਿਆਹਾਂ ਵਿਚ ਸਾਡੇ ਚੜ੍ਹਦੇ ਪੰਜਾਬ ਵਾਲਿਆਂ ਨੂੰ ਕੋਈ ਸੱਦ ਲਵੇ ਤਾਂ ਉਨ੍ਹਾਂ ਸੁਆਹ ਪੈਰ ਪਾਉਣਾ ਏਦਾਂ ਦੀ ਵਿਆਹ ਪਾਰਟੀ ਵਿਚ, ਜਿੱਥੇ ਸ਼ਰਾਬ ਹੀ ਨਾ ਹੋਵੇ। ਕਿੱਥੇ ਸਾਡੇ ਮੈਰਿਜ ਪੈਲੇਸਾਂ ਦੇ ਵਿਆਹ ਜਿੱਥੇ ਪ੍ਰਧਾਨ ਹੀ ਸ਼ਰਾਬ ਹੁੰਦੀ ਹੈ, ਪੈਲੇਸ ਦੇ ਅੰਦਰ ਦੀ ਤਾਂ ਗੱਲ ਛੱਡੋ, ਬਾਹਰ ਆਲੇ-ਦੁਆਲੇ ਦੀ ਹਵਾ ਵਿਚੋਂ ਵੀ ਸ਼ਰਾਬ ਦੀਆਂ ਮਹਿਕਾਂ ਉਡਦੀਆਂ ਨੇ। ਨਾਲੇ ਵਿਆਹਾਂ ਦੇ ਮਾਮਲਿਆਂ ਵਿਚ ਸਾਡੇ ਤਾਂ ਸਾਰੇ ਹੀ ਅਮੀਰ ਹਨ, ਕਿਉਂਕਿ ਹੁਣ ਕਿਸੇ ਦਾ ਵਿਆਹ ਪਿੰਡ ਵਿਚ ਹੁੰਦਾ ਘੱਟ ਹੀ ਦੇਖਿਆ, ਸੁੱਖ ਨਾਲ ਮੈਰਿਜ ਪੈਲੇਸ ਕਾਹਦੇ ਲਈ ਬਣੇ ਹੋਏ ਆ। ਜ਼ਮੀਨ ਦਾ ਕੀ ਆ, ਵਿਕਦੀ ਤਾਂ ਵਿਕ ਜਾਵੇ, ਠੁੱਕ ਤਾਂ ਪੂਰਾ ਬਣਾਈਦੈ। ਚਾਰ ਕਾਰਾਂ ਤ੍ਰਿਕਾਲਾਂ ਨੂੰ ਸ਼ਰਾਬੀ ਢੋਣ 'ਤੇ ਹੀ ਲੱਗੀਆਂ ਹੁੰਦੀਆਂ ਨੇ। ਕਿਸੇ ਨੂੰ ਸੁੱਧ-ਬੁੱਧ ਨਹੀਂ ਰਹਿਣ ਦੇਈਦੀ। ਨਹਾ ਦੇਈਦਾ ਦਾਰੂ ਨਾਲ, ਵਿਚੇ ਬਰਾਤੀ ਤੇ ਵਿਚੇ ਸਾਰੇ ਪਿੰਡ ਵਾਲਿਆਂ ਨੂੰ।

ਚਾਰ ਦਿਨ ਪਾਕਿਸਤਾਨੀ ਪੰਜਾਬ ਦੇ ਕਈ ਸ਼ਹਿਰਾਂ ਵਿਚੋਂ ਲੰਘੇ, ਲਾਹੌਰ ਤਾਂ ਮਾੜਾ ਮੋਟਾ ਅੰਦਰੋਂ ਵੀ ਦੇਖ ਲਿਆ। ਆਪਣੇ ਪੰਜਾਬ ਦੇ ਸ਼ਹਿਰਾਂ ਵਰਗੇ ਹੀ ਬਾਜ਼ਾਰ ਹਨ, ਇਹੋ ਜਿਹੀਆਂ ਹੀ ਦੁਕਾਨਾਂ ਤੇ ਸ਼ੋ ਰੂਮ ਪਰ ਸਭ ਤੋਂ ਵੱਡੀ ਕਮਾਈ ਵਾਲੀਆਂ ਦੁਕਾਨਾਂ ਇੱਥੇ ਹੈ ਨਹੀਂ ਸਨ ਜਦੋਂਕਿ ਸਾਡੇ ਸ਼ਹਿਰਾਂ ਵਿਚ ਤਾਂ ਤਕਰੀਬਨ ਹਰ ਵੀਹਵੀਂ ਦੁਕਾਨ ਮੋਟੀ ਕਮਾਈ ਵਾਲੀ ਹੈ। ਫਿਰ ਕਿੱਦਾਂ ਪਾਕਿਸਤਾਨ ਤਰੱਕੀ ਕਰ ਜਾਊ, ਜਦੋਂਕਿ ਚੜ੍ਹਦੇ ਪੰਜਾਬ ਵਿਚ ਤਾਂ ਹੁਣ ਸਰਕਾਰ ਦਾ ਕਮਾਈ ਦਾ ਵੱਡਾ ਸਰੋਤ ਹੀ ਇਕ ਇਹੋ ਰਹਿ ਗਿਆ। ਲੋਕਾਂ ਦੀ ਸਿਹਤ ਦਾ ਕੀ ਆ, ਆਪੇ ਹੀ ਕੁਝ ਬੰਨ-ਸੁੱਭ ਕਰੀ ਜਾਂਦੇ ਆ। ਨਾਲੇ ਡਾਕਟਰਾਂ ਨੇ ਐਨੇ ਹਸਪਤਾਲ ਕਾਹਦੇ ਲਈ ਬਣਾਏ ਆ, ਉਨ੍ਹਾਂ ਦਾ ਵੀ ਖਿਆਲ ਸਰਕਾਰ ਨੇ ਰੱਖਣਾ। ਮੋਟੀ ਕਮਾਈ ਵਾਲੀਆਂ ਦੁਕਾਨਾਂ ਤੋਂ ਮੇਰਾ ਮਤਲਬ ਸ਼ਰਾਬ ਦੇ ਠੇਕਿਆਂ ਤੋਂ ਹੈ ਜਿਹੜੇ ਪਾਕਿਸਤਾਨ ਵਿਚ ਹੈ ਨਹੀਂ, ਉਥੇ ਵੀ ਸਰਕਾਰ ਚਲ ਹੀ ਰਹੀ ਹੈ। ਕੋਈ ਤਿਕਾਲਾਂ ਨੂੰ ਬਾਜ਼ਾਰ 'ਚ ਠੇਡੇ ਖਾਂਦਾ ਨਹੀਂ ਦੇਖਿਆ, ਨਾ ਹੀ ਜਲੰਧਰ ਵਾਂਗ ਹਰ ਦਸਵੀਂ ਕੋਠੀ 'ਤੇ ਪ੍ਰਾਈਵੇਟ ਹਸਪਤਾਲ ਦਾ ਬੋਰਡ ਲੱਗਾ ਦੇਖਿਆ। ਸ਼ਾਇਦ ਉਹ ਲੋਕ ਸਾਡੇ ਨਾਲੋਂ ਢਿੱਲੇ-ਮੱਠੇ ਹੀ ਘੱਟੇ ਹੁੰਦੇ ਹਨ। ਉਥੇ ਕਿਤੇ ਵੀ ਮੈਰਿਜ ਪੈਲੇਸ ਨਹੀਂ ਦਿਸੇ ਫਿਰ ਵੀ ਲੋਕਾਂ ਦੇ ਵਿਆਹ/ਨਿਕਾਹ ਹੁੰਦੇ ਹੀ ਹਨ। ਨਾ ਹੀ ਕਿਸੇ ਜੱਟ ਦੇ ਕਰਜ਼ੇ ਹੇਠ ਆਉਣ ਕਰਕੇ ਖੁਦਕੁਸ਼ੀ ਕਰਨ ਦੀ ਗੱਲ ਹੀ ਸੁਣੀ। ਨਾ ਹੀ ਆਪਣੇ ਪੰਜਾਬ ਵਾਂਗ ਪ੍ਰਾਈਵੇਟ ਸਕੂਲਾਂ ਦੀ ਭਰਮਾਰ ਦਿਸੀ। ਉਦਾਂ ਲਾਹੌਰ ਵਿਚ ਕਈ ਵੱਡੇ ਪ੍ਰਾਈਵੇਟ ਸਕੂਲ ਹਨ, ਪਰ ਸਾਡੇ ਪਾਸੇ ਵਲ ਦੇ ਦੁਕਾਨਦਾਰੀ ਮਾਰਕਾ ਸਕੂਲ ਹੈ ਨਹੀਂ ਉਥੇ।

ਗੁਰਦੁਆਰਾ ਸ਼ਹੀਦ ਗੰਜ ਤੋਂ ਤੁਰਨ ਤੋਂ ਪਹਿਲਾਂ ਇਕ ਵਾਰ ਫਿਰ ਸਾਰੇ ਸ਼ਹੀਦਾਂ ਨੂੰ ਸੀਸ ਝੁਕਾਇਆ ਜਿਨ੍ਹਾਂ ਨੇ ਇਸ ਜਗ੍ਹਾ 'ਤੇ ਤਸੀਹੇ, ਮੁਸ਼ੱਕਤਾਂ ਸਹਾਰਦੇ ਹੋਏ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਕਾਲ ਕੋਠੜੀਆਂ ਦੀਆਂ ਟੁੱਟੀਆਂ ਕੰਧਾਂ



ਸ਼ਾਇਦ ਸਾਨੂੰ ਇਹ ਸੁਨੇਹਾ ਦਿੰਦੀਆਂ ਮਹਿਸੂਸ ਹੋਈਆਂ ਕਿ ਸਰਦਾਰੋ ਅੱਜ ਜਿਹੜੀਆਂ ਤੁਹਾਡੇ ਸਿਰਾਂ 'ਤੇ ਸੁਹਣੀਆਂ ਦਸਤਾਰਾਂ ਸੁਹੰਦੀਆਂ, ਇਹ ਉਨ੍ਹਾਂ ਬੀਬੀਆਂ ਦੇ ਸਿਦਕ ਦੀ ਬਦੌਲਤ ਹੈ ਜਿਨ੍ਹਾਂ ਨੇ ਆਪਣੇ ਮਾਸੂਮ ਬੱਚੇ ਆਪਣੀਆਂ ਅੱਖਾਂ ਮੂਹਰੇ ਚੀਰ ਹੁੰਦੇ ਦੇਖੇ ਪਰ ਮਜ਼ਾਲ ਹੈ ਕੇ ਮੂੰਹ ਤੋਂ ਉਫ਼ ਵੀ ਕੱਢੀ ਹੋਵੇ। ਸਾਰਾ ਦਰਦ ਸੀਨੇ ਵਿਚ ਜਜ਼ਬ ਕਰ ਲਿਆ। ਇਹਦੀ ਕੋਈ ਹੋਰ ਨਹੀਂ, ਅਸੀਂ ਅੱਜ ਵੀ ਗਵਾਹੀ ਦਿੰਦੀਆਂ ਹਾਂ, ਇਹ ਕਹਿਰ ਸਾਡੇ ਸਾਹਮਣੇ ਤਾਂ ਵਾਪਰਿਆ ਸੀ। ਉਹ ਚੱਕੀ ਦੇ ਪੁੜ ਸ਼ਾਇਦ ਇਹੋ ਹੀ ਸਾਨੂੰ ਕਹਿੰਦੇ ਲੱਗੇ ਕਿ ਸਰਦਾਰੋ ਜਿਹੜੀ ਅਰਦਾਸ ਤੁਸੀਂ ਰੋਜ਼ ਕਰਦੇ ਹੋ ਕਿ ਜਿਨ੍ਹਾਂ ਬੀਬੀਆਂ ਨੇ ਸਵਾ-ਸਵਾ ਮਣ ਦੇ ਪੀਸਣੇ, ਮੰਨੀ ਮੰਨੀ ਰੋਟੀ ਖਾ ਕੇ ਪੀਸੇ, ਉਹ ਸਾਡੇ ਨਾਲ ਹੀ ਤਾਂ ਪੀਹੇ ਸੀ। ਜ਼ਰਾ ਸਾਨੂੰ ਹਿਲਾ ਕੇ ਤਾਂ ਦੇਖੋ, ਫਿਰ ਪਤਾ ਲੱਗੂ ਕਿ ਵਾਕਿਆ ਹੀ ਉਹ ਬੀਬੀਆਂ ਧੰਨ ਸਨ ਜਿਹੜੀਆਂ ਐਨੇ ਭਾਰੇ ਪੁੜਾਂ ਨੂੰ ਹੱਥੀਂ ਫੇਰਦੀਆਂ ਰਹੀਆਂ, ਉਹ ਵੀ ਭੁੱਖੀਆਂ ਭਾਣੀਆਂ, ਲਾਚਾਰ ਤੇ ਬੇਬੱਸ। ਆਪਣੇ ਹੀ ਨਿੱਕੇ-ਨਿੱਕੇ ਬਲੂਰ-ਬੋਟਾਂ ਵਰਗੇ ਕਤਲ ਕੀਤੇ ਬੱਚਿਆਂ ਦੇ ਕੱਟੇ ਹੋਏ ਛੋਟੇ-ਛੋਟੇ ਅੰਗਾਂ ਦੀ ਗਲ 'ਚ ਮਾਲਾ ਪੁਆ ਕੇ। ਸ਼ਾਇਦ ਇਹ ਚੱਕੀ ਦੇ ਪੱਥਰ ਸਾਨੂੰ ਇਹ ਵੀ ਕਹਿ ਰਹੇ ਹੋਣ ਕਿ ਸਿੱਖੋ ਕਿਤੇ ਤੁਸੀਂ ਆਪਣੀ ਅਰਦਾਸ ਦੇ ਬੋਲਾਂ ਨੂੰ ਸਿਰਫ ਇਕ ਰਸਮ ਤੱਕ ਹੀ ਤਾਂ ਨਹੀਂ ਸੀਮਿਤ ਰੱਖਿਆ ਹੋਇਆ, ਜੇ ਅੱਜ ਸਾਨੂੰ ਦੇਖ ਕੇ ਚੱਲੇ ਹੀ ਹੋ ਤਾਂ ਇਨ੍ਹਾਂ ਮਾਸੂਮ ਬੱਚਿਆਂ ਅਤੇ ਮਾਂਵਾਂ ਦੀਆਂ ਸ਼ਹਾਦਤਾਂ ਨੂੰ ਧੁਰ ਆਤਮਾ 'ਚ ਵਸਾ ਕੇ ਰੱਖਿਓ ਜਿਸ ਕਰਕੇ ਅੱਜ ਤੁਹਾਡੀਆਂ ਸਰਦਾਰੀਆਂ ਕਾਇਮ ਹਨ।

ਖੂਹ ਦੀ ਮੌਣ ਕੋਲ ਖੜ੍ਹ ਕੇ ਐਦਾਂ ਮਹਿਸੂਸ ਹੋਇਆ ਜਿਵੇਂ ਖੂਹ ਬੜਾ ਨਿਹੋਰਾ ਮਾਰ ਕੇ ਉਲਾਂਭਾ ਦਿੰਦਾ ਹੋਵੇ ਕਿ ਓ ਸਿੰਘੋ, ਬੜੇ ਤੁਅਜ਼ਬ ਦੀ ਗੱਲ ਹੈ ਕਿ ਤੁਹਾਡੀਆਂ ਅੱਖਾਂ ਨੇ ਮੈਨੂੰ ਦੇਖ ਕੇ ਇਕਦਮ ਖਾਲੀ ਤੇ ਸੁੱਕਾ ਕਹਿ ਦਿੱਤਾ। ਜ਼ਰਾ ਅੱਖਾਂ ਬੰਦ ਕਰਕੇ ਆਪਣੀ ਆਤਮਾ ਦੀ ਖਿੜਕੀ ਖੋਲ੍ਹ ਕੇ ਮੇਰੇ ਅੰਦਰ ਝਾਤ ਮਾਰਿਓ, ਮੈਂ ਤਾਂ ਨੱਕੋ-ਨੱਕ ਭਰਿਆ ਪਿਆਂ ਸ਼ਹੀਦਾਂ ਨਾਲ। ਸ਼ਹੀਦ ਵੀ ਉਹ ਜਿਨ੍ਹਾਂ ਦੀ ਜ਼ੁਬਾਨ ਨੇ ਅਜੇ ਹੁੰਗਾਰੇ ਭਰਨੇ ਵੀ ਨਹੀਂ ਸਿੱਖੇ ਸਨ। ਉਨ੍ਹਾਂ ਦੀਆਂ ਤਾਂ ਕਿਲਕਾਰੀਆਂ ਵੀ ਅਜੇ ਪੂਰੀ ਤਰ੍ਹਾਂ ਨਹੀਂ ਸਨ ਨਿਕਲਦੀਆਂ। ਮੈਂ ਤਾਂ ਸਦੀਆਂ ਤੋਂ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਲਈ ਬੈਠਾਂ ਕਿ ਇਨ੍ਹਾਂ ਦੇ ਆਉਣ ਵਾਲੇ ਵਾਰਸਾਂ ਨੂੰ ਮੇਰੇ ਕੋਲ ਖੜ੍ਹ ਕੇ ਕੋਈ ਅਹਿਸਾਸ ਹੋਊਗਾ। ਕਮਾਲ ਕਰ ਦਿੱਤੀ ਤੁਸੀਂ ਤਾਂ ਸਰਦਾਰੋ, ਕਿੱਦਾਂ ਤੁਹਾਡੇ ਮੂੰਹੋਂ ਨਿਕਲ ਗਿਆ ਕਿ ਮੈਂ ਖਾਲੀ ਹਾਂ। ਤੁਹਾਨੂੰ ਮੈਂ ਸੁੱਕਾ ਇਸ ਕਰਕੇ ਲਗਦਾਂ ਕਿਉਂਕਿ ਤੁਸੀਂ ਹਰੇ-ਭਰੇ ਘਰਾਂ 'ਚੋਂ ਆਏ ਹੋ। ਕਦੇ ਸੋਚਿਆ ਕਿ ਜਿਨ੍ਹਾਂ ਦੀ ਬਦੌਲਤ ਤੁਹਾਡੀ ਅੱਜ ਦੀ ਹੈਸੀਅਤ ਬਣੀ ਹੈ, ਉਨ੍ਹਾਂ ਨੇ ਇਹਦੀ ਕੀਮਤ ਸਦੀਆਂ ਪਹਿਲਾਂ ਆਪਣੇ ਸਿਰ ਕਟਵਾ ਕੇ ਤਾਰੀ ਹੋਈ ਹੈ। ਇਹਦਾ ਚਸ਼ਮਦੀਦ ਗਵਾਹ ਮੈਂ ਹੀ ਤਾਂ ਹਾਂ ਜਿਸ ਵਿਚ ਉਹ ਸਦਾ ਲਈ ਸਮਾ ਗਏ। ਹਿਰਖ ਵਿਚ ਆਇਆ ਖੂਹ ਸਾਨੂੰ ਐਦਾਂ ਕਹਿੰਦਾ ਲੱਗਿਆ ਕਿ ਸਰਦਾਰੋ, ਲਗਦਾ ਤੁਸੀਂ ਯਾਤਰੀ ਬਣ ਕੇ ਆਏ ਹੋ, ਨਾ ਕਿ ਆਪਣੇ ਸ਼ਹੀਦ ਪੁਰਖਿਆਂ ਦੇ ਸਿੱਖੀ ਸਿਧਾਂਤ ਤੋਂ ਸਬਕ ਲੈਣ। ਜੇ ਹੁਣ ਵੀ ਹਿਰਦੇ 'ਚ ਇਨ੍ਹਾਂ ਸ਼ਹੀਦਾਂ ਲਈ ਕਿਤੇ ਸਤਿਕਾਰ ਜਾਗਿਆ ਹੈ ਤਾਂ ਵਾਹਗਿਉਂ ਪਾਰ ਵਾਲੇ ਵੱਡੇ ਸਰਦਾਰਾਂ, ਜਿਹੜੇ ਸਮੁੱਚੀ ਕੌਮ ਵਲ ਪਿੱਠ ਕਰਕੇ ਰਾਜ ਸਿੰਘਾਸਨਾਂ 'ਤੇ ਬੈਠੇ ਹੋਏ ਨੇ ਅਤੇ ਆਪਣੇ ਪੁੱਤਾਂ-ਧੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬੇਤਹਾਸ਼ਾ ਧਨ, ਮਕਰੇ ਬਣਕੇ ਇਕੱਠਾ ਕਰੀ ਜਾ ਰਹੇ ਹਨ, ਤੱਕ ਇਹ ਸੁਨੇਹਾ ਜ਼ਰੂਰ ਪੁੱਜਦਾ ਕਰਿਓ ਕਿ ਅਸੀਂ ਉਸ ਪਵਿੱਤਰ ਸਥਾਨ ਨੂੰ ਨਤਮਸਤਕ ਹੋ ਕੇ ਆਏ ਹਾਂ ਜਿੱਥੇ ਬੀਬੀਆਂ ਨੇ ਆਪਣੇ ਦੁੱਧ ਚੁੰਘਦੇ ਬੱਚਿਆਂ ਦੇ ਟੋਟੇ ਹੁੰਦੇ ਅੱਖੀਂ ਇਸ ਲਈ ਦੇਖੇ ਸਨ ਕਿ ਜਦੋਂ ਤੁਸੀਂ ਰਾਜ ਸਿੰਘਾਸਨਾਂ ਤੇ ਬਿਰਾਜੋ ਤਾਂ ਕੌਮ ਦੇ ਬੱਚਿਆਂ ਨਾਲ ਇਹ ਕੁਝ ਨਾ ਵਾਪਰੇ ਤੇ ਸਮੁੱਚੀ ਕੌਮ ਦੇ ਬੱਚੇ ਬਰਾਬਰ ਸਮਝੇ ਜਾਣ। ਹੋ ਸਕਿਆ ਤਾਂ ਪਵਿੱਤਰ ਧਾਰਮਿਕ ਤਖਤਾਂ ਤੇ ਬਿਰਾਜਮਾਨ 'ਪੁਰੋਹਿਤਾਂ' ਨੂੰ ਵੀ ਇਹ ਸੁਨੇਹਾ ਦੇ ਦੇਣਾ ਕਿ ਸਿੱਖੀ-ਸਿਧਾਂਤਾਂ ਤੇ ਪਹਿਰਾ ਦੇਣ ਵਾਲੇ ਉਨ੍ਹਾਂ ਸ਼ਹੀਦ ਸਿੰਘਾਂ-ਸਿੰਘਣੀਆਂ ਦੀ ਧੂੜੀ ਮਸਤਕ 'ਤੇ ਲਾ ਕੇ ਆਇਆਂ, ਜਿਨ੍ਹਾਂ ਨੇ ਬਾਬੇ ਨਾਨਕ ਦੀ ਬਖਸ਼ੀ ਸਿੱਖੀ ਦੀ ਵੱਖਰੀ ਤੇ ਨਿਰਾਲੀ ਸ਼ਾਨ ਖਾਤਿਰ ਆਪਣੀਆਂ ਸ਼ਹਾਦਤਾਂ ਦਿੱਤੀਆਂ ਤਾਂ ਕਿ ਜਦੋਂ ਤੁਸੀਂ ਇਨ੍ਹਾਂ ਤਖਤਾਂ ਤੇ ਸੁਸ਼ੋਭਿਤ ਹੋਵੋ ਤਾਂ ਸਮੁੱਚੀ ਕੌਮ ਨੂੰ ਨਾਲ ਲੈ ਕੇ ਇਸ ਵੱਖਰੀ ਤੇ ਨਿਰਾਲੀ ਸ਼ਾਨ ਨੂੰ ਚੌਹਾਂ ਕੂੰਟਾਂ ਤੱਕ ਫੈਲਾ ਦਿਓ ਪਰ ਆਹ ਮਾੜੇ ਜਿਹੇ ਲਾਲਚ ਵਿਚ ਆ ਕੇ ਖੁਦਗਰਜੀ ਤੇ ਆਪ ਹੁਦਰੇਪਨ ਨਾਲ ਜਿਹੜਾ ਕਿਸੇ ਸਿਧਾਂਤਹੀਣ ਦੁਸ਼ਮਣ ਦੇ ਢਹੇ ਚੜ੍ਹ ਕੇ ਸਿੱਖੀ ਸਿਧਾਂਤ ਦੇ ਨਿਆਰੇਪਨ ਨੂੰ ਫਿਰ ਰਲਗੱਡ ਕਰਨ ਦੀਆਂ ਕੁਚਾਲਾਂ ਹੋ ਰਹੀਆਂ ਨੇ ਤੇ ਪੰਥ ਵਿਚੋਂ ਛੇਕਣ-ਛਿਕਾਣ ਵਾਲੀ ਕੁਰੱਜੀ ਸਿਆਸਤ ਫੜੀ ਹੋਈ ਹੈ, ਇਹ ਸ਼ਹੀਦਾਂ ਦੇ ਵਾਰਸਾਂ ਦਾ ਕੰਮ ਨਹੀਂ। ਮਾਸੂਮਾਂ ਦੀ ਸ਼ਹਾਦਤ ਸਿੱਖੀ ਜੋੜਨ ਲਈ ਸੀ, ਨਾ ਕਿ ਤੋੜਨ ਲਈ। ਹੋ ਸਕਿਆ ਤਾਂ ਹੁਣ ਵੀ ਸੰਭਲ ਜਾਓ, ਨਹੀਂ ਤਾਂ ਇਨ੍ਹਾਂ ਦੀਆਂ ਸ਼ਹਾਦਤਾਂ ਨੇ ਸਮੇਂ ਮੁਤਾਬਿਕ ਆਪੇ ਹੀ ਕੋਈ ਉਪਾਅ ਕਰ ਦੇਣਾ ਪਰ ਇਹ ਯਾਦ ਰਹੇ ਕਿ ਸਿੱਖੀ ਸਿਧਾਂਤ ਤੋਂ ਮੂੰਹ ਮੋੜਨ ਵਾਲਿਆਂ ਨੂੰ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਨੇ ਪ੍ਰਿਥੀ ਚੰਦ ਦੇ ਵਾਰਸ ਕਹਿਣਾ ਹੈ, ਨਾ ਕਿ ਦਸਮੇਸ਼ ਪਿਤਾ ਦੇ ਪੁੱਤਰ। ਇਹ ਸ਼ਹੀਦੀ ਖੂਹ ਇਹ ਵੀ ਕਹਿੰਦਾ ਮਹਿਸੂਸ ਹੋਇਆ ਕਿ ਸਿੰਘੋ ਤੁਸੀਂ ਸਮੁੰਦਰੋਂ ਪਾਰ ਜਾ ਕੇ ਸਿੱਖੀ ਦੇ ਝੰਡੇ ਗੱਡ ਦਿੱਤੇ। ਸਾਰੇ ਸ਼ਹੀਦ ਤੁਹਾਡੀ ਦਾਦ ਦਿੰਦੇ ਆ। ਤੁਸੀਂ ਬਿਗਾਨਿਆਂ ਨੂੰ ਦੱਸ ਦਿੱਤਾ ਕਿ ਸਿੱਖੀ ਕਿਹਨੂੰ ਕਹਿੰਦੇ ਆ। ਪਰ ਆਹ ਜਿਹੜਾ ਗੁਰਦੁਆਰਿਆਂ 'ਤੇ ਕਬਜ਼ਾਕਾਰੀ ਰੁਚੀ ਤੁਹਾਡੇ ਵਿਚ ਆ ਗਈ ਹੈ, ਇਹਨੇ ਤੁਹਾਨੂੰ ਲੱਖ ਚੰਗੇ ਹੁੰਦੇ ਹੋਇਆਂ ਨੂੰ ਵੀ ਕੱਖੋਂ ਹੌਲੇ ਕਰ ਦੇਣਾ। ਤੁਹਾਡੀ ਕੁਝ ਕੁ ਸਰਦਾਰਾਂ ਦੀ ਹਉਮੈ ਤੇ ਧੜੇਬੰਦਕ ਈਰਖਾਲੂ ਸੋਚ ਸਮੁੱਚੀ ਸਿੱਖ ਸੰਗਤ ਨੂੰ ਦੁਫੇੜ ਕਰੀ ਜਾਂਦੀ ਆ। ਇਨ੍ਹਾਂ ਸਿੰਘਾਂ, ਸਿੰਘਣੀਆਂ ਤੇ ਮਾਸੂਮਾਂ ਦੀਆਂ ਸ਼ਹਾਦਤਾਂ ਤੁਹਾਨੂੰ ਵਾਸਤਾ ਪਾ ਕੇ ਕਹਿੰਦੀਆਂ ਨੇ ਕਿ ਇਸ ਕੁਰੱਜਪੁਣੇ ਤੋਂ ਬਚ ਹੁੰਦਾ ਤਾਂ ਬਚ ਲਓ ਤਾਂ ਹੀ ਬਾਬੇ ਨਾਨਕ ਦੇ ਪਿਆਰੇ ਸਿੱਖ ਤੇ ਕਲਗੀਧਰ ਦਸਮੇਸ਼ ਦੇ ਖਾਲਸੇ ਹੋਵੋਗੇ।

ਇੰਨੇ ਨੂੰ ਕਾਦਿਰ ਭਾਈ ਸਾਨੂੰ ਲੈਣ ਆ ਗਿਆ ਤੇ ਤੁਰਨ ਵੇਲੇ ਗੁਰਦੁਆਰਾ ਸ਼ਹੀਦ ਗੰਜ ਨੂੰ ਮੱਥਾ ਟੇਕਿਆ ਤੇ ਇਹੋ ਮੰਗਿਆ ਕਿ ਕਾਸ਼ ਇਹ ਸੁਨੇਹਾ ਵੱਡੇ ਸਰਦਾਰਾਂ, ਜਥੇਦਾਰਾਂ ਤੇ ਧੜਵੈਲ ਸਿੱਖਾਂ ਤੱਕ ਪੁੱਜਦਾ ਹੋ ਸਕੇ। ਫਿਰ ਅਸੀਂ ਉਥੋਂ ਵਾਪਿਸੀ ਲਈ ਚਾਲੇ ਪਾ ਲਏ।

*(ਬਾਕੀ ਅਗਲੇ ਅੰਕ 'ਚ)*

## ਸਾਜਨੜਾ ਮੇਰਾ ਸਾਜਨੜਾ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਰਾਮਕਲੀ ਮਹਲਾ 5 ਛੰਤ (924)
ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਆ ਗੂੜਾ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ॥
ਮਾਇਆ ਮਦ ਮਾਤਾ ਹੋਛੀ ਬਾਤਾ ਮਿਲਣ ਨਾ ਜਾਈ ਭਰਮਧੜਾ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ॥

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਪਿਤਾ ਪਰਮੇਸ਼ਰ ਦੇ ਰੰਗ ਵਿਚ ਰੰਗੇ ਹੋਏ ਸਨ, ਇਸ ਲਈ ਉਹ ਉਸ ਪਰਮੇਸ਼ਰ ਨੂੰ ਕਿਤੇ ਮਾਤਾ-ਪਿਤਾ, ਕਿਤੇ ਕੰਤ ਪਤੀ ਅਤੇ ਕਿਤੇ ਸਾਜਨ ਕਹਿ ਕੇ ਪੁਕਾਰਦੇ ਹਨ। ਇਸ ਸ਼ਬਦ ਵਿਚ ਸਾਜਨੜਾ ਮੇਰਾ ਸਾਜਨੜਾ ਆਖ ਕੇ ਉਹ ਉਸ ਕਾਦਰ ਦੀ ਸਿਫਤ ਕਰ ਰਹੇ ਹਨ ਅਤੇ ਉਸ ਦੇ ਬਲਿਹਾਰ ਜਾ ਰਹੇ ਹਨ। ਉਹ ਆਖ ਰਹੇ ਹਨ ਕਿ ਸਾਜਨ ਹਰ ਵੇਲੇ ਤੇ ਹਰ ਸਮੇਂ ਮੇਰੇ ਨਾਲ ਖੜ੍ਹਾ ਹੈ, ਨਿਕਟ ਹੈ, ਨੇੜੇ ਹੈ, ਜਾਨੀਅੜਾ ਹੈ ਭਾਵ ਜਾਨ ਤੋਂ ਵੀ ਪਿਆਰਾ ਹੈ, ਨੈਣ ਅਲੋਇਅੜਾ ਭਾਵ ਅੱਖੀਂ ਦੇਖਿਆ ਹੋਇਆ ਹੈ। ਉਹ ਜਾਨ ਤੋਂ ਵੀ ਪਿਆਰਾ ਪ੍ਰਭੂ ਮੈਂ ਆਪਣੀ ਅੱਖੀਂ ਵੇਖਿਆ ਹੈ ਅਤੇ ਕੋਈ ਸੁਣੀ ਸੁਣਾਈ ਗੱਲ ਨਹੀਂ। ਗੁਰੂ ਜੀ ਫਰਮਾਉਂਦੇ ਹਨ ਉਹ ਪ੍ਰਿਆ ਗੂੜਾ, ਮੇਰਾ ਅਤਿ ਪਿਆਰਾ ਅਤੇ ਅੰਮ੍ਰਿਤ ਵਰਗਾ ਮਿੱਠਾ ਸਾਜਨ ਘਟਿ ਘਟਿ ਵਿਚ, ਜ਼ੱਰੇ ਜ਼ੱਰੇ ਵਿਚ ਸਮਾਇਆ ਹੋਇਆ ਹੈ। ਉਹ ਪਰਮੇਸ਼ਰ ਹਰ ਸਮੇਂ ਸਾਡੇ ਨਾਲ ਹੈ। ਲਹਿ ਨ ਸਕੰਦਾ ਤੋਂ ਭਾਵ ਹੈ ਕਿ ਉਹ ਸਾਡੇ ਤੋਂ ਕਿਤੇ ਵੀ ਦੂਰ ਨਹੀਂ ਪਰ ਇਹ ਮੂੜਾ ਭਾਵ ਮੂਰਖ ਮਨ ਉਸ ਅੰਮ੍ਰਿਤ ਰੂਪੀ ਸਾਜਨ ਦਾ ਸਵਾਦ ਨਹੀਂ ਜਾਣਦਾ। ਇਸ ਦਾ ਕਾਰਨ ਸਤਿਗੁਰ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਸਮਝਾ ਰਹੇ ਹਨ ਕਿ ਹੇ ਭਾਈ ਉਸ ਅੰਮ੍ਰਿਤ ਵਰਗੇ ਮਿੱਠੇ ਅਤੇ ਜਾਨ ਤੋਂ ਵੀ ਪਿਆਰੇ ਸਾਜਨ ਦੇ ਮਿਲਾਪ ਵਿਚ ਜੋ ਵਿਘਨ ਪੈ ਰਿਹਾ ਹੈ, ਜੋ ਦੂਰੀ ਹੈ, ਉਸ ਦਾ ਕਾਰਨ ਕੀ ਹੈ? ਕਾਰਨ ਹੈ ਇਨਸਾਨ ਦਾ ਮਾਇਆ ਦੇ ਲੋਭ ਵਿਚ ਭਟਕਣਾ। ਮਨੁੱਖ ਆਪਣੇ ਸਾਜਨ ਨੂੰ ਛੱਡ ਕੇ

*(ਬਾਕੀ ਸਫਾ 35 'ਤੇ)*

# ਸਾਊਥ ਏਸ਼ੀਅਨ ਯੂਨੀਅਨ ਬਣਾਉਣ ਦਾ ਸਮਰਥਨ

**ਅੰਮ੍ਰਿਤਸਰ :** ਹਿੰਦ-ਪਾਕਿ ਦੋਸਤੀ ਦੀਆਂ ਮੁੱਦਈ ਜਥੇਬੰਦੀਆਂ ਨੇ ਬੀਤੀ 14 ਅਗਸਤ ਨੂੰ ਅਟਾਰੀ ਸਰਹੱਦ ਵਿਖੇ ਕੀਤੇ ਗਏ ਸਭਿਆਚਾਰਕ ਮੇਲੇ ਦੌਰਾਨ ਦੋਵਾਂ ਸਰਕਾਰਾਂ ਕੋਲੋਂ ਮੰਗ ਕੀਤੀ ਹੈ ਕਿ ਦੋਵਾਂ ਦੇਸ਼ਾਂ ਵਿਚ ਆਮ ਲੋਕਾਂ ਦੀ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਵੀਜ਼ੇ ਦੀਆਂ ਸ਼ਰਤਾਂ ਨੂੰ ਨਰਮ ਕੀਤਾ ਜਾਵੇ।

ਇਸ ਦੌਰਾਨ ਪਾਕਿਸਤਾਨ ਵਿਚ ਆਏ ਹੜ੍ਹਾਂ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਦੇ ਦੁੱਖ ਵਜੋਂ ਪਾਕਿਸਤਾਨ ਵਾਲੇ ਪਾਸੇ ਸਰਹੱਦ 'ਤੇ ਮੋਮਬੱਤੀਆਂ ਜਗਾਉਣ ਦੀ ਥਾਂ ਲਾਹੌਰ ਵਿਖੇ ਸਾਫ਼ਮਾ ਦੇ ਸਕੱਤਰੇਤ ਵਿਚ ਮੋਮਬੱਤੀਆਂ ਬਾਲ ਕੇ ਆਪਸੀ ਸਾਂਝ ਨੂੰ ਪਕੇਰਾ ਕਰਨ ਦਾ ਹੋਕਾ ਦਿੱਤਾ ਗਿਆ ਹੈ ਜਦੋਂਕਿ ਭਾਰਤ ਵਾਲੇ ਪਾਸਿਓਂ ਭਾਰਤੀ ਅਤੇ ਪਾਕਿਸਤਾਨੀ ਆਗੂਆਂ ਨੇ ਰਲ ਕੇ ਅਟਾਰੀ ਸਰਹੱਦ ਵਿਖੇ ਮੋਮਬੱਤੀਆਂ ਬਾਲ ਕੇ ਇਸ ਰਸਮ ਨੂੰ ਜਾਰੀ ਰੱਖਿਆ।

ਭਾਰਤ ਵਾਲੇ ਪਾਸੇ ਅਟਾਰੀ ਸਰਹੱਦ ਸਥਿਤ ਦਾਨਾ ਮੰਡੀ ਵਿਖੇ ਕਰਵਾਏ ਗਏ ਸਭਿਆਚਾਰਕ ਮੇਲੇ ਦੀ ਆਰੰਭਤਾ ਤੋਂ ਪਹਿਲਾਂ ਇਕ ਕਾਫ਼ਲਾ ਜਲ੍ਹਿਆਂਵਾਲਾ ਬਾਗ ਤੋਂ ਰਵਾਨਾ ਹੋਇਆ, ਜਿਸ ਦੀ ਅਗਵਾਈ ਹਿੰਦ-ਪਾਕਿ ਦੋਸਤੀ ਮੰਚ ਦੇ ਪ੍ਰਧਾਨ ਸ੍ਰੀ ਕੁਲਦੀਪ ਨਈਅਰ ਨੇ ਕੀਤੀ। ਇਸ ਕਾਫ਼ਲੇ ਵਿਚ ਉਘੇ ਫਿਲਮ ਨਿਰਦੇਸ਼ਕ ਸ੍ਰੀ ਮਹੇਸ਼ ਭੱਟ, ਮੁੰਬਈ ਤੋਂ ਆਏ ਮੈਗਸੈਸੇ ਐਵਾਰਡ ਪ੍ਰਾਪਤ ਸ੍ਰੀ ਸੰਦੀਪ ਪਾਂਡੇ, ਪਾਕਿਸਤਾਨ ਤੋਂ ਆਏ ਸਾਫਮਾ ਆਗੂ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਸ੍ਰੀ ਨਈਅਰ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਿਦਿਆਰਥੀ ਅਤੇ ਬਜ਼ੁਰਗਾਂ ਨੂੰ ਆਉਣ-ਜਾਣ ਲਈ ਵੀਜ਼ੇ ਦੀ ਸ਼ਰਤ ਖ਼ਤਮ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਾਂਝ ਨੂੰ ਪਕੇਰੀ ਕਰਨ ਲਈ ਪਿਛਲੇ ਲੰਮੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਹਨ ਪਰ ਹੁਣ ਤਕ ਨਿਰਾਸ਼ਾ ਹੀ ਹੱਥ ਆਈ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਦੀ ਅਫਸਰਸ਼ਾਹੀ ਅਤੇ ਸਿਆਸਤਦਾਨਾਂ ਵਲੋਂ ਵੀਜ਼ਾ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ। ਮੈਗਸੈਸੇ ਐਵਾਰਡ ਪ੍ਰਾਪਤ ਸ੍ਰੀ ਸੰਦੀਪ ਪਾਂਡੇ ਨੇ ਕਿਹਾ ਕਿ



ਇਹ ਅਮਨ ਕਾਰਵਾਂ ਪਹਿਲਾਂ 2005 ਵਿਚ ਦਿੱਲੀ ਤੋਂ ਮੁਲਤਾਨ ਤੱਕ ਗਿਆ ਸੀ ਅਤੇ ਇਸ ਵਰ੍ਹੇ ਮੁੰਬਈ ਤੋਂ ਲਾਹੌਰ ਤੱਕ ਜਾਵੇਗਾ।

ਇਸ ਦੌਰਾਨ ਮੇਲੇ ਵਿਚ ਪਾਸ ਕੀਤੇ ਗਏ ਮਤਿਆਂ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਨੇ ਦੱਸਿਆ ਕਿ ਇਕੱਠ ਵਲੋਂ ਆਜ਼ਾਦੀ ਦੀ 64ਵੀਂ ਵਰ੍ਹੇਗੰਢ ਮੌਕੇ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਹਨ। ਭਾਰਤ ਅਤੇ ਪਾਕਿਸਤਾਨ ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਕੌਮਾਂਤਰੀ ਭਾਈਚਾਰੇ ਕੋਲੋਂ ਮੰਗ ਕੀਤੀ ਗਈ ਹੈ ਕਿ ਪੀੜਤ ਲੋਕਾਂ ਦੀ ਸਹਾਇਤਾ ਤੇ ਪੁਨਰ ਵਸੇਬੇ ਲਈ ਯਤਨ ਕੀਤੇ ਜਾਣ।

ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਸ਼ਮੀਰ ਸਮੇਤ ਸਾਰੇ ਦੁਵੱਲੇ ਮਸਲੇ ਸ਼ਾਂਤੀ ਨਾਲ ਗੱਲਬਾਤ ਕਰਕੇ ਹੱਲ ਕੀਤੇ ਜਾਣ। ਇਕੱਠ ਵਲੋਂ ਇਹ ਵੀ ਮੰਗ ਕੀਤੀ ਗਈ ਕਿ ਅਟਾਰੀ-ਵਾਹਗਾ ਸਰਹੱਦ ਦੇ ਆਰ-ਪਾਰ 1947 ਦੀ ਫਿਰਕੂ ਹਿੰਸਾ ਵਿਚ ਮਾਰੇ ਗਏ 10 ਲੱਖ ਲੋਕਾਂ ਦੀ ਯਾਦ ਵਿਚ ਢੁਕਵੇਂ ਸਮਾਰਕ ਅਤੇ ਅਜਾਇਬ ਘਰ ਬਣਾਏ ਜਾਣ। ਸਰਹੱਦ ਨੂੰ ਵਪਾਰ ਅਤੇ ਲੋਕਾਂ ਦੀ ਆਵਾਜਾਈ ਲਈ ਖੋਲ੍ਹਿਆ ਜਾਵੇ। ਇਸ ਮਕਸਦ ਲਈ ਅੰਮ੍ਰਿਤਸਰ ਅਤੇ ਲਾਹੌਰ ਵਿਖੇ ਵੀਜ਼ਾ ਦਫ਼ਤਰ ਖੋਲ੍ਹੇ ਜਾਣ ਅਤੇ ਵੀਜ਼ਾ ਨਿਯਮ ਸਰਲ ਕੀਤੇ ਜਾਣ। ਇਸ ਦੌਰਾਨ ਸਭਿਆਚਾਰਕ ਮੇਲੇ ਵਿਚ ਉਘੇ ਪੰਜਾਬੀ ਗਾਇਕ ਦਿਲਜਾਨ, ਲਖਵਿੰਦਰ ਵਡਾਲੀ, ਪਾਕਿਸਤਾਨੀ ਗਾਇਕ ਜ਼ਫ਼ਰ ਅੱਲਾ ਲੋਕ, ਸਤਿੰਦਰ ਸਰਤਾਜ, ਹੰਸ ਰਾਜ ਹੰਸ ਅਤੇ ਸਤਵਿੰਦਰ ਬਿੱਟੀ ਵਲੋਂ ਆਪਣੇ ਫਨ ਦਾ ਮੁਜ਼ਾਹਰਾ ਕੀਤਾ ਗਿਆ।

ਇਸ ਤੋਂ ਪਹਿਲਾਂ ਪਾਕਿਸਤਾਨ ਸਥਿਤ ਲਾਹੌਰ ਵਿਖੇ ਹਿੰਦ-ਪਾਕਿ ਸਬੰਧਾਂ ਬਾਰੇ ਇਕ ਸੈਮੀਨਾਰ ਵੀ ਕੀਤਾ ਗਿਆ, ਜਿਸ ਵਿਚ ਸ਼ਮੂਲੀਅਤ ਕਰਨ ਲਈ ਭਾਰਤ ਵਲੋਂ ਸਾਫਮਾ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਅਤੇ ਜਨਰਲ ਸਕੱਤਰ ਸਤੀਸ਼ ਜੈਕਬ ਦੀ ਅਗਵਾਈ ਹੇਠ 11 ਮੈਂਬਰੀ ਵਫ਼ਦ ਪਾਕਿਸਤਾਨ ਗਿਆ। ਪਾਕਿਸਤਾਨ ਤੋਂ ਆਏ 40 ਮੈਂਬਰੀ ਵਫ਼ਦ ਵਿਚ ਸ਼ਾਮਲ ਸਾਫਮਾ ਪਾਕਿਸਤਾਨ ਦੇ ਬੁਲਾਰੇ ਸ੍ਰੀਮਤੀ ਫਰਾਹ ਵੜੈਚ, ਸਾਇਦਾ ਦੀਪ ਅਤੇ ਹੋਰਨਾਂ ਨੇ ਸ਼ਾਮ ਸਮੇਂ ਸਰਹੱਦ 'ਤੇ ਵੰਡ ਸਮੇਂ ਮਾਰੇ ਗਏ 10 ਲੱਖ ਲੋਕਾਂ ਦੀ ਯਾਦ ਵਿਚ ਸਥਾਪਿਤ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਫੋਕਲੋਰ ਰਿਸਰਚ ਅਕੈਡਮੀ ਦੇ ਸ੍ਰੀ ਰਮੇਸ਼ ਯਾਦਵ, ਸ੍ਰੀ ਗੁਰਦੇਵ ਸਿੰਘ ਮਹਿਲਾਂਵਾਲਾ, ਪਰਮਜੀਤ ਸਿੰਘ ਗੰਡੀਵਿੰਡ, ਤੇ ਹੋਰ ਆਗੂ ਹਾਜ਼ਰ ਸਨ।

ਇਸ ਤੋਂ ਪਹਿਲਾਂ ਬੀਤੀ 13 ਅਗਸਤ ਨੂੰ ਵਿਰਸਾ ਵਿਹਾਰ, ਅੰਮ੍ਰਿਤਸਰ ਵਿਚ 'ਭਾਰਤ-ਪਾਕਿ ਸਬੰਧ: ਸਮੱਸਿਆਵਾਂ ਤੇ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਵਿਚ ਇਹ ਮੰਗ ਜ਼ੋਰ ਨਾਲ ਉਠਾਈ ਗਈ ਕਿ ਦੋਵੇਂ ਮੁਲਕਾਂ ਦੀਆਂ ਸਰਕਾਰਾਂ ਦੇਸ਼-ਵੰਡ ਤੋਂ ਪਹਿਲਾਂ ਇੱਧਰ-ਉੱਧਰ ਜੰਮੇ ਅਤੇ ਉਜੜ ਕੇ ਇੱਧਰ ਜਾਂ ਉੱਧਰ ਜਾ ਵੱਸਿਆਂ ਨੂੰ ਬਿਨਾ ਵੀਜ਼ਾ ਉਨ੍ਹਾਂ ਦੇ ਪਿੰਡਾਂ ਜਾਂ ਸ਼ਹਿਰਾਂ ਨੂੰ ਵੇਖਣ ਤੇ ਲੋਕਾਂ ਨੂੰ ਮਿਲਣ ਦੀ ਇਜਾਜ਼ਤ ਦੇਵੇ। ਬੁਲਾਰਿਆਂ ਨੇ ਆਪਸੀ ਵਿਸ਼ਵਾਸ ਬਹਾਲ ਕਰਨ ਲਈ ਦੋਵਾਂ ਮੁਲਕਾਂ ਦੇ ਲੋਕਾਂ ਨੂੰ ਖੁੱਲ੍ਹਦਿਲੀ ਨਾਲ ਵੀਜ਼ੇ ਦੇਣ 'ਤੇ ਜ਼ੋਰ ਦਿੱਤਾ। ਸਾਰਿਆਂ ਨੇ ਸਾਊਥ ਏਸ਼ੀਅਨ ਮੁਲਕਾਂ ਦੀ ਯੂਨੀਅਨ ਬਣਾਉਣ ਦਾ ਸਮਰਥਨ ਕੀਤਾ। ਪਾਕਿਸਤਾਨੀ ਬੁਲਾਰਿਆਂ ਨੇ ਮੰਗ ਕੀਤੀ ਕਿ ਪਾਕਿਸਤਾਨ ਵਿਚ ਹੜ੍ਹਾਂ ਦੀ ਕਰੋਪੀ ਦਾ ਸ਼ਿਕਾਰ ਲੋਕਾਂ ਦੀ ਮਦਦ ਕੀਤੀ ਜਾਵੇ।

# ਹਾਈ ਕੋਰਟ ਵਲੋਂ ਕਾਹਲੋਂ ਨੂੰ ਅਗਾਊਂ ਜ਼ਮਾਨਤ



**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੀਤੀ 16 ਅਗਸਤ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪੰਜਾਬ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੇਸ਼ੀ ਭੁਗਤਣ ਲਈ ਪਟਿਆਲਾ ਦੀ ਅਦਾਲਤ ਵਿਚ ਜਾਣ ਤੋਂ ਇਕ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ।

ਜਸਟਿਸ ਐਮ.ਐਮ.ਐਸ. ਬੇਦੀ ਨੇ ਸ੍ਰੀ ਕਾਹਲੋਂ ਨੂੰ ਮੰਗਲਵਾਰ ਨੂੰ ਪਟਿਆਲਾ ਦੀ ਅਦਾਲਤ ਵਿਚ ਪੇਸ਼ ਹੋਣ ਅਤੇ ਅਦਾਲਤ ਨੂੰ ਜ਼ਮਾਨਤ ਮਨਜ਼ੂਰ ਕਰਨ ਦੀ ਹਦਾਇਤ ਕੀਤੀ ਹੈ। ਸ੍ਰੀ ਕਾਹਲੋਂ ਉਤੇ ਪੰਜਾਬ ਦੇ ਕੈਬਨਿਟ ਮੰਤਰੀ ਹੁੰਦੇ ਹੋਏ ਵਿੱਤੀ ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਕੀ ਬੇਨਿਯਮੀਆਂ ਕਰਨ ਦਾ ਦੋਸ਼ ਹੈ। ਸੀ.ਬੀ. ਆਈ. ਨੇ 9 ਜੁਲਾਈ ਨੂੰ ਸ੍ਰੀ ਕਾਹਲੋਂ ਖ਼ਿਲਾਫ਼ ਸਾਲ 1997 ਤੋਂ 2002 ਦੌਰਾਨ 909 ਪੰਚਾਇਤ ਸਕੱਤਰਾਂ ਦੀ ਚੋਣ ਵਿਚ ਘੁਟਾਲੇ ਸਬੰਧੀ ਦੋਸ਼ ਪੱਤਰ ਆਇਦ ਕੀਤਾ ਸੀ। ਹਾਈ ਕੋਰਟ 26 ਅਕਤੂਬਰ ਨੂੰ ਮਾਮਲੇ ਦੀ ਸੁਣਵਾਈ ਕਰੇਗੀ। ਇਸ ਦੇ ਨਾਲ ਹੀ ਚੀਫ ਜਸਟਿਸ ਮੁਕੁਲ ਮੁਦਗਲ ਅਤੇ ਜਸਟਿਸ ਅਜੈ ਤਿਵਾੜੀ ਨੇ ਸੀ.ਬੀ.ਆਈ. ਨੂੰ ਕਾਹਲੋਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰਨ ਦੇ ਆਦੇਸ਼ ਦੇਣ ਸਬੰਧੀ ਜਨ ਹਿੱਤ ਪਟੀਸ਼ਨ ਰੱਦ ਕਰ ਦਿੱਤੀ।

# ਸਿੱਖਾਂ ਦੀ ਕਾਲੀ ਸੂਚੀ ਵਿਚੋਂ 23 ਨਾਮ ਹਟਾਏ

**ਨਵੀਂ ਦਿੱਲੀ :** ਕੇਂਦਰ ਸਰਕਾਰ ਵਲੋਂ ਸਿੱਖਾਂ ਦੀ ਕਾਲੀ ਸੂਚੀ ਵਿਚੋਂ 23 ਨਾਂ ਹਟਾ ਦਿੱਤੇ ਗਏ ਹਨ। ਇਹ ਉਹ ਵਿਅਕਤੀ ਹਨ ਜਿਨ੍ਹਾਂ ਉਪਰ ਜਾਂ ਤਾਂ ਕੋਈ ਗੰਭੀਰ ਦੋਸ਼ ਨਹੀਂ ਹਨ ਜਾਂ ਮਾਮੂਲੀ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵਲੋਂ ਵੀ ਇਨ੍ਹਾਂ ਨਾਵਾਂ ਨੂੰ ਕਾਲੀ ਸੂਚੀ ਵਿਚੋਂ ਹਟਾਉਣ ਲਈ ਸਹਿਮਤੀ ਦਿੱਤੀ ਗਈ ਸੀ। ਕੇਂਦਰੀ ਏਜੰਸੀਆਂ ਨੇ ਵੀ ਇਨ੍ਹਾਂ 23 ਵਿਅਕਤੀਆਂ ਬਾਰੇ ਆਪਣੀ ਰਿਪੋਰਟ ਦਿੱਤੀ ਸੀ ਕਿ ਇਨ੍ਹਾਂ ਨੂੰ ਖਤਰਨਾਕ ਸ਼੍ਰੇਣੀ ਵਿਚੋਂ ਹਟਾਇਆ ਜਾ ਸਕਦਾ ਹੈ। ਪਹਿਲਾਂ ਇਹ ਸੂਚੀ 185 ਵਿਅਕਤੀਆਂ ਦੀ ਸੀ, ਫਿਰ ਇਸ 'ਚ 169 ਨਾਂ ਰਹਿ ਗਏ। ਇਸ ਸੂਚੀ 'ਚ 28 ਵਿਅਕਤੀ ਉਹ ਹਨ, ਜੋ ਭਗੌੜੇ ਹਨ ਜਾਂ ਉਨ੍ਹਾਂ ਉਪਰ ਖਤਰਨਾਕ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਸੂਤਰਾਂ ਅਨੁਸਾਰ ਕੁਝ ਨੌਜਵਾਨ ਪੰਜਾਬ ਦੇ ਮਾੜੇ ਹਾਲਾਤ 'ਚ ਵਿਚਾਰਧਾਰਾ ਪੱਖੋਂ ਖਾੜਕੂ ਸਫ਼ਾਂ ਨਾਲ ਹਮਦਰਦੀ ਰੱਖਦੇ ਸਨ, ਪਰ ਸਮੇਂ ਨਾਲ ਉਨ੍ਹਾਂ ਦੀ ਵਿਚਾਰਧਾਰਾ 'ਚ ਤਬਦੀਲੀ ਆ ਚੁੱਕੀ ਹੈ। ਅਜਿਹੇ ਲੋਕਾਂ ਵਿਰੁਧ ਫੌਜਦਾਰੀ ਮਾਮਲੇ ਦਰਜ ਨਹੀਂ ਹੋਏ, ਪਰ ਕਾਲੀ ਸੂਚੀ 'ਚ ਨਾਂ ਦਰਜ ਹੋ ਗਏ।

# ਬੇਅੰਤ ਨੂੰ ਮਾਰਨ ਦਾ ਅਫਸੋਸ ਨਹੀਂ- ਬਲਵੰਤ

**ਚੰਡੀਗੜ੍ਹ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਦੇ ਦੋਸ਼ੀ ਬਲਵੰਤ ਸਿੰਘ ਨੇ ਕਿਹਾ ਹੈ ਕਿ ਉਸ ਨੂੰ ਆਪਣੇ ਕੀਤੇ 'ਤੇ ਪਛਤਾਵਾ ਨਹੀਂ। ਐਡਵੋਕੇਟ ਬਲਦੇਵ ਸਿੰਘ ਦੇ ਰਾਹੀਂ ਦੋਸ਼ੀਆਂ ਵਲੋਂ ਪਾਈਆਂ ਅਪੀਲਾਂ 'ਤੇ ਜਸਟਿਸ ਮਹਿਤਾਬ ਸਿੰਘ ਗਿੱਲ ਤੇ ਜਸਟਿਸ ਅਰਵਿੰਦ ਕੁਮਾਰ ਵਲੋਂ ਸੁਣਵਾਈ ਕੀਤੀ ਜਾ ਰਹੀ ਹੈ।

ਬਲਵੰਤ ਸਿੰਘ ਵਲੋਂ ਲਿਖੀ ਚਿੱਠੀ ਦਾ ਤਰਜਮਾ ਬੀਤੀ 12 ਅਗਸਤ ਨੂੰ ਅਦਾਲਤ ਰਿਕਾਰਡ ਵਿਚ ਰੱਖ ਲਿਆ ਗਿਆ। ਇਸ ਖਤ ਵਿਚ ਕਿਹਾ ਗਿਆ ਹੈ ਕਿ ਬੇਅੰਤ ਸਿੰਘ ਇਸ ਜ਼ਾਲਮ ਸਿਸਟਮ ਦੀ ਪੈਦਾਇਸ਼ ਸੀ ਤੇ ਉਸ ਨੂੰ ਕਾਂਗਰਸ ਨੇ ਸਿੱਖਾਂ ਦਾ ਘਾਣ ਕਰਨ ਲਈ ਸੂਬੇ ਦਾ ਮੁੱਖ ਮੰਤਰੀ ਬਣਾਇਆ।

# ਹੁਣ ਲਕਸ਼ਮਣ ਚੇਲਾ ਪ੍ਰਕਾਸ਼ਨ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ

**ਨਵੀਂ ਦਿੱਲੀ :** ਹਰ ਗੋਬਿੰਦ ਐਨਕਲੇਵ ਦੀ ਇਕ ਕੋਠੀ ਦੀ ਜ਼ਮੀਨ ਦੋਜ਼ ਦੁਕਾਨ ਵਿਚੋਂ ਸਾਂਭ-ਸੰਭਾਲ 'ਚ ਵਰਤੀ ਅਣਗਹਿਲੀ ਤੋਂ ਬਾਅਦ ਸੰਗਤ ਵਲੋਂ ਕੱਢੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 94 ਪਾਵਨ ਸਰੂਪਾਂ ਅਤੇ ਹਿੰਦੀ ਵਿਚ ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜਿਲਦ ਤੇ ਬਿਨਾਂ ਜਿਲਦ ਸੈਂਕੜੇ ਸਰੂਪਾਂ ਅਤੇ ਹੋਰ ਧਾਰਮਿਕ ਸਾਹਿਤ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਮੁਆਇਨਾ ਕੀਤਾ। ਇਹ ਸਰੂਪ ਪੰਜਾਬੀ, ਹਿੰਦੀ, ਸਿੰਧੀ ਅਤੇ ਅੰਗਰੇਜ਼ੀ 'ਚ ਛਪੇ ਧਾਰਮਿਕ ਸਾਹਿਤ ਨੂੰ ਡੇਰਾ ਬਾਬਾ ਕਰਮ ਸਿੰਘ ਸਾਹਿਬ, ਰਸ਼ੀਦ ਮਾਰਕਿਟ 'ਚ ਲਿਆ ਕੇ ਰੱਖੇ ਹਨ ਅਤੇ ਇਲਾਕੇ ਦੀ ਸੰਗਤ ਵਲੋਂ ਬਿਨਾਂ ਜਿਲਦ ਵਾਲੇ ਗੁਰਬਾਣੀ ਦੇ ਛਪੇ ਅੰਸ਼ ਨੂੰ ਰੂੰ ਨਾਲ ਸਾਫ਼ ਕਰਕੇ ਸਾਂਭਿਆ ਜਾ ਰਿਹਾ ਹੈ।

ਮੁਆਇਨਾ ਕਰਨ ਉਪਰੰਤ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਪਾਵਨ ਬੀੜਾਂ ਨੂੰ ਸਹੀ ਢੰਗ ਨਾਲ ਨਾ ਸਾਂਭਣਾ ਮਰਿਆਦਾ ਦੀ ਘੋਰ ਉਲੰਘਣਾ ਹੈ ਅਤੇ ਦੋਸ਼ੀਆਂ ਵਿਰੁਧ ਕਾਨੂੰਨੀ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰੇਗੀ ਅਤੇ ਧਾਰਮਿਕ ਪੱਖ ਤੋਂ ਕੀਤੀ ਗਈ ਇਸ ਵੱਡੀ ਕੁਤਾਹੀ ਵਿਰੁਧ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਾਮਲਾ ਵਿਚਾਰਿਆ ਜਾ ਰਿਹਾ ਹੈ।

ਉਨ੍ਹਾਂ ਇਲਾਕੇ ਦੇ ਨੌਜਵਾਨਾਂ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਪਾਵਨ ਸਰੂਪਾਂ ਨੂੰ ਸਤਿਕਾਰ ਸਹਿਤ ਡੇਰਾ ਬਾਬਾ ਕਰਮ ਸਿੰਘ ਵਿਖੇ ਪਹੁੰਚਾਇਆ। ਉਨ੍ਹਾਂ ਅਜਿਹੇ ਲੋਕਾਂ ਨੂੰ ਤਾੜਨਾ ਕੀਤੀ ਜੋ ਇੰਟਰਨੈਟ ਰਾਹੀਂ ਇਨ੍ਹਾਂ ਪਾਵਨ ਬੀੜਾਂ ਨੂੰ ਸਾਂਭਣ ਲਈ ਚੰਦਾ ਮੰਗਣ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਮਰੱਥ ਹੈ।

ਪ੍ਰਧਾਨ ਮੱਕੜ ਨੇ ਇਲਾਕੇ ਦੇ ਏ.ਸੀ.ਪੀ. ਏ.ਐਸ.ਮਿਨਹਾਸ ਅਤੇ ਐਸ.ਐਚ.ਓ. ਆਰ. ਦਹੀਆ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਪੁਲੀਸ ਅਧਿਕਾਰੀਆਂ ਵਲੋਂ ਭਰੋਸਾ ਦਿੱਤਾ ਗਿਆ ਕਿ ਭਾਵੇਂ ਧਾਰਾ 295 ਤਹਿਤ ਮਾਮਲਾ ਦਰਜ ਹੋਇਆ ਹੈ ਪਰ ਜਾਂਚ ਦੌਰਾਨ ਸਬੂਤ ਸਾਹਮਣੇ ਆਉਣ 'ਤੇ ਹੋਰ ਧਾਰਾਵਾਂ ਵੀ ਜੋੜੀਆਂ ਜਾ ਸਕਦੀਆਂ ਹਨ। ਦੱਸਣਯੋਗ ਹੈ ਕਿ ਲਕਸ਼ਮਣ ਚੇਲਾ ਪ੍ਰਕਾਸ਼ਨ ਵਲੋਂ ਇਹ ਸਾਹਿਤ ਤੇ ਬੀੜਾਂ ਹਰਗੋਬਿੰਦ ਐਨਕਲੇਵ ਦੀ 13 ਨੰਬਰ ਦੁਕਾਨ 'ਚ ਰੱਖੀਆਂ ਹੋਈਆਂ ਸਨ ਤੇ ਗੁਆਂਢੀ ਜੋਸ਼ ਪ੍ਰਾਪਰਟੀ ਦੇ ਮਾਲਕਾਂ ਨੇ ਦੁਕਾਨ ਵਿਚੋਂ ਬਦਬੂ ਆਉਣ 'ਤੇ ਇਲਾਕੇ ਦੀ ਸੰਗਤ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦਾਦਾ ਲਕਸ਼ਮਣ ਚੇਲਾ ਪ੍ਰਕਾਸ਼ਨ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਸਾਂਭ-ਸੰਭਾਲ 'ਚ ਵੱਡੀ ਕੁਤਾਹੀ ਕੀਤੀ ਗਈ ਹੈ ਜੋ ਮੁਆਫ਼ੀ ਯੋਗ ਨਹੀਂ ਹੈ। ਜਥੇਦਾਰ ਸਾਹਿਬ ਨੇ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਿਖੇ ਪਛਤਾਵੇ ਲਈ ਅਖੰਡ ਪਾਠ ਆਰੰਭ ਕਰਵਾਉਣ ਤੋਂ ਪਹਿਲਾਂ ਹਰਗੋਬਿੰਦ ਐਨਕਲੇਵ ਦੀ ਕੋਠੀ ਨੰਬਰ 13 ਦੀ ਜ਼ਮੀਨਦੋਜ਼ ਦੁਕਾਨ ਦਾ ਮੁਆਇਨਾ ਕੀਤਾ ਤੇ ਫਿਰ ਡੇਰਾ ਬਾਬਾ ਕਰਮ ਸਿੰਘ ਵਿਖੇ ਵੱਖ-ਵੱਖ ਮੰਜ਼ਿਲਾਂ ਉਪਰ ਪਈਆਂ ਬੀੜਾਂ ਅਤੇ ਹੋਰ ਧਾਰਮਿਕ ਸਾਹਿਤ ਨੂੰ ਦੇਖਿਆ।

ਗਿਆਨੀ ਗੁਰਬਚਨ ਸਿੰਘ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਮਾਮਲਾ ਬਹੁਤ ਸੰਗੀਨ ਹੈ ਜਦੋਂ ਕਿ ਲਕਸ਼ਮਣ ਚੇਲਾ ਸੰਸਥਾ ਵਲੋਂ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਮੰਗੀ ਗਈ ਸੀ। ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਨਾਂ ਵਲੋਂ ਇਸ ਮੁੱਦੇ ਨੂੰ ਵਿਚਾਰਿਆ ਜਾਵੇਗਾ।

# ਡਾ. ਦਿਲਗੀਰ ਵਿਰੁਧ ਅਕਾਲ ਤਖ਼ਤ 'ਤੇ ਸ਼ਿਕਾਇਤ

**ਅੰਮ੍ਰਿਤਸਰ :** ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਨੇ ਬੀਤੀ 11 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਨੂੰ ਇਕ ਲਿਖਤੀ ਸ਼ਿਕਾਇਤ ਸੌਂਪ ਕੇ ਡਾ. ਹਰਜਿੰਦਰ ਸਿੰਘ ਦਿਲਗੀਰ ਵਲੋਂ ਛਪਵਾਏ ਗੁਟਕੇ ਵਿਰੁਧ ਇਤਰਾਜ਼ ਪ੍ਰਗਟ ਕੀਤਾ ਹੈ। ਜਥੇਦਾਰ ਨੂੰ ਸੌਂਪੇ ਪੱਤਰ ਵਿਚ ਯੂਨਾਈਟਿਡ ਖ਼ਾਲਸਾ ਦਲ ਦੇ ਚਰਨਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਬਲਦੇਵ ਸਿੰਘ ਸਿਰਸਾ ਤੇ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਡਾ. ਦਿਲਗੀਰ ਨੇ ਪਹਿਲਾਂ 'ਮੁਕੰਮਲ ਸਿੱਖ ਤਵਾਰੀਖ਼' ਰਾਹੀਂ ਸਿੱਖਾਂ 'ਚੋਂ ਸ਼ਰਧਾ ਖ਼ਤਮ ਕਰਨ ਦੀ ਚਾਲ ਚੱਲੀ।

'ਸਿੱਖ ਤਵਾਰੀਖ਼' ਵਿਚ ਗੁਰੂ ਸਾਹਿਬ ਦੇ ਪਵਿੱਤਰ ਜੀਵਨ ਤੇ ਸਿੱਖ ਰਹੁ-ਰੀਤਾਂ ਨੂੰ ਮਲੀਆਮੇਟ ਕਰਨ ਤੋਂ ਇਲਾਵਾ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਨੂੰ ਵੀ ਰੱਦ ਕੀਤਾ ਗਿਆ ਹੈ। ਜਦ ਆਉਣ ਵਾਲੀਆਂ ਪੀੜ੍ਹੀਆਂ ਇਸ 'ਕੂੜ ਕਬਾੜ' ਨੂੰ ਪੜ੍ਹਨਗੀਆਂ ਤਾਂ ਉਨ੍ਹਾਂ ਦੀ ਸ਼ਰਧਾ ਸ਼ੱਕ 'ਚ ਬਦਲੇਗੀ।

ਡਾ. ਦਿਲਗੀਰ ਵਲੋਂ ਛਪਵਾਏ ਗੁਟਕੇ 'ਤੇ ਕਿੰਤੂ ਕਰਦਿਆਂ ਆਗੂਆਂ ਨੇ ਕਿਹਾ ਕਿ ਉਸਨੇ ਅਜਿਹਾ ਕਰ ਕੇ ਸ਼੍ਰੋਮਣੀ ਕਮੇਟੀ ਵਲੋਂ ਤਿਆਰ ਕੀਤੀ ਰਹਿਤ ਮਰਿਆਦਾ ਨੂੰ ਕੋਝੇ ਤਰੀਕੇ ਨਾਲ ਰੱਦ ਕਰਨ ਦੀ ਜੁਅਰਤ ਕੀਤੀ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ 'ਨਿਤਨੇਮ' ਦੇ ਨਾਂ ਹੇਠ ਛਾਪੇ ਗੁਟਕੇ ਉਪਰ ਡਾ. ਦਿਲਗੀਰ ਨੇ ਅਪਣੀ ਤਸਵੀਰ ਲਗਾਈ ਹੈ। ਨਿਤਨੇਮ ਦੀ ਬਾਣੀ ਵਿਚ ਕੇਵਲ ਜਪੁਜੀ ਸਾਹਿਬ, ਕੀਰਤਨ ਸੋਹਿਲਾ, ਰਹਿਰਾਸ ਅਤੇ ਅਨੰਦ ਸਾਹਿਬ ਹੀ ਅੰਕਤ ਹੈ। ਉਨ੍ਹਾਂ ਇਤਰਾਜ਼ ਕੀਤਾ ਕਿ ਡਾ. ਦਿਲਗੀਰ ਨੇ ਇਹ ਗੁਟਕਾ ਅਪਣੀ ਮਾਤਾ ਜਗਤਾਰ ਕੌਰ ਦੀ ਯਾਦ ਨੂੰ ਸਮਰਪਤ ਕੀਤਾ ਹੈ। ਸ਼੍ਰੋਮਣੀ ਕਮੇਟੀ ਵਲੋਂ ਛਪਵਾਏ ਗੁਟਕੇ ਨੂੰ ਰੱਦ ਕਰਨ ਕਾਰਨ ਡਾ. ਦਿਲਗੀਰ ਸਮੇਤ ਗੁਟਕਾ ਛਾਪਣ ਵਾਲੀ 'ਗੁਰਮਤਿ ਟਕਸਾਲ' ਵੀ ਦੋਸ਼ੀ ਹੈ, ਇਸ ਲਈ ਇਨ੍ਹਾਂ ਸਾਰਿਆਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਇਸ ਮਾਮਲੇ ਨੂੰ ਬੇਹਦ ਗੰਭੀਰ ਦਸਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕਿਸੇ ਵੀ ਬੰਦੇ ਨੂੰ ਇਹ ਹੱਕ ਨਹੀਂ ਕਿ ਉਹ ਗੁਟਕੇ 'ਤੇ ਅਪਣੀ ਤਸਵੀਰ ਛਪਵਾਏ। ਗੁਰਬਾਣੀ ਦੀ ਪੋਥੀ ਕਿਸੇ ਨੂੰ ਸਮਰਪਤ ਵੀ ਨਹੀਂ ਕੀਤੀ ਜਾ ਸਕਦੀ। ਇਸ ਬਾਰੇ ਆਪਣਾ ਪੱਖ ਰਖਦਿਆਂ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਗ੍ਰੰਥੀਆਂ ਸਾਹਮਣੇ ਪੇਸ਼ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਨੂੰ ਮੰਨਦੇ ਹਨ ਪਰ ਗ੍ਰੰਥੀਆਂ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਕਿਸੇ ਵੀ ਬੰਦੇ ਨੂੰ ਅਪਣੇ ਸਾਹਮਣੇ ਹਾਜ਼ਰ ਹੋਣ ਦੇ ਹੁਕਮਨਾਮੇ ਜਾਰੀ ਕਰਨ। ਜੇ ਇਸ ਮਾਮਲੇ 'ਤੇ ਵਿਦਵਾਨਾਂ ਦਾ ਕੋਈ ਪੈਨਲ ਗੱਲਬਾਤ ਕਰਨੀ ਚਾਹੇਗਾ ਤਾਂ ਉਹ ਤਿਆਰ ਹਨ।

ਦੂਜੇ ਪਾਸੇ ਕੁਝ ਲੋਕ ਇਹ ਮੰਨਦੇ ਹਨ ਕਿ ਜੇ ਇਸ ਸਟੀਕ ਦੀ ਛਪਾਈ ਦੇ ਮਾਮਲੇ 'ਚ ਡਾ. ਦਿਲਗੀਰ ਕਸੂਰਵਾਰ ਹਨ ਤਾਂ ਇਸ ਨੂੰ ਛਾਪਣ ਵਾਲੇ 'ਪ੍ਰਿੰਟ ਵੈੱਲ' ਤੇ ਸਟਾਕ ਰਖਣ ਵਾਲੇ 'ਸਿੰਘ ਬ੍ਰਦਰਜ਼' ਦੇ ਦੋਸ਼ ਨੂੰ ਵੀ ਘੱਟ ਕਰ ਕੇ ਨਹੀਂ ਵੇਖਿਆ ਜਾ ਸਕਦਾ।

## ਸਰੀ 'ਚ ਨੌਜਵਾਨ ਦਾ ਕਤਲ

**ਮੋਗਾ :** ਪਿੰਡ ਖੋਸਾ ਪਾਂਡੋ ਦੇ ਕੈਨੇਡੀਆਈ ਨਾਗਰਿਕ ਦਾ ਸਰੀ 'ਚ ਕਥਿਤ ਤੌਰ ਉਤੇ ਉਸ ਦੇ ਦੋਸਤ ਨੇ ਹੀ ਛੁਰਾ ਮਾਰ ਕੇ ਕਤਲ ਕਰ ਦਿੱਤਾ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ 12 ਅਗਸਤ ਦੀ ਰਾਤ ਨੂੰ ਖੋਸਾ ਪਾਂਡੋ ਦੇ ਜਸਵੰਤ ਸਿੰਘ ਦਾ ਪੁੱਤਰ ਨਾਇਬ ਸਿੰਘ ਸਰੀ 'ਚ ਆਪਣੇ ਦੋਸਤ ਇਕਬਾਲ ਸਿੰਘ ਬੈਨੀਪਾਲ ਦੇ ਘਰ ਇਕ ਔਰਤ ਨੂੰ ਨਾਲ ਲੈ ਕੇ ਗਿਆ। ਦੋਹਾਂ ਨੇ ਉਸ ਵੇਲੇ ਸ਼ਰਾਬ ਪੀਤੀ ਹੋਈ ਸੀ। ਇਕਬਾਲ ਨੇ ਨਾਇਬ ਨੂੰ ਉਸ ਔਰਤ ਸਮੇਤ ਆਪਣੇ ਘਰੋਂ ਜਾਣ ਲਈ ਕਿਹਾ। ਇਸ 'ਤੇ ਦੋਹਾਂ ਵਿਚ ਤਕਰਾਰ ਹੋ ਗਿਆ। ਦੋਵੇਂ ਗੁਥਮ-ਗੁੱਥਾ ਹੋ ਗਏ ਤਾਂ ਇਕਬਾਲ ਨੇ ਖ਼ੁਦ ਨੂੰ ਛੁਡਾ ਕੇ ਛੁਰਾ ਕੱਢ ਲਿਆਂਦਾ ਤੇ ਨਾਇਬ ਉਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਛੁਰੇ ਦੇ ਵਾਰ ਨਾ ਸਹਾਰਦੇ ਹੋਏ ਨਾਇਬ ਮੌਕੇ ਉਤੇ ਹੀ ਦਮ ਤੋੜ ਗਿਆ। ਇਕਬਾਲ ਨੇ ਔਰਤ ਉਤੇ ਵੀ ਵਾਰ ਕੀਤਾ ਪਰ ਉਸ ਦੀ ਜਾਨ ਬਚ ਗਈ। ਮੁਲਜ਼ਮ ਇਕਬਾਲ ਸਿੰਘ ਨੂੰ ਸਰੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਨਾਇਬ (33) ਤੇ ਇਕਬਾਲ (54) ਦੋਵੇਂ ਚੰਗੇ ਦੋਸਤ ਸਨ ਅਤੇ ਦੋਵੇਂ ਇਕੱਠੇ ਵੀ ਰਹਿੰਦੇ ਰਹੇ ਸਨ।

# ਸਤਿੰਦਰ ਸਰਤਾਜ ਨੂੰ ਕਾਨੂੰਨੀ ਨੋਟਿਸ

**ਚੰਡੀਗੜ੍ਹ:** ਹੋਰਾਂ ਦੀਆਂ ਰਚਨਾਵਾਂ ਨੂੰ ਆਪਣੇ ਨਾਂ ਹੇਠ ਪੇਸ਼ ਕਰਨ ਦੇ ਕਥਿਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਵੱਲੋਂ ਪੰਜਾਬੀ ਸ਼ਾਇਰ ਤਰਲੋਕ ਸਿੰਘ ਜੱਜ ਦੀਆਂ ਗ਼ਜ਼ਲਾਂ ਦੇ ਸ਼ਿਅਰ ਵਿਗਾੜ ਕੇ ਆਪਣੇ ਨਾਂ ਹੇਠ ਗਾਉਣ ਦੇ ਮਾਮਲੇ 'ਚ ਸ਼ਾਇਰ ਜੱਜ ਨੇ ਸਰਤਾਜ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਹੋਏ ਸਮਝੌਤੇ ਮੁਤਾਬਿਕ ਸਤਿੰਦਰ ਸਰਤਾਜ ਵੱਲੋਂ ਸ਼ਾਇਰ ਤਰਲੋਕ ਜੱਜ ਤੋਂ ਮੁਆਫ਼ੀ ਮੰਗਣ ਸਣੇ ਕੁਝ ਹੋਰ ਗੱਲਾਂ 'ਤੇ ਖ਼ਰੇ ਨਾ ਉਤਰਨ ਕਰਕੇ ਸਰਤਾਜ ਤੇ ਉਨ੍ਹਾਂ ਦੇ ਪ੍ਰਮੋਟਰ ਇਕਬਾਲ ਮਾਹਲ ਨੂੰ ਕਾਨੂੰਨੀ ਨੋਟਿਸ ਕੱਢਿਆ ਗਿਆ ਹੈ। ਸ੍ਰੀ ਜੱਜ ਦੇ ਵਕੀਲਾਂ ਵੱਲੋਂ 13 ਅਗਸਤ ਨੂੰ ਜਾਰੀ ਨੋਟਿਸ ਵਿਚ ਸ੍ਰੀ ਜੱਜ ਨੇ ਉਨ੍ਹਾਂ ਵਿਰੁੱਧ ਭੰਡੀ ਪ੍ਰਚਾਰ ਕਰਕੇ ਹੋਈ ਮਾਨਸਿਕ ਪ੍ਰੇਸ਼ਾਨੀ ਲਈ ਇੱਕ ਕਰੋੜ ਰੁਪਏ ਤੇ ਬਾਕੀ ਉਨ੍ਹਾਂ ਦੇ ਸ਼ਿਅਰ ਮਰਜ਼ੀ ਤੋਂ ਬਿਨਾਂ ਗਾਉਣ ਲਈ ਹਰਜਾਨੇ ਵਜੋਂ ਮੰਗੇ ਹਨ। ਸ੍ਰੀ ਜੱਜ ਨੇ ਕਿਹਾ ਹੈ ਕਿ ਉਕਤ ਰਕਮ ਹਾਸਲ ਹੋਣ 'ਤੇ ਇਸ ਵਿਚੋਂ 75 ਲੱਖ ਰੁਪਏ ਪੰਜਾਬ ਸਾਹਿਤ ਅਕਾਦਮੀ ਕੋਲ ਤੇ 75 ਲੱਖ ਰੁਪਏ ਕੇਂਦਰੀ ਪੰਜਾਬੀ ਲੇਖਕ ਸਭਾ ਕੋਲ ਜਮ੍ਹਾਂ ਕਰਵਾ ਦਿੱਤੇ ਜਾਣਗੇ। ਉਨ੍ਹਾਂ ਨੇ ਸਤਿੰਦਰ ਸਰਤਾਜ ਨੂੰ 15 ਦਿਨਾਂ ਅੰਦਰ ਬਿਨਾ ਸ਼ਰਤ ਮੁਆਫ਼ੀ ਮੰਗਣ ਲਈ ਕਿਹਾ ਹੈ ਤੇ ਇੰਝ ਨਾ ਹੋਣ 'ਤੇ ਅਦਾਲਤ ਵਿਚ ਜਾਣ ਦੀ ਚਿਤਾਵਨੀ ਦਿੱਤੀ ਹੈ।

ਭਾਰਤੀ ਇਨਕਲਾਬੀ ਆਜ਼ਾਦੀ ਲਹਿਰ ਦੇ ਤਿੰਨ ਸੁੱਚੇ ਮੋਤੀ
ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ ਊਧਮ ਸਿੰਘ
ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ








## 29 ਅਗਸਤ, 2010 (ਐਤਵਾਰ)

ਦੁਪਹਿਰ 1 ਵਜੇ ਤੋਂ ਸ਼ਾਮ 6 ਵਜੇ ਤੱਕ

ਸਥਾਨ: ਫਰਿਜ਼ਨੋ ਫੇਅਰ ਗਰਾਊਂਡ (ਇੰਡਸਟਰੀ ਕਾਮਰਸ ਬਿਲਡਿੰਗ)
1121 S. Chance Ave, Fresno, CA

Directions: From Northbound 99
Exit on Chestnut Ave, go North on Chestnut Ave, turn left on Kings Canyon Road, turn left on Chance Ave.
Directions: From Southbound 99
Exit on Ventura Ave, make left on Ventura, Ventura will become Kings Canyon Road. Turn right on Chance Ave.



ਮੁੱਖ ਮਹਿਮਾਨ
ਸਿੱਧੂ ਦਮਦਮੀ
*(ਸੀ ਈ ਓ-ਜੀ ਪੰਜਾਬ ਸਾਡਾ ਚੈਨਲ, ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ)*

ਜਿਊਂਦੀਆਂ-ਜਾਗਦੀਆਂ ਕੌਮਾਂ ਆਪਣੇ ਮਹਾਨ ਸੂਰਬੀਰ ਯੋਧਿਆਂ-ਆਜ਼ਾਦੀ ਪਰਵਾਨਿਆਂ ਨੂੰ ਹਮੇਸ਼ਾ ਯਾਦ ਕਰਦੀਆਂ ਹਨ। ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦੀਆਂ ਹਨ। ਉਨ੍ਹਾਂ ਦੇ ਦਿਨ ਮਨਾਉਂਦੀਆਂ ਹਨ ਅਤੇ ਉਨ੍ਹਾਂ ਦੀ ਯਾਦ ਵਿਚ ਮੇਲੇ ਲਾਉਂਦੀਆਂ ਹਨ ਤਾਂ ਕਿ ਆਉਣ ਵਾਲੀ ਨੌਜਵਾਨ ਪੀੜ੍ਹੀ ਜਿਸ ਨੇ ਇਹ ਗੌਰਵਮਈ ਵਿਰਸਾ ਸੰਭਾਲਣਾ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈ ਕੇ ਇਕ ਉਸਾਰੂ ਸੋਚ ਗ੍ਰਹਿਣ ਕਰ ਸਕੇ। ਇਕ ਨਰੋਏ ਸਵੱਛ ਸਮਾਜ ਦੀ ਉਸਾਰੀ ਵਿਚ ਅਹਿਮ ਰੋਲ ਅਦਾ ਕਰ ਸਕੇ। ਇਸ ਵੇਲੇ ਸਭਿਆਚਾਰ ਦੇ ਨਾਂ ਹੇਠ ਗੰਧਲੀ ਤੇ ਨਖਿਧ ਸੋਚ ਵਾਲੇ ਲੋਕ ਸਭਿਆਚਾਰਕ ਪ੍ਰਦੂਸ਼ਣ ਫੈਲਾ ਰਹੇ ਹਨ। ਨੌਜਵਾਨ ਪੀੜ੍ਹੀ ਉਨ੍ਹਾਂ ਲੋਕਾਂ ਦੀ ਪਹਿਚਾਣ ਕਰੇ ਅਤੇ ਉਨ੍ਹਾਂ ਨੂੰ ਪਛਾੜੇ ਵੀ।

ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੀ ਇਹ ਸਮਝ ਹੈ ਕਿ ਸਾਡੇ ਮਹਾਨ ਪੁਰਖਿਆਂ ਦੀ ਉਸਾਰੂ ਜਾਗਰੂਕ ਸੋਚ ਦਾ ਚਾਨਣ ਹਰ ਬੂਹੇ 'ਤੇ ਦਸਤਕ ਦੇਵੇ। ਇਸੇ ਲਈ ਇਹ ਸੰਸਥਾ ਮਹਾਨ ਗਦਰੀ ਬਾਬਿਆਂ ਦੀ ਸੋਚ 'ਤੇ ਪਹਿਰਾ ਦਿੰਦੀ ਹੋਈ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਤੁਹਾਡੇ ਸਹਿਯੋਗ ਨਾਲ ਇਕ ਵਿਸ਼ਾਲ ਮੇਲਾ ਮਨਾਉਂਦੀ ਹੈ। ਅਸੀਂ ਇਸ ਵਾਰ ਵੀ ਤੁਹਾਡੀ ਭਰਵੀਂ ਹਾਜ਼ਰੀ ਤੇ ਸਹਿਯੋਗ ਦੀ ਬਹੁਤ ਬਹੁਤ ਆਸ ਕਰਦੇ ਹਾਂ। ਆਓ ਇਹ ਸਾਂਝਾ ਕਾਰਜ ਰਲ ਕੇ ਕਰੀਏ ਤੇ ਮਨਾਈਏ।

### ਪ੍ਰੋਗਰਾਮ ਦਾ ਵੇਰਵਾ

* ਨਾਟਕ, ਸਕਿੱਟ, ਉਪੇਰਾ, ਕੋਰੀਓਗ੍ਰਾਫੀ
* ਕਵੀਸ਼ਰੀ, ਗਿੱਧਾ, ਭੰਗੜਾ, ਮਲਵਈ ਗਿੱਧਾ
* 4.0 ਤੇ ਵੱਧ GPA ਵਾਲੇ ਬੱਚਿਆਂ ਨੂੰ ਨਕਦ ਇਨਾਮ
* ਬੱਚਿਆਂ ਦੀਆਂ ਦਿਲਕਸ਼ ਆਈਟਮਾਂ
* ਫੋਟੋ ਪ੍ਰਦਰਸ਼ਨੀ, ਚਾਹ-ਪਾਣੀ ਤੇ ਲੰਗਰ ਦਾ ਪ੍ਰਬੰਧ
* ਸੰਸਥਾ ਦਾ ਮੈਗਜ਼ੀਨ ਮੁਫਤ ਵੰਡਿਆ ਜਾਵੇਗਾ
* ਮੁਫਤ ਡਾਕਟਰੀ ਕੈਂਪ
  *(ਡਾ. ਗੁਰਦਾਵਰ ਸਿੰਘ ਧਾਲੀਵਾਲ)*




ਲੋਕ ਗਾਇਕ ਮੁਹੰਮਦ ਸਦੀਕ ਤੇ ਸੁਖਜੀਤ ਕੌਰ, ਧਰਮਵੀਰ ਥਾਂਦੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਸਰੋਤਿਆਂ ਦਾ ਮਨੋਰੰਜਨ ਕਰਨਗੇ

**ਪ੍ਰਬੰਧਕ ਕਮੇਟੀ:** ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਰਣਜੀਤ ਸਿੰਘ ਗਿੱਲ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਸਿੰਘ ਗਿੱਲ, ਗੁਰਨੇਕ ਸਿੰਘ ਰਾਏ, ਅਜੀਤਪਾਲ ਸਿੰਘ ਢਿੱਲੋਂ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮ ਸਿੰਘ ਕਾਹਲੋਂ, ਪੁਸ਼ਪਿੰਦਰ ਕੁਮਾਰ।

ਹੋਰ ਜਾਣਕਾਰੀ ਲਈ ਸੰਪਰਕ ਕਰੋ

559-707-2270, 559-283-6376, 559-457-8552, 559-942-6999

## ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ

# ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਤੀਆਂ ਦੇ ਮੇਲੇ 'ਚ ਭਰਵੀਂ ਰੌਣਕ

## *15 ਸਟਾਲ ਲੱਗੇ *150 ਤੋਂ ਵਧ ਕਲਾਕਾਰ *2000 ਤੋਂ ਵਧ ਦਰਸ਼ਕ

**ਸੈਕਰਾਮੈਂਟੋ:** ਨਿੱਕੀਆਂ-ਨਿੱਕੀਆਂ ਬੱਚੀਆਂ ਤੇ ਅੱਲੜ ਉਮਰ ਦੀਆਂ ਕੁੜੀਆਂ, ਅਣਵਿਆਹੀਆਂ ਅਤੇ ਸੱਜਵਿਆਹੀਆਂ ਆਪਣੇ ਹੁਸਨ ਨਾਲ ਮਾਣਮੱਤੀਆਂ ਮੁਟਿਆਰਾਂ, ਬਾਲਬੱਚੇਦਾਰ ਅਤੇ ਕਬੀਲਦਾਰੀ ਵਿਚ ਉਲਝੀਆਂ ਸੁਆਣੀਆਂ ਤੇ ਅੱਧਖੜ ਉਮਰ ਦੀਆਂ ਬੀਬੀਆਂ ਤੋਂ ਲੈ ਕੇ ਆਪਣੀ ਕਬੀਲਦਾਰੀ ਕਿਓਂਟ ਚੁਕੀਆਂ ਵਡੇਰੀ ਉਮਰ ਦੀਆਂ ਉਮਰਾਂ ਦੇ ਤਜਰਬੇ ਦੀ ਅਮੀਰੀ ਸਾਂਭੀ ਬੈਠੀਆਂ ਦਾਦੀਆਂ-ਨਾਨੀਆਂ ਨਾਲ ਭਰਿਆ ਐਲਕ ਗਰੋਵ ਦਾ ਐਸ.ਈ.ਐਸ. ਹਾਲ। ਜਗ੍ਹਾ ਤੰਗ ਪੈਂਦੀ ਵੇਖ ਪ੍ਰਬੰਧਕਾਂ ਨੂੰ ਕੁਰਸੀਆਂ ਵੀ ਚੁਕਵਾਉਣੀਆਂ ਪਈਆਂ। ਜਦੋਂ ਮਨ ਮੌਜ-ਮਸਤੀ ਵਿਚ ਆਇਆ ਹੋਵੇ ਤਾਂ ਕੁਰਸੀ ਦੀ ਕਿਸ ਨੂੰ ਪ੍ਰਵਾਹ ਸੀ, ਬਥੇਰੀਆਂ ਬੀਬੀਆਂ ਲੱਕੜ ਦੇ ਫਲੋਰ ਉਤੇ ਹੀ ਪਲੱਥੇ ਮਾਰ ਬੈਠ ਗਈਆਂ। ਇਕ ਵਡੇਰੀ ਉਮਰ ਦੀ ਬੀਬੀ ਦੂਜੀ ਨੂੰ ਆਖ ਰਹੀ ਸੀ, "ਨੀ ਭੈੜੀਏ ਬਹਿ ਜਾਹ, ਉਥੇ ਪਿੰਡ ਭਲਾ ਤੀਆਂ ਵੇਲੇ ਕਿਹੜਾ ਆਪਣੇ ਲਈ ਕੁਰਸੀ ਡਾਹੀ ਬੈਠਾ ਹੁੰਦਾ ਸੀ।" ਇਹ ਨਜ਼ਾਰਾ ਸੀ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ ਕਰਵਾਏ ਗਏ 10ਵੇਂ ਤੀਆਂ ਦੇ ਮੇਲੇ ਦਾ।

ਮਿੱਥੇ ਸਮੇਂ ਤੇ ਸ਼ੁਰੂ ਹੋਏ ਇਸ ਮੇਲੇ ਵਿਚ ਮਾਡੈਸਟੋ, ਟਰਲਕ, ਸਟਾਕਟਨ, ਲੋਡਾਈ, ਐਲਕ ਗਰੋਵ, ਸੈਕਰਾਮੈਂਟੋ, ਰੋਜ਼ਵਿਲ, ਫੇਅਰਫੀਲਡ ਤੇ ਬੇ-ਏਰੀਏ ਤੋਂ ਮੁਟਿਆਰਾਂ, ਬੀਬੀਆਂ ਤੇ ਬੱਚੀਆਂ ਪੂਰੇ ਉਤਸ਼ਾਹ ਨਾਲ ਸਜ-ਧਜ ਕੇ ਪਹੁੰਚੀਆਂ। ਇਸ ਮੇਲੇ ਨੇ ਲੌਂਗੋਵਾਲ, ਸਰੀਂਹ ਸ਼ੰਕਰ ਤੇ ਧੂਰੀ ਦੀਆਂ ਤੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਹਾਲ ਦੇ ਬਾਹਰ ਲੱਗੇ ਸਟਾਲਾਂ ਦਾ ਨਜ਼ਾਰਾ ਵੀ ਵੇਖਣ ਵਾਲਾ ਸੀ। ਕਿਤੇ ਛੋਲੇ ਭਟੂਰਿਆਂ ਤੇ ਸਮੋਸਿਆਂ ਦੀ ਮਹਿਕ ਚਿੱਤ ਕਰਾਰਾ ਕਰ ਰਹੀ ਸੀ ਤੇ ਕਿਤੇ ਠੰਢੀਆਂ ਦੇਸੀ ਕੁਲਫੀਆਂ ਭੀੜਾਂ ਨੂੰ ਆਪਣੇ ਵਲ ਖਿੱਚ ਰਹੀਆਂ ਸਨ। ਸਟਾਲਾਂ ਉਤੇ ਵਿਕ ਰਹੇ ਚੂੜੀਆਂ, ਪਰਾਂਦੇ, ਸੂਟ ਤੇ ਗਹਿਣੇ ਸ਼ੁਕੀਨਣਾਂ ਨੂੰ ਧੂਹ ਪਾ ਰਹੇ ਸਨ। ਦੂਰੋਂ ਨੇੜਿਓਂ ਆਏ ਇੰਡੀਅਨ ਸਟੋਰਾਂ ਵਾਲਿਆਂ ਨੇ ਕੱਪੜੇ ਤੇ ਗਹਿਣਿਆਂ ਦੇ 15 ਸਟਾਲ ਲਾ ਕੇ ਮੇਲੇ ਵਰਗਾ ਮਾਹੌਲ ਬਣਾਇਆ ਹੋਇਆ ਸੀ। ਸਟਾਲਾਂ ਤੋਂ ਖਰੀਦਦਾਰੀ ਕਰ ਰਹੀਆਂ ਪੰਜਾਬਣਾਂ ਦੀ ਰਵਾਇਤੀ ਪਹਿਰਾਵੇ, ਗਹਿਣਿਆਂ ਤੇ ਹਾਰ ਸ਼ਿੰਗਾਰ ਪ੍ਰਤੀ ਖਿੱਚ ਉਨ੍ਹਾਂ ਦੇ ਪੰਜਾਬੀ



ਜੀਵਨ ਜਾਚ ਪ੍ਰਤੀ ਮੋਹ ਦੀ ਹਾਮੀ ਭਰ ਰਹੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੀਆਂ ਬੀਬੀਆਂ ਇਸ ਗੱਲ ਦਾ ਸਬੂਤ ਸਨ ਕਿ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਨੂੰ ਇਲਾਕੇ ਦੇ ਸੈਂਕੜੇ ਪਰਿਵਾਰਾਂ ਦਾ ਸਮਰਥਨ ਹਾਸਲ ਹੈ।

ਪ੍ਰਬੰਧਕਾਂ ਨੇ ਸਮਾਗਮ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਪਹਿਲੇ ਹਿੱਸੇ ਵਿਚ ਆਈਆਂ ਮੁਟਿਆਰਾਂ ਨੇ ਸਾਉਣ ਦੇ ਗੀਤ, ਢੋਲਕੀ ਨਾਲ ਗਾ ਕੇ ਸਾਉਣ ਮਹੀਨੇ ਦੀਆਂ ਤੀਆਂ ਦਾ ਮਹੱਤਵ ਤੇ ਵਿਰਸਾ ਸਾਂਝਾ ਕੀਤਾ। ਦੂਜੇ ਹਿੱਸੇ ਵਿਚ ਸਟੇਜ ਦਾ ਪ੍ਰੋਗਰਾਮ ਸ਼ੁਰੂ ਕਰਦਿਆਂ ਸਟੇਜ ਸੰਚਾਲਿਕਾ ਮਨਦੀਪ ਫਰਵਾਲਾ ਨੇ 'ਅਣਖੀ ਮੁਟਿਆਰਾਂ' ਗਰੁੱਪ ਨੂੰ ਸੱਦਾ ਦਿੱਤਾ। ਇਸ ਖੂਬਸੂਰਤ ਡਾਂਸ ਤੋਂ ਬਾਅਦ ਰਾਜਸਥਾਨੀ ਡਾਂਸ ਗਰੁੱਪ ਦੀਆਂ ਕਲਾਕਾਰਾਂ ਨੇ ਗੈਸਟ ਆਇਟਮ ਪੇਸ਼ ਕੀਤੀ। ਪ੍ਰਦੀਪ ਪੂਨੀ ਦਾ ਤਿਆਰ ਕਰਵਾਇਆ ਗਿਆ ਗਿੱਧਾ ਵੇਖ ਕੇ ਦਰਸ਼ਕਾਂ ਨੇ ਦਿਲ ਖੋਲ੍ਹ ਕੇ ਦਾਦ ਦਿੱਤੀ। ਰੰਗ-ਬਿਰੰਗੇ ਖੂਬਸੂਰਤ ਸੂਟਾਂ ਤੇ ਲਹਿੰਗਿਆਂ ਵਿਚ ਸਜੀਆਂ ਪੰਜਾਬਣ ਮੁਟਿਆਰਾਂ ਤੇ ਬੱਚੀਆਂ ਨੇ ਜਾਣੀ ਬਹਿਜਾ-ਬਹਿਜਾ ਕਰਵਾ ਦਿੱਤੀ।

ਸੈਕਰਾਮੈਂਟੋ ਦੀ ਉਘੀ ਕਲਾਕਾਰ ਪੂਨਮ ਮਲਹੋਤਰਾ ਨੇ ਇਕ ਸੱਭਿਆਚਾਰਕ ਗੀਤ ਗਾ ਕੇ ਤੀਆਂ ਦੇ ਮਨ ਮੋਹ ਲਏ। ਅਮਨ ਜੌਹਲ ਤੇ ਜਯੋਤੀ ਬਨਵੈਤ ਨੇ ਇਕ ਦੋਗਾਣਾ ਪੇਸ਼ ਕਰਕੇ ਵੱਖਰਾ ਰੰਗ ਬੰਨ੍ਹਿਆ। ਕੁਲਦੀਪ ਬਨਵੈਤ ਤੇ ਪਿੰਦਰ ਨੇ ਵੀ ਇਕ ਦੋਗਾਣਾ ਗਾ ਕੇ ਸਰੋਤਿਆਂ ਨੂੰ ਤਰੋਤਾਜ਼ਾ ਕਰ ਦਿੱਤਾ। ਇਨ੍ਹਾਂ ਤੋਂ ਇਲਾਵਾ ਕਈ ਹੋਰ ਗਰੁੱਪਾਂ ਨੇ ਡਾਂਸ ਕਰਕੇ ਭਰਪੂਰ ਹਾਜ਼ਰੀ ਲਵਾਈ, ਜਿਨ੍ਹਾਂ ਵਿਚ 'ਗਿੱਧਾ ਪੰਜਾਬਣ ਦਾ', ਕੁਲਜੀਤ ਨਿੱਝਰ ਦਾ ਇਕ ਗੀਤ, 'ਮੇਜਰ ਲੀਗ ਭੰਗੜਾ', ਪੰਜਾਬੀ ਕਲਚਰਲ ਸੁਸਾਇਟੀ ਦੀ ਗਿੱਧਾ ਟੀਮ, ਟੱਪੇ ਤੇ ਡਾਂਸ, ਪੰਜਾਬਣਾਂ ਦਾ ਡਾਂਸ ਸ਼ਾਮਿਲ ਸਨ। ਪ੍ਰੋਗਰਾਮ ਦੀ ਸਿਖਰ ਹੋ ਨਿਬੜਿਆ 'ਗਿੱਧਾ ਮਲਵੈਣਾਂ ਦਾ' ਜਿਹਦੇ ਵਿਚ ਪਰਮਜੀਤ ਔਲਖ, ਹਰਪ੍ਰੀਤ ਮੱਲੀ, ਸਰਬਜੀਤ ਭੱਠਲ, ਜਸਪ੍ਰੀਤ ਕੌਰ, ਰਾਜਵਿੰਦਰ ਸੰਧੂ, ਨਰਦੀਪ ਢਿੱਲੋਂ, ਅਮਨਦੀਪ ਭੱਠਲ, ਜਸਪ੍ਰੀਤ ਬਰਾੜ, ਤਰਨਪ੍ਰੀਤ, ਰੁਪਿੰਦਰ ਢਿੱਲੋਂ, ਗੁਰਲੀਨ ਗਿੱਲ, ਰਮਨਦੀਪ ਖਾਬੜਾ, ਅਮਨ ਘੁੰਮਣ, ਹਰਪ੍ਰੀਤ ਕੌਰ, ਕੁਲਜਿੰਦਰ ਕੌਰ, ਜਸਵਿੰਦਰ ਕੌਰ, ਹਰਿੰਦਰ ਡੋਡ, ਬਲਜੀਤ ਔਲਖ, ਰੁਪਿੰਦਰ ਡੋਡ, ਦਵਿੰਦਰ ਸੰਘਾ, ਬਲਜਿੰਦਰ ਘੁਮਾਣ, ਰਣਵਿੰਦਰ ਗਿੱਲ, ਅਮਨ ਘੁਮਾਣ, ਰਾਜਿੰਦਰਪਾਲ ਕੌਰ ਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਝਾਕੀਆਂ ਤੇ ਰੀਤੀ ਰਿਵਾਜ਼ਾਂ ਨੂੰ ਬੋਲੀਆਂ ਰਾਹੀਂ ਪੇਸ਼ ਕਰਦਿਆਂ, ਆਏ ਦਰਸ਼ਕਾਂ ਦੇ ਆਉਣ ਦਾ ਜਿਵੇਂ ਮੁੱਲ ਮੋੜ ਦਿੱਤਾ।

ਤੀਜਾ ਦੌਰ ਸੀ, 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ' ਦਾ। ਲਾਈਵ ਬੋਲੀਆਂ ਦੇ ਇਸ ਦੌਰ ਵਿਚ ਸੰਗਦਿਆਂ-ਸੰਗਦਿਆਂ ਕਿਸੇ ਮੁਟਿਆਰ ਨੇ ਬੋਲੀ ਚੱਕੀ,

ਹੋਰਨਾਂ ਦੇ ਮਾਹੀਏ ਤੀਆਂ ਵੇਖਣ
ਮੇਰਾ ਚੁਗੇ ਕਪਾਹ,
ਵੇ ਕੀ ਰਾਹ ਨਹੀਂ ਜਾਣਦਾ
ਤੀਆਂ ਵੇਖਣ ਆ।
ਨਾਲ ਦੀ ਨਾਲ ਕਿਸੇ ਹੋਰ ਨੇ ਬੋਲੀ ਬੋਚੀ,
'ਜਠਾਣੀ ਦੁੱਧ ਰਿੜਕੇ,
ਦਰਾਣੀ ਦੁੱਧ ਰਿੜਕੇ,
ਮੈਂ ਲੈਂਦੀ ਸਾਂ ਬਿੜਕਾਂ ਵੇ।
ਸਿੰਘਾ ਲਿਆ ਬੱਕਰੀ ਦੁੱਧ ਰਿੜਕਾਂਗੇ।

ਤੇ ਇਸ ਤੋਂ ਬਾਅਦ ਚੱਲ ਸੋ ਚੱਲ। ਬੋਲੀਆਂ ਦੇ ਜਿਵੇਂ ਖੂਹ ਭਰ ਗਏ, ਅੰਬਾਰ ਲੱਗ ਗਏ।



ਬੀਬੀਆਂ ਨੇ ਖੂਬ ਦਿਲ ਦੇ ਗੁਬਾਰ ਕੱਢੇ ਤੇ ਚਾਅ ਪੂਰੇ ਕੀਤੇ। ਕੋਈ ਇਕ ਘੰਟਾ ਲਾਈਵ ਬੋਲੀਆਂ ਦੇ ਅਖੀਰ 'ਚ ਬੋਲੀ ਉਭਰੀ 'ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ'।

ਸਬੱਬ ਨਾਲ 15 ਅਗਸਤ ਨੂੰ ਤੀਆਂ ਦੇ ਦਿਨ ਸਾਉਣ ਦਾ ਆਖਰੀ ਦਿਨ ਸੀ। ਅਖੀਰ ਵਿਚ ਡੀ.ਜੇ. ਡਾਂਸ ਦੌਰ ਵਿਚ ਆਈਆਂ ਹੋਈਆਂ ਸਾਰੀਆਂ ਹੀ ਬੱਚੀਆਂ, ਮੁਟਿਆਰਾਂ ਤੇ ਬੀਬੀਆਂ ਨੇ ਨੱਚ-ਨੱਚ ਕੇ ਧਰਤ ਹਿਲਾਈ। ਪ੍ਰੋਗਰਾਮ ਵਿਚ ਇਕ ਬੈਸਟ ਤੀਆਂ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਲੰਮੀ ਹੇਕ, ਵਧੀਆ ਪੰਜਾਬੀ ਪਰਿਰਾਵੇ ਤੇ ਵਧੀਆ ਡਾਂਸ ਦਾ ਮੁਕਾਬਲਾ ਰੱਖਿਆ ਗਿਆ ਸੀ। ਇਹ ਮੁਕਾਬਲਾ ਨਵਨੀਤ ਕੌਰ ਨੇ ਜਿੱਤਿਆ। ਚਰਖੇ ਤੇ ਲੰਮੇ ਤੰਦ ਪਾਉਣ ਦਾ ਮੁਕਾਬਲਾ ਬੀਬੀ ਪ੍ਰੀਤਮ ਕੌਰ ਨੇ ਜਿੱਤਿਆ ਤੇ ਚਰਖਾ ਪ੍ਰਾਪਤ ਕੀਤਾ। ਮਧਾਣੀ ਰਿੜਕਣ ਦਾ ਮੁਕਾਬਲਾ ਬੀਬੀ ਭਜਨ ਕੌਰ ਨੇ ਜਿੱਤ ਕੇ ਮਧਾਣੀ ਪ੍ਰਾਪਤ ਕੀਤੀ। ਪਰਮਜੀਤ ਔਲਖ ਤੇ ਹਰਪ੍ਰੀਤ ਮੱਲੀ ਨੇ ਬੋਲੀਆਂ ਪਾਉਣ ਦੇ ਰਿਕਾਰਡ ਤੋੜ ਸੁੱਟੇ। ਦੁਪਹਿਰ 1 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ 5 ਘੰਟੇ ਲਗਾਤਾਰ ਚੱਲੇ ਇਸ ਪ੍ਰੋਗਰਾਮ ਦਾ ਸੰਚਾਲਨ ਮਨਦੀਪ ਫਰਵਾਲਾ ਨੇ ਬਾਖੂਬੀ ਕੀਤਾ। ਪ੍ਰਬੰਧਕਾਂ ਵਲੋਂ ਸਾਰੇ ਸਪਾਂਸਰਾਂ ਸਟਾਰ ਆਫ ਇੰਡੀਆ, ਸਮੋਸਾ ਗਾਰਡਨ, ਇੰਡੀਆ ਹਾਊਸ ਆਫ ਗਰੌਸਰੀ, ਅਵਤਾਰ ਸਿੰਘ ਅਟਵਾਲ, ਪਿਆਰਾ ਸਿੰਘ ਪਰਹਾਰ, ਸੁਰਜੀਤ ਸਿਘ ਅਟਵਾਲ, ਵੈਲਜ਼ ਫਾਰਗੋ ਬੈਂਕ, ਮਨੀ ਗਰਾਮ, ਜਸਵਿੰਦਰ ਚੌਹਾਨ, ਬਲਵਿੰਦਰ ਗਰਚਾ, ਪੀ.ਕੇ. ਰਿਐਲਟੀ ਤੇ ਹਰਿੰਦਰ ਕੌਰ (ਸੈਂਚਰੀ ਵਨ ਰਿਐਲਟੀ) ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਪ੍ਰਬੰਧਕਾਂ ਨੇ ਤਕਰੀਬਨ ਦੋ ਮਹੀਨੇ ਦੀ ਮਿਹਨਤ ਨਾਲ ਤਿਆਰ ਕੀਤਾ ਤੇ 150 ਤੋਂ ਵਧ ਕਲਾਕਾਰਾਂ ਨੇ ਇਸ ਵਿਚ ਭਾਗ ਲਿਆ। ਸਮੂਹ ਮੈਂਬਰਾਂ ਰਛਪਾਲ ਪਰਹਾਰ, ਬਲਦੇਵ ਕੌਰ, ਰਾਜਬੀਰ ਰੀਹਲ, ਰਾਣੀ ਸਰਹੱਦੀ, ਦਵਿੰਦਰ ਮਿਨਹਾਸ, ਸਮਿਤਾ ਪਰਹਾਰ, ਰਮਨ ਕੌਰ, ਪਰਮਜੀਤ ਔਲਖ, ਹਰਪ੍ਰੀਤ ਮੱਲੀ, ਸਰਬਜੀਤ ਭੱਠਲ, ਰਾਜਵਿੰਦਰ ਸੰਧੂ, ਰੁਪਿੰਦਰ ਡੋਡ, ਨਰਦੀਪ ਢਿੱਲੋਂ, ਦਵਿੰਦਰ ਸੰਘਾ, ਹਰਿੰਦਰ ਡੋਡ, ਰੁਪਿੰਦਰ ਢਿੱਲੋਂ, ਪਰਦੀਪ ਪੂਨੀ, ਪਰਮਿੰਦਰ ਬੋਪਾਰਾਏ, ਅਮਰਜੀਤ ਕੌਰ, ਰਾਜਵਿੰਦਰ ਪੂਨੀ, ਇੰਦਰਪਾਲ ਕਾਹਲੋਂ, ਸੁਰਜੀਤ ਥਾਂਦੀ, ਕੁਲਜਿੰਦਰ ਕੌਰ, ਜਸਵਿੰਦਰ ਕੌਰ, ਸੋਨੂੰ ਪਰਮਜੀਤ ਕੌਰ, ਰੁਪਿੰਦਰ ਮੱਲੀ, ਬਲਬੀਰ ਪੂਨੀ, ਮਨਦੀਪ ਫਰਵਾਲਾ ਤੇ ਕਮਲ ਢਿੱਲੋਂ ਨੇ ਸਾਰੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਹੋ ਜਿਹੇ ਮੇਲੇ ਲੱਗਣੇ ਚਾਹੀਦੇ ਹਨ ਤੇ ਤੁਹਾਡੇ ਉਤਸ਼ਾਹ ਨੂੰ ਵੇਖਦਿਆਂ ਹਰ ਸਾਲ ਲੱਗਣਗੇ। ਅੰਤ ਵਿਚ ਮਨਦੀਪ ਫਰਵਾਲਾ ਨੇ ਆਖਿਆ ਕਿ ਜੇਕਰ ਸਾਡਾ ਕੋਈ ਮਿਸ਼ਨ ਹੋਵੇ, ਨੀਯਤ ਸਾਫ ਹੋਵੇ ਤਾਂ ਕਮਿਊਨਿਟੀ ਦਾ ਸਹਿਯੋਗ ਹਮੇਸ਼ਾ ਮਿਲਦਾ ਰਹਿੰਦਾ ਹੈ। ਇਸ ਗੱਲ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਆਏ ਦਰਸ਼ਕਾਂ ਨੇ ਤਾੜੀਆਂ ਮਾਰ ਕੇ ਦਾਦ ਦਿੱਤੀ। ਮਨਦੀਪ ਫਰਵਾਲਾ ਨੇ ਮੇਲੇ ਦੀ ਸਮਾਪਤੀ ਇਨ੍ਹਾਂ ਲਫਜ਼ਾਂ ਨਾਲ ਕੀਤੀ 'ਮੇਲੇ ਲੱਗਦੇ ਰਹਿਣ, ਆਪਾਂ ਮਿਲਦੇ ਰਹੀਏ।'












# APNA PUNJAB ASSOCIATION

## INDO AMERICAN CULTURAL ORG,BAY AREA & N.California Sports Club

# ਪੰਜਾਬ ਮੇਲਾ

## AUGUST 28TH , 2010 8 AM-7 PM

**Calstate University (25800 Carlos Bee Blvd Hayward CA-94542)**





ਕਬੱਡੀ ਓਪਨ **Manake Live** "Paisa Paisa Fame" ਅੰਡਰ 21 ਅਤੇ ਵਾਲੀਬਾਲ

**Local Bay Area Artists**



STAGE
Asha Sharma














## ਇਹਨਾਂ ਖੇਡ ਮੁਕਾਬਲਿਆਂ ਨੂੰ ਵੇਖਣ ਲਈ ਸਮੂਹ ਭਾਈਚਾਰੇ ਨੂੰ ਸੱਦਾ ਦਿੱਤਾ ਜਾਂਦਾ ਹੈ।

LOTS OF FAMILY ACTIVITIES, BOOTHS, FOOD, ENTERTAINMENT AND SHOPPING, BHANGRA, GIDHA, INTERNATIONAL & LOCAL SINGERS, EXIBITIONS OF GADAR MOVEMENT, KOOKA MOVEMENT, NAMDHARI MOVEMENT, SIKH HISTORY&FREEDOM FIGHTERS.

### Executive Commitee:

Kashmir Singh Dhugga (Chairman) 510-816-9044, Manjit Gill (Vice Chairman) 510-415-2368, Jaswant Sra (President) 510-715-9017
Avtar Singh Tari (President) 510-750-5152, Santokh S. Takhar (Vice President) 510-755-3607 ,Darshan Aujla (Secretary) 510-750-6116
Mehnga S. Sarpanch (Secretary) 510-755-0767, Manjit Singh Virk (Treasurer) 510-676-8992, Dr. Harbhajan Phull 510-206-6808
Kanwaljit Atwal 510-750- 4303 ,Rajwinder S Ablowal- 510-755-0989 ,Ranbir Gill 510-258-6348 & Surjit Sandhu & Malwinder Chahal



**1st Prize KABADDI**
in loving memory of S.Bakshish S.Dhugga
Sponsor:Dhugga Family

### TO ENTER YOUR TEAM

**Kabaddi** : Darshan Aujla - 510.750.6116, Jaswant S.Sra- 510.755.0989
**Volleyball** : Santokh Takhar - 510.755.3607
**Bhangra/Gidha** : Judge Randhawa 510.366.1457

### SPONSORS:

Gill Financial Insurance Services, Kash Fabrics, Four Way Trucking, Fairway Auto Body shop, R.D.Express, S.S. Trucking, Jeet Bazar, Mountain Mike Pizza, Global Hawk Insurance

## FOR BOOTH AND SPONSORSHIP CALL MANJIT S. GILL 510.415.2368

### Supporters:

Bhupinder Singh (Bay Area Trucking),Davinder Uppal Dentist, Gurnam S.Lallian ( Farmers), Saroop Singh,Inderjit Singh Birring, Sukhdev Baniwal,Bob Dhillon, Kirpal Atwal, Kulwant Singh Nijjar, Didar S Bains, Gurnam Singh Pamma, Davinder Singh Rania,Jasvir Singh Raje, John Gill, Dr.Bhupinder Singh Warraich, Tarlochan Singh Bahia, Dr.Prabhjot S. Khalsa, Tut brothers, Pritam Singh Grewal, Kenworth Dealers, Tribe Transport,American Realty and business corp, Jaswinder Sohal, Dr.Ramesh Kumar, Avninder Singh , Bhai Kanhaya Sewa Soceity, Kashmit singh Dhoot,Daulat Nijjar,Mangal Bhandal Brothers,Lachar Brothers,Atam Marg,Bhupinder S.Bahia Kot,Avninder Singh Bahia, Kala Tracy, Shinda Atwal, Raghbir S.Shergill,Santokh S.Judge (Sansar Resturant), Inderjit S.Thind,Raja Sweets, Dalwinder Singh Dhoot (Joe Plaza), Pal Sahota, Harnek Sanghera, Amritpal Nijjar, Tandoor Resturant, Gruvir Maroke,Surinder Dhanoa,Sukwant S.Dhillon,Kamaljit S.Atwal.Harjinder Singh,Manjit Singh Sandhu,Lehmber Singh Sandhu, Jagwinder Singh Bittu, Sukhwinder Singh,Kulwant Singh Jagga,Balwant Singh Banka,Major Singh Gakhal, Sohan Singh Gakhal, Parkash Singh,Amrik Randhawa,Jaspal Saini,Sukhjit Singh Sandhu,Surjit &Sarbjit Atwal (Merced),Pardes Times,Kuldip Shergill,Rubal Singh,Uncle Ajmer Singh,Vikram Singh,Ajaypal Ram, Gurdev Ram (Attorney at law), Harjap Singh, Attorney Pardeep Grewal, Sucha Ram Bharta, Malhi Brothers, Dr.Gagan Sandhu D.D.S.,Dr.Dalvir Pannu D.D.S, Dr.Rajinder Bhandari M.D., Satwant S.Sra,Randhir S.Gill (Manila),Jasvir Pawar, Sarbjot Singh Sawaddi, Fremont Fiedl Hockey Club, Sohal Bros, Radio Geet Sangeet, Amritpal Pathlaba,Tehal Singh Khattra, Jagwinder Singh Heer, Jarnail Singh Chauhan and Sons,Gurjit Singh Bajwa,Parminder Singh Shergill, Mohan Aheer,Shiv Kumar, Satkar Singh ,Sargan Singh Shergill,Fremont Printing,Pawan Tanda (Stop by market & Liquor),Ravinder Sandhu(Gandhi), Kulwinder Sandhu (Kinda),Dilbag S. Kalsi,Sukhdev Kalsi, Bhinder Sandhu (Bhinda),Jasvir S. Partapura, Harwinder Mithrah, Sukhwinder Rarhwa, Jasvir Shergill,Jasvir Mulhapuria,Gurinder Bhullar,Bittu Bhogpuria,Dr. Harjinder Sandhu, Davinder Chana, Pardeep Soni

# ਬਾਲੀਵੁੱਡ ਐਂਟਰਟੇਨਮੈਂਟ ਕੰਪਨੀ ਨੇ ਗਾਇਕ ਚੰਦਨ ਨੂੰ ਪੰਜ ਕੈਸਿਟਾਂ ਲਈ ਸਾਈਨ ਕੀਤਾ

**ਟਰੇਸੀ:** "ਚੰਦਨ ਇਕ ਬਹੁਤ ਹੀ ਸੁਰੀਲਾ ਤੇ ਪ੍ਰਤਿਭਾਸ਼ਾਲੀ ਗਾਇਕ ਹੋਣ ਕਰਕੇ ਜਲਦੀ ਹੀ ਸਰੋਤਿਆਂ ਦੇ ਮਨਾਂ ਉਤੇ ਛਾ ਜਾਂਦਾ ਹੈ। ਉਸ ਦੀ ਇਸੇ ਪ੍ਰਤਿਭਾ ਨੂੰ ਦੁਨੀਆਂ ਦੇ ਕੋਨੇ ਕੋਨੇ ਤੱਕ ਪੁਚਾਉਣ ਲਈ ਬਾਲੀਵੁੱਡ ਐਂਟਰਟੇਨਮੈਂਟ ਕੰਪਨੀ ਨੇ ਚੰਦਨ ਨੂੰ ਉਸਦੀਆਂ ਆਉਣ ਵਾਲੀਆਂ ਪੰਜ ਕੈਸਿਟਾਂ ਲਈ ਸਾਈਨ ਕੀਤਾ ਹੈ।" ਇਹ ਵਿਚਾਰ ਬਾਲੀਵੁੱਡ ਐਂਟਰਟੇਨਮੈਂਟ ਕੰਪਨੀ ਦੇ ਐਮ.ਡੀ. ਸ੍ਰੀ ਨਵੀਨ ਹੰਸ ਨੇ ਇੱਥੇ ਪੱਤਰਕਾਰਾਂ ਨਾਲ ਸਾਂਝੇ ਕੀਤੇ।

ਟਰੇਸੀ ਸ਼ਹਿਰ ਦੇ ਸੰਸਾਰ ਰੈਸਟੋਰੈਂਟ ਵਿਚ ਇਕ ਛੋਟੇ ਪਰ ਪ੍ਰਭਾਵਸ਼ਾਲੀ ਸੰਗੀਤਕ ਸਮਾਗਮ ਵਿਚ ਉਚੇਚੇ ਤੌਰ 'ਤੇ ਪਹੁੰਚੇ ਨਵੀਨ ਹੰਸ ਨੇ ਚੰਦਨ ਦੀ ਗਾਇਕੀ ਨੂੰ ਰੱਜ ਕੇ ਸਲਾਹਿਆ। ਨਵੀਨ ਹੰਸ ਦੇ ਨਾਲ ਆਏ ਕੰਪਨੀ ਦੇ ਅਸਿਸਟੈਂਟ ਡਾਇਰੈਕਟਰ ਬੀਨਾ ਸਾਗਰ ਨੇ ਕੰਪਨੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੰਪਨੀ ਪਹਿਲਾਂ ਵੀ ਬਹੁਤ ਸਾਰੇ ਕਲਾਕਾਰਾਂ ਨੂੰ ਮਾਰਕਿਟ ਵਿਚ ਸਥਾਪਤ ਕਰ ਚੁੱਕੀ ਹੈ ਤੇ ਚੰਦਨ ਦੀ ਗਾਇਕੀ ਨੇ ਉਨ੍ਹਾਂ ਦਾ ਖਾਸ ਧਿਆਨ ਖਿੱਚਿਆ ਹੈ। ਉਨ੍ਹਾਂ ਦੱਸਿਆ ਕਿ ਚੰਦਨ ਦੀ ਆ ਰਹੀ ਕੈਸਿਟ ਦਾ ਸੰਗੀਤ ਸਚਿਨ ਆਹੂਜਾ ਦੇ ਰਹੇ ਹਨ।

ਸਮਾਗਮ ਵਿਚ ਚੰਦਨ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਬਹੁਤ ਸਾਰੇ ਦੋਸਤ ਵੀ ਪਹੁੰਚੇ ਹੋਏ ਸਨ। ਜਿਨ੍ਹਾਂ ਵਿਚ ਉਘੇ ਗੀਤਕਾਰ ਤੇ ਗਾਇਕ ਵੀ ਹਾਜ਼ਰ ਸਨ। ਆਏ ਹੋਏ ਮਹਿਮਾਨਾਂ ਦੀ ਚਾਹ ਪਾਣੀ ਨਾਲ ਸੇਵਾ ਕਰਨ ਤੋਂ ਬਾਅਦ ਗਾਇਕੀ ਦਾ ਦੌਰ ਸ਼ੁਰੂ ਹੋਇਆ। ਉਘੇ ਲੋਕ ਗਾਇਕ ਅਕਾਸ਼ਦੀਪ ਨੇ ਬਹੁਤ ਹੀ ਖ਼ੂਬਸੂਰਤ ਗੀਤਾਂ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਫਿਰ ਜੂਨੀਅਰ ਕਿਸ਼ੋਰ ਨੇ ਦੋ ਹਿੰਦੀ ਗਾਣੇ ਗਾ ਕੇ ਇਕ ਵੱਖਰਾ ਰੰਗ ਬਿਖੇਰਿਆ। ਸੈਕਰਾਮੈਂਟੋ ਤੋਂ ਆਏ ਹੋਏ ਸੰਗੀਤ ਗਰੁੱਪ ਕੈਲੇਫੋਰਨੀਆ ਦੇ ਉਘੇ ਕਲਾਕਾਰ ਸ. ਤਰਲੋਕ ਸਿੰਘ ਨੇ ਖ਼ੂਬਸੂਰਤ



ਗੀਤ ਪੇਸ਼ ਕਰਦਾ ਹੋਇਆ ਚੰਦਨ

ਸ਼ੇਅਰਾਂ ਤੇ ਇਕ ਗੀਤ ਨਾਲ ਹਾਜ਼ਰੀ ਲਵਾਈ।

ਯੂਨੀਵਰਸਿਟੀ ਮੇਲਿਆਂ ਦੀ ਸ਼ਾਨ ਰਹੇ ਤੇ ਆਪਣੀ ਸੁਰੀਲੀ ਅਵਾਜ਼ ਲਈ ਜਾਣੇ ਜਾਂਦੇ ਪ੍ਰੀਤਮ ਸੋਹੀ ਨੇ ਇਕ ਸਾਹਿਤਕ ਗੀਤ ਗਾ ਕੇ ਦਰਸ਼ਕਾਂ ਦੇ ਮਨ ਮੋਹ ਲਏ। ਉਘੇ ਗਾਇਕ-ਕਾਮੇਡੀਅਨ ਅਤੇ ਬਾਲੀਵੁੱਡ ਐਂਟਰਟੇਨਮੈਂਟ ਕੰਪਨੀ ਦੇ ਅਸਿਸਟੈਂਟ ਡਾਇਰੈਕਟਰ ਬੀਨਾ ਸਾਗਰ ਨੇ ਜਿੱਥੇ ਆਪਣੀਆਂ ਕੈਸਿਟਾਂ ਵਿਚੋਂ ਗੀਤ ਸੁਣਾਏ, ਉਥੇ ਨਾਲ ਦੀ ਨਾਲ ਹਾਸਰਸੀ ਆਇਟਮਾਂ ਪੇਸ਼ ਕਰਕੇ ਮਾਹੌਲ ਨੂੰ ਤਰੋ-ਤਾਜ਼ਾ ਕਰ ਦਿੱਤਾ।

ਫਿਰ ਸ਼ੁਰੂ ਹੋਈ 'ਮਹਿਫਿਲ ਏ ਚੰਦਨ'। 'ਜ਼ਿੰਦਗੀ' ਟੇਪ ਨਾਲ ਆਪਣੀ ਗਾਇਕੀ ਦੀ ਸ਼ੁਰੂਆਤ ਕਰਨ ਵਾਲੇ ਕੈਲੀਫੋਰਨੀਆ ਦੇ ਵਿਲੱਖਣ ਗਾਇਕ ਚੰਦਨ ਨੇ ਤਕਰੀਬਨ ਇਕ ਘੰਟਾ ਪੰਜਾਬੀ ਗਜ਼ਲਾਂ ਤੇ ਗੀਤਾਂ ਦੇ ਸੁਰਮਈ ਗਾਇਨ ਨਾਲ ਹਰੇਕ ਸਰੋਤੇ ਨੂੰ ਝੂਮਣ ਲਾ ਦਿੱਤਾ। ਚੰਦਨ ਨੇ ਆਪਣੀ ਨਵੀਂ ਆ ਰਹੀ ਕੈਸਿਟ ਵਿਚੋਂ ਵੀ ਕੁਝ ਗੀਤ 'ਜਦੋਂ ਗੈਰਾਂ ਨੇ ਠੁਕਰਾਇਆ ਤਾਂ ਮੇਰੀ ਯਾਦ ਆਵੇਗੀ', 'ਅੱਗ ਜਿਗਰ ਦੀ ਮੱਚਦੀ ਵੇਖਾਂ ਡਰ ਜਾਵਾਂ', 'ਬੜੇ ਮਾਸੂਮ ਨੇ ਸਾਜਨ' ਸਾਂਝੇ ਕੀਤੇ ਜਿਸ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਤਕਰੀਬਨ 3 ਘੰਟੇ ਚੱਲੇ ਇਸ ਸਮਾਗਮ ਦਾ ਸਟੇਜ ਸੰਚਾਲਨ ਮੰਝੇ ਹੋਏ ਕਲਾਕਾਰ ਜਸਵੰਤ ਸਿੰਘ ਸ਼ਾਦ ਨੇ ਪੂਰੀ ਪੁਖਤਗੀ ਨਾਲ ਕੀਤਾ। ਉਸ ਦੇ ਢੁਕਵੇਂ ਸ਼ੇਅਰਾਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਇਸ ਮੌਕੇ ਉਘੇ ਗੀਤਕਾਰ ਕੁਲਵੰਤ ਸੇਖੋਂ, ਹਰਜੀਤ ਹਠੂਰ, ਓਮ ਪ੍ਰਕਾਸ਼ ਕਮਲ ਪੱਤਰਕਾਰ ਤੇ 'ਮਿਊਜ਼ਿਕ ਫਾਰ ਮਾਈਂਡ' ਦੇ ਅਵਤਾਰ ਲਾਖਾ, ਬਲਜੀਤ ਦੌਲਤਪੁਰੀਆ ਗੀਤਕਾਰ ਹਾਜ਼ਰ ਸਨ। ਸੰਗੀਤ ਸੋਨੂੰ ਸਿੰਘ ਤੇ ਭੁਪਿੰਦਰ ਭਿੰਦਾ ਨੇ ਦਿੱਤਾ। ਕੰਪਨੀ ਦੇ ਐਮ.ਡੀ. ਨਵੀਨ ਹੰਸ ਨੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।












Sponsored Page

# DR. HARMESH KUMAR OF SABH FOUNDATION PROUDLY PRESENTS

Tickets
$29, $39,
$49, $75,
VIP, VVIP

Tickets Available at
Ticketmaster.com

*Bhangra King Gurdas Maan*



*Gurdas Maan's name is almost synonymous with Bhangra. No wonder he is known as "Bhangra King"*

**GRAND SPONSORS**

**TAJ RANDHAWA**
Commercial Realtor-RemaxGold
(for all your Commercial/Business Needs to buy or sell
(LIC # 01495361)
559-259-4247

**VOHRA BROTHERS**
Fast n Esy Group
(Gas Station/Liquor Stores)
Viney Vohra
559-213-0462
Vikram Vohra
559-213-0459

**SILVER SPONSORS**

**JASPREET SINGH**
ATTORNEY AT LAW
559-271-5511

**SPONSORED & SUPPORTED BY:**

Dr. Kuldip Thusu
Dr. Pedro Eva
Dr. Paramjit Sandhu
Valley Wide Beverages Distributors (Fresno, CA)
Donaghey Sales (Fresno, CA)
Coca Cola (Fresno, CA)
Pepsi Cola (Fresno, CA)
Narinder Sahota
(Central Valley Engg. & Surveying)
559-891-8811
Paul Dhaliwal
Amrit Dhaliwal
Mickey Sra
Taj Mahal Photography
Sukhbir Bhandal
Remax Gold
(for all kind of Real Estate needs)
Jim Mueller (Borrego Springs Bank)
for all kinds of commercial Loans needs
559-230-1311
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Pritam Pasla (Liquor King)
Avtar Gill & Harry Gill
(Gill Insurance)
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)
Balraj Brar
Charanjit Bath
Ajit Kaushal

**MARKETING CONSULTANT**
Jai Singh

Moga Video & Photography
(Ajit Gill @ 559-217-3060)

Official Caterer
India's Oven Restaurant
559-229-1313

Tickets are available at all Indian Groceries Stores Fresno & Selma

## Saroyan Theatre
**700 M Street • Fresno, CA 93721**

## Saturday August 28, 2010 at 7:30 PM

**Fundraiser show for South Asian Seniors Home**

**For Sponsorship, Tickets and other Info. Call:**
Dr. Harmesh Kumar: 408-821-9325, Taj Randhawa: 559-259-4247,
Viney Vohra: 559-213-0462, Dilbag Banger: 559-940-2500,
Sukhi Gill: 559-472-8680, Aditi Khullar: 510-610-0750

Attorney Harjot Ginny Walia, Legal Advisor for Gurdas Maan, Tel: (800)-598-0716

## ਚਾਨਣ-ਮੁਨਾਰਾ ਹੈ ਭਾਰਤ ਤੇ ਭਾਰਤੀ-ਓਬਾਮਾ

**ਵਾਸ਼ਿੰਗਟਨ:** ਓਬਾਮਾ ਨੇ ਭਾਰਤ ਦੀ ਆਜ਼ਾਦੀ ਦੇ 63ਵੇਂ ਆਜ਼ਾਦੀ ਦਿਹਾੜੇ ਮੌਕੇ ਆਪਣੇ ਸੰਦੇਸ਼ 'ਚ ਕਿਹਾ ਕਿ ਭਾਰਤ ਤੇ ਭਾਰਤੀ ਲੋਕ ਵਿਸ਼ਵ ਭਰ ਦੇ ਲੋਕਾਂ ਲਈ ਚਾਨਣ-ਮੁਨਾਰਾ ਹਨ।

ਸ੍ਰੀ ਓਬਾਮਾ ਨੇ ਕਿਹਾ ਕਿ ਭਾਰਤੀਆਂ ਵਲੋਂ ਆਜ਼ਾਦੀ ਲਈ ਕੀਤਾ ਸੰਘਰਸ਼, ਅੱਤਵਾਦ ਤੇ ਵੱਖਵਾਦ ਨਾਲ ਲੜੀਆਂ ਗਈਆਂ ਲੜਾਈਆਂ, ਲੋਕਤੰਤਰ 'ਚ ਵਿਸ਼ਵਾਸ, ਉਦਾਰਵਾਦੀ ਪਹੁੰਚ ਆਦਿ ਵਿਸ਼ਵ ਭਰ ਦੇ ਲੋਕਾਂ ਦੀ ਆਸ ਲਈ ਚਾਨਣ-ਮੁਨਾਰਾ ਅਤੇ ਪ੍ਰੇਰਣਾ ਦਾ ਸ੍ਰੋਤ ਹਨ।


* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ

» Explicit Dholis
» Dancers
» Intelligent Lighting

PUNJABI | HINDI | HIP HOP | RAP

**desi soundz**
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com

**Dhillon Truck Stop**
**Dhillon Road Service**
Interstate 40, exit 356, San Jon, NM
*Gill Manj Gurdaspur Wale*
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

**Are Worries Keeping You Awake?**
*Watch Your Business AnyTime Any Place.*
**Attention Business Owners!!**
Are You Worried About Your Business When You`re Not There?
Watch your business from anywhere on **iPhone** with our new technology
QuikStop, Shell, ampm, 7 Eleven, 76, Holiday Inn, Denny's, Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
**DVR UNLIMITED**
*Call:1-800-780-0032* www.dvrunlimited.com

**LONGMAN Photo Studio**
HD Videography & Digital Photography
We use "FULL HD 1080" to deliver Blu-Ray or Standard DVD
Magazine style Album & CD of Pictures
All Occasions
Call
916-712-8485
916-256-8888
510-200-3976
Email: info@longmanstudios.com

**G.M. Lawrence Insurance Brokerage ਅਤੇ Valley Truck Services**

**ਟਰੱਕ ਇੰਸ਼ੋਰੈਂਸ ਸੇਵਾਵਾਂ**
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

**ਸਾਡੀਆਂ ਟਰੱਕਿੰਗ ਸੇਵਾਵਾਂ**
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

# ਕਿਤੇ ਭੁੱਲ ਨਾ ਜਾਵੀਂ ਮਿੱਤਰਾ 28 ਅਗਸਤ ਦੀ ਸ਼ਾਮ ਨੂੰ...

## ਗੁਰਦਾਸ ਮਾਨ ਦੇ ਫਰਿਜ਼ਨੋ ਸ਼ੋਅ ਦੇ ਸੰਦਰਭ ਵਿਚ

**ਐਸ. ਅਸ਼ੋਕ ਭੌਰਾ**

ਕਹਿੰਦੇ ਨੇ ਜੇ ਪੱਬ ਸੰਭਲ ਕੇ ਰੱਖਣ ਦੀ ਜੁਗਤ ਆ ਜਾਵੇ ਤਾਂ ਲੱਤਾਂ ਦੇ ਕੰਬਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਗੁਰਦਾਸ ਮਾਨ ਵਾਂਗ ਨਿਮਰਤਾ ਤੇ ਸੰਜਮ ਆ ਜਾਵੇ ਫਿਰ ਉਹ ਵੀ ਹੋ ਸਕਦਾ, ਜੋ ਨਹੀਂ ਹੋ ਸਕਦਾ। ਅਸਲ ਵਿਚ ਗੁਰਦਾਸ ਮਾਨ ਦੀ ਗੱਲ ਨਹੀਂ ਮੁੱਕਦੀ ਕਿਉਂਕਿ ਪੰਜਾਬ ਦੀ ਇਕ ਪਹਿਚਾਣ ਦਾ ਨਾਂ ਗੁਰਦਾਸ ਹੈ। ਕਿਤੇ ਵਿਹਲੇ ਹੋ ਕੇ, ਚਿੱਤ ਇਕਾਗਰ ਕਰਕੇ ਉਹਦੇ ਹਰ ਗੀਤ ਦੇ ਆਖਰੀ ਅੰਤਰੇ ਵਿਚਲੇ 'ਮਰ ਜਾਣਾ ਮਾਨ' ਦੇ ਅਰਥ ਤਾਂ ਕੱਢ ਕੇ ਦੇਖਿਓ ਤਾਂ ਅਹਿਸਾਸ ਹੋ ਜਾਵੇਗਾ ਕਿ ਉਹਦੀ ਕੰਪਨੀ ਹੀ 'ਸਾਈਂ' ਨਹੀਂ, ਉਹਨੇ ਬੁੱਲ੍ਹੇ ਵਾਂਗ ਘੁੰਗਰੂ ਪਾਏ ਹੀ ਇਸ ਕਰਕੇ ਹਨ ਕਿ ਉਹ ਸੁਭਾਅ 'ਚ ਵੀ ਸੱਚੀਂ-ਮੁੱਚੀਂ ਸਾਈਂ ਹੈ। ਚਾਰ ਵੇਦ, ਚਾਰ ਰੰਗ, ਚਾਰ ਦਿਸ਼ਾਵਾਂ, ਚਾਰ ਰੁੱਤਾਂ ਦੁਨਿਆਵੀ ਪ੍ਰਕਿਰਿਆਵਾਂ ਹਨ ਪਰ ਗੁਰਦਾਸ ਦੇ ਟੱਬਰ ਵਿਚ ਚਾਰ ਦਾ ਅੰਕੜਾ ਇਕ ਹੋਰ ਤਰ੍ਹਾਂ ਵੀ ਹੈ। ਉਹ ਗੁਰਾਂ-ਦਾ ਦਾਸ ਹੀ ਨਹੀਂ, ਚਾਰ ਨਾਂ ਵੀ ਗੁਰ ਨਾਲ ਸ਼ੁਰੂ ਹੁੰਦੇ ਹਨ, ਪਿਤਾ ਗੁਰਦੇਵ ਮਾਨ, ਆਪ ਗੁਰਦਾਸ ਮਾਨ, ਭਰਾ ਗੁਰਪੰਥ ਮਾਨ ਤੇ ਪੁੱਤਰ ਗੁਰਇਕ ਮਾਨ। ਇਸੇ ਕਰਕੇ ਉਹ ਮੁਕੱਦਰਾਂ ਦਾ ਧਨੀ ਹੈ, ਪੰਜਾਬੀ ਦਾ ਹੀ ਨਹੀਂ ਸ਼ਾਇਦ ਉਹ ਸਮੁੱਚੀ ਗਾਇਕੀ 'ਚ ਮਾਈਕਲ ਜੈਕਸ਼ਨ ਵਾਂਗ ਇਕ ਉਦਾਹਰਣ ਹੈ ਜਿਸ ਦੇ ਸਾਰੇ ਤੀਰ ਨਿਸ਼ਾਨੇ 'ਤੇ ਲੱਗੇ ਹਨ। ਅਜੇ ਤੀਕਰ ਕਦੇ ਇਹ ਖਬਰ ਨਹੀਂ ਆਈ ਕਿ ਉਸ ਦੀ ਕੋਈ ਕੈਸਿਟ ਜਾਂ ਐਲਬਮ ਕਿਤੇ ਫਿੱਕੀ ਪਈ ਹੋਵੇ। ਉਹਦੇ ਸਾਰੇ ਗੀਤਾਂ ਨੂੰ ਪੰਜਾਬੀਆਂ ਨੇ ਪੁੱਤਾਂ ਵਾਂਗ ਹਿੱਕ ਨਾਲ ਲਾ ਕੇ ਰੱਖਿਆ ਹੈ।



ਤੁਹਾਡੇ ਚੇਤੇ ਦੀ ਇਕ ਖਿੜਕੀ ਖੋਲ੍ਹਦੈਂ ਕਿ 'ਸਰਬੰਸ ਦਾਨੀਆ ਵੇ ਦੇਣਾ ਕੌਣ ਦੇਊਗਾ ਤੇਰਾ...' ਪੰਥਕ ਹਲਕਿਆਂ ਤੇ ਗੁਰੂ ਘਰਾਂ ਵਿਚ ਸੁਣਿਆ ਜਾਣ ਵਾਲਾ ਗੀਤ ਉਨ੍ਹਾਂ ਅੱਠ ਗੀਤਾਂ ਵਾਲੀ ਐਲਬਮ ਵਿਚ ਸ਼ਾਮਲ ਸੀ ਜਿਸ ਦੇ ਬਾਕੀ ਸੱਤ ਗੀਤ ਧਾਰਮਿਕ ਨਹੀਂ ਸਨ। ਪਰ ਗੁਰਦਾਸ ਦੇ ਪਿਆਰ ਵਲ ਬਾਹਾਂ ਖੁਲ੍ਹਦੀਆਂ ਹੀ ਏਨੀਆਂ ਖਿਲਰ ਕੇ ਹਨ ਕਿ ਉਹ ਮਾਵਾਂ-ਧੀਆਂ ਤੇ ਪਿਓ-ਪੁੱਤਰਾਂ ਦਾ ਲਾਡਲਾ ਗਾਇਕ ਹੈ। ਜਿਨ੍ਹਾਂ ਦਿਨਾਂ 'ਚ ਮੈਂ ਗਾਇਕਾਂ ਦੀਆਂ ਪਤਨੀਆਂ ਨਾਲ ਮੁਲਾਕਾਤਾਂ ਵਾਲਾ ਕਾਲਮ 'ਸੁਰ ਸੱਜਣਾ ਦੀ' 'ਅਜੀਤ' 'ਚ ਲਿਖ ਰਿਹਾ ਸੀ, ਮੈਂ ਕੁਝ ਘੰਟਿਆਂ ਲਈ ਪਟਿਆਲੇ ਗਿਆ, ਉਹਦੇ ਨਾਲ ਰਾਤ ਗੁਜ਼ਾਰ ਆਇਆ ਸੀ।

ਧਰਮਿੰਦਰ ਤੋਂ ਪਿੱਛੋਂ ਗੁਰਦਾਸ ਹੀ ਅਜਿਹਾ ਗਾਇਕ ਹੈ ਜਿਹਦੇ ਘਰ ਕੋਈ ਛੋਟਾ-ਵੱਡਾ ਨਹੀਂ ਹੁੰਦਾ। ਇੱਕੋ ਹੀ ਟੇਬਲ 'ਤੇ ਇੱਕੋ ਜਿਹਾ ਖਾਣਾ ਹੀ ਮਿਲੇਗਾ। ਉਹਦੀ ਫਰਾਖ ਦਿਲੀ ਦੀ ਇਕ ਉਦਾਹਰਣ ਦਿਆਂਗਾ ਕਿ ਇਕ ਵਾਰ ਬੰਗਿਆਂ ਲਾਗੇ ਮਜਾਰਾ ਰਾਜਾ ਸਾਹਿਬ ਦੇ ਮੇਲੇ 'ਤੇ ਵਿਵਾਦ ਉਠ ਖੜ੍ਹਾ ਹੋਇਆ ਕਿ ਗੁਰਦਾਸ ਘੁੰਗਰੂ ਬੰਨ੍ਹ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਗਾ ਗਿਆ ਹੈ। ਅਖ਼ਬਾਰਾਂ 'ਚ ਹਾਲੇ ਚੁੰਝ ਖੜਕੀ ਹੀ ਸੀ ਕਿ ਉਹਨੇ ਅਖ਼ਬਾਰਾਂ 'ਚ ਨਿਮਰਤਾ ਨਾਲ ਮੁਆਫੀ ਮੰਗੀ। ਗੁਰਦੁਆਰਾ ਰਾਜਾ ਸਾਹਿਬ ਗਿਆ ਪ੍ਰੋਗਰਾਮ ਲਈ ਪ੍ਰਾਪਤ ਰਕਮ ਵਾਪਿਸ ਕਰਕੇ, ਅਗਲੇ ਸਾਲ ਮੁਫ਼ਤ ਪ੍ਰੋਗਰਾਮ ਕਰਨ ਲਈ ਹੱਥ ਜੋੜ ਆਇਆ। ਕੋਈ ਮੰਨੇ ਜਾਂ ਨਾ ਮੰਨੇ ਸੱਚ ਇਹ ਵੀ ਹੈ ਕਿ ਜਿਸ ਤਰ੍ਹਾਂ ਦਾ ਜਜ਼ਬਾਤੀ ਫੱਕਰ ਸੁਭਾਅ ਦਾ ਮਾਲਕ ਗੁਰਦਾਸ ਹੈ, ਉਹਦੀ ਕਲਾ ਦਾ ਮੁੱਲ ਪੁਆਉਣ ਵਿਚ ਮਨਜੀਤ ਨੇ ਸਭ ਤੋਂ ਅਹਿਮ ਭੂਮਿਕਾ ਨਿਭਾਈ ਹੈ। ਕੋਈ ਲੱਖ ਕਹੇ ਪਰ ਅਸਲ ਵਿਚ ਉਹਦੇ ਜੀਵਨ ਤੇ ਕੈਰੀਅਰ ਦੀ ਸਾਰੀ ਸਫਲਤਾ ਪਤਨੀ ਮਨਜੀਤ ਕਰਕੇ ਵੀ ਹੈ। ਇਕ ਵਾਰ 'ਵਿਵਿਧ ਭਾਰਤੀ' 'ਤੇ ਦੀਦਾਰ ਸੰਧੂ ਨਾਲ ਮੁਲਾਕਾਤ ਕਰਦੀ ਕੁੜੀ ਨੇ ਪੁੱਛਿਆ ਸੀ, 'ਗੀਤ ਵੀ ਆਪ ਹੀ ਲਿਖਦੇ ਹੋ, ਤਰਜ਼ਾਂ ਵੀ ਆਪ ਹੀ ਬਣਾਉਂਦੇ ਹੋ, ਗਾਉਂਦੇ ਵੀ ਆਪ ਹੀ ਹੈ' ਤਾਂ ਦੀਦਾਰ ਨੇ ਇੱਕੋ ਜਵਾਬ ਦਿੱਤਾ ਸੀ, 'ਬੀਬੀ ਤੂੰ ਕਿਤੇ ਜੱਟ ਨੂੰ ਐਵੇਂ ਸਮਝਦੀ ਏਂ।' ਤੇ ਗੁਰਦਾਸ ਦੇ ਮਾਮਲੇ ਵਿਚ ਦੋ ਗੱਲਾਂ ਹੋਰ ਵੀ ਜੋੜੀਆਂ ਜਾ ਸਕਦੀਆਂ ਨੇ, ਉਹ ਖੰਜਰੀ ਵੀ ਵਜਾ ਲੈਂਦਾ ਹੈ, ਅਦਾਕਾਰ ਵੀ ਹੈ ਤੇ ਸਿਰੇ ਦਾ ਸਟੇਜ ਪ੍ਰਫਾਰਮਰ ਵੀ। ਜਿਸ ਉਮਰ ਵਿਚ ਅੱਜ ਕੱਲ੍ਹ ਕਈਆਂ ਦੇ ਗੋਡੇ ਦੁਖਣ ਲੱਗ ਪੈਂਦੇ ਨੇ, ਉਸ ਉਮਰ ਵਿਚ ਉਹ ਜੂਹੀ ਚਾਵਲਾ ਨਾਲ ਫਿਲਮਾਂ ਕਰ ਰਿਹੈ, ਪੰਜਾਬੀਆਂ ਦਾ ਰੂਹ ਰੱਜਵਾਂ ਮਨੋਰੰਜਨ ਕਰ ਰਿਹੈ। ਮੰਨਣਾ ਪਵੇਗਾ ਕਿ ਜੇ ਦੀਵੇ 'ਚ ਤੇਲ ਹੋਵੇ ਤਾਂ ਨ੍ਹੇਰੀਆਂ ਵੀ ਸ਼ਰਮਾ ਕੇ ਲੰਘ ਜਾਂਦੀਆਂ ਹਨ। ਗੁਰਦਾਸ ਦਾ 28 ਅਗਸਤ ਦਾ ਸਬ-ਫਾਊਂਡੇਸ਼ਨ ਦੇ ਡਾ. ਹਰਮੇਸ਼ ਕੁਮਾਰ ਵਲੋਂ ਕਰਵਾਇਆ ਜਾਣ ਵਾਲਾ ਸ਼ੋਅ ਉਹਦੇ ਖਾਤੇ 'ਚ ਵੀ ਭਲੇ ਕਾਰਜ ਵਾਂਗ ਜੁੜ ਜਾਵੇਗਾ ਕਿਉਂਕਿ ਬਜ਼ੁਰਗਾਂ ਦੀ ਸੰਭਾਲ ਲਈ ਕੀਤੇ ਜਾਣ ਵਾਲੇ ਯਤਨ ਦਾ ਇਹ ਵੀ ਇਕ ਹਿੱਸਾ ਹੈ।

## ਪੰਜਾਬੀਆਂ ਨੂੰ ਸਹਿਯੋਗ ਦੀ ਅਪੀਲ-ਡਾ. ਕੁਮਾਰ

ਫਰਿਜਨੋ 'ਚ ਹੋਣ ਵਾਲੇ ਗੁਰਦਾਸ ਮਾਨ ਦੇ 28 ਅਗਸਤ ਦੇ ਸ਼ੋਅ ਨੂੰ ਡਾ. ਹਰਮੇਸ਼ ਕੁਮਾਰ ਦੀ ਅਗਵਾਈ 'ਚ ਸਬ ਫਾਊਂਡੇਸ਼ਨ ਵਲੋਂ ਆਯੋਜਿਤ ਕੀਤੇ ਜਾਣਾ ਵੀ ਅਸਲ ਵਿਚ ਆਪਣੀ ਹੀ ਕਿਸਮ ਦਾ ਉਪਰਾਲਾ ਹੈ। ਡਾ. ਕੁਮਾਰ ਤੇ ਉਕਤ ਸੰਸਥਾ ਦੀ ਆਪਸ ਵਿਚ ਟਿੱਚ ਬਟਨਾਂ ਵਾਲੀ ਸਾਂਝ ਹੈ। ਜਾਂ ਇਉਂ ਜਿਵੇਂ ਕਈ ਵਾਰ ਪਤਾ ਨਹੀਂ ਲਗਦਾ ਕਿ ਤਬਲੇ ਦੀ ਤਾਲ ਨਾਲ ਪੈਰ ਉਠ ਰਹੇ ਹਨ ਜਾਂ ਫਿਰ ਪੈਰਾਂ ਦੀ ਤਾਲ ਨਾਲ ਤਬਲਾ ਵੱਜ ਰਿਹਾ ਹੈ। ਡਾ. ਕੁਮਾਰ ਨੇ ਦੱਸਿਆ ਕਿ ਸ਼ੋਅ ਤੋਂ ਬਚਣ ਵਾਲਾ ਇਕ-ਇਕ ਪੈਸਾ ਏਸ਼ਿਆਈ ਭਾਈਚਾਰੇ ਅਤੇ ਖਾਸ ਤੌਰ 'ਤੇ ਪੰਜਾਬੀ ਕਮਿਊਨਿਟੀ ਦੇ ਬਜ਼ੁਰਗਾਂ ਦੀ ਦੇਖ-ਰੇਖ ਤੇ ਚੰਗੀ ਸਿਹਤ ਸੰਭਾਲ ਲਈ ਅਤਿ ਆਧੁਨਿਕ ਸਹੂਲਤਾਂ ਲਈ ਬਣਾਏ ਜਾਣ ਵਾਲੇ ਕੇਂਦਰ 'ਤੇ ਖਰਚਿਆ ਜਾਵੇਗਾ। ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਸਮੇਤ 28 ਅਗਸਤ ਨੂੰ ਸੈਰੋਇਨ ਥੀਏਟਰ ਵਿਚ ਪਹੁੰਚ ਕੇ ਸੰਸਥਾ ਦੇ ਇਸ ਯਤਨ ਵਿਚ ਸਹਿਯੋਗੀ ਬਣਨ। ਉਨ੍ਹਾਂ ਦੱਸਿਆ ਕਿ ਸ਼ੋਅ ਦੀਆਂ ਟਿਕਟਾਂ ਹਰ ਪੰਜਾਬੀ ਸਟੋਰ 'ਤੇ ਉਪਲਬਧ ਹਨ ਤੇ ਉਨ੍ਹਾਂ ਪੰਜਾਬੀਆਂ ਦਾ ਚਾਅ ਪੂਰਾ ਕਰਨ ਦਾ ਵੀ ਸਫਲ ਯਤਨ ਹੋਵੇਗਾ ਜੋ ਉਸੇ ਰਾਤ ਗੁਰਦਾਸ ਮਾਨ ਨਾਲ ਡਿਨਰ ਸਾਂਝਾ ਕਰਨਾ ਚਾਹੁਣ। ਡਾ. ਕੁਮਾਰ ਨੇ ਕਿਹਾ ਕਿ ਸਾਧਾਰਨ ਟਿਕਟਾਂ ਕਰੀਬ ਪਹਿਲੇ ਦਿਨ ਹੀ ਖਰੀਦ ਲਈਆਂ ਗਈਆਂ ਸਨ। ਡਾ. ਕੁਮਾਰ ਨਾਲ ਫੋਨ ਨੰ: 408-821-9325 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**ਡਾ. ਕੁਮਾਰ**

ਮੁੱਖ ਸਪਾਂਸਰ ਤਾਜ ਰੰਧਾਵਾ ਅਤੇ ਵਿਨੈ ਵੋਹਰਾ ਨੇ ਕਿਹਾ ਕਿ ਅਸੀਂ ਡਾ. ਕੁਮਾਰ ਨਾਲ ਹਰ ਤਰ੍ਹਾਂ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਾਂ ਅਤੇ ਉਨ੍ਹਾਂ ਦੇ ਤੇ ਸਬ-ਫਾਊਂਡੇਸ਼ਨ ਦੇ ਯਤਨਾਂ ਨੂੰ ਜਰੂਰ ਭਾਗ ਲੱਗਣਗੇ। ਜਿਵੇਂ ਪੰਜਾਬ ਵਿਚ ਅਖਾੜੇ ਵੇਖਣ ਲਈ ਬਜ਼ੁਰਗ ਕਿਹਾ ਕਰਦੇ ਸਨ, 'ਬਈ ਮੁੰਡਿਓ ਕੰਮ-ਧੰਦਾ ਵੇਲੇ ਸਿਰ ਨਿਪਟਾ ਲਿਓ, ਯਮਲਾ ਵੇਖਣ ਚੱਲਣੈ।' ਇਸੇ ਲਈ 28 ਅਗਸਤ ਦੀ ਸ਼ਾਮ ਹਰ ਪੰਜਾਬੀ ਨੂੰ ਗੁਰਦਾਸ ਮਾਨ ਦੇ ਨਾਮ ਕਰਨੀ ਚਾਹੀਦੀ ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ: 559-259-4247 ਜਾਂ 559-213-0462 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲਾੜਾ ਸੱਠਾਂ ਦਾ ਤੇ ਲਾੜੀ 14 ਦੀ

**ਹਾਪੁੜ :** ਯੂ.ਪੀ. ਦੇ ਹਾਪੁੜ ਵਿਚ 60 ਸਾਲਾਂ ਦੇ ਇਕ ਵਿਅਕਤੀ ਨੇ ਆਸਾਮ ਨਿਵਾਸੀ 14 ਸਾਲਾਂ ਦੀ ਇਕ ਲੜਕੀ ਨਾਲ ਨਿਕਾਹ ਕਰ ਲਿਆ। ਮੁਹੱਲੇ ਵਾਲਿਆਂ ਨੇ ਰਿਸ਼ਤੇਦਾਰਾਂ 'ਤੇ ਕੁੜੀ ਨੂੰ 15 ਹਜ਼ਾਰ ਰੁਪਏ ਵਿਚ ਵੇਚਣ ਦਾ ਦੋਸ਼ ਲਗਾਉਂਦੇ ਹੋਏ ਐਸ.ਡੀ.ਐਮ. ਕੋਲ ਸ਼ਿਕਾਇਤ ਕੀਤੀ ਹੈ। ਐਸ.ਡੀ.ਐਮ.ਪੁਸ਼ਪਾ ਦੇਵਸਰ ਨੇ ਦੱਸਿਆ ਕਿ ਥਾਣਾ ਹਾਪੁੜ ਦੇ ਮੋਤੀ ਕਾਲੋਨੀ ਨਿਵਾਸੀ ਮੋ. ਬਾਬੂ ਦੇ ਅਸਾਮ ਤੋਂ ਆਪਣੀ ਰਿਸ਼ਤੇਦਾਰ ਹਸੀਨਾ (14) ਨਾਲ ਵਿਆਹ ਦੀ ਸੂਚਨਾ ਉਨ੍ਹਾਂ ਨੂੰ ਮਿਲੀ ਹੈ। 60 ਸਾਲਾ ਬਾਬੂ 8 ਬੱਚਿਆਂ ਦਾ ਪਿਓ ਹੈ, ਤਿੰਨ ਸਾਲ ਪਹਿਲਾਂ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਬੀਤੀ 11 ਅਗਸਤ ਨੂੰ ਮੁਹੱਲਾ ਨਿਵਾਸੀਆਂ ਨੇ ਉਨ੍ਹਾਂ ਨੂੰ ਮਿਲ ਕੇ ਸ਼ਿਕਾਇਤ ਕੀਤੀ ਕਿ ਕੁੜੀ ਨੂੰ ਰਿਸ਼ਤੇਦਾਰਾਂ ਨੇ 15 ਹਜ਼ਾਰ ਰੁਪਏ ਵਿਚ ਬਜ਼ੁਰਗ ਨੂੰ ਵੇਚਿਆ ਹੈ। ਮਾਮਲੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਗਏ ਹਨ।




## ਅਸੀਂ ਹੁੰਨੇ ਆਂ ਗੁਰਾਂ ਦੇ ਦਾਸ

# ਗੁਰਦਾਸ ਮਾਨ ਨੇ ਬੇਕਰਜ਼ਫੀਲਡ ਵਿਚ ਸਰੋਤੇ ਕੀਲੇ



**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਵਿਰਸਾ ਐਂਟਰਟੇਨਮੈਂਟ ਗਰੁਪ ਵਲੋਂ ਇਥੇ 7 ਅਗਸਤ ਨੂੰ ਬੇਕਰਜ਼ਫੀਲਡ ਕਨਵੈਨਸ਼ਨ ਸੈਂਟਰ ਵਿਚ ਕਰਵਾਏ ਗਏ ਸਦਾ ਬਹਾਰ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਸ਼ੋਅ ਨੂੰ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ। ਇਹ ਗੱਲ ਇਸ ਤੱਥ ਤੋਂ ਵੀ ਸਾਬਤ ਹੁੰਦੀ ਸੀ ਕਿ 22 ਸੌ ਸੀਟਾਂ ਵਾਲਾ ਇਹ ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਅਤੇ ਕਰੀਬ ਸਾਢੇ ਤਿੰਨ ਘੰਟੇ ਚੱਲੇ ਪ੍ਰੋਗਰਾਮ ਦੌਰਾਨ ਸਰੋਤਿਆਂ ਨੇ ਬਿਨਾਂ ਕਿਸੇ ਹਿੱਲਜੁਲ ਦੇ ਆਪਣੇ ਇਸ ਮਨਪਸੰਦ ਗਾਇਕ ਨੂੰ ਪੂਰੀ ਤਸੱਲੀ ਨਾਲ ਸੁਣਿਆ। ਨਵੇਂ ਅਤੇ ਪੁਰਾਣੇ ਗੀਤਾਂ ਨਾਲ ਗੁਰਦਾਸ ਮਾਨ ਨੇ ਕੁਝ ਅਜਿਹਾ ਰੰਗ ਬੰਨ੍ਹਿਆ ਕਿ ਬੱਚੇ, ਨੌਜਵਾਨ ਅਤੇ ਬਜ਼ੁਰਗ ਸਭ ਤਰ੍ਹਾਂ ਦੇ ਹੀ ਸਰੋਤੇ ਅਸ਼ ਅਸ਼ ਕਰ ਉਠੇ।



ਰਵਾਇਤ ਅਨੁਸਾਰ ਪ੍ਰਭੂ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਤੋਂ ਪ੍ਰੋਗਰਾਮ ਸ਼ੁਰੂ ਕਰਕੇ ਗੁਰਦਾਸ ਮਾਨ ਨੇ ਬਿਨਾਂ ਕਿਸੇ ਬਰੇਕ ਤੋਂ ਸਾਢੇ ਤਿੰਨ ਘੰਟੇ ਇਕ ਪਿਛੋਂ ਇਕ ਗੀਤ ਸਰੋਤਿਆਂ ਦੀ ਨਜ਼ਰ ਕੀਤੇ ਤਾਂ ਪਤਾ ਹੀ ਨਾ ਲੱਗਿਆ ਕਿ ਸਮਾਂ ਕਦੋਂ ਬੀਤ ਗਿਆ। "ਸਾਡੀ ਜਿਥੇ ਲੱਗੀ ਐ ਤਾਂ ਲੱਗੀ ਰਹਿਣ ਦੇ, ਲੋਕਾਂ ਭਾਣੇ ਠੱਗੀ ਐ ਤਾਂ ਠੱਗੀ ਰਹਿਣ ਦੇ," "ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਸ਼ਾਂ ਕਰੀਏ," "ਯਾਰ ਪੰਜਾਬੀ ਏ," ਅਤੇ ਹੋਰ ਕਈ ਸਦਾ ਬਹਾਰ ਗੀਤ ਸਰੋਤਿਆਂ ਦੀ ਨਜ਼ਰ ਕਰਕੇ ਉਨ੍ਹਾਂ ਦੀ ਭਰਪੂਰ ਵਾਹ ਵਾਹ ਖੱਟੀ। "ਛੱਲਾ" ਗਾ ਕੇ ਉਸ ਨੇ ਇਕ ਵੱਖਰਾ ਹੀ ਰੰਗ ਬੰਨ੍ਹਿਆ। ਇਕ ਛੋਟੀ ਜਿਹੀ ਬੱਚੀ ਨੂੰ ਸਟੇਜ ਉਤੇ ਬੁਲਾ ਕੇ "ਕੁੜੀਏ ਕਿਸਮਤ ਪੁੜੀਏ" ਗੀਤ ਗਾ ਕੇ ਗੁਰਦਾਸ ਨੇ ਮਾਦਾ ਭਰੂਣ ਹੱਤਿਆ ਦਾ ਪਾਪ ਕਰ ਰਹੇ ਸਮਾਜ ਨੂੰ ਕੁੜੀਆਂ ਦੀ ਅਹਿਮੀਅਤ ਦਾ ਸੁਨੇਹਾ ਦਿਤਾ।

ਇਸ ਪ੍ਰੋਗਰਾਮ ਦੀ ਕਾਮਯਾਬੀ ਤੋਂ ਖੁਸ਼ ਹੋਏ ਪ੍ਰਬੰਧਕਾਂ ਨੇ ਆਖਿਆ ਕਿ ਸਰੋਤਿਆਂ ਦਾ ਹੁੰਗਾਰਾ ਉਨ੍ਹਾਂ ਸਭ ਆਲੋਚਕਾਂ ਨੂੰ ਝੂਠੇ ਸਾਬਤ ਕਰਦਾ ਹੈ ਜੋ ਅਖਬਾਰਾਂ ਵਿਚ ਲੇਖ ਲਿਖ ਕੇ ਗੁਰਦਾਸ ਦੇ ਤੀਹ ਸਾਲ ਪਹਿਲਾਂ ਅਤੇ ਹੁਣ ਦੀ ਜ਼ਿੰਦਗੀ ਬਾਰੇ ਅੰਤਰ ਦੱਸ ਕੇ ਆਪਣਾ ਨਾਂ ਗੁਰਦਾਸ ਦੇ ਨਾਂ ਨਾਲ ਜੋੜਨ ਦਾ ਕੋਈ ਮੌਕਾ ਨਹੀਂ ਗੁਆਉਣਾ ਚਾਹੁੰਦੇ। ਐਲ ਏ ਤੋਂ ਬਾਅਦ ਇਸ ਸ਼ੋਅ ਦੀ ਕਾਮਯਾਬੀ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਨਿਮਾਣੇ ਕਲਾਕਾਰ ਨੂੰ ਜਿੰਨਾ ਉਚਾ ਮੁਕਾਮ ਅਤੇ ਪਿਆਰ ਮਿਲਿਆ ਹੈ ਸ਼ਾਇਦ ਹੀ ਕਿਸੇ ਹੋਰ ਕਲਾਕਾਰ ਨੂੰ ਮਿਲਿਆ ਹੋਵੇ ਜਾਂ ਆਉਂਦੇ ਤੀਹ ਸਾਲਾਂ ਵਿਚ ਮਿਲੇ।

ਵਿਰਸਾ ਐਂਟਰਟੇਨਮੈਂਟ ਗਰੁਪ ਨੇ ਇਸ ਸ਼ੋਅ ਦਾ ਅਨੰਦ ਮਾਣਨ ਲਈ ਪਹੁੰਚੇ ਉਨ੍ਹਾਂ ਸਭ ਸਰੋਤਿਆਂ ਦਾ ਧੰਨਵਾਦ ਕੀਤਾ ਜੋ ਕਿਸੇ ਵੀ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਸ਼ੋਅ ਵਿਚ ਪਹੁੰਚੇ ਅਤੇ ਅਭੁੱਲ ਯਾਦਾਂ ਨਾਲ ਲੈ ਕੇ ਘਰਾਂ ਨੂੰ ਪਰਤੇ। ਪ੍ਰੋਗਰਾਮ ਨੂੰ ਕੈਮਰਾਬੱਧ ਕੀਤਾ ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ) ਨੇ ਅਤੇ ਖਾਣੇ ਦੀ ਸੇਵਾ ਨਿਭਾਈ ਮੱਲ੍ਹੀ ਇੰਡੀਅਨ ਕੁਜ਼ੀਨ ਲੈਂਕਾਸਟਰ ਵਾਲਿਆਂ ਨੇ। ਵਿਰਸਾ ਐਂਟਰਟੇਨਮੈਂਟ ਦੀ ਟੀਮ ਨੇ ਆਪਣੇ ਸਾਰੇ ਸਪਾਂਸਰਾਂ ਅਤੇ ਦੂਰੋਂ ਨੇੜਿਓਂ ਆਏ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਹੈ।







# 'ਗੱਲੀਬਾਤੀਂ' ਨਾਲ ਮਿਲੇ ਸਤਿਕਾਰ ਤੇ ਪਿਆਰ ਦਾ ਮੁੱਲ ਨਹੀਂ ਦੇ ਸਕਦਾ-ਭੌਰਾ

**ਫਰਿਜ਼ਨੋ (ਮਨਵੀਰ):** ਸਥਾਨਕ ਸ਼ਾਹ ਐਵੀਨਿਊ 'ਤੇ ਸਥਿਤ ਤਾਜ ਇੰਡੀਆ ਰੈਸਟੋਰੈਂਟ ਵਿਚ ਪੰਜਾਬੀ ਦੇ ਨਾਮਵਰ ਪੱਤਰਕਾਰ, ਲੇਖਕ ਤੇ ਪੰਜਾਬ ਟਾਈਮਜ਼ ਦੇ 'ਗੱਲੀਂ ਬਾਤੀ' ਕਾਲਮ ਦੇ ਲੇਖਕ ਐਸ. ਅਸ਼ੋਕ ਭੌਰਾ ਨਾਲ ਇਕ ਰੂ-ਬਰੂ ਪ੍ਰੋਗਰਾਮ ਤੇ ਭੌਰਾ ਦੀਆਂ ਲਿਖਤਾਂ ਸਬੰਧੀ ਵਿਚਾਰ ਵਟਾਂਦਰੇ 'ਤੇ ਬੋਲਦਿਆਂ ਪੰਜਾਬੀ ਦੇ ਪ੍ਰਸਿਧ ਸ਼ਾਇਰ, ਗੀਤਕਾਰ ਹਰਜਿੰਦਰ ਕੰਗ ਨੇ ਕਿਹਾ ਕਿ ਮੁੱਦਤਾਂ ਵਰਗਾ ਸਮਾਂ ਲੰਘ ਗਿਆ ਹੈ ਅਸ਼ੋਕ ਭੌਰੇ ਨੂੰ ਲਿਖਦਿਆਂ ਤੇ ਕਰੀਬ 32 ਸਾਲ ਤੋਂ ਨਵੇਂ ਸ਼ਬਦਾਂ ਨਾਲ ਨਵਾਂ ਲਿਖਣਾ ਬਹੁਤ ਔਖਾ ਕਾਰਜ ਹੈ।

'ਅਜੀਤ' ਵਿਚ 'ਸੁਰ ਸੱਜਣਾਂ ਦੀ', 'ਕਲਮਾਂ ਦੇ ਸਿਰਨਾਵੇਂ' ਅਤੇ ਕਰੀਬ ਪੰਜ ਸਾਲ 'ਦੁਨੀਆਂ ਪਰੇ ਪਰੇ' ਕਾਲਮ ਲਿਖਣ ਤੋਂ ਬਾਅਦ 'ਗੱਲੀਬਾਤੀ' ਨਾਲ ਉਹਨੇ ਅਮਰੀਕਾ ਦੇ ਪੰਜਾਬੀ ਭਾਈਚਾਰੇ ਵਿਚ ਅਹਿਮ ਥਾਂ ਬਣਾਈ ਹੈ। ਸਮਾਚਾਰ ਪੱਤਰਾਂ ਤੋਂ ਸਿਵਾ ਉਹ ਰੇਡੀਓ ਤੇ ਟੈਲੀਵੀਜ਼ਨ ਵਰਗੇ ਇਲੈਕਟ੍ਰਾਨਿਕ ਮੀਡੀਏ ਨਾਲ ਵੀ ਲਗਾਤਾਰ ਜੁੜਿਆ ਰਿਹਾ ਹੈ। ਗਦਰ ਮੈਮੋਰੀਅਲ ਫਾਊਂਡੇਸ਼ਨ, ਅਮਰੀਕਾ ਦੇ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪਿਛਲੇ ਦਸਾਂ ਸਾਲਾਂ ਵਿਚ ਦਸ ਦੇ ਕਰੀਬ ਪੰਜਾਬੀ ਅਖ਼ਬਾਰਾਂ ਆਈਆਂ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਕੋਈ ਵੀ ਅਖ਼ਬਾਰ ਦਸ ਤਾਂ ਕੀ ਇਕ ਵੀ ਚੰਗਾ ਲੇਖਕ ਜਾਂ ਪੱਤਰਕਾਰ ਨਹੀਂ ਦੇ ਸਕੀ ਤੇ ਇਹ ਕੰਮ 'ਪੰਜਾਬ ਟਾਈਮਜ਼' ਅਤੇ ਇਸ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੇ ਕਰਕੇ ਵਿਖਾਇਆ ਹੈ ਕਿ ਇਸ ਦੇ ਕਾਲਮਨਵੀਸਾਂ ਵਿਚੋਂ ਸਿਰਕੱਢ ਅਸ਼ੋਕ ਇਸ ਵੇਲੇ ਅਮਰੀਕਾ 'ਚ ਹੀ ਨਹੀਂ, ਕੈਨੇਡਾ ਤੇ ਯੂਰਪੀ ਮੁਲਕਾਂ 'ਚ ਵੀ ਜਸਵੰਤ ਸਿਘ ਕੰਵਲ ਤੋਂ ਬਾਅਦ ਸਭ ਤੋਂ ਵਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਕੰਵਲ ਵਾਂਗ ਹੀ ਭੌਰਾ ਆਪਣੇ ਪਾਠਕਾਂ ਨੂੰ ਸ਼ੁਰੂ ਤੋਂ ਅਖੀਰ ਤੱਕ ਉਂਗਲ ਫੜ ਕੇ ਨਾਲ ਤੋਰੀ ਰੱਖਦਾ ਹੈ।













ਪਾਲ ਧਾਲੀਵਾਲ ਨੇ ਕਿਹਾ ਕਿ ਅਸ਼ੋਕ ਭੌਰੇ ਨੂੰ ਜਦੋਂ ਵੀ ਕੋਈ ਪੜ੍ਹਨਾ ਅਰੰਭ ਕਰਦਾ ਹੈ ਤਾਂ ਉਹ ਉਸਦੀਆਂ ਲਿਖਤਾਂ ਦਾ ਸ਼ੁਦਾਈ ਹੋ ਨਿਬੜਦਾ ਹੈ। ਨਿੱਝਰ ਟਰੱਕਿੰਗ ਦੇ ਮਾਲਕ ਅਤੇ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਨਿੱਝਰ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਹੁਤ ਘੱਟ ਵਕਫੇ ਵਿਚ ਅਮਰੀਕਾ ਦੇ ਹਰ ਪੰਜਾਬੀ ਘਰ ਤੱਕ ਆਪਣੀਆਂ ਲਿਖਤਾਂ ਜ਼ਰੀਏ ਸਤਿਕਾਰ ਨਾਲ ਦਾਖਲ ਹੋਣਾ ਅਸ਼ੋਕ ਭੌਰੇ ਦੇ ਹਿੱਸੇ ਆਇਆ ਹੈ। 'ਗੱਲੀ ਬਾਤੀਂ' ਬਾਰੇ ਜੇ ਪੰਜਾਬੀ ਦੇ ਨਾਲ ਅੰਗਰੇਜ਼ੀ 'ਚ ਵੀ, ਅਮਰੀਕੀ ਪਬਲਿਸ਼ਰ ਕਿਤਾਬ ਪ੍ਰਕਾਸ਼ਿਤ ਕਰ ਰਹੇ ਹਨ ਤਾਂ ਇਹ ਪਹਿਲੀ ਵਾਰ ਹੋਵੇਗਾ ਕਿ ਏਨੇ ਕੁ ਵਕਫੇ ਵਿਚ ਇਥੋਂ ਤੱਕ ਪਹੁੰਚਣਾ ਕਿਸੇ ਪੰਜਾਬੀ ਦੇ ਹਿੱਸੇ ਵੀ ਆਇਆ ਹੈ।

ਇਸ ਮੌਕੇ ਬੋਲਦਿਆਂ ਅਸ਼ੋਕ ਭੌਰਾ ਨੇ ਦੱਸਿਆ ਕਿ ਮੈਂ 1976 ਵਿਚ ਅੱਠਵੀਂ 'ਚ ਪੜ੍ਹਦਾ ਸਾਂ ਜਦੋਂ ਲਿਖਣਾ ਨਹੀਂ ਸਗੋਂ ਛਪਣਾ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਮੈਂ ਹਜ਼ਾਰਾਂ ਦੀ ਤਾਦਾਦ ਵਿਚ ਕਿਤਾਬਾਂ ਵੀ ਪੜ੍ਹੀਆਂ ਤੇ ਲੇਖ ਵੀ ਲਿਖੇ ਹਨ। ਲਿਖਣਾ ਮੇਰਾ ਸ਼ੌਕ ਸੀ ਪਰ ਹੁਣ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਮਾਣ ਇਸ ਗੱਲ ਦਾ ਹੈ ਕਿ ਤਿੰਨ ਦਹਾਕਿਆਂ ਦੇ ਅਰਸੇ ਵਿਚ ਮੇਰੇ ਪਾਠਕਾਂ ਦੀ ਗਿਣਤੀ ਲੱਖਾਂ ਵਿਚ ਹੈ। ਮੇਰੀ ਲਿਖਣ ਸ਼ੈਲੀ ਵਿਚ ਅਜੀਤ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਦਾ ਸਹਿਯੋਗ ਨਹੀਂ, ਅਸ਼ੀਰਵਾਦ ਹੈ। ਮੈਂ ਆਪਣੀ ਲਿਖਣ ਕਲਾ ਕਰਕੇ ਹੀ ਦੁਨੀਆਂ ਦੇ ਕਰੀਬ 27 ਦੇਸਾਂ ਵਿਚ ਕਈ-ਕਈ ਵਾਰ ਗੇੜਾ ਮਾਰਿਆ ਹੈ। 'ਗੱਲੀਬਾਤੀ' ਕਾਲਮ ਨੂੰ ਜੇ ਏਨਾ ਹੁੰਗਾਰਾ ਮਿਲਿਆ ਹੈ ਤਾਂ ਇਹ ਪ੍ਰਾਪਤੀ ਪੰਜਾਬ ਟਾਈਮਜ਼ ਦੀ ਹੈ।

ਇਸ ਅਹਿਮ ਘੜੀ 'ਤੇ ਹੋਰ ਸ਼ਿਰਕਤ ਕਰਨ ਵਾਲਿਆਂ ਵਿਚ ਤਾਜ ਰੰਧਾਵਾ, ਵਿਨੈ ਵੋਹਰਾ, ਵੋਹਰਾ ਬ੍ਰਦਰਜ਼, ਸੁਖਵੀਰ ਭੰਡਾਲ, ਹਰੇ ਟਰੱਕਾਂ ਵਾਲੇ ਪਾਲ ਸਹੋਤਾ, ਨਿਰਮਲ ਸਿੰਘ ਸਹੋਤਾ, ਅਰਵਿੰਦਰ ਸਿੰਘ ਸਹੋਤਾ, ਨਰਿੰਦਰ ਸਹੋਤਾ, ਇੰਗਲੈਂਡ ਤੋਂ ਭਜਨ ਸਿੰਘ ਸਹੋਤਾ ਲੰਬੜਦਾਰ, ਕੈਨੇਡਾ ਤੋਂ ਜਸਕਰਨ ਸਿੰਘ ਸਹੋਤਾ, ਗੁਰਦੀਪ ਨਿੱਝਰ, ਦਰਬਾਰਾ ਸਿੰਘ, ਸਿਮਰਨਜੀਤ ਸਿੰਘ, ਅਮੋਲਕ ਸਿੰਘ, ਭੋਲਾ ਗੁਣਾਚੌਰ, ਬੱਬੀ ਟਿਵਾਣਾ, ਰੂਬੀ ਟਿਵਾਣਾ, ਮਿੰਟੂ ਬੀਸਲਾ, ਵਿੱਕੀ ਵੜਿੰਗ, ਕਰਮਜੀਤ ਸਿੰਘ, ਅਮਰਜੀਤ ਨਿੱਝਰ, ਭੁਪਿੰਦਰ ਪੰਧੇਰ, ਡਾ. ਜਸਵੀਰ ਲੋਹਾਨ, ਸੁੱਖੀ ਗਿੱਲ, ਹਰਜਿੰਦਰ ਸਿੰਘ, ਸਿਮਰਜੀਤ ਸਿੰਘ, ਗਦਰ ਫਾਊਂਡੇਸ਼ਨ ਦੇ ਉਪ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਤੇ ਗੁਰਨੇਕ ਸਿੰਘ ਨਿੱਝਰ ਆਦਿ ਹਾਜ਼ਰ ਸਨ।

ਦੇਰ ਰਾਤ ਤੱਕ ਚੱਲੇ ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਸੰਗੀਤਮਈ ਰੰਗ ਭਰਨ ਲਈ ਪੰਜਾਬ ਦੇ ਨਾਮਵਰ ਗਾਇਕ ਸੁਖਵਿੰਦਰ ਪੰਛੀ ਨੇ 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ' ਵਾਲੀ ਗੱਲ ਪੂਰੀ ਕੀਤੀ। ਆਪਣੇ ਦਰਜਨਾਂ ਹਿੱਟ ਗੀਤਾਂ ਨਾਲ ਮਾਣਕ ਵੀ ਚੇਤੇ ਕਰਵਾਇਆ ਤੇ ਕੋਈ ਟਾਵਾਂ ਹੀ ਬਚਿਆ, ਜੀਹਦਾ ਲੱਕ ਨਹੀਂ ਹਿੱਲਿਆ। ਇਸ ਸਮੁੱਚੇ ਪ੍ਰੋਗਰਾਮ ਦੇ ਰੂਹੇ ਰਵਾਂ ਗੁਰਨੇਕ ਸਿੰਘ ਨਿੱਝਰ ਤੇ ਭੋਲਾ ਗੁਣਾਚੌਰ ਸਨ ਤੇ ਸ਼ਾਇਰਾਨਾ ਅੰਦਾਜ਼ ਵਿਚ ਸੰਚਾਲਨ ਹਰਜਿੰਦਰ ਕੰਗ ਨੇ ਕੀਤਾ।









ਤਸਵੀਰਾਂ:ਮੋਗਾ ਵੀਡੀਓ, ਫੋਨ:559-217-3060

# ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦਾ ਅੱਖੀਂ ਡਿੱਠਾ ਵੇਰਵਾ

**ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਸ. ਜਸਵੰਤ ਸਿੰਘ ਖਾਲੜਾ ਦੇ ਕਤਲ ਤੋਂ ਕਈ ਸਾਲ ਬਾਅਦ ਇਸ ਕੇਸ ਦੇ ਚਸ਼ਮਦੀਦ ਗਵਾਹ ਕੁਲਦੀਪ ਸਿੰਘ ਬਚੜਾ ਨੇ ਕਤਲ ਨਾਲ ਸੰਬੰਧਤ ਸਾਰੀ ਕਹਾਣੀ ਬੇਪਰਦ ਕੀਤੀ ਸੀ। ਇਥੇ ਅਸੀਂ ਇਹ ਕਹਾਣੀ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਮੰਗ 'ਤੇ ਮੁੜ ਤੋਂ ਛਾਪ ਰਹੇ ਹਾਂ। -ਸੰਪਾਦਕ**

ਸ. ਜਸਵੰਤ ਸਿੰਘ ਖਾਲੜਾ ਨੂੰ ਜਦੋਂ 6 ਸਤੰਬਰ 1995 ਨੂੰ ਘਰੋਂ ਚੁੱਕਿਆ ਗਿਆ ਸੀ ਤਾਂ ਪੰਜਾਬ ਅੰਦਰ ਕੰਮ ਕਰਦੀਆਂ ਲਗਭਗ ਸਾਰੀਆਂ ਹੀ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਇਹ ਸ਼ੱਕ ਜਾਹਰ ਕੀਤਾ ਸੀ ਕਿ ਸ. ਖਾਲੜੇ ਨੂੰ ਕੇ ਪੀ ਐਸ ਗਿੱਲ ਦੀ ਪੁਲਿਸ ਨੇ ਚੁੱਕਿਆ ਹੈ। ਦੂਸਰੇ ਦਿਨ ਹੀ ਇਸ ਕਿਸਮ ਦੇ ਬਿਆਨ ਅਖ਼ਬਾਰਾਂ ਵਿਚ ਛਪ ਗਏ ਸਨ, ਜਿਨ੍ਹਾਂ 'ਚ ਇਸ ਦੀ ਸਪੱਸ਼ਟ ਤੌਰ 'ਤੇ ਨਿਸ਼ਾਨਦੇਹੀ ਕੀਤੀ ਗਈ ਸੀ। ਇਸ ਨਿਸ਼ਾਨੇਦੇਹੀ ਦਾ ਠੋਸ ਆਧਾਰ ਸੀ। ਕਿਉਂਕਿ ਸ. ਜਸਵੰਤ ਸਿੰਘ ਖਾਲੜਾ ਨੇ 23 ਫਰਵਰੀ 1995 ਨੂੰ ਜਾਰੀ ਕੀਤੇ ਗਏ ਆਪਣੇ ਬਿਆਨ ਵਿਚ ਸਾਫ ਐਲਾਨ ਕੀਤਾ ਸੀ ਕਿ "ਜੇਕਰ ਪੰਜਾਬ ਸਰਕਾਰ ਤੇ ਪੁਲਿਸ ਇਹ ਸਮਝਦੀ ਹੈ ਕਿ ਮੈਨੂੰ ਖਤਮ ਕਰਕੇ 25 ਹਜ਼ਾਰ ਲਾਵਾਰਿਸ ਲਾਸ਼ਾਂ ਦੇ ਮਾਮਲੇ ਨੂੰ ਖੁਰਦ ਬੁਰਦ ਕੀਤਾ ਜਾ ਸਕਦਾ ਹੈ ਤਾਂ ਇਹ ਉਸਦੀ ਗਲਤਫਿਹਮੀ ਹੈ। ਕਿਉਂਕਿ ਇਸ ਸੰਬੰਧੀ ਤੱਥ ਦੁਨੀਆਂ ਪੱਧਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਤੱਕ ਪਹੁੰਚ ਚੁੱਕੇ ਹਨ।" ਇਸੇ ਬਿਆਨ 'ਚ ਸ. ਖਾਲੜਾ ਨੇ ਇਹ ਇੰਕਸ਼ਾਫ ਵੀ ਕੀਤਾ ਸੀ, "ਕਾਂਗਰਸ ਪਾਰਟੀ ਦੇ ਇਕ ਜ਼ਿੰਮੇਵਾਰ ਐਮ ਐਲ ਏ ਨੇ 2 ਦਿਨ ਪਹਿਲਾਂ ਮੈਨੂੰ ਜਾਤੀ ਤੌਰ 'ਤੇ ਮਿਲ ਕੇ ਦੱਸਿਆ ਹੈ ਕਿ ਪੁਲਿਸ ਅਧਿਕਾਰੀ ਇਸ ਮਾਮਲੇ ਦੇ ਖੁੱਲ੍ਹਣ ਤੋਂ ਬਹੁਤ ਖਫਾ ਹੋਏ ਪਏ ਹਨ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਜੇਕਰ ਇਹ ਪੜਤਾਲ ਅੱਗੇ ਵਧਦੀ ਹੈ ਤਾਂ ਹਰ ਹਾਲਤ ਵਿਚ ਉਹ ਜਸਵੰਤ ਸਿੰਘ ਖਾਲੜਾ ਦੀ ਲਾਸ਼ ਨੂੰ ਖੁਰਦ ਬੁਰਦ ਕਰਨਗੇ ਅਤੇ ਜਿੱਥੇ 25 ਹਜ਼ਾਰ ਲਾਸ਼ਾਂ ਦੀ ਜਾਂਚ ਹੋਵੇਗੀ, ਉਥੇ ਇਕ ਹੋਰ ਵੀ ਝੱਲ ਲੈਣਗੇ। ਐਮ ਐਲ ਏ ਜਿਸ ਦਾ ਅਜੇ ਮੈਂ ਨਾਂ ਦੱਸਣਾ ਠੀਕ ਨਹੀਂ ਸਮਝਦਾ, ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਇਸ ਕੰਮ ਦੀ ਉਨ੍ਹਾਂ ਨੇ ਸਾਡੀ ਕਾਂਗਰਸ ਸਰਕਾਰ ਤੋਂ ਇਜਾਜ਼ਤ ਵੀ ਲੈ ਲਈ ਹੈ।" ਇਹ ਜੋ ਸ਼ੰਕਾ ਸੀ ਅੱਜ ਉਹ ਸੱਚ ਸਾਬਤ ਹੋ ਚੁੱਕੀ ਹੈ। ਪਰ ਸ. ਖਾਲੜਾ ਨੇ ਆਪਣੀ ਜ਼ਿੰਦਗੀ ਦੀ ਭੀਖ ਮੰਗਣ ਦੀ ਬਜਾਇ ਦ੍ਰਿੜਤਾ ਨਾਲ ਐਲਾਨਿਆ ਸੀ, "ਮੈਂ ਆਪਣੀ ਜ਼ਿੰਦਗੀ ਦੀ ਰਾਖੀ ਲਈ ਕਿਸੇ ਅਦਾਲਤ ਵਿਚ ਜਾਣ ਦੀ ਥਾਂ ਅਕਾਲ ਪੁਰਖ ਦੇ ਚਰਨਾਂ ਵਿਚ ਅਤੇ ਲੋਕਾਂ ਦੀਆਂ ਬਰੂਹਾਂ ਵਿਚ ਜਾਣ ਨੂੰ ਤਰਜੀਹ ਦੇਵਾਂਗਾ ਅਤੇ ਸਭ ਜਮਹੂਰੀਅਤ ਪਸੰਦ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਮੈਨੂੰ ਖਤਮ ਕੀਤਾ ਗਿਆ ਤਾਂ ਕਿਸੇ ਪੁਲਿਸ ਕੈਟ ਜਾਂ ਥਾਣੇਦਾਰ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ ਬਲਕਿ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇ ਪੀ ਐਸ ਗਿੱਲ ਨੂੰ ਇਸਦਾ ਜ਼ਿੰਮੇਵਾਰ ਠਹਿਰਾਇਆ ਜਾਵੇ।"

ਸ. ਖਾਲੜਾ ਦੀ ਇਹ ਭਵਿੱਖਬਾਣੀ ਇਨ-ਬਿੰਨ ਸੱਚ ਸਾਬਤ ਹੋਈ। ਬੇਅੰਤ ਸਿੰਘ ਦੇ ਬੰਬ ਧਮਾਕੇ 'ਚ ਉੱਡਣ ਦੀ ਘਟਨਾ ਦੀ ਆੜ 'ਚ ਸ. ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਲਿਆ ਗਿਆ ਤੇ ਪੂਰੀ ਕਾਇਰਤਾ ਨਾਲ ਉਸ ਦਰਵੇਸ਼ ਨੂੰ ਕੋਹ-ਕੋਹ ਕੇ ਸਿਰਫ ਇਸ ਲਈ ਕਤਲ ਕਰ ਦਿੱਤਾ ਗਿਆ ਕਿ ਉਸਨੇ ਇਸ ਹਕੂਮਤ ਤੇ ਖਾਸ ਕਰਕੇ ਪੰਜਾਬ ਪੁਲਿਸ ਦੇ ਜਬਰ ਦਾ ਪਰਦਾਫਾਸ਼ ਕੀਤਾ ਸੀ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਰਹੇ ਸ. ਜਸਵੰਤ ਸਿੰਘ ਖਾਲੜਾ ਦੀ ਪੁਲਿਸ ਦੀ ਗੈਰਕਾਨੂੰਨੀ ਹਿਰਾਸਤ 'ਚ ਹੋਈ ਹਲਾਕਤ ਦੇ ਇਸ ਚਸ਼ਮਦੀਦ ਕੁਲਦੀਪ ਸਿੰਘ, ਜਿਸ ਦੇ ਜ਼ਿੰਮੇ ਉਸ ਦੇ ਸੰਬੰਧਤ ਅਫ਼ਸਰ ਵਲੋਂ ਸ. ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਟੱਟੀ ਪਿਸ਼ਾਬ ਕਰਾਉਣ ਦਾ ਕੰਮ ਸੌਂਪਿਆ ਗਿਆ ਸੀ, ਨੇ ਦੱਸਿਆ ਹੈ ਕਿ 1994 ਵਿਚ ਉਸ ਨੇ ਐਸ ਪੀ ਓ ਵਜੋਂ ਆਪਣੀ ਨੌਕਰੀ ਥਾਣਾ ਸਦਰ ਰੋਪੜ ਵਿਖੇ, ਥਾਣਾ ਸਦਰ ਦੇ ਐਸ ਐਚ ਓ ਸ੍ਰੀ ਸਤਨਾਮ ਸਿੰਘ ਦੇ ਗੰਨਮੈਨ ਵਜੋਂ ਸ਼ੁਰੂ ਕੀਤੀ ਸੀ, ਉਥੋਂ ਉਸ ਨੂੰ ਚਮਕੌਰ ਸਾਹਿਬ ਵਿਖੇ ਬਦਲ ਦਿੱਤਾ ਗਿਆ।

ਜਦੋਂ ਸਵਰਗੀ ਸ੍ਰੀ ਅਜੀਤ ਸਿੰਘ ਸੰਧੂ ਐਸ ਐਸ ਪੀ ਰੋਪੜ ਤੋਂ ਬਦਲ ਕੇ ਮੁੜ ਐਸ ਐਸ ਪੀ ਤਰਨਤਾਰਨ ਆਣ ਲੱਗੇ ਤਾਂ ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਹੀ ਲਿਆਕੇ ਐਸ ਪੀ ਓ ਲਾ ਦਿੱਤਾ ਅਤੇ ਉਸ ਦੀ ਤਾਇਨਾਤੀ ਥਾਣਾ ਝਬਾਲ ਦੇ ਐਸ ਐਚ ਓ ਸ੍ਰੀ ਸਤਨਾਮ ਸਿੰਘ (ਜੋ ਸ੍ਰੀ ਸੰਧੂ ਦੇ ਨਾਲ ਹੀ ਉਨ੍ਹਾਂ ਦੀ ਟੀਮ ਦੇ ਮੈਂਬਰ ਵਜੋਂ ਰੋਪੜ ਪੁਲਿਸ ਜ਼ਿਲ੍ਹੇ 'ਚੋਂ ਬਦਲ ਕੇ ਆਇਆ ਸੀ) ਦੇ ਅੰਗ ਰੱਖਿਅਕ ਵਜੋਂ ਕਰ ਦਿੱਤੀ। ਕੁਲਦੀਪ ਸਿੰਘ ਨੇ ਦੱਸਿਆ ਹੈ ਕਿ ਇਹ ਅਕਤੂਬਰ 1995 ਦੀ ਗੱਲ ਹੈ ਕਿ ਡਿਊਟੀ ਸੰਭਾਲਣ ਦੇ ਤੀਜੇ ਚੌਥੇ ਦਿਨ ਹੀ ਤੱਤਕਾਲੀ ਐਸ ਐਸ ਓ ਝਬਾਲ ਸ੍ਰੀ ਸਤਨਾਮ ਸਿੰਘ (ਜੋ ਹੁਣ ਨਕੋਦਰ ਹੈ) ਨੇ ਉਸ ਨੂੰ ਕੋਲ ਬੁਲਾ ਕੇ ਕਿਹਾ ਕਿ ਉਸ ਨੇ ਥਾਣੇ ਦੀ ਹਦੂਦ ਤੋਂ ਬਾਹਰ ਪੈਂਦੀ ਇਕ ਹਨ੍ਹੇਰੀ ਕੋਠੜੀ 'ਚ ਬੰਦ ਇਕ ਐਸੇ ਬੰਦੇ ਨੂੰ ਰੋਟੀ ਪਾਣੀ ਦੇਣ ਦੀ ਡਿਊਟੀ ਕਰਨੀ ਹੈ, ਜਿਸ ਬਾਰੇ ਉਸ ਨੇ ਭੇਦ ਇਸ ਤਰ੍ਹਾਂ ਗੁਪਤ ਰੱਖਣਾ ਹੈ ਕਿ ਕੰਧਾਂ ਨੂੰ ਵੀ ਇਸ ਦੀ ਭਿਣਕ ਨਹੀਂ ਪੈਣੀ ਚਾਹੀਦੀ। ਐਸ ਪੀ ਓ ਦੇ ਦੱਸਣ ਅਨੁਸਾਰ ਆਪਣੇ ਸੰਬੰਧਤ ਪੁਲਿਸ ਅਫ਼ਸਰ ਦੀ ਹਦਾਇਤ ਅਨੁਸਾਰ ਜਦੋਂ ਉਕਤ ਹਨ੍ਹੇਰ ਕੋਠੜੀ 'ਚ ਬੰਦ ਅਜਨਬੀ ਨੂੰ ਰੋਟੀ ਪਾਣੀ ਦੇਣ ਲਈ ਆਪਣੇ ਅਫ਼ਸਰ ਕੋਲੋਂ ਚਾਬੀ ਲੈ ਕੇ ਉਸਨੇ ਕੋਠੜੀ ਨੂੰ ਵੱਜਾ ਜਿੰਦਰਾ ਖੋਲ੍ਹਿਆ ਤਾਂ ਅੰਦਰ ਗੁਲਾਬੀ ਕੁੜਤੇ ਪਜਾਮੇ 'ਚ ਭੁੰਜੇ ਅਧਮੋਇਆਂ ਵਾਂਗ ਲੇਟੇ ਇਸ ਵਿਅਕਤੀ ਨੇ ਉਸ ਵਲੋਂ ਪੁੱਛੇ ਪ੍ਰਸ਼ਨਾਂ ਦੇ ਜੁਆਬ ਵਿਚ ਆਪਣਾ ਨਾਂ ਜਸਵੰਤ ਸਿੰਘ, ਪਿੰਡ ਖਾਲੜਾ ਆਤੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਦੱਸਿਆ। ਉਕਤ ਐਸ ਪੀ ਓ ਨੇ ਦੱਸਿਆ ਕਿ ਉਸ ਵਲੋਂ ਸ੍ਰੀ ਖਾਲੜਾ ਨੂੰ ਰੋਟੀ ਪਾਣੀ ਦੇਣ ਅਤੇ ਹਾਜ਼ਤ ਸਮੇਂ ਉਸ ਨੂੰ ਟੱਟੀ ਪਿਸ਼ਾਬ ਕਰਾਉਣ ਆਦਿ ਦਾ ਸਿਲਸਿਲਾ ਇਸੇ ਤਰਾਂ ਤਿੰਨ-ਚਾਰ ਦਿਨ ਹੋਰ ਚਲਦਾ ਰਿਹਾ ਕਿ ਇਕ ਦਿਨ ਸ਼ਾਮੀ 7 ਵਜੇ ਇਕ ਮਾਰੂਤੀ ਕਾਰ ਝਬਾਲ ਥਾਣੇ ਵਿਚ ਆ ਕੇ ਰੁਕੀ, ਜਿਸ ਵਿਚੋਂ ਉਸ ਵੇਲੇ ਦੇ ਐਸ ਐਸ ਪੀ ਤਰਨ ਤਾਰਨ ਸ੍ਰੀ ਅਜੀਤ ਸਿੰਘ ਸੰਧੂ, ਉਸ ਵੇਲੇ ਦੇ ਡੀ ਐਸ ਪੀ ਸ੍ਰੀ ਜਸਪਾਲ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਅਰਵਿੰਦਰ ਸਿੰਘ ਹੇਠਾਂ ਉਤਰੇ। ਉਸ ਨੇ ਅੱਗੇ ਦੱਸਿਆ ਕਿ ਇਸ ਦੇ ਮਗਰੇ ਹੀ ਇਕ ਹੋਰ ਮਾਰੂਤੀ ਕਾਰ ਥਾਣੇ ਪੁੱਜੀ, ਜਿਸ ਵਿਚ ਤਤਕਾਲੀ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ, ਐਸ ਐਚ ਓ ਮਾਨੋਚਾਹਲ, ਜਸਬੀਰ ਸਿੰਘ ਅਤੇ ਹੌਲਦਾਰ ਪ੍ਰਿਥੀਪਾਲ ਸਿੰਘ ਬਾਹਰ ਨਿਕਲੇ। ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਪਿਛੋਂ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਜੋ ਕਿ ਹਾਲ ਹੀ ਵਿਚ ਮਹਿਲ ਕਲਾਂ (ਪੁਲਿਸ ਜ਼ਿਲ੍ਹਾ ਬਰਨਾਲਾ) ਵਿਖੇ ਤਾਇਨਾਤੀ ਸਮੇਂ ਕਿਸੇ ਕੇਸ ਵਿਚ ਮੁਅੱਤਲ ਹੋਏ ਹਨ, ਨੇ ਉਸ ਨੂੰ ਕੋਠਰੀ ਦੀ ਚਾਬੀ ਲੈ ਕੇ ਆਉਣ ਲਈ ਕਿਹਾ। ਉਸ ਨੇ ਦੱਸਿਆ ਕਿ ਉਸ ਉਪਰੰਤ ਸ੍ਰੀ ਸੰਧੂ ਸਮੇਤ ਇਹ ਸਾਰੇ ਅਫ਼ਸਰ ਅਤੇ ਪੁਲਿਸ ਕਰਮੀ ਉਸ ਕੋਠਰੀ ਵਿਚ ਵੜ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਇਸ ਪਿਛੋਂ ਸ੍ਰੀ ਅਜੀਤ ਸਿੰਘ ਨੇ ਇਹ ਕਹਿੰਦਿਆਂ ਕਿ 'ਤੂੰ ਸਾਡੇ ਖਿਲਾਫ ਬੜੇ 'ਐਫੀਡੇਵਿਟ' ਇਕੱਠੇ ਕਰਦਾ ਫਿਰਦਾ ਹੈਂ, ਤੈਨੂੰ



ਸੈਆਂ ਵੇਰ ਵਰਜਿਆ ਹੈ ਪਰ ਤੂੰ ਫਿਰ ਵੀ ਬੰਦੇ ਦਾ ਪੁੱਤ ਨਹੀਂ ਬਣਿਆ' ਤੇ ਉਹ ਨੇ ਪੁਲਿਸ ਕਰਮੀਆਂ ਨੂੰ ਸ. ਖਾਲੜਾ ਦੇ ਦੋਵੇਂ ਹੱਥ ਪਿੱਛੇ ਬੰਨ੍ਹ ਕੇ ਉਸ ਨੂੰ ਅਲਫ ਨੰਗਾ ਕਰਕੇ ਲਟਕਾਉਣ ਦਾ ਹੁਕਮ ਦਿੰਦਿਆਂ, ਖਾਲੜਾ ਦੇ ਸਿਰ ਦੇ ਵਾਲਾਂ ਨੂੰ ਫੜਕੇ ਕਮਰੇ 'ਚ ਘਸੀਟਣਾ ਸ਼ੁਰੂ ਕਰ ਦਿੱਤਾ। ਕੁਲਦੀਪ ਸਿੰਘ ਅਨੁਸਾਰ ਇਸ ਮੌਕੇ ਪੁਲਿਸ ਮਾਰ ਨਾਲ ਬਹੁੜੀ ਪਾਉਂਦੇ ਅਤੇ ਡਾਡਾਂ ਮਾਰਦੇ ਸ. ਖਾਲੜਾ ਦੇ ਪੱਟਾਂ 'ਤੇ ਕੋਈ ਅੱਧਾ ਘੰਟਾ ਲੂਣ ਘੋਟਣਾ ਫੇਰਨ ਦੀ ਜ਼ਹਿਮਤ ਦੇਣੀ ਵੀ ਸ੍ਰੀ ਸੰਧੂ ਨੇ ਕਿਸੇ ਹੋਰ ਨੂੰ ਗਵਾਰਾ ਨਾ ਸਮਝੀ ਅਤੇ ਉਹ ਖੁਦ ਸ੍ਰੀ ਖਾਲੜਾ ਦੇ ਪੱਟਾਂ 'ਤੇ ਲੂਣ ਘੋਟਣਾ ਫੇਰਨ ਲਈ ਚੜ੍ਹਦੇ ਰਹੇ।

ਉਸ ਨੇ ਦੱਸਿਆ ਕਿ ਅੱਧੇ ਘੰਟੇ ਦੇ ਇਸ ਘੋਰ ਤਸ਼ੱਦਦ ਪਿੱਛੋਂ ਸ. ਖਾਲੜਾ ਨੂੰ ਨੀਮ ਬੇਹੋਸ਼ੀ ਦੀ ਹਾਲਤ 'ਚ ਲੀੜੇ ਪਾ ਕੇ ਬਿਠਾ ਦਿਤਾ ਅਤੇ ਉਸ ਨੂੰ ਕੋਸਾ ਪਾਣੀ ਪਿਆਉਣ ਪਿੱਛੋਂ ਰਾਤੀਂ 9 ਵਜੇ ਦੇ ਕਰੀਬ ਸ੍ਰੀ ਸੰਧੂ ਸਮੇਤ ਸਾਰੇ ਪੁਲਿਸ ਕਰਮੀ ਚਲੇ ਗਏ। ਐਸ ਪੀ ਓ ਕੁਲਦੀਪ ਸਿੰਘ ਨੇ ਇਹ ਅਹਿਮ ਇੰਕਸ਼ਾਫ ਕੀਤਾ ਕਿ ਸ. ਖਾਲੜਾ ਨੂੰ 27-28 ਅਕਤੂਬਰ ਦੇ ਆਸ-ਪਾਸ ਗੋਲੀ ਨਾਲ ਹਲਾਕ ਕਰਨ ਅਤੇ ਇਸ ਪਿੱਛੋਂ ਹਰੀਕੇ ਪੱਤਣ ਦਰਿਆ 'ਚ ਰੋੜਨ ਤੋਂ ਚੰਦ ਦਿਨ ਪਹਿਲਾਂ ਸ. ਖਾਲੜਾ ਨੂੰ ਇਕ ਰਾਤ ਪਿੰਡ ਮਾਨਾਂਵਾਲਾ ਸਥਿਤ ਸ੍ਰੀ ਅਜੀਤ ਸਿੰਘ ਸੰਧੂ ਦੀ ਰਿਹਾਇਸ਼ਗਾਹ 'ਤੇ ਵੀ ਲਿਜਾਇਆ ਗਿਆ। ਉਸ ਦੇ ਦੱਸਣ ਅਨੁਸਾਰ ਝਬਾਲ ਦੇ ਉਸ ਸਮੇਂ ਦੇ ਐਸ ਐਚ ਓ ਸ੍ਰੀ ਸਤਨਾਮ ਸਿੰਘ ਦੇ ਆਦੇਸ਼ 'ਤੇ ਉਸ ਨੇ ਸ. ਖਾਲੜਾ ਨੂੰ ਡੌਲਿਆਂ ਤੋਂ ਪਕੜਦਿਆਂ ਸਹਾਰਾ ਦੇ ਕੇ ਉਸਦੀ ਮਾਰੂਤੀ ਕਾਰ ਦੀ ਪਿਛਲੀ ਸੀਟ 'ਤੇ ਬਿਠਾਇਆ। ਉਸਨੇ ਦੱਸਿਆ ਕਿ ਸ. ਖਾਲੜਾ ਨੂੰ ਮਾਨਾਂਵਾਲਾ ਲਿਜਾਣ ਵਾਲੀ ਇਸ ਕਾਰ ਨੂੰ ਖੁਦ ਸਤਨਾਮ ਸਿੰਘ ਨੇ ਚਲਾਇਆ। ਜਦੋਂਕਿ ਕਾਰ ਦੀ ਪਿਛਲੀ ਸੀਟ 'ਤੇ ਉਹ (ਕੁਲਦੀਪ ਸਿੰਘ) ਸ. ਖਾਲੜਾ ਨੂੰ ਢੋਈ ਦੇ ਕੇ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਮਾਨਾਂਵਾਲੇ, ਸ੍ਰੀ ਅਜੀਤ ਸਿੰਘ ਸੰਧੂ ਦੀ ਕੋਠੀ ਦੇ ਮੂਹਰੇ ਜਾ ਕੇ ਸਤਨਾਮ ਸਿੰਘ ਕਾਰ ਰੋਕ ਕੇ ਸ੍ਰੀ ਸੰਧੂ ਨੂੰ ਮਿਲਣ ਅੰਦਰ ਗਿਆ ਅਤੇ ਬਾਅਦ ਵਿਚ ਸ. ਖਾਲੜਾ ਨੂੰ ਸ੍ਰੀ ਸੰਧੂ ਦੇ ਆਦੇਸ਼ 'ਤੇ ਕੋਠੀ ਦੇ ਇਕ ਵੱਡੇ ਕਮਰੇ ਵਿਚ ਲਿਜਾ ਕੇ ਉਸ ਨੇ ਅਤੇ ਸਤਨਾਮ ਸਿੰਘ ਨੇ ਕੁਰਸੀ 'ਤੇ ਬਿਠਾਇਆ ਅਤੇ ਬਾਅਦ ਵਿਚ ਸਤਨਾਮ ਸਿੰਘ ਨੇ ਉਸ ਨੂੰ ਬਾਹਰ ਲਾਅਨ ਵਿਚ ਜਾ ਕੇ ਬੈਠਣ ਅਤੇ ਉਡੀਕ ਕਰਨ ਲਈ ਕਿਹਾ। ਉਸਨੇ ਦੱਸਿਆ ਕਿ ਏਨੇ ਨੂੰ ਟੂ-ਟੂ ਕਰਦੀਆਂ ਗੱਡੀਆਂ ਦੀ ਇਕ ਆਵਾਜ਼ ਕੋਠੀ ਦੇ ਅੱਗੇ ਆ ਕੇ ਸ਼ਾਂਤ ਹੋ ਗਈ ਅਤੇ ਇਕ ਕਾਰ ਵਿਚੋਂ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਸ੍ਰੀ ਕੇ ਪੀ ਐਸ ਗਿੱਲ ਅਤੇ ਉਨ੍ਹਾਂ ਨਾਲ ਇਕ ਕਲੀਨ ਸ਼ੇਵ ਪੁਲਿਸ ਅਫ਼ਸਰ, ਸ੍ਰੀ ਸੰਧੂ ਦੀ ਕੋਠੀ ਅੰਦਰ ਗਏ ਅਤੇ ਕੋਈ ਅੱਧਾ ਘੰਟਾ ਸ. ਖਾਲੜਾ ਨੂੰ ਮੂਹਰੇ ਬਿਠਾ ਕੇ ਗੱਲਬਾਤ ਕਰਨ ਬਾਅਦ ਸ੍ਰੀ ਗਿੱਲ ਆਪਣੇ ਨਾਲ ਆਏ ਪੁਲਿਸ ਅਫ਼ਸਰ ਅਤੇ ਐਸ ਐਸ ਪੀ ਤਰਨਤਾਰਨ ਰਹੇ ਸ੍ਰੀ ਅਜੀਤ ਸਿੰਘ ਸੰਧੂ ਨਾਲ ਉਥੋਂ ਚਲੇ ਗਏ। ਜਦਕਿ ਸਤਨਾਮ ਸਿੰਘ ਅਤੇ ਉਹ ਸ. ਖਾਲੜਾ ਨੂੰ ਲੈ ਕੇ ਵਾਪਸ ਝਬਾਲ ਆ ਗਏ। ਉਸ ਨੇ ਦੱਸਿਆ ਕਿ ਰਸਤੇ ਵਿਚ ਐਸ ਐਚ ਓ ਸਤਨਾਮ ਸਿੰਘ ਇਹ ਕਹਿੰਦਾ ਰਿਹਾ ਕਿ "ਜੇਕਰ ਖਾਲੜਾ ਤੂੰ ਗਿੱਲ ਸਾਹਬ ਦਾ ਕਿਹਾ ਮੰਨ ਲੈਂਦਾ ਤਾਂ ਅਸੀਂ ਵੀ ਬਚ ਜਾਂਦੇ ਤੇ ਤੂੰ ਵੀ ਬਚ ਜਾਣਾ ਸੀ। ਸੁਪਰੀਮ ਕੋਰਟ 'ਚ ਲਵਾਰਸ ਲਾਸ਼ਾਂ ਦੀ ਰਿੱਟ ਤੋਂ ਭਲਾ ਤੈਨੂੰ ਕੀ ਕੋਹਿਨੂਰ ਮਿਲੂ।" ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸ. ਖਾਲੜਾ ਸਰੀਰਕ ਤੌਰ 'ਤੇ ਅਤਿ ਜ਼ਰਜ਼ਰ ਹਾਲਾਤ 'ਚ ਹੁੰਦਿਆਂ ਵੀ 'ਸਭ ਕੁਝ ਭਾਣੇ 'ਚ ਹੀ ਹੈ' ਦੇ ਆਤਮਿਕ ਬੁਲੰਦੀ ਭਰੇ ਲਫ਼ਜ਼ ਹੀ ਕਹਿੰਦਾ ਰਿਹਾ।

ਕੁਲਦੀਪ ਸਿੰਘ ਨੇ ਖਾਲੜਾ ਦੀ ਹਲਾਕਤ ਵੇਲੇ ਦਾ ਦ੍ਰਿਸ਼ ਵਰਣਨ ਕਰਦਿਆਂ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਤੋਂ ਤਿੰਨ-ਚਾਰ ਦਿਨ ਬਾਅਦ ਸ਼ਾਮੀਂ 7.30 ਵਜੇ ਡੀ ਐਸ ਪੀ ਜਸਪਾਲ ਸਿੰਘ ਆਪਣੇ ਗੰਨਮੈਨ ਅਰਵਿੰਦਰ ਸਿੰਘ ਸਮੇਤ ਥਾਣਾ ਝਬਾਲ ਆਏ ਅਤੇ ਉਨ੍ਹਾਂ ਦੇ ਮਗਰ-ਮਗਰ ਹੀ ਕਾਰ ਰਾਹੀਂ ਜਸਬੀਰ ਸਿੰਘ ਐਸ ਐਚ ਓ ਮਾਨੋਚਾਹਲ, ਸੁਰਿੰਦਰ ਪਾਲ ਸਿੰਘ ਐਸ ਐਚ ਓ ਸਰਹਾਲੀ ਅਤੇ ਪ੍ਰਿਥੀਪਾਲ ਸਿੰਘ ਹੌਲਦਾਰ ਵੀ ਉਥੇ ਆ ਗਏ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਸੁਰਿੰਦਰਪਾਲ ਸਿੰਘ ਦਾ ਗੰਨਮੈਨ ਬਲਵਿੰਦਰ ਸਿੰਘ ਘੋੜਾ ਵੀ ਉਨ੍ਹਾਂ ਦੇ ਨਾਲ ਹੀ ਸੀ। ਉਸ ਨੇ ਦੱਸਿਆ ਕਿ ਇਸ ਪਿਛੋਂ ਉਹ ਚਾਬੀ ਲੈ ਕੇ ਕੋਠਰੀ ਦਾ ਦਰਵਾਜ਼ਾ ਖੋਲ੍ਹ ਕੇ ਕੋਠਰੀ 'ਚ ਜਾ ਵੜੇ ਅਤੇ ਮੈਨੂੰ ਉਨ੍ਹਾਂ ਨੇ ਗਰਮ ਪਾਣੀ ਕਰਕੇ ਲਿਆਉਣ ਲਈ ਕਿਹਾ। ਐਸ ਪੀ ਓ ਕੁਲਦੀਪ ਸਿੰਘ ਦੇ ਦੱਸਣ ਮੁਤਾਬਕ ਥੋੜ੍ਹਾ ਚਿਰ ਬਾਅਦ ਹੀ ਸ. ਖਾਲੜਾ ਦੀ ਮਾਰਕੁੱਟ ਪਿੱਛੋਂ ਉਸ ਨੇ ਪਿਸਤੌਲ ਦੇ ਦੋ ਫਾਇਰਾਂ ਦੀ ਆਵਾਜ਼ ਸੁਣੀ। ਕੁਲਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਗਰਮ ਪਾਣੀ ਛੱਡ ਕੇ ਅਸਲਟ ਚੁੱਕੀ ਬਾਹਰ ਆਇਆ ਤਾਂ ਬਲਵਿੰਦਰ ਸਿੰਘ ਘੋੜਾ ਮਾਰੂਤੀ ਵੈਨ ਦੀ ਡਿੱਕੀ ਖੋਲ੍ਹ ਰਿਹਾ ਸੀ। ਡਿੱਕੀ ਖੋਲ੍ਹਣ ਪਿੱਛੋਂ ਬਲਵਿੰਦਰ ਘੋੜਾ ਅਤੇ ਅਰਵਿੰਦਰ ਸਿੰਘ ਦੋਵਾਂ ਪੁਲਿਸ ਅਧਿਕਾਰੀਆਂ ਦੇ ਅੰਗ ਰੱਖਿਅਕਾਂ ਨੇ ਸ. ਖਾਲੜਾ ਦੀ ਖੂਨ 'ਚ ਲੱਥਪੱਥ ਮ੍ਰਿਤਕ ਦੇਹ ਕੋਠਰੀ 'ਚੋਂ ਕੱਢ ਕੇ ਲਿਆਂਦੀ ਤੇ ਭੁਆਂ ਕੇ ਡਿੱਕੀ 'ਚ ਸੁੱਟਦਿਆਂ ਕਾਰ ਦੀ ਡਿੱਕੀ ਬੰਦ ਕਰ ਦਿੱਤੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਦੀਆਂ ਭੁੱਖੀਆਂ ਮੱਛੀਆਂ ਦੀ ਖੁਰਾਕ ਬਣਨ ਲਈ ਲਿਜਾਈ ਜਾ ਰਹੀ ਸ. ਖਾਲੜਾ ਦੀ ਲਾਸ਼ ਵਾਲੀ ਵੈਨ ਨੂੰ ਬਲਵਿੰਦਰ ਸਿੰਘ ਘੋੜਾ ਚਲਾ ਰਿਹਾ ਸੀ, ਜਦਕਿ ਪ੍ਰਿਥੀਪਾਲ ਸਿੰਘ ਅਤੇ ਅਰਵਿੰਦਰ ਸਿੰਘ ਵੀ ਉਸ ਵਿਚ ਬੈਠੇ ਹੋਏ ਸਨ। ਉਸ ਨੇ ਦੱਸਿਆ ਕਿ ਇਸ ਪਿੱਛੋਂ ਆ ਰਹੀ ਮਾਰੂਤੀ ਕਾਰ ਵਿਚ ਡੀ ਐਸ ਪੀ ਜਸਪਾਲ ਸਿੰਘ ਅਤੇ ਜਸਬੀਰ ਸਿੰਘ (ਉਸ ਵੇਲੇ ਐਸ ਐਚ ਓ ਮਾਨੋਚਾਹਲ) ਸਵਾਰ ਸਨ ਅਤੇ ਇਸ ਪਿੱਛੋਂ ਤੀਸਰੀ ਮਾਰੂਤੀ ਕਾਰ ਵਿਚ ਉਹ ਐਸ ਐਚ ਓ ਝਬਾਲ ਸ੍ਰੀ ਸਤਨਾਮ ਸਿੰਘ ਅਤੇ ਐਸ ਐਚ ਓ ਸਰਹਾਲੀ ਸੁਰਿੰਦਰਪਾਲ ਸਿੰਘ ਨਾਲ ਬੈਠਾ ਹੋਇਆ ਸੀ। ਉਸ ਨੇ ਦੱਸਿਆ ਕਿ ਹਰੀਕੇ ਪੱਤਣ ਲੰਘਕੇ ਜਿੱਥੇ ਦੋ ਨਹਿਰਾਂ ਲੰਘਦੀਆਂ ਹਨ, ਵਿਖੇ ਰਾਤੀਂ 10 ਵਜੇ ਦੇ ਕਰੀਬ ਪੁੱਜਕੇ ਅਰਵਿੰਦਰ ਸਿੰਘ ਤੇ ਬਲਵਿੰਦਰ ਘੋੜੇ ਨੇ ਲਾਸ਼ ਨਹਿਰ 'ਚ ਸੁੱਟ ਦਿਤੀ। ਧੜੱਮ ਦੀ ਅਵਾਜ਼ ਨਾਲ ਲਾਸ਼ ਪਾਣੀਆਂ ਦੇ ਬਿਲੇ ਲੱਗਦਿਆਂ ਹੀ ਇਕੱਠਾਂ ਤੇ ਜਿਵੇਂ ਉਸ ਨੂੰ ਖੜੇ ਖੜੋਤੇ ਸਕਤਾ ਜਿਹਾ ਮਾਰ ਗਿਆ ਅਤੇ ਪਿੱਛੋਂ ਉਹ ਸਾਰੇ ਹਰੀਕੇ ਰੈਸਟ ਹਾਊਸ ਵਿਚ ਆ ਗਏ। ਜਿੱਥੇ ਬਲਵਿੰਦਰ ਘੋੜਾ, ਪ੍ਰਿਥੀਪਾਲ, ਅਰਵਿੰਦਰ ਸਿੰਘ ਅਤੇ ਉਸ ਲਈ ਜੀਭ ਦੀ ਤਰਾਵਟ ਵਾਸਤੇ ਪੁਲਿਸ ਅਫ਼ਸਰਾਂ ਨੇ ਦੋ ਵਧੀਆ ਸ਼ਰਾਬ ਦੀਆਂ ਬੋਤਲਾਂ ਭੇਜੀਆਂ ਅਤੇ ਖੁਦ ਉਹ ਰੈਸਟ ਹਾਊਸ ਦੇ ਬੰਗਲੇ 'ਚ ਅਨੰਦ ਮੰਗਲ ਮਾਣਦੇ ਰਹੇ। ਐਸ ਪੀ ਓ ਦੇ ਦੱਸਣ ਅਨੁਸਾਰ ਉਹ ਰਾਤੀਂ 12 ਵਜੇ ਤੋਂ ਬਾਅਦ ਉਸ ਦਿਨ ਮਾਰੂਤੀ ਕਾਰ 'ਤੇ ਥਾਣਾ ਝਬਾਲ ਆ ਕੇ ਵੜੇ। ਇਸ ਵਾਰਦਾਤ ਦੇ ਚਾਰ ਦਿਨ ਪਿੱਛੋਂ ਸ੍ਰੀ ਅਜੀਤ ਸਿੰਘ ਸੰਧੂ ਨੇ ਉਸ ਨੂੰ ਸੱਦਿਆ ਅਤੇ ਉਸ ਨੂੰ ਇਹ ਕਿਹਾ ਕਿ 'ਜੋ ਕੁਝ ਵੀ ਕਾਕਾ ਤੂੰ ਉਸ ਦਿਨ ਵੇਖਿਆ ਹੈ, ਉਸਨੂੰ ਸੁਪਨੇ ਵਾਂਗ ਭੁੱਲ ਜਾਹ.... ਇਹਦੇ 'ਚ ਹੀ ਤੇਰੀ ਜ਼ਿੰਦਗੀ ਦੀ ਬਿਹਤਰੀ ਛੁਪੀ ਹੈ... ਤੂੰ ਫਿਕਰ ਨਾ ਕਰੀਂ ਅਡੀਸ਼ਨਲ ਡੀ ਜੀ ਪੀ ਨੂੰ ਕਹਿ ਕੇ ਤੈਨੂੰ ਪੀ ਏ ਪੀ ਦਾ ਨੰਬਰ ਤਾਂ ਦੁਆ ਹੀ ਦਿਆਂਗੇ।' ਪਿੱਛੋਂ ਕਾਂਸਟੇਬਲ ਦੇ ਨੰਬਰ ਦੀ ਮੰਗ ਕਰਨ 'ਤੇ ਸਤਨਾਮ ਸਿੰਘ ਨੇ ਕਿਹਾ ਕਿ ਤੇਰੇ ਵਰਗੇ ਵੀਹ ਐਸ ਪੀ ਓ ਤੁਰੇ ਫਿਰਦੇ ਹਨ।

## ਲੋਕ ਜ਼ੁਲਮ ਖਿਲਾਫ਼ ਇਕਮੁੱਠ ਹੋਣ - ਦਿਆਲ

**ਮਹਿਲ ਕਲਾਂ :** ਕਿਰਨਜੀਤ ਕਤਲ ਕਾਂਡ ਐਕਸ਼ਨ ਕਮੇਟੀ ਵਲੋਂ ਸਥਾਨਕ ਹਲਕੇ ਦੇ ਲੋਕਾਂ ਦੇ ਭਰਵੇਂ ਸਹਿਯੋਗ ਨਾਲ ਕਿਰਨਜੀਤ ਕੌਰ ਦੀ ਤੇਰਵੀਂ ਬਰਸੀ 12 ਅਗਸਤ ਨੂੰ ਇਥੇ ਮਹਿਲ ਕਲਾਂ ਵਿਖੇ ਮਨਾਈ ਗਈ। ਇਸ ਮੌਕੇ ਵੱਖ-ਵੱਖ ਸਿਆਸੀ, ਧਾਰਮਿਕ, ਸਮਾਜਿਕ, ਕਿਸਾਨ ਯੂਨੀਅਨਾਂ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਵਲੋਂ ਕਿਰਨਜੀਤ ਕੌਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਭਾਵ ਭਿੰਨੀਆਂ ਸ਼ਰਧਾਂਜਲੀਆਂ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਮੌਕੇ ਸੀ. ਪੀ.ਆਈ. ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਜਗਿੰਦਰ ਦਿਆਲ ਨੇ ਕਿਰਨਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਐਕਸ਼ਨ ਕਮੇਟੀ ਨੇ ਲੋਕਾਂ ਨੂੰ ਜਬਰ ਤੇ ਜ਼ੁਲਮ ਖਿਲਾਫ ਲੜਨ ਲਈ ਪ੍ਰੇਰਤ ਕੀਤਾ ਹੈ।ਉਨ੍ਹਾਂ ਇਸ ਸਮੇਂ ਆਪਣੀ ਪਾਰਟੀ ਵਲੋਂ ਐਕਸ਼ਨ ਕਮੇਟੀ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ।

# ਪੁਲਿਸ ਦੁਆਰਾ ਪੀੜਤਾਂ ਵਲੋਂ ਹਾਈਕੋਰਟ ਜਾਣ ਦਾ ਐਲਾਨ

**ਅੰਮ੍ਰਿਤਸਰ :** ਪੰਜਾਬ ਵਿਚ ਅਤਿਵਾਦ ਵੇਲੇ ਨਾਮੀ ਖਾੜਕੂਆਂ ਦੇ ਨਾਂ 'ਤੇ ਪੁਲੀਸ ਵਲੋਂ ਬੇਗੁਨਾਹ ਵਿਅਕਤੀਆਂ ਨੂੰ ਕਥਿਤ ਪੁਲੀਸ ਮੁਕਾਬਲੇ ਵਿਚ ਮਾਰ ਕੇ ਪ੍ਰਾਪਤ ਕੀਤੀਆਂ ਇਨਾਮ ਰਾਸ਼ੀਆਂ ਦਾ ਮਾਮਲਾ ਮੁੜ ਉਭਰਿਆ ਹੈ। ਮਾਝਾ ਐਕਸ ਸਰਵਿਸ ਮੈਨ ਹਿਊਮਨ ਰਾਈਟਸ ਫਰੰਟ ਨੇ ਪੀੜਤ ਪਰਿਵਾਰਾਂ ਦੀ ਮੱਦਦ 'ਤੇ ਆਉਂਦਿਆਂ ਐਲਾਨ ਕੀਤਾ ਹੈ ਕਿ ਅਜਿਹੇ ਮਾਮਲਿਆਂ ਦੀ ਪੜਤਾਲ ਕਰਾਉਣ ਲਈ ਜੇਕਰ ਸਰਕਾਰ ਨੇ ਜਾਂਚ ਕਮਿਸ਼ਨ ਦਾ ਗਠਨ ਨਾ ਕੀਤਾ ਤਾਂ ਜਥੇਬੰਦੀ ਨਿਆਂ ਪ੍ਰਾਪਤ ਕਰਨ ਲਈ ਇਸ ਮਾਮਲੇ ਨੂੰ ਹਾਈ ਕੋਰਟ ਵਿਚ ਲੈ ਕੇ ਜਾਵੇਗੀ।

ਜਥੇਬੰਦੀ ਦੇ ਚੇਅਰਮੈਨ ਕਰਨਲ ਜੀ.ਐਸ. ਸੰਧੂ (ਸੇਵਾ ਮੁਕਤ) ਨੇ ਇਥੇ ਪੀੜਤ ਪਰਿਵਾਰਾਂ ਨੂੰ ਮੀਡੀਆ ਸਾਹਮਣੇ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਅਤਿਵਾਦ ਵੇਲੇ ਪੁਲੀਸ ਵਲੋਂ ਨਾਮੀ ਖਾੜਕੂਆਂ ਦੀ ਥਾਂ 'ਤੇ ਕੁਝ ਹੋਰ ਲੋਕਾਂ ਨੂੰ ਮਰੇ ਹੋਏ ਦਿਖਾ ਦਿੱਤਾ ਸੀ ਅਤੇ ਖਾੜਕੂਆਂ ਦੀ ਗ੍ਰਿਫ਼ਤਾਰੀ ਲਈ ਰੱਖੀ ਗਈ ਇਨਾਮ ਦੀ ਰਾਸ਼ੀ ਆਪ ਲੈ ਲਈ ਸੀ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰ ਨਿਆਂ ਪ੍ਰਾਪਤ ਕਰਨ ਲਈ ਠੋਕਰਾਂ ਖਾ ਰਹੇ ਹਨ ਅਤੇ ਇਨ੍ਹਾਂ ਪਰਿਵਾਰਾਂ ਦੀ ਆਰਥਿਕ ਸਥਿਤੀ ਬਦਤਰ ਹੋ ਚੁੱਕੀ ਹੈ।

ਕਰਨਲ ਸੰਧੂ ਨੇ ਦੋਸ਼ ਲਾਇਆ ਕਿ 1994 ਵਿਚ ਖਾੜਕੂ ਗੁਰਨਾਮ ਸਿੰਘ ਬੰਡਾਲਾ ਥਾਂ 'ਤੇ ਉਸ ਵੇਲੇ ਪੁਲੀਸ ਵਲੋਂ ਸੁਖਪਾਲ ਸਿੰਘ ਕਾਲਾ ਅਫ਼ਗਾਨਾ ਨੂੰ ਘਰੋਂ ਚੁੱਕ ਲਿਆ ਗਿਆ ਅਤੇ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਇਸ ਨੌਜਵਾਨ ਦੀ ਲਾਸ਼ ਨੂੰ ਖਾੜਕੂ ਬੰਡਾਲਾ ਦੀ ਲਾਸ਼ ਦੱਸ ਕੇ ਪੁਲੀਸ ਨੇ 25 ਲੱਖ ਰੁਪਏ ਦੀ ਇਨਾਮੀ ਰਾਸ਼ੀ ਪ੍ਰਾਪਤ ਕੀਤੀ। ਇਸੇ ਤਰ੍ਹਾਂ 1992 ਵਿਚ ਪਿੰਡ ਨਾਗੋਕੇ ਦੇ ਕਿੰਦਰ ਸਿੰਘ ਨੂੰ ਪੁਲੀਸ ਨੇ ਕਥਿਤ ਝੂਠੇ ਮੁਕਾਬਲੇ ਵਿਚ ਮੱਧ ਪ੍ਰਦੇਸ਼ ਦੇ ਇਲਾਕੇ ਸ਼ਿਵ ਪੁਰੀ ਵਿਚ ਮਾਰ ਦਿੱਤਾ ਅਤੇ ਉਸਦੀ ਥਾਂ 'ਤੇ ਸੁਖਪਾਲ ਸਿੰਘ ਨੰਗਲੀ ਖਾੜਕੂ ਨੂੰ ਮਾਰਿਆ ਦੱਸ ਕੇ 5 ਲੱਖ ਰੁਪਏ ਦੀ ਇਨਾਮ ਦੀ ਰਾਸ਼ੀ ਪ੍ਰਾਪਤ ਕਰ ਲਈ। ਸ੍ਰੀ ਸੰਧੂ ਨੇ ਦਾਅਵਾ ਕੀਤਾ ਕਿ ਗੁਰਨਾਮ ਸਿੰਘ ਬੰਡਾਲਾ ਅਤੇ ਸੁਖਪਾਲ ਸਿੰਘ ਨੰਗਲੀ ਅੱਜ ਵੀ ਜ਼ਿੰਦਾ ਹਨ ਜਦੋਂਕਿ ਪੁਲੀਸ ਅਧਿਕਾਰੀ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਰੱਖੀ ਇਨਾਮੀ ਰਾਸ਼ੀ ਵੀ ਪ੍ਰਾਪਤ ਕਰ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਪੰਜਾਬ ਵਿਚ 123 ਕੇਸ ਹਨ। ਉਨ੍ਹਾਂ ਮੰਗ ਕੀਤੀ ਕਿ ਅਜਿਹੇ ਮਾਮਲਿਆਂ ਦੀ ਹਾਈ ਕੋਰਟ ਦੇ ਜੱਜ ਕੋਲੋਂ ਜਾਂਚ ਕਰਵਾਈ ਜਾਵੇ, ਪ੍ਰਭਾਵਿਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਦੋਸ਼ੀ ਪੁਲੀਸ ਅਧਿਕਾਰੀਆਂ ਖਿਲਾਫ਼ ਕੇਸ ਦਰਜ ਕੀਤੇ ਜਾਣ।ਇਸ ਮੌਕੇ ਕਿੰਦਰ ਸਿੰਘ ਦੀ ਭੈਣ ਲਖਬੀਰ ਕੌਰ, ਸਤਪਾਲ ਸਿੰਘ ਕਾਲਾ ਅਫ਼ਗਾਨਾ ਦੀ ਪਤਨੀ ਦਲਬੀਰ ਕੌਰ, ਪੀੜਤ ਚਮਨ ਲਾਲ ਵਾਸੀ ਤਰਨਤਾਰਨ, ਤਰਨਤਾਰਨ ਜ਼ਿਲ੍ਹੇ ਦੇ ਹੀ ਦਰਸ਼ਨ ਸਿੰਘ, ਸਾਬਕਾ ਫੌਜੀ ਕਾਬਲ ਸਿੰਘ ਆਦਿ ਨੇ ਆਪਣੇ ਰਿਸ਼ਤੇਦਾਰਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਗੁਆਉਣ ਅਤੇ ਮਾੜੀ ਆਰਥਿਕ ਹਾਲਤ ਦੀ ਦੁਹਾਈ ਦਿੰਦਿਆਂ ਇਨਸਾਫ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਨਵੰਬਰ 84 ਦੀ ਸਿੱਖ ਨਸਲਕੁਸ਼ੀ ਤੋਂ ਪੀੜਤ ਪਰਵਾਰਾਂ ਲਈ 'ਹਾਅ ਦਾ ਨਾਹਰਾ' ਮਾਰਨ ਵਾਲੇ, ਪੰਜਾਬ ਵਿਚ ਚੱਲੇ ਕਾਲੇ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਖ਼ਾਮੋਸ਼ ਹਨ। ਉਨ੍ਹਾਂ ਕੁੱਝ ਪੁਲਿਸ ਅਧਿਕਾਰੀਆਂ ਦੇ ਨਾਮ ਲੈਂਦਿਆਂ ਸੱਤਾਧਾਰੀ ਅਕਾਲੀ ਦਲ ਦੇ ਮੁੱਖ ਮੰਤਰੀ ਨੂੰ ਵੀ ਰਗੜੇ ਲਾਏ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਾਸੀਆਂ ਨਾਲ ਵਾਅਦੇ ਕੀਤੇ ਸਨ ਕਿ ਸੱਤਾ ਵਿਚ ਆਉਣ 'ਤੇ ਉਹ ਕਾਲੇ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਾਉਣਗੇ। ਹੈਰਾਨੀ ਦੀ ਗੱਲ ਹੈ ਕਿ ਮੁੱਖ ਮੰਤਰੀ ਦਾ ਸੁਰੱਖਿਆ ਅਧਿਕਾਰੀ ਖੁਦ ਕਈ ਝੂਠੇ ਮੁਕਾਬਲਿਆਂ ਵਿਚ ਲੋੜੀਂਦਾ ਹੈ। ਇਥੇ ਹੀ ਬੱਸ ਨਹੀਂ ਸਾਬਕਾ ਏ.ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਵਰਗੇ ਜਾਬਰ ਅਫ਼ਸਰਾਂ ਨੂੰ ਅਕਾਲੀ ਦਲ ਨੇ ਜ਼ੁੰਮੇਵਾਰੀ ਭਰੇ ਅਹੁਦੇ ਦੇ ਕੇ ਨਿਵਾਜਿਆ ਹੋਇਆ ਹੈ।

# ਭ੍ਰਿਸ਼ਟਾਚਾਰ ਵਾਲਾ ਰੋਗ ਤਾਂ ਹੁਣ ਹੱਡਾਂ 'ਚ ਰੌਂਅ ਗਿਆ ਦੇਸ਼ ਦੇ

-ਜਤਿੰਦਰ ਪਨੂੰ

ਜਿਹੜੇ ਕੁਝ ਸਵਾਲ ਪਿਛਲੇ ਹਫਤੇ ਸਾਨੂੰ ਕੁਝ ਪਾਠਕਾਂ ਨੇ ਭੇਜੇ, ਉਨ੍ਹਾਂ 'ਚੋਂ ਇਕ ਇਹ ਸੀ ਕਿ 'ਸਰਬ ਪੱਖੀ ਨਿਘਾਰ' ਦੀ ਹੱਦ ਕਿੱਥੋਂ ਕੁ ਤੱਕ ਜਾਂਦੀ ਹੈ। ਜੇ ਸਿਰਫ ਸ਼ਬਦ ਦੇ ਅਰਥ ਕਰਨੇ ਹੋਣ ਤਾਂ ਔਖੇ ਨਹੀਂ, ਪਰ ਜੇ ਹੱਦ ਦੱਸਣੀ ਹੋਵੇ ਤਾਂ 'ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ' ਆਖਣਾ ਵੀ ਅਧੂਰਾ ਜਿਹਾ ਜਾਪਦਾ ਹੈ।



ਭਾਰਤ ਜਿਸ 'ਸਰਬ ਪੱਖੀ ਨਿਘਾਰ' ਦੇ ਰਾਹੇ ਪੈ ਚੁੱਕਾ ਹੈ, ਜਾਂ ਇਸ ਦੀ ਲਪੇਟ ਵਿਚ ਆ ਚੁੱਕਾ ਹੈ, ਉਸ ਵਿਚ ਸਭ ਤੋਂ ਪਹਿਲੀ ਨਜ਼ਰ ਆਮ ਆਦਮੀ ਦੀ ਨਿੱਤ ਦੀ ਜ਼ਿੰਦਗੀ ਨਾਲ ਸੰਬੰਧਿਤ ਮੁੱਦਿਆਂ 'ਤੇ ਪੈਂਦੀ ਹੈ। ਕੋਈ ਕੰਮ ਕਿਸੇ ਥਾਂ ਪੈਸੇ ਲਏ ਬਿਨਾਂ ਹੁੰਦਾ ਹੀ ਨਹੀਂ ਤੇ ਜੇ ਕੋਈ ਕਰ ਦੇਵੇ ਤਾਂ ਹੈਰਾਨੀ ਹੁੰਦੀ ਹੈ, ਕਿਉਂਕਿ ਅਸੀਂ ਸਮਝ ਚੁੱਕੇ ਹਾਂ ਕਿ ਹੁਣ ਏਦਾਂ ਹੋ ਹੀ ਨਹੀਂ ਸਕਦਾ। ਜਾਣ ਪਛਾਣ ਵਾਲਿਆਂ ਨਾਲ ਵਾਹ ਪੈ ਜਾਵੇ ਤਾਂ ਆਪਣੀ ਅੱਖ ਦੀ ਸ਼ਰਮ ਕਾਰਨ ਸਿੱਧੇ ਪੈਸੇ ਲੈਣ ਦੀ ਥਾਂ ਇਹ ਕਹਿ ਦੇਂਦੇ ਹਨ ਕਿ 'ਮੈਂ ਤੁਹਾਡਾ ਘਰ ਦਾ ਬੰਦਾ ਹਾਂ, 'ਅਹੁ ਸਾਹਮਣੇ ਕਮਰੇ ਵਿਚ ਬੈਠੇ ਭੁੱਖ ਦੇ ਦੁੱਫੜ ਦੇ ਮੂੰਹ ਵਿਚ ਹੱਡ ਤੁੰਨ ਦਿਓ, ਵਰਨਾ ਕੰਮ ਨਹੀਂ ਜੇ ਹੋਣਾ।' ਪਿੱਛੋਂ ਉਹ ਆਪੋ ਵਿਚ ਵੰਡ ਲੈਂਦੇ ਹਨ। ਜੇ ਇੰਜ ਚੱਟੀ ਨਾ ਭਰੀਏ ਤਾਂ ਈਮਾਨਦਾਰੀ ਮਹਿੰਗੀ ਪੈਂਦੀ ਹੈ। ਕਦੇ ਸਾਹਿਬ ਨਹੀਂ ਬੈਠਾ, ਕਦੇ ਕਲਰਕ ਜ਼ਰੂਰੀ ਕੰਮਾਂ ਲਈ ਦੂਜੇ ਦਫਤਰ ਜਾ ਕੇ ਦਿਹਾੜੀ ਲਾ ਆਉਂਦਾ ਹੈ। ਕਈ ਦਿਨ ਫਾਈਲ ਅਟਕੀ ਰਹਿਣ ਦਾ ਨੁਕਸਾਨ, ਆਉਣ-ਜਾਣ ਦਾ ਖਰਚਾ ਅਤੇ ਫਿਰ ਆਪਣੀਆਂ ਦਿਹਾੜੀਆਂ ਭੰਨਣ ਦਾ ਹਰਜਾ ਗਿਣ ਕੇ ਬੰਦਾ ਅੱਗੇ ਲਈ 'ਸਬਕ' ਸਿੱਖ ਲੈਂਦਾ ਹੈ। ਹੁਣ ਕਿਸੇ ਥਾਂ ਬੈਠਾ ਬੇਈਮਾਨ ਬੰਦਾ ਅਲੋਕਾਰ ਚੀਜ਼ ਨਹੀਂ ਜਾਪਦਾ, ਕੋਈ ਬਚਿਆ-ਖੁਚਿਆ ਈਮਾਨਦਾਰ ਹੀ 'ਕਬਾਇਲੀ ਯੁੱਗਾਂ ਦਾ' ਕਿਹਾ ਜਾਣ ਲੱਗ ਪਿਆ ਹੈ।

ਇਨ੍ਹਾਂ ਦੇ ਉਪਰ ਨਿਗਰਾਨੀ ਰੱਖਣ ਲਈ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹਨ। ਕਿਸੇ ਵੀ ਹੋਰ ਪ੍ਰਬੰਧ ਨਾਲੋਂ ਅਸੀਂ ਇਹ ਪ੍ਰਬੰਧ ਠੀਕ ਮੰਨਦੇ ਹਾਂ ਕਿ ਰਾਜ ਕਰਨ ਵਾਲੇ ਵੀ ਲੋਕਾਂ ਰਾਹੀਂ ਚੁਣੇ ਜਾਣ ਅਤੇ ਅਗਲੀ ਵਾਰੀ ਲੋਕਾਂ ਕੋਲੋਂ ਵੋਟਾਂ ਮੰਗਣ ਦੀ ਮਜਬੂਰੀ ਕਾਰਨ ਉਨ੍ਹਾਂ ਦਾ ਖਿਆਲ ਰੱਖਣ ਵਾਲੇ ਹੋਣ। ਖਿਆਲ ਤਾਂ ਸੋਹਣਾ ਸੀ, ਪਰ ਇਸ ਵਿਚ ਵੀ ਬਿਮਾਰੀ ਦੇ ਕੀਟਾਣੂ ਆ ਗਏ ਹਨ। ਪਹਿਲੀ ਗੱਲ ਤਾਂ ਇਹ ਕਿ ਲੋਕ-ਤੰਤਰ ਹੀ ਹੁਣ ਸਿਰਫ ਕਹਿਣ ਨੂੰ ਲੋਕ-ਤੰਤਰ ਅਤੇ ਅਮਲ ਵਿਚ ਪਿਤਾ-ਪੁਰਖੀ ਗੱਦੀ ਵਾਲਾ ਬਣ ਚੁੱਕਾ ਹੈ। ਦੂਜਾ ਇਹ ਕਿ ਲੀਡਰਾਂ ਨੇ ਲੋਕਾਂ ਨੂੰ ਨੋਟਾਂ ਬਦਲੇ ਵੋਟਾਂ ਦੇ ਨਾਂਅ ਉਤੇ ਜ਼ਮੀਰਾਂ ਵੇਚਣ ਦੀ ਬਿਮਾਰੀ ਲਾ ਦਿੱਤੀ ਹੈ, ਇਸ ਕਰ ਕੇ ਉਨ੍ਹਾਂ ਦਾ ਖਿਆਲ ਰੱਖਣ ਦੀ ਥਾਂ ਅਗਲੀ ਚੋਣ ਮੌਕੇ ਵੰਡਣ ਜੋਗੇ ਨੋਟ ਇਕੱਠੇ ਕਰਨਾ ਮੁੱਖ ਕੰਮ ਹੋ ਗਿਆ ਹੈ। ਤੀਜਾ ਇਹ ਕਿ ਜਿਵੇਂ ਰਾਜਿਆਂ ਦੇ 'ਡਿਓਢੀ ਸਰਦਾਰ' ਹੁੰਦੇ ਸਨ ਤੇ ਜੇ ਉਨ੍ਹਾਂ ਨੂੰ ਖੁਸ਼ ਨਾ ਕੀਤਾ ਜਾਵੇ ਤਾਂ ਰਾਜੇ ਤੱਕ ਨਹੀਂ ਸਨ ਪਹੁੰਚਣ ਦੇਂਦੇ, ਇੰਜ ਹੀ ਅੱਜ ਦੇ 'ਡਿਓਢੀ ਸਰਦਾਰ' ਵੀ ਕਿਸੇ ਮੁੱਖ ਮੰਤਰੀ ਜਾਂ ਮੰਤਰੀ ਤੱਕ ਕਿਸੇ ਫਰਿਆਦੀ ਨੂੰ ਨਹੀਂ ਜਾਣ ਦੇਂਦੇ। ਕੰਮ ਤਾਂ ਅੱਗੇ ਜਾ ਕੇ ਵੀ ਬਾਪੂ ਗਾਂਧੀ ਦੀ ਫੋਟੋ ਵਾਲੇ ਨੋਟਾਂ ਨਾਲ ਹੀ ਹੋਣਾ ਹੁੰਦਾ ਹੈ, ਪਰ ਪਹਿਲਾਂ ਰਾਹ ਵਿਚਲੇ ਸਿਰਾਂ ਦਾ ਸਿਰਵਾਰਨਾ ਕਰਨਾ ਜ਼ਰੂਰੀ ਰਸਮ ਬਣ ਗਈ ਹੈ।

ਦਿੱਲੀ ਸਿਰਫ ਇਕ ਸ਼ਹਿਰ ਨਹੀਂ, ਦੇਸ਼ ਦੀ ਰਾਜਧਾਨੀ ਹੋਣ ਕਰ ਕੇ ਇਕ ਪੂਰੇ ਮੁਲਕ ਦੇ ਚਾਲ-ਚੱਲਣ ਦੀ ਪ੍ਰਤੀਕ ਹੈ। ਪਿਓ ਦੀਆਂ ਆਦਤਾਂ ਪੁੱਤਰ ਨੂੰ ਪੈ ਜਾਣੀਆਂ ਆਮ ਗੱਲ ਹੁੰਦੀ ਹੈ ਤੇ ਰਾਜਧਾਨੀ ਦੀ ਰੀਤ ਰਾਜਾਂ ਤੱਕ ਜਾ ਪਹੁੰਚਣਾ ਵੀ ਏਦਾਂ ਹੀ ਹੈ। ਜਦੋਂ ਦਿੱਲੀ ਵਿਚ ਬੋਫੋਰਜ਼ ਤੋਪਾਂ ਦਾ ਰੌਲਾ ਪਿਆ ਸੀ, ਉਹ ਸਿਰਫ ਪੈਂਠ ਸੌ ਕਰੋੜ ਰੁਪਏ ਦਾ ਸੀ, ਹੁਣ ਦੇ ਹਿਸਾਬ ਉਸ ਪੈਂਠ ਨੂੰ ਪੈਂਠ ਸੌ ਕਰੋੜ ਵੀ ਨਹੀਂ ਕਿਹਾ ਜਾ ਸਕਦਾ। ਏਨੀ ਰੁਪਏ ਦੀ ਕੀਮਤ ਹਾਲੇ ਨਹੀਂ ਡਿੱਗੀ, ਪਰ ਉਸ ਪਿੱਛੋਂ ਲਾਲੂ ਪ੍ਰਸਾਦ ਯਾਦਵ ਦਾ ਇਕ ਹਜ਼ਾਰ ਕਰੋੜ ਰੁਪਏ ਦਾ ਚਾਰਾ ਸਕੈਂਡਲ ਸਾਹਮਣੇ ਆਇਆ, ਫਿਰ ਝਾਰਖੰਡ ਦੇ ਮੁੱਖ ਮੰਤਰੀ ਮਧੂ ਕੋਡਾ ਦਾ ਚਾਰ ਹਜ਼ਾਰ ਕਰੋੜ ਰੁਪਏ ਦਾ ਆ ਗਿਆ ਤੇ ਹੁਣ ਨਿਤੀਸ਼ ਕੁਮਾਰ ਦੀ ਸਰਕਾਰ ਦਾ ਗਿਆਰਾਂ ਹਜ਼ਾਰ ਚਾਰ ਸੌ ਕਰੋੜ ਰੁਪਏ ਦਾ ਆ ਗਿਆ ਹੈ। ਅਗਲਾ ਸਕੈਂਡਲ ਲੋਕਾਂ ਲਈ ਤਦੇ ਹੀ 'ਖਾਸ' ਹੋਵੇਗਾ, ਜੇ ਗਿਆਰਾਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਹੋਵੇ, ਤੇ ਆਸ ਕੀਤੀ ਜਾ ਰਹੀ ਹੈ ਕਿ ਸਾਰੇ ਪੱਖ ਗਿਣ ਕੇ ਕਾਮਨਵੈਲਥ ਖੇਡਾਂ ਦੇ ਪ੍ਰਬੰਧਕਾਂ ਦੀ ਟੀਮ ਇਹ ਮਾਅਰਕਾ ਮਾਰ ਲਵੇਗੀ। ਜੇ ਉਹ ਨਾ ਕਰ ਸਕੇ ਤਾਂ ਬੰਗਲੌਰ ਦੀ ਭਾਜਪਾ ਸਰਕਾਰ ਵਿਚ ਬੈਠੇ ਰੈਡੀ ਭਰਾਵਾਂ ਨੇ ਗੁਰਜ ਜਿੱਤ ਲੈਣੀ ਹੈ।

ਇਹੋ ਜਿਹੇ ਹਾਲਾਤ ਵਿਚ ਇਹ ਕਹਾਣੀ ਛੇੜਨੀ ਬੇਲੋੜੀ ਹੋਵੇਗੀ ਕਿ ਕੋਈ ਪੁਲਸ ਵਾਲਾ ਆਹ ਕਰਦਾ ਹੈ ਤੇ ਸਿਵਲ ਦੇ ਅਫਸਰ ਔਹ ਕਰੀ ਜਾਂਦੇ ਹਨ। ਉਨ੍ਹਾਂ ਦੀ ਤਾਂ ਹੁਣ ਤੱਕ 'ਹੋਲੀ ਕਾਓ' (ਗਊ ਵਾਂਗ ਪਵਿੱਤਰ) ਕਹੀ ਜਾਂਦੀ ਫੌਜ ਦਾ ਹਾਲ ਵੇਖਣਾ ਬਣਦਾ ਹੈ। ਜਲੰਧਰ ਵਿਚ ਇਕ ਲੈਫਟੀਨੈਂਟ ਜਨਰਲ ਦਾ ਕੋਰਟ ਮਾਰਸ਼ਲ ਚੱਲ ਰਿਹਾ ਹੈ। ਉਸ ਉਤੇ ਦੋਸ਼ ਇਹ ਹੈ ਕਿ ਉਸ ਨੇ ਕਮਾਈ ਕਰਨ ਲਈ ਫੌਜੀਆਂ ਦੇ ਖਾਣ ਵਾਸਤੇ ਉਹ ਅਨਾਜ ਭੇਜਿਆ, ਜਿਹੜਾ 'ਘੋੜਿਆਂ ਦੇ ਖਾਣ ਵਾਲਾ ਵੀ ਨਹੀਂ' ਸੀ। ਉਹਦੇ ਕੋਰਟ ਮਾਰਸ਼ਲ ਦਾ ਨਤੀਜਾ ਆਉਂਦਿਆਂ ਹਾਲੇ ਚਿਰ ਲੱਗੇਗਾ, ਪਰ ਇਸੇ ਦੌਰਾਨ ਫਿਰੋਜ਼ਪੁਰ ਵਿਚ ਹੋਏ ਕੋਰਟ ਮਾਰਸ਼ਲ ਵਿਚ ਇਕ ਬਰਗੇਡੀਅਰ ਦੋਸ਼ੀ ਕਰਾਰ ਦੇ ਦਿੱਤਾ ਗਿਆ ਹੈ। ਇਸ ਬਰਗੇਡੀਅਰ ਉਤੇ ਕੇਸ ਇਹ ਸੀ ਕਿ ਜਲੰਧਰ ਦੇ ਮਿਲਟਰੀ ਹਸਪਤਾਲ ਲਈ ਉਸ ਨੇ ਉਨ੍ਹਾਂ ਕੰਪਨੀਆਂ ਤੋਂ ਮਹਿੰਗੀਆਂ ਦਵਾਈਆਂ ਖਰੀਦੀਆਂ ਸਨ, ਜਿਹੜੀਆਂ ਕੰਪਨੀਆਂ ਹੀ ਕਿਤੇ ਨਹੀਂ। ਨਾਂ-ਹੋਈਆਂ ਕੰਪਨੀਆਂ ਦੇ ਫਰਜ਼ੀ ਬਿੱਲ ਛਪਵਾ ਕੇ ਵਰਤੇ ਗਏ ਸਨ। ਏਦਾਂ ਦੇ ਮਾਮਲੇ ਬਹੁਤ ਸਾਰੇ ਹਨ, ਜਿਨ੍ਹਾਂ ਵਿਚ ਲੈਫਟੀਨੈਂਟ ਜਨਰਲ ਤੋਂ ਲੈ ਕੇ ਕਰਨਲ ਅਤੇ ਮੇਜਰ ਤੱਕ ਦੇ ਹੇਠਲੇ ਅਫਸਰ ਵੀ ਫਸੇ ਫਿਰਦੇ ਹਨ। ਲੋਕਾਂ ਨੂੰ ਆਸ ਹੁੰਦੀ ਹੈ ਕਿ ਜਦੋਂ ਹਰ ਪਾਸੇ ਨਿਘਾਰ ਫੈਲ ਜਾਵੇ, ਓਦੋਂ ਅਦਾਲਤਾਂ ਵਿਚੋਂ ਚਾਨਣ ਦੀ ਕਿਰਨ ਫੁੱਟਦੀ ਰਹੇਗੀ, ਹੁਣ ਭਾਰਤੀ ਅਦਾਲਤਾਂ ਬਾਰੇ ਵੀ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਏਨੀ ਆਉਣ ਲੱਗ ਪਈ ਹੈ ਕਿ ਚਰਚਾ ਕਰਦਿਆਂ ਚੰਗਾ ਨਹੀਂ ਲੱਗਦਾ। ਜਿਨ੍ਹਾਂ ਜੱਜਾਂ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ, ਜਾਂਚ ਵਿਚ ਦੋਸ਼ੀ ਸਾਬਤ ਹੋਏ ਹਨ, ਉਹ ਲਾਂਭੇ ਕਰਨ ਲਈ ਦੂਜੀ ਥਾਂ ਤਬਦੀਲ ਕੀਤੇ ਹਨ, ਮੁਕੱਦਮਿਆਂ ਦੀ ਸੁਣਵਾਈ ਕਰਨ ਤੋਂ ਨਹੀਂ ਹਟਾਏ ਗਏ। ਨਿਆਂ ਪਾਲਿਕਾ ਵਾਲਿਆਂ ਨੇ ਇਸ ਕੌੜੇ ਸੱਚ ਤੋਂ ਅੱਖਾਂ ਮੀਟ ਰੱਖੀਆਂ ਹਨ ਕਿ ਜਦੋਂ ਦੂਜਿਆਂ ਵੱਲ ਉਂਗਲ ਕਰੀਏ ਤਾਂ ਓਧਰ ਇਕ ਉਂਗਲ ਸਿੱਧੀ ਹੁੰਦੀ ਹੈ, ਤਿੰਨ ਉਂਗਲਾਂ ਖੁਦ ਆਪਣੇ ਵੱਲ ਉਠ ਰਹੀਆਂ ਹੁੰਦੀਆਂ ਹਨ।

ਜਨਤਕ ਜੀਵਨ ਵਿਚ ਸਦਾਚਾਰ ਦਾ ਸਥਾਨ ਘਟਦਾ ਜਾ ਰਿਹਾ ਹੈ ਤੇ ਬਦ-ਤਮੀਜ਼ੀ ਭਾਰੂ ਹੁੰਦੀ ਜਾ ਰਹੀ ਹੈ। ਵਿਧਾਨ ਸਭਾਵਾਂ ਵਿਚ ਕੁਰਸੀਆਂ ਇਕ ਦੂਜੇ ਵੱਲ ਸੁੱਟੇ ਜਾਣਾ ਹੁਣ ਸਾਧਾਰਨ ਗੱਲ ਹੋ ਗਈ ਹੈ ਤੇ ਗੰਦੀਆਂ ਗਾਲ੍ਹਾਂ ਕੱਢੀਆਂ ਜਾਣ ਨੂੰ ਵੀ ਬੁਰਾ ਨਹੀਂ ਸਮਝਿਆ ਜਾ ਰਿਹਾ। ਕੌਮੀ ਪੱਧਰ ਉਤੇ ਏਨੀ ਇਖਲਾਕੀ ਗਿਰਾਵਟ ਅਜੇ ਤੱਕ ਨਹੀਂ ਸੀ ਆਈ, ਪਰ ਦੇਸ਼ ਦੀ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਨੇ ਇਕ ਰਾਜ ਦਾ ਦੂਜੀ ਪਾਲ ਦਾ ਬੰਦਾ ਚੁੱਕ ਕੇ ਕੇਂਦਰ ਦਾ ਪ੍ਰਧਾਨ ਬਣਾਇਆ ਤਾਂ ਉਸ ਨੇ ਇਹ ਵੀ ਕੱਚ ਦਿੱਤੀ ਹੈ। ਇਕ ਵਾਰੀ ਉਸ ਨੇ ਕੁਝ ਵਿਰੋਧੀ ਧਿਰ ਦੇ ਲੀਡਰਾਂ ਬਾਰੇ ਇਹ ਕਿਹਾ ਕਿ ਉਹ ਸੋਨੀਆ ਗਾਂਧੀ ਦੇ 'ਪੈਰਾਂ ਦੀਆਂ ਤਲੀਆਂ ਕੁੱਤੇ ਵਾਂਗ ਚੱਟਦੇ' ਹਨ। ਦੂਜੀ ਵਾਰੀ ਉਸ ਨੇ ਕਾਂਗਰਸ ਵਾਲਿਆਂ ਨੂੰ ਇਹ ਪੁੱਛ ਲਿਆ ਕਿ ਫਾਂਸੀ ਦੇ ਹੁਕਮ ਵਾਲਾ 'ਅਫਜ਼ਲ ਗੁਰੂ ਕੀ ਤੁਹਾਡਾ ਜੁਆਈ ਹੈ, ਕੀ ਤੁਸੀਂ ਉਸ ਨੂੰ ਆਪਣੀ ਬੇਟੀ ਦੇ ਰੱਖੀ ਹੈ?' ਹੁਣ ਉਸ ਨੇ ਸਾਊ ਸੁਭਾਅ ਤੇ ਕਿਸੇ ਨੂੰ ਕਦੇ ਵੀ ਕੌੜਾ ਨਾ ਬੋਲਣ ਵਾਲੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਬਾਪੂ ਗਾਂਧੀ ਦੇ 'ਬਾਂਦਰ ਵਰਗਾ' ਕਹਿ ਦਿੱਤਾ ਹੈ। ਹਰ ਵਾਰ ਬਹਾਨਾ ਉਹ ਇਹ ਬਣਾਉਂਦਾ ਹੈ ਕਿ ਉਸ ਨੇ ਤਾਂ 'ਮੁਹਾਵਰਾ ਵਰਤਿਆ ਹੈ', ਪਰ ਜੇ ਕੋਈ ਇਹ ਕਹੇ ਕਿ ਇਹ ਬੰਦਾ ਬੋਲਣ ਵੇਲੇ ਦੂਜਿਆਂ ਨੂੰ 'ਬਾਂਦਰ ਵਰਗਾ' ਕਹਿ ਕੇ ਆਪ ਵੀ ਬਾਂਦਰਪੁਣਾ ਕਰਦਾ ਹੈ ਤਾਂ ਤੜਫਣੀ ਛਿੜ ਜਾਵੇਗੀ। ਜੇ ਉਸ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ ਤਾਂ ਇਹ ਆਜ਼ਾਦੀ ਹੋਰ ਲੋਕਾਂ ਨੂੰ ਵੀ ਹੈ।



ਸਮਾਜਕ ਪੱਖ ਤੋਂ ਹੁਣ ਤੱਕ ਜਿੰਨਾ ਨਿਘਾਰ ਕਦੇ ਨਹੀਂ ਸੀ ਵੇਖਿਆ ਗਿਆ, ਉਹ ਹੁਣ ਭਾਰਤ ਵਿਚ ਹਰ ਪਾਸੇ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬ ਵਿਚ ਇਕ ਮੁੰਡੇ ਨੇ ਇਸ ਕਰਕੇ ਆਪਣਾ ਪਰਵਾਰ ਮਾਰ ਦਿੱਤਾ ਕਿ ਉਹ ਮਰਜ਼ੀ ਦੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਤੇ ਘਰ ਵਾਲੇ ਮੰਨਦੇ ਨਹੀਂ ਸਨ। ਉਸ ਨੇ ਬਾਗੀ ਹੋ ਕੇ ਵਿਆਹ ਕਰਵਾ ਲਿਆ ਹੁੰਦਾ ਤਾਂ ਅਸੀਂ ਕਹਿੰਦੇ ਕਿ ਕੋਈ ਗਲਤ ਨਹੀਂ ਕੀਤਾ, ਪਰ ਮਾਂ, ਬਾਪ, ਦਾਦਾ, ਭੈਣ ਸਾਰਿਆਂ ਨੂੰ ਇਸ਼ਕ ਦੇ ਜਨੂੰਨ ਪਿੱਛੇ ਮਾਰ ਦੇਣਾ ਸਮਾਜਕ ਨਿਘਾਰ ਦੀ ਅਗਲੀ ਹੱਦ ਹੈ। ਇਹੋ ਜਿਹੇ ਕਤਲ ਪਿਛਲੇ ਦਿਨੀਂ ਪੰਜਾਬ ਵਿਚ ਕਈ ਹੋਏ ਹਨ ਤੇ ਅਗਲੇ ਦਿਨੀਂ ਵੀ ਹੁੰਦੇ ਰਹਿਣਗੇ, ਪਰ ਨਿਘਾਰ ਨੂੰ 'ਮਾਣ' ਸਮਝਣ ਦੀ ਮਿਸਾਲ ਪੱਛਮੀ ਬੰਗਾਲ ਤੋਂ ਆਈ ਹੈ। ਓਥੇ ਇਕ ਪਿੰਡ ਵਿਚ ਇਕ ਕੁੜੀ ਨੇ ਦੂਜੀ ਜਾਤੀ ਦੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹਿਆ ਤਾਂ ਉਸ ਨੂੰ 'ਅਲਫ ਨੰਗਿਆ ਕਰ ਕੇ ਪਿੰਡ ਵਿਚ ਘੁੰਮਾਇਆ ਗਿਆ, ਜਿਸ ਦੌਰਾਨ ਉਸ ਦੇ ਆਪਣੇ ਭਾਈਚਾਰੇ ਦੇ ਮੁੰਡੇ ਉਸ ਨਾਲ ਅਸ਼ਲੀਲ ਛੇੜ-ਛਾੜ ਕਰ ਕੇ ਉਸ ਨੂੰ ਸ਼ਰਮਿੰਦਾ ਕਰਦੇ ਰਹੇ। ਟੀ ਵੀ ਕੈਮਰਿਆਂ ਸਾਹਮਣੇ ਉਨ੍ਹਾਂ ਮੁੰਡਿਆਂ ਨੇ ਕਿਹਾ ਕਿ ਇਸ ਕੁੜੀ ਵਲੋਂ ਦੂਜੀ ਜਾਤੀ ਦੇ ਮੁੰਡੇ ਨਾਲ ਵਿਆਹ ਕਰਨ ਨਾਲ ਸਾਡੇ ਪਿੰਡ ਦੀ ਇੱਜ਼ਤ ਰੁਲ ਜਾਣੀ ਸੀ। ਜਦੋਂ ਪੁੱਛਿਆ ਗਿਆ ਕਿ ਆਪਣੀ ਬਰਾਦਰੀ ਦੀ ਇਕ ਧੀ ਨੂੰ ਏਨੀ ਜ਼ਲੀਲ ਸਜ਼ਾ ਦੇ ਕੇ ਕੀ ਉਨ੍ਹਾਂ ਦੀ 'ਇੱਜ਼ਤ ਅਤੇ ਮਾਣ' ਵਿਚ ਵਾਧਾ ਹੋਇਆ ਹੈ, ਉਨ੍ਹਾਂ ਦਾ ਜਵਾਬ ਸੀ ਕਿ ਹੁਣ ਭਾਵੇਂ ਕਈ ਲੋਕਾਂ ਨੂੰ ਮਾੜਾ ਲੱਗਦਾ ਹੋਵੇ, ਅੱਗੇ ਤੋਂ ਉਨ੍ਹਾਂ ਦੀ 'ਇੱਜ਼ਤ ਅਤੇ ਮਾਣ ਵਿਚ ਵਾਧਾ ਹੋਵੇਗਾ, ਕੋਈ ਇਸ ਨੂੰ ਦਾਗ ਲਾਉਣ ਦੀ ਹਿੰਮਤ ਨਹੀਂ ਕਰੇਗਾ।' ਕਸ਼ਮੀਰ ਤੋਂ ਕੰਨਿਆ ਕੁਮਾਰ ਤੱਕ, ਮਹਾਰਾਸ਼ਟਰ ਤੋਂ ਮੀਜ਼ੋਰਮ-ਮੇਘਾਲਿਆ ਤੱਕ ਕਿਸੇ ਥਾਂ ਵੀ ਮਾਣ ਵਿਚ ਇਸ ਤਰ੍ਹਾਂ ਦਾ 'ਵਾਧਾ' ਹੋ ਸਕਦਾ ਹੈ।

ਜਦੋਂ ਝਾਤੀ ਮਾਰੀਏ ਹਰ ਪਾਸੇ ਨਿਘਾਰ ਨਜ਼ਰ ਆਵੇ, ਇਸ ਦੀ ਹੱਦ ਫੇਰ ਵੀ 'ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ' ਨਹੀਂ ਕਹੀ ਜਾ ਸਕਦੀ। ਇਸ ਦਾ ਕਾਰਨ ਇਹ ਕਿ ਲਾਹੌਰ ਇਸ ਹੱਦ ਤੋਂ ਪਾਰ ਚਲਾ ਜਾਂਦਾ ਹੈ, ਜਿੱਥੇ ਭਾਰਤ ਦੀ ਜ਼ਿੰਮੇਵਾਰੀ ਨਿਭਾਉਣ ਗਈ ਮਾਧੁਰੀ ਗੁਪਤਾ ਪਾਕਿਸਤਾਨ ਦੀ ਜਾਸੂਸ ਬਣ ਗਈ ਸੀ। ਰੂਸ ਹੋਰ ਵੀ ਪਰੇ ਹੈ, ਜਿੱਥੇ ਸਮੁੰਦਰੀ ਫੌਜ ਦਾ ਕਮਾਂਡਰ ਸੁਖਜਿੰਦਰ ਸਿੰਘ ਫੌਜੀ ਜ਼ਿੰਮੇਵਾਰੀ ਨਿਭਾਉਣ ਗਿਆ ਆਪਣੇ ਘਟੀਆ ਚਾਲ-ਚੱਲਣ ਦੇ ਚਿੱਕੜ ਵਿਚ ਫਸ ਕੇ ਆਪਣੀ ਔਲਾਦ ਨੂੰ ਹੁਣ ਮੂੰਹ ਵਿਖਾਉਣ ਜੋਗਾ ਵੀ ਨਹੀਂ ਮਹਿਸੂਸ ਕਰਦਾ ਹੋਣਾ। ਅਮਰੀਕਾ ਉਸ ਤੋਂ ਵੀ ਪਰੇ ਹੈ, ਜਿੱਥੇ ਜਾ ਕੇ ਭਾਰਤ ਸਰਕਾਰ ਦੀ ਖੁਫੀਆ ਸੇਵਾ ਦਾ ਇਕ ਜ਼ਿੰਮੇਵਾਰ ਅਧਿਕਾਰੀ ਉਨ੍ਹਾਂ ਦੀ ਸੇਵਾ ਕਰਨ ਹੀ ਜਾ ਰੁੱਝਾ।

ਇਹ ਸਾਰੇ ਲੋਕ ਸਾਡੇ ਦੇਸ਼ ਦੇ ਹਨ, ਸਾਡੇ 'ਭਾਰਤ ਮਹਾਨ' ਦੇ ਜੰਮੇ-ਪਲੇ ਅਤੇ ਇਹੋ ਹਨ ਉਸ 'ਸਰਬ ਪੱਖੀ ਨਿਘਾਰ' ਦੇ ਪ੍ਰਤੀਕ, ਜੋ ਦੇਸ਼ ਦੀਆਂ ਹੱਦਾਂ ਟੱਪ ਕੇ ਹੁਣ ਭਾਰਤ ਦੇ ਵਿਸ਼ਵੀਕਰਨ ਦਾ ਪ੍ਰਤੀਕ ਬਣ ਗਿਆ ਹੈ।

## ਉਮਰ 'ਤੇ ਜੁੱਤੀ ਸੁੱਟਣ ਦੇ ਦੋਸ਼ 'ਚ ਪੁਲਿਸ ਵਾਲੇ ਮੁਅੱਤਲ



**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵਲ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਜੁੱਤੀ ਸੁੱਟਣ ਵਾਲੇ ਮੁਅੱਤਲ ਹੈਡਕਾਂਸਟੇਬਲ ਨੂੰ ਪੁਲਸ ਕੰਟਰੋਲ ਰੂਮ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਸਰਕਾਰੀ ਸੂਤਰਾਂ ਮੁਤਾਬਕ ਉਮਰ ਅਬਦੁੱਲਾ 'ਤੇ ਜੁੱਤੀ ਸੁੱਟਣ ਵਾਲੇ ਸੂਬਾਈ ਪੁਲਸ ਦੇ ਮੁਅੱਤਲ ਹੈਡਕਾਂਸਟੇਬਲ ਅਬਦੁੱਲ ਅਹਿਮਦ ਜਾਨ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ। ਉਸਨੇ ਛਾਤੀ ਵਿਚ ਦਰਦ ਦੀ ਸ਼ਿਕਾਇਤ ਕੀਤੀ, ਜਿਸ ਪਿੱਛੋਂ ਉਸ ਨੂੰ ਪੀ ਸੀ ਆਰ ਦੇ ਪੁਲਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਡਾਕਟਰਾਂ ਮੁਤਾਬਕ ਉਸ ਦਾ ਬਲੱਡ ਪ੍ਰੈਸ਼ਰ ਬਹੁਤ ਵਧਿਆ ਹੋਇਆ ਸੀ। ਅਜਿਹੀ ਚਰਚਾ ਹੈ ਕਿ ਉਹ ਮਾਨਸਿਕ ਪੱਖੋਂ ਵੀ ਬਿਮਾਰ ਚੱਲ ਰਿਹਾ ਹੈ। ਪੁਲਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਉਸ ਨੂੰ ਇਸ ਸਾਲ ਮਈ ਵਿਚ ਅਪਰਾਧਿਕ ਸਰਗਰਮੀਆਂ ਵਿਚ ਹਿੱਸਾ ਲੈਣ ਦੇ ਦੋਸ਼ ਹੇਠ ਮੁਅੱਤਲ ਕੀਤਾ ਸੀ, ਉਸ ਦੇ ਵਿਰੁਧ ਇਕ ਮਾਮਲਾ ਵੀ ਦਰਜ ਕੀਤਾ ਗਿਆ ਸੀ। ਘਟਨਾ ਪਿੱਛੋਂ ਸ਼ਹਿਰ ਤੋਂ ਲੋਕਾਂ ਨੇ ਬਾਂਦੀਪੁਰ ਸਥਿਤ ਉਕਤ ਮੁਅੱਤਲ ਪੁਲਸ ਮੁਲਾਜ਼ਮ ਦੇ ਨਿਵਾਸ ਵਲ ਜਾਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਅਧਿਕਾਰੀਆਂ ਨੂੰ ਬਾਂਦੀਪੁਰ ਖੇਤਰ ਵਿਚ ਕਰਫਿਊ ਲਾਗੂ ਕਰਨਾ ਪਿਆ।

ਇਸ ਦੌਰਾਨ ਉਮਰ ਅਬਦੁੱਲਾ ਦੇ ਪਿਤਾ ਅਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਆਪਣੇ ਪੁੱਤਰ ਦੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਬੀਤੇ ਸੋਮਵਾਰ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਾਰੂਕ ਅਬਦੁੱਲਾ ਨੇ ਕਿਹਾ ਕਿ ਉਮਰ ਅਬਦੁੱਲਾ 'ਤੇ ਜਿਸ ਤਰ੍ਹਾਂ ਜੁੱਤੀ ਸੁੱਟੀ ਗਈ, ਉਸ ਤੋਂ ਸਾਫ ਹੁੰਦਾ ਹੈ ਕਿ ਉਮਰ ਨੂੰ ਮੁਹੱਈਆ ਕਰਵਾਈ ਗਈ ਸਕਿਉਰਿਟੀ ਨਾਕਾਫੀ ਸੀ ਅਤੇ ਸੁਰੱਖਿਆ ਪ੍ਰਦਾਨ ਕਰਨ ਵਾਲੇ ਸੁਰੱਖਿਆ ਬਲ 'ਨਾਲਾਇਕ' ਸਨ। ਉਨ੍ਹਾਂ ਇਸ ਘਟਨਾ ਨੂੰ ਮਜ਼ਾਕੀਆ ਰੰਗ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦਾ ਬੇਟਾ ਜੁੱਤੀ ਸੁੱਟੇ ਜਾਣ ਦੀ ਘਟਨਾ ਤੋਂ ਬਾਅਦ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ. ਬੁੱਸ਼, ਭਾਰਤ ਦੇ ਗ੍ਰਹਿਮੰਤਰੀ ਪੀ. ਚਿਦੰਬਰਮ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਵਰਗੇ ਚੋਟੀ ਦੇ ਲੋਕਾਂ ਦੇ ਕਲੱਬ 'ਚ ਸ਼ਾਮਲ ਹੋ ਗਿਆ ਹੈ। ਇਹ ਪੁੱਛੇ ਜਾਣ 'ਤੇ ਕਿ ਇਹ ਘਟਨਾ ਸੂਬੇ ਵਿਚ ਲੋਕਾਂ ਦੇ ਗੁੱਸੇ ਨੂੰ ਦਰਸਾਉਂਦੀ ਹੈ ਤਾਂ ਫਾਰੂਕ ਅਬਦੁੱਲਾ ਨੇ ਕਿਹਾ ਕਿ ਅਸੀਂ ਹਾਲਾਤ ਦਾ ਮੁਕਾਬਲਾ ਕਰਾਂਗੇ। ਅਸੀਂ ਇਸ ਤੋਂ ਦੌੜ ਨਹੀਂ ਸਕਦੇ। ਜੰਮੂ-ਕਸ਼ਮੀਰ ਭਾਰਤ ਦਾ ਅਨਿਖੜਵਾਂ ਹਿੱਸਾ ਹੈ ਅਤੇ ਇਸ ਨੂੰ ਭਾਰਤ ਤੋਂ ਵੱਖ ਕਰਨ ਦੀ ਗੱਲ ਦੀ ਹਮਾਇਤ ਨਹੀਂ ਕਰ ਸਕਦੇ।

ਯਾਦ ਰਹੇ ਉਮਰ ਅਬਦੁੱਲਾ ਪਹਿਲਾ ਅਜਿਹਾ ਸਿਆਸਤਦਾਨ ਨਹੀਂ ਹੈ, ਜਿਸ ਵਲ ਜੁੱਤੀ ਉਛਾਲੀ ਗਈ ਹੈ ਪਰ ਇਹ ਪਹਿਲੀ ਵਾਰੀ ਹੋਇਆ ਹੈ ਕਿ ਉਮਰ ਅਬਦੁੱਲਾ ਵਲ ਜੁੱਤੀ ਸੁੱਟਣ ਵਾਲਾ ਕੋਈ ਹੋਰ ਨਹੀਂ, ਸਗੋਂ ਸੂਬਾਈ ਪੁਲਸ ਦਾ ਇਕ ਮੁਅੱਤਲ ਪੁਲਸ ਮੁਲਾਜ਼ਮ ਹੀ ਹੈ। ਉਮਰ ਉਤੇ ਉਸ ਸਮੇਂ ਜੁੱਤੀ ਸੁੱਟੀ ਗਈ ਹੈ, ਜਦੋਂ ਉਹ ਹਥਿਆਰਬੰਦ ਫੌਜਾਂ ਬਾਰੇ ਵਿਸ਼ੇਸ਼ ਅਧਿਕਾਰਾਂ ਵਾਲੇ ਐਕਟ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਖਬਰਾਂ ਮੁਤਾਬਕ 50 ਸਾਲਾ ਉਕਤ ਪੁਲਸ ਮੁਲਾਜ਼ਮ ਜੋ ਆਜ਼ਾਦੀ ਦਿਵਸ ਦੇ ਮੌਕੇ 'ਤੇ ਬਖਸ਼ੀ ਸਟੇਡੀਅਮ ਵਿਚ ਹੋਏ ਸਮਾਰੋਹ ਦੌਰਾਨ ਤੀਜੀ ਕਤਾਰ 'ਚ ਬੈਠਾ ਸੀ, ਨੇ ਉਸ ਸਮੇਂ ਉਮਰ ਅਬਦੁੱਲਾ ਵਲ ਜੁੱਤੀ ਸੁੱਟੀ, ਜਦੋਂ ਉਹ ਆਪਣਾ ਭਾਸ਼ਣ ਦੇਣ ਲਈ ਖੜ੍ਹੇ ਹੋਏ ਹੀ ਸਨ। ਭੂਰੇ ਰੰਗ ਦਾ ਇਹ ਬੂਟ ਉਮਰ ਅਬਦੁੱਲਾ ਦੇ ਸਿਰ ਤੋਂ ਲੰਘ ਗਿਆ। ਖਬਰਾਂ ਵਿਚ ਇਹ ਵੀ ਦੱਸਿਆ ਗਿਆ ਕਿ ਉਕਤ ਮੁਅੱਤਲ ਪੁਲਸ ਮੁਲਾਜ਼ਮ ਦੇ ਇਲਾਕੇ ਦੇ ਲੋਕਾਂ ਨੂੰ ਜੁੱਤੀ ਸੁੱਟਣ ਦੀ ਕਾਰਵਾਈ ਦੀ ਹਮਾਇਤ ਕੀਤੀ ਹੈ।ਜਾਂਚ ਮੁਕੰਮਲ ਹੋਣ ਤਕ ਚਾਰ ਸਬ ਇੰਸਪੈਕਟਰਾਂ ਸਮੇਤ 15 ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

### ਰਾਜੌਰੀ ਮੁਕਾਬਲੇ 'ਚ ਤਿੰਨ ਦਹਿਸ਼ਤਗਰਦ ਢੇਰ

**ਜੰਮੂ :** 16 ਅਗਸਤ, ਰਾਜੌਰੀ ਜ਼ਿਲ੍ਹੇ 'ਚ ਸੁਰੱਖਿਆ ਦਸਤਿਆਂ ਅਤੇ ਦਹਿਸ਼ਤਗਰਦਾਂ ਵਿਚਾਲੇ 50 ਘੰਟੇ ਚੱਲਿਆ ਮੁਕਾਬਲਾ ਅੱਜ ਸਮਾਪਤ ਹੋ ਗਿਆ। ਇਸ ਮੁਕਾਬਲੇ 'ਚ ਤਿੰਨ ਦਹਿਸ਼ਤਗਰਦ ਮਾਰੇ ਗਏ ਅਤੇ ਇੱਕ ਫੌਜੀ ਜਵਾਨ ਸ਼ਹੀਦ ਹੋ ਗਿਆ। ਇੱਕ ਮੇਜਰ ਸਮੇਤ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਮਾਰੇ ਗਏ ਦਹਿਸ਼ਤਗਰਦਾਂ 'ਚ ਬੀਤੇ ਦਿਨੀਂ ਬੱਸ 'ਤੇ ਹਮਲਾ ਕਰਨ ਵਾਲਾ ਇੱਕ ਦਹਿਸ਼ਤਗਰਦ ਵੀ ਸ਼ਾਮਲ ਹੈ। ਸ਼ਹੀਦ ਫੌਜੀ ਦੀ ਪਛਾਣ ਐਸ ਕੇ ਸਿੰਘਾ ਵਜੋਂ ਹੋਈ ਹੈ। ਜ਼ਖ਼ਮੀਆਂ 'ਚ 38 ਰਾਈਫਲਜ਼ ਦੇ ਮੇਜਰ ਸੁਸ਼ੀਲ ਮਹਾਂਪਾਤਰ, ਵਿਸ਼ੇਸ਼ ਪੁਲਿਸ ਅਧਿਕਾਰੀ ਅਤੇ ਨਾਗਰਿਕ ਅਬਦੁੱਲ ਰਾਜ਼ਾਕ ਸ਼ਾਮਲ ਹਨ।

## ਦਹਿਸ਼ਤਗਰਦੀ ਸ਼ਾਂਤੀ ਲਈ ਏ ਵੱਡਾ ਖਤਰਾ



**ਨਵੀਂ ਦਿੱਲੀ :** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਬੀਤੀ 14 ਅਗਸਤ ਨੂੰ ਮਾਓਵਾਦੀਆਂ ਨੂੰ ਹਿੰਸਾ ਦਾ ਰਾਹ ਛੱਡ ਕੇ ਸਮੱਸਿਆ ਨਿਬੇੜਨ ਲਈ ਗੱਲਬਾਤ ਦੀ ਮੇਜ਼ 'ਤੇ ਆਉਣ ਦਾ ਸੱਦਾ ਦਿੱਤਾ ਹੈ।

64ਵੇਂ ਆਜ਼ਾਦੀ ਦਿਵਸ ਮੌਕੇ ਕੌਮ ਦੇ ਨਾਂ ਭਾਸ਼ਣ ਵਿਚ ਸ੍ਰੀਮਤੀ ਪਾਟਿਲ ਨੇ ਆਖਿਆ ਕਿ ਦਹਿਸ਼ਤਗਰਦੀ ਆਲਮੀ ਸ਼ਾਂਤੀ ਲਈ ਸਭ ਤੋਂ ਵੱਡਾ ਖਤਰਾ ਹੈ ਅਤੇ ਇਸ ਨੂੰ ਭਾਂਜ ਦੇਣ ਲਈ ਸਾਰੇ ਦੇਸ਼ਾਂ ਨੂੰ ਇਕਮੁੱਠ ਹੋਣਾ ਚਾਹੀਦਾ ਹੈ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦਹਿਸ਼ਤਗਰਦਾਂ ਨੂੰ ਕਿਤੇ ਕੋਈ ਛੁਪਣਗਾਹ ਅਤੇ ਮਾਲੀ ਇਮਦਾਦ ਨਾ ਮਿਲੇ।

ਦੂਰਦਰਸ਼ਨ 'ਤੇ ਪ੍ਰਸਾਰਤ ਭਾਸ਼ਣ ਵਿਚ ਰਾਸ਼ਟਰਪਤੀ ਨੇ ਕਿਹਾ, "ਅਤਿਵਾਦੀ ਵਿਚਾਰਧਾਰਾਵਾਂ ਅਤੇ ਖੱਬੇ ਪੱਖੀ ਇੰਤਹਾਪਸੰਦੀ ਦੇ ਪੈਰੋਕਾਰਾਂ ਨੂੰ ਹਿੰਸਾ ਦਾ ਰਾਹ ਛੱਡਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਤਰੱਕੀ ਅਤੇ ਵਿਕਾਸ ਲਈ ਕੌਮੀ ਉਦਮ ਨਾਲ ਜੁੜਨ ਦਾ ਸੱਦਾ ਦਿੰਦੀ ਹਾਂ।" ਨਕਸਲ ਪ੍ਰਭਾਵਤ ਖੇਤਰਾਂ ਵਿਚ ਲੰਮਚਿਰੇ ਵਿਕਾਸ ਕਾਰਜਾਂ 'ਤੇ ਜ਼ੋਰ ਦਿੰਦਿਆਂ ਸ੍ਰੀਮਤੀ ਪਾਟਿਲ ਨੇ ਉਮੀਦ ਪ੍ਰਗਟ ਕੀਤੀ ਕਿ ਨਾਗਰਿਕ, ਸਮਾਜ ਅਤੇ ਹਰ ਕੋਈ ਅੱਗੇ ਆ ਕੇ ਖੱਬੇ ਪੱਖੀ ਇੰਤਹਾਪਸੰਦਾਂ ਨੂੰ ਸਹੀ ਦਿਸ਼ਾ ਵਿਚ ਤੋਰੇਗਾ। ਰਾਸ਼ਟਰਪਤੀ ਨੇ ਕਿਹਾ ਕਿ ਕੌਮੀ ਉਸਾਰੀ ਲਈ ਤਨਦੇਹੀ ਤੇ ਧੀਰਜ ਨਾਲ ਕੰਮ ਕਰਨ ਦੀ ਲੋੜ ਹੈ। ਇਕ ਦੂਜੇ ਦੀ ਗੱਲ ਸੁਣ ਕੇ, ਇਕ ਦੂਜੇ ਦੇ ਵਿਚਾਰਾਂ ਨੂੰ ਸਤਿਕਾਰ ਦੇ ਕੇ ਅਤੇ ਸੂਝ ਬੂਝ ਪੈਦਾ ਕਰ ਕੇ ਅਸੀਂ, ਸਾਨੂੰ ਦਰਪੇਸ਼ ਮੁੱਦਿਆਂ ਨੂੰ ਮੁਖਾਤਬ ਹੋ ਸਕਦੇ ਹਾਂ।"

ਰਾਸ਼ਟਰਪਤੀ ਨੇ ਕਿਹਾ, "ਭ੍ਰਿਸ਼ਟਾਚਾਰ ਨੂੰ ਬਿਲਕੁਲ ਸਹਿਣ ਨਹੀਂ ਕਰਨਾ ਚਾਹੀਦਾ ਅਤੇ ਜਨਤਕ ਸੇਵਾ ਦੇ ਉਚਤਮ ਮਿਆਰਾਂ ਸਹਿਤ ਕੰਮ ਕਰਨ ਨਾਲ ਯਕੀਨਨ ਕੁਸ਼ਲ ਸ਼ਾਸਨ ਪ੍ਰਣਾਲੀ ਹੋਂਦ ਵਿਚ ਆਵੇਗੀ।" ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਕਾਨੂੰਨ ਦਾ ਪਾਲਣ ਕਰਨਾ ਚਾਹੀਦਾ ਹੈ ਜਦਕਿ ਹੁਣ ਪਦਾਰਥਵਾਦੀ ਤਰੱਕੀ ਕਾਰਨ ਇਕ ਦੂਜੇ ਪ੍ਰਤੀ ਸੰਵੇਦਨਾ ਘਟਦੀ ਜਾ ਰਹੀ ਹੈ। "ਮਜ਼ਬੂਤ ਪਰਿਵਾਰਕ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਸਮਾਜਕ ਚੇਤਨਾ ਦੀ ਧਾਰ ਖੁੰਡੀ ਪੈਂਦੀ ਜਾ ਰਹੀ ਹੈ। ਅੱਜ ਇਹ ਬਿਹਤਰੀਨ ਮੌਕਾ ਹੈ ਜਦੋਂ ਨੈਤਿਕ ਅਤੇ ਇਖਲਾਕੀ ਜਾਗ੍ਰਿਤੀ ਨਾਲ ਬੇਮਿਸਾਲ ਪ੍ਰਾਪਤੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ" ਉਨ੍ਹਾਂ ਕਿਹਾ ਕਿ ਇਸ ਵੇਲੇ ਜਦੋਂ ਦੁਨੀਆਂ ਮੋੜ ਕੱਟ ਰਹੀ ਹੈ ਤਾਂ ਭਾਰਤ ਇਕ ਇਤਿਹਾਸਕ ਪੜਾਅ 'ਚੋਂ ਗੁਜ਼ਰ ਰਿਹਾ ਹੈ ਅਤੇ ਇਸ ਦਾ ਦੇਸ਼ ਦੇ ਅਰਥਚਾਰੇ, ਰਾਜ ਪ੍ਰਣਾਲੀ, ਵਪਾਰ, ਵਣਜ, ਸਿੱਖਿਆ ਅਤੇ ਜੀਵਨ ਦੀ ਗਤੀ ਉਤੇ ਪ੍ਰਭਾਵ ਪੈ ਰਿਹਾ ਹੈ। ਸ੍ਰੀਮਤੀ ਪਾਟਿਲ ਨੇ ਕਿਹਾ ਕਿ ਖੇਤੀਬਾੜੀ ਦੇ ਉਥਾਨ ਲਈ ਇਕ ਨਵੇਂ ਦ੍ਰਿਸ਼ਟੀਕੋਣ ਅਤੇ ਕ੍ਰਾਂਤੀਕਾਰੀ ਵਿਚਾਰਾਂ ਦੀ ਲੋੜ ਹੈ ਤਾਂ ਕਿ ਦੂਜੇ ਹਰੇ ਇਨਕਲਾਬ ਦਾ ਰਾਹ ਪੱਧਰਾ ਕੀਤਾ ਜਾ ਸਕੇ ਅਤੇ ਖੇਤੀ ਉਤਪਾਦਕਤਾ, ਪੈਦਾਵਾਰ ਅਤੇ ਲਾਹੇਵੰਦੀ ਵਿਚ ਵਾਧਾ ਹੋ ਸਕੇ। "ਸਾਡੀ ਖੁਰਾਕ ਸੁਰੱਖਿਆ ਅਤੇ ਕੀਮਤਾਂ ਵਿਚ ਠਹਿਰਾਅ ਲਈ ਇਹ ਜ਼ਰੂਰੀ ਹੈ। ਇਸ ਦੇ ਨਾਲ ਹੀ ਖੇਤੀਬਾੜੀ ਨੂੰ ਸਨਅਤਾਂ ਅਤੇ ਹੋਰਨਾਂ ਖੇਤਰਾਂ ਨਾਲ ਵੀ ਜੋੜਨਾ ਪਵੇਗਾ ਤਾਂ ਕਿ ਦਿਹਾਤੀ ਖੇਤਰਾਂ ਵਿਚ ਸਨਅਤੀ ਵਿਕਾਸ ਅਤੇ ਖੇਤੀ ਕਾਰੋਬਾਰ ਦਾ ਆਧਾਰ ਤਿਆਰ ਕੀਤਾ ਜਾ ਸਕੇ।"

# ਡਾ. ਮਨਮੋਹਨ ਸਿੰਘ ਦੀ ਪ੍ਰਧਾਨ ਮੰਤਰੀ ਵਜੋਂ ਤੀਜੀ ਸਭ ਤੋਂ ਵੱਡੀ ਮਿਆਦ

**ਹਰਜਾਪ ਸਿੰਘ ਔਜਲਾ**

ਭਾਰਤ ਨੂੰ ਆਜ਼ਾਦੀ ਪ੍ਰਾਪਤ ਕੀਤਿਆਂ 63 ਸਾਲ ਹੋ ਚੁੱਕੇ ਹਨ। ਇਸ ਅਰਸੇ ਵਿਚ ਸਭ ਤੋਂ ਵਧ ਅਰਸੇ ਵਾਸਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਇਸ ਅਹੁਦੇ 'ਤੇ ਬਿਰਾਜਮਾਨ ਰਹੇ ਹਨ। ਕੁੱਲ ਮਿਲਾ ਕੇ ਪੰਡਿਤ ਨਹਿਰੂ 6130 ਦਿਨ ਪ੍ਰਧਾਨ ਮੰਤਰੀ ਰਹੇ। ਪ੍ਰਧਾਨ ਮੰਤਰੀ ਦੇ ਅਹੁਦੇ ਤੇ ਦੂਜੀ ਸਭ ਤੋਂ ਵੱਡੀ ਮਿਆਦ ਸ੍ਰੀਮਤੀ ਇੰਦਰਾ ਗਾਂਧੀ ਦੀ ਰਹੀ ਹੈ। ਉਹ ਕੁੱਲ ਮਿਲਾਕੇ 5829 ਦਿਨ ਪ੍ਰਧਾਨ ਮੰਤਰੀ ਰਹੇ ਸਨ। ਇਹ ਦੋਵੇਂ ਰਿਕਾਰਡ ਤੋੜਨੇ ਬਹੁਤ ਔਖੇ ਹਨ। ਪ੍ਰਧਾਨ ਮੰਤਰੀ ਦੇ ਅਹੁਦੇ ਤੇ 12 ਅਗਸਤ 2010 ਤਾਈਂ ਤੀਜੀ ਸਭ ਤੋਂ ਵੱਡੀ ਅਵਧੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸੀ। ਉਹ ਕੁੱਲ ਮਿਲਾ ਕੇ 2272 ਦਿਨ ਪ੍ਰਧਾਨ ਮੰਤਰੀ ਰਹੇ ਸਨ। ਲੇਕਿਨ 13 ਅਗਸਤ 2010 ਨੂੰ ਸ੍ਰੀ ਅਟਲ ਬਿਹਾਰੀ ਵਾਜਪਾਈ ਦਾ ਬਤੌਰ ਪ੍ਰਧਾਨ ਮੰਤਰੀ ਰਿਕਾਰਡ ਡਾ. ਮਨਮੋਹਨ ਸਿੰਘ ਨੇ ਤੋੜ ਦਿੱਤਾ ਹੈ। ਜਦੋਂ ਤਾਈਂ ਇਹ ਅਖਬਾਰ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ, ਉਸ ਵਕਤ ਤਾਈਂ ਡਾ. ਮਨਮੋਹਨ ਸਿੰਘ ਦੇ ਬਤੌਰ ਪ੍ਰਧਾਨ ਮੰਤਰੀ 2300 ਦਿਨ ਪੂਰੇ ਹੋ ਜਾਣਗੇ, ਜੋ ਬਤੌਰ ਪ੍ਰਧਾਨ ਮੰਤਰੀ ਤੀਜੀ ਸਭ ਤੋਂ ਵੱਡੀ ਮਿਆਦ ਹੈ। ਇਸ ਰਿਕਾਰਡ ਤੇ ਅਸੀਂ ਡਾ. ਮਨਮੋਹਨ ਸਿੰਘ ਨੂੰ ਲੱਖ-ਲੱਖ ਵਧਾਈਆਂ ਦੇ ਰਹੇ ਹਾਂ। ਇਸ ਪ੍ਰਾਪਤੀ ਤੇ ਹਰ ਭਾਰਤੀ ਨੂੰ ਆਮ ਤੌਰ 'ਤੇ ਅਤੇ ਹਰ ਸਿੱਖ ਨੂੰ ਖਾਸ ਤੌਰ 'ਤੇ ਮਾਣ ਹੈ।

ਅਸੀਂ ਜੋ ਪੱਛਮੀ ਦੇਸਾਂ ਵਿਚ ਵਸਦੇ ਹਾਂ, ਸਾਨੂੰ ਭਲੀ ਭਾਂਤ ਅਹਿਸਾਸ ਹੈ ਕਿ ਜਮਹੂਰੀਅਤਾਂ ਵਿਚ ਕੇਵਲ ਤੇ ਕੇਵਲ ਬਹੁਗਿਣਤੀ ਦੇ ਲੋਕ ਹੀ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣ ਸਕਦੇ ਹਨ। ਅਮਰੀਕਾ ਵਿਚ 12 ਫੀਸਦੀ ਲੋਕ ਸਿਆਹ ਨਸਲ ਦੇ ਅਤੇ ਕਰੀਬ 70 ਫੀਸਦੀ ਲੋਕ ਸਫੈਦ ਨਸਲ ਦੇ ਹਨ। ਇਸ ਕਰਕੇ 1776 ਤੋਂ ਲੈ ਕੇ ਹੁਣ ਤਾਈਂ ਤਕਰੀਬਨ ਸਾਰੇ ਦੇ ਸਾਰੇ ਹੀ ਰਾਸ਼ਟਰਪਤੀ ਸਫੈਦ ਨਸਲ ਦੇ ਹੋਏ ਹਨ। ਸਿਰਫ 2008 ਦੀ ਚੋਣ ਵਿਚ ਹੀ ਅਮਰੀਕਾ ਦੀ ਆਰਥਿਕ ਮੰਦਹਾਲੀ ਦੇ ਕਾਰਨ ਲੋਕਾਂ ਨੇ ਇਕ ਅਫਰੀਕਨ ਸਿਆਹ ਨਸਲ ਦੇ ਬਰਾਕ ਓਬਾਮਾ ਨੂੰ ਜਿਤਾ ਦਿੱਤਾ ਸੀ, ਲੇਕਿਨ ਹੁਣ ਸਫੈਦ ਨਸਲ ਉਸ ਦੇ ਖਿਲਾਫ ਹੈ।

ਬਰਤਾਨੀਆ ਦੇ ਇਤਿਹਾਸ ਵਿਚ ਕਦੀ ਵੀ ਕੋਈ ਗੈਰ ਈਸਾਈ ਅਤੇ ਗੈਰ ਬਰਤਾਨਵੀਂ ਨਸਲ ਦਾ ਪ੍ਰਧਾਨ ਮੰਤਰੀ ਨਹੀਂ ਬਣਿਆ। ਯੂਰਪ ਦੇ ਹੋਰ ਵੀ ਸਾਰੇ ਦੇਸ਼ਾਂ ਵਿਚ ਸਫੈਦ ਨਸਲ ਦੇ ਈਸਾਈ ਹੀ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਿਆ ਕਰਦੇ ਹਨ। ਕੈਨੇਡਾ ਵਿਚ ਵੀ ਸਫੈਦ ਨਸਲ ਦੇ ਈਸਾਈ ਦੀ ਬਜਾਏ ਕੋਈ ਹੋਰ ਪ੍ਰਧਾਨ ਮੰਤਰੀ ਨਹੀਂ ਬਣਿਆ। ਇਸਲਾਮਿਕ ਦੇਸ਼ਾਂ ਵਿਚ ਤਾਂ ਕਿਸੇ ਗੈਰ ਮੁਸਲਮਾਨ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨਾ ਸੰਭਵ ਹੀ ਨਹੀਂ।



ਭਾਰਤ ਦੇ ਸੰਵਿਧਾਨ ਅਤੇ ਭਾਰਤ ਦੀਆਂ ਲੋਕਤੰਤਰੀ ਰਵਾਇਤਾਂ ਨੂੰ ਅਸੀਂ ਪਰਣਾਮ ਕਰਦੇ ਹਾਂ ਕਿ ਹੁਣ ਤਾਈਂ ਅਸੀਂ ਕਈ ਮੁਸਲਮਾਨ ਰਾਸ਼ਟਰਪਤੀ ਚੁਣ ਚੁੱਕੇ ਹਾਂ ਅਤੇ ਇਕ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੇਖ ਚੁੱਕੇ ਹਾਂ। ਭਾਰਤ ਦੀ ਕੁੱਲ ਵਸੋਂ ਵਿਚ ਮੁਸਲਮਾਨਾਂ ਦਾ ਅਨੁਪਾਤ 15 ਫੀਸਦੀ ਹੈ ਅਤੇ ਸਿੱਖਾਂ ਦਾ ਅਨੁਪਾਤ 1.7 ਫੀਸਦੀ ਹੈ। ਐਨੀ ਛੋਟੀ ਵਸੋਂ ਵਿਚੋਂ ਇਕ ਸ਼ਖਸ ਦਾ ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਣਾ ਇਕ ਅਚੰਭਾ ਹੀ ਜਾਪਦਾ ਹੈ।

ਡਾ. ਮਨਮੋਹਨ ਸਿੰਘ ਦਾ ਜਨਮ ਪਾਕਿਸਤਾਨ ਦੇ ਹਿੱਸੇ ਆਏ ਪੰਜਾਬ ਦੇ ਜ਼ਿਲ੍ਹਾ ਜੇਹਲਮ ਦੀ ਧਰਤੀ 'ਤੇ ਵਸੇ ਇਕ ਛੋਟੇ ਜਿਹੇ ਪਿੰਡ ਗਾਹ ਵਿਚ ਹੋਇਆ। ਜ਼ਿਲ੍ਹਾ ਜੇਹਲਮ ਨੂੰ ਦਰਅਸਲ ਭਾਰਤ ਦੇ ਦੋ ਪ੍ਰਧਾਨ ਮੰਤਰੀ ਦੇਣ ਦਾ ਸ਼ਰਫ ਹਾਸਿਲ ਹੈ। ਜ਼ਿਲ੍ਹਾ ਜੇਹਲਮ ਵਿਚ ਪੈਦਾ ਹੋਏ ਪਹਿਲੇ ਪ੍ਰਧਾਨ ਮੰਤਰੀ ਡਾ. ਇੰਦਰ ਕੁਮਾਰ ਗੁਜਰਾਲ ਹਨ। ਡਾ. ਮਨਮੋਹਨ ਸਿੰਘ ਅਜੇ ਕੇਵਲ ਤੇਰਾਂ (13) ਵਰ੍ਹਿਆਂ ਦੇ ਹੀ ਸਨ ਕਿ ਦੇਸ਼ ਅਤੇ ਪੰਜਾਬ ਦਾ ਬਟਵਾਰਾ ਹੋ ਗਿਆ। ਲੁੱਟਿਆ-ਪੁੱਟਿਆ ਪਰਿਵਾਰ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਆਣ ਵਸਿਆ। ਸਕੂਲ ਦੀ ਪੜ੍ਹਾਈ ਅੰਮ੍ਰਿਤਸਰ ਵਿਚ ਮੁਕੰਮਲ ਕਰਕੇ ਡਾ. ਮਨਮੋਹਨ ਸਿੰਘ ਨੇ ਹੁਸ਼ਿਆਰਪੁਰ, ਚੰਡੀਗੜ੍ਹ ਅਤੇ ਔਕਸਫੋਰਡ ਤੋਂ ਉਚ ਵਿੱਦਿਆ ਪ੍ਰਾਪਤ ਕੀਤੀ ਅਤੇ ਪ੍ਰੋਫੈਸਰੀ ਤੋਂ ਇਲਾਵਾ ਸਰਕਾਰ ਵਿਚ ਸਰਵ ਉਚ ਅਹੁਦਿਆਂ 'ਤੇ ਸੇਵਾ ਕੀਤੀ। 1991 ਤੋਂ 1996 ਤੱਕ ਬਣੀ ਨਰਸਿਮ੍ਹਾ ਰਾਓ ਸਰਕਾਰ ਦੇ ਸਮੇਂ ਡਾ. ਮਨਮੋਹਨ ਸਿੰਘ ਖਜ਼ਾਨਾ ਮੰਤਰੀ ਰਹੇ।

ਮਈ, 2004 ਵਿਚ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੇ ਸਾਹਮਣੇ ਇਕ ਅਜੀਬ ਕਿਸਮ ਦੀ ਚੁਣੌਤੀ ਖੜ੍ਹੀ ਹੋ ਗਈ। ਉਨ੍ਹਾਂ ਦੁਆਰਾ ਬਣਾਏ ਗਠਬੰਧਨ ਯੂ ਪੀ ਏ ਨੇ ਸਾਰੀਆਂ ਕਿਆਸ ਅਰਾਈਆਂ ਦੇ ਪ੍ਰਤੀਕੂਲ ਭਾਰਤੀ ਜਨਤਾ ਪਾਰਟੀ ਦੇ ਗਠਬੰਧਨ ਐਨ ਡੀ ਏ ਨੂੰ ਪਾਰਲੀਮਾਨੀ ਚੋਣਾਂ ਵਿਚ ਹਰਾ ਕੇ ਸਫਲਤਾ ਪ੍ਰਾਪਤ ਕਰ ਲਈ। ਪਰ ਭਾਰਤੀ ਜਨਤਾ ਪਾਰਟੀ ਨੇ ਸ੍ਰੀਮਤੀ ਸੋਨੀਆ ਗਾਂਧੀ ਦੇ ਵਿਦੇਸ਼ੀ ਮੂਲ ਦਾ ਮਸਲਾ ਖੜਾ ਕਰ ਦਿੱਤਾ। ਇਸ ਚੁਣੌਤੀ ਦਾ ਸਾਹਮਣਾ ਕਰਕੇ ਕੜਵਾਹਟ ਪੈਦਾ ਕਰਨ ਦੀ ਬਜਾਏ, ਸ੍ਰੀਮਤੀ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਵਾਸਤੇ ਆਪਣੀ ਦਾਅਵੇਦਾਰੀ ਵਾਪਿਸ ਲੈਣ ਵਿਚ ਹੀ ਦੇਸ਼ ਅਤੇ ਆਪਣੀ ਬੇਹਤਰੀ ਸਮਝੀ। ਕਾਂਗਰਸ ਦੇ ਜਿੰਨੇ ਵੀ ਸੰਸਦ ਮੈਂਬਰ ਚੁਣੇ ਗਏ ਸਨ, ਉਨ੍ਹਾਂ ਵਿਚੋਂ ਡਾ. ਮਨਮੋਹਨ ਸਿੰਘ ਤੋਂ ਵਧ ਪੜ੍ਹਿਆ-ਲਿਖਿਆ, ਕਾਬਲ, ਕੁਸ਼ਲ ਅਤੇ ਈਮਾਨਦਾਰ ਕੋਈ ਵੀ ਨਹੀਂ ਸੀ। ਇਸ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਵਾਸਤੇ ਸ੍ਰੀਮਤੀ ਸੋਨੀਆਂ ਗਾਂਧੀ ਨੇ ਬੇਝਿਜਕ ਹੋ ਕੇ ਡਾ. ਮਨਮੋਹਨ ਸਿੰਘ ਦਾ ਨਾਮ ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਨੂੰ ਭੇਜ ਦਿੱਤਾ, ਜੋ ਮਨਜ਼ੂਰ ਕਰ ਲਿਆ ਗਿਆ।

ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਨੇ ਆਪਣਾ ਧਿਆਨ ਮੁਲਕ ਦੀ ਵਿਕਾਸ ਦਰ ਨੂੰ ਇਕ ਉਚੇ ਪੱਧਰ ਤੇ ਬਣਾਈ ਰੱਖਣਾ ਅਤੇ ਉਸ ਨੂੰ ਹੋਰ ਵਧਾਉਣ ਤੇ ਕੇਂਦਰਤ ਕੀਤਾ। ਹੁਣ ਤਾਈਂ ਡਾ. ਮਨਮੋਹਨ ਸਿੰਘ ਲਾਲ ਕਿਲ੍ਹੇ ਤੋਂ ਸੱਤ ਵਾਰੀ ਭਾਰਤੀ ਰਾਸ਼ਟਰੀ ਝੰਡਾ ਲਹਿਰਾ ਚੁੱਕੇ ਹਨ। ਇਹ ਸ਼ਰਫ਼ ਸ੍ਰੀ ਅਟਲ ਬਿਹਾਰੀ ਵਾਜਪਾਈ ਨੂੰ ਛੇ ਵਾਰੀ ਪ੍ਰਾਪਤ ਹੋਇਆ ਸੀ। ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਨਰਸਿਮ੍ਹਾ ਰਾਓ ਇਹ ਮਾਣ ਪੰਜ-ਪੰਜ ਵਾਰੀ ਪ੍ਰਾਪਤ ਕਰ ਚੁੱਕੇ ਹਨ। ਹਰ ਵਾਰੀ ਡਾ. ਮਨਮੋਹਨ ਸਿੰਘ ਦਾ ਲਾਲ ਕਿਲ੍ਹੇ ਤੋਂ ਭਾਰਤੀ ਕੌਮ ਦੇ ਨਾਂ ਸੰਦੇਸ਼ ਬੜਾ ਹੀ ਮੁਦੱਬਰਨਾ, ਸੰਤੁਲਿਤ, ਡਰਾਮੇਬਾਜ਼ੀ ਤੋਂ ਰਹਿਤ ਅਤੇ ਤੱਤਾਂ ਨਾਲ ਭਰਪੂਰ ਹੋਇਆ ਕਰਦਾ ਹੈ। ਰਾਸ਼ਟਰ ਹਰ ਵਾਰੀ ਉਨ੍ਹਾਂ ਦੇ ਲਾਲ ਕਿਲ੍ਹੇ ਤੋਂ ਦਿੱਤੇ ਜਾਂਦੇ ਭਾਸ਼ਨ ਦਾ ਬੇਸਬਰੀ ਨਾਲ ਇੰਤਜ਼ਾਰ ਕਰਦਾ ਹੈ।

ਡਾ. ਮਨਮੋਹਨ ਸਿੰਘ ਦੇ ਬਤੌਰ ਪ੍ਰਧਾਨ ਮੰਤਰੀ ਕਾਰਜਕਾਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਨਾਲ ਸੰਬੰਧਾਂ ਵਿਚ ਬੜੇ ਸਬਰ ਅਤੇ ਤਹਮਲ ਤੋਂ ਕੰਮ ਲਿਆ ਹੈ। ਪਾਕਿਸਤਾਨ ਸਾਡਾ ਇਕ ਅਜਿਹਾ ਹਮਸਾਇਆ ਹੈ, ਜੋ ਇਸ਼ਤਿਆਲ (ਲੜਾਈ) ਕਰਨ ਤੋਂ ਕਦੀ ਵੀ ਗੁਰੇਜ਼ ਨਹੀਂ ਕਰਦਾ, ਉਸ ਨਾਲ ਜਦੋਂ ਚਾਹੋ ਸਿੰਗ ਫਸਾ ਲਓ। ਲੇਕਿਨ ਡਾ. ਮਨਮੋਹਨ ਸਿੰਘ ਸਮਝਦੇ ਹਨ ਕਿ ਪਾਕਿਸਤਾਨ ਨਾਲ ਲੜਾਈ ਵਿਚ ਪਾਕਿਸਤਾਨ ਦਾ ਵਧੇਰੇ ਨੁਕਸਾਨ ਹੈ ਅਤੇ ਭਾਰਤ ਦਾ ਵੀ ਨੁਕਸਾਨ ਕਾਫੀ ਹੋ ਸਕਦਾ ਹੈ। ਚੀਨ ਨਾਲ ਵੀ ਡਾ. ਮਨਮੋਹਨ ਸਿੰਘ ਬੜੀ ਸੰਜੀਦਗੀ ਨਾਲ ਚਲ ਰਹੇ ਹਨ। ਗੁਰੂ ਉਨ੍ਹਾਂ ਉਪਰ ਮਿਹਰ ਕਰੇ, ਉਨ੍ਹਾਂ ਨੂੰ ਲੰਮੀ ਉਮਰ ਬਖਸ਼ੇ ਤਾਂ ਕਿ ਉਹ ਦੇਸ਼ ਦੀ ਹੋਰ ਵੀ ਸੇਵਾ ਕਰ ਸਕਣ।

## ਪ੍ਰਮਾਣੂ ਜਵਾਬਦੇਹੀ ਬਿੱਲ ਲਟਕਿਆ-ਸਮਾਂ ਮੰਗਿਆ

**ਨਵੀਂ ਦਿੱਲੀ:** ਵਿਵਾਦਗ੍ਰਸਤ ਪ੍ਰਮਾਣੂ ਜਵਾਬਦੇਹੀ ਬਿੱਲ ਬਾਰੇ ਪਾਰਲੀਮਾਨੀ ਪੈਨਲ ਵਿਚ ਸਹਿਮਤੀ ਨਾ ਬਣਨ ਕਾਰਨ ਇਸ ਨੂੰ ਪੇਸ਼ ਕਰਨ 'ਚ ਹੋਰ ਦੇਰੀ ਦੀ ਸੰਭਾਵਨਾ ਵਧ ਗਈ ਹੈ। ਜ਼ਿਕਰਯੋਗ ਹੈ ਕਿ ਸਾਇੰਸ ਅਤੇ ਤਕਨਾਲੋਜੀ ਬਾਰੇ ਪਾਰਲੀਮਾਨੀ ਸਟੈਂਡਿੰਗ ਕਮੇਟੀ ਨੇ ਬੀਤੀ 12 ਅਗਸਤ ਨੂੰ ਆਪਣੀ ਰਿਪੋਰਟ ਸੰਸਦ ਵਿਚ ਪੇਸ਼ ਕਰਨੀ ਸੀ, ਪਰ ਪ੍ਰਮਾਣੂ ਨੁਕਸਾਨ ਬਿਲ 2010 ਲਈ ਦੇਣਦਾਰੀ ਬਾਰੇ ਮੈਂਬਰਾਂ 'ਚ ਆਪਸੀ ਮੱਤਭੇਦ ਦੂਰ ਨਾ ਹੋਣ ਕਾਰਨ ਸਟੈਂਡਿੰਗ ਕਮੇਟੀ ਨੇ ਮਾਮਲਾ ਇਕ ਹਫਤੇ ਲਈ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ।

ਭਾਜਪਾ ਨੇ ਬਿੱਲ ਦਾ ਸਾਰਾ ਖਰੜਾ ਨਵੇਂ ਸਿਰੇ ਤੋਂ ਤਿਆਰ ਕਰਨ ਦੀ ਮੰਗ ਕੀਤੀ ਹੈ ਅਤੇ ਪ੍ਰਮਾਣੂ ਹਾਦਸੇ ਦੀ ਸੂਰਤ ਵਿਚ ਅਦਾ ਕੀਤੇ ਜਾਣ ਵਾਲੇ ਮੁਆਵਜ਼ੇ 'ਤੇ ਰੋਕ ਸਮੇਤ ਸਾਰੀਆਂ ਅਹਿਮ ਵਿਵਸਥਾਵਾਂ 'ਤੇ ਸੁਆਲ ਕੀਤੇ ਹਨ। ਪਾਰਟੀ ਨੇ ਮੰਗ ਕੀਤੀ ਹੈ ਕਿ ਪ੍ਰਮਾਣੂ ਹਾਦਸੇ ਦੀ ਸੂਰਤ ਵਿਚ ਨੁਕਸ ਰਹਿਤ ਮੁਆਵਜ਼ਾ ਪ੍ਰਸ਼ਾਸਨ ਤਿਆਰ ਕੀਤਾ ਜਾਵੇ ਅਤੇ ਇਸ ਬਾਰੇ ਫੈਸਲਾ ਕਲੇਮ ਕਮਿਸ਼ਨਰ ਵਲੋਂ ਕੀਤਾ ਜਾਵੇ। ਪਾਰਟੀ ਦਾ ਕਹਿਣਾ ਹੈ ਕਿ ਪ੍ਰਮਾਣੂ ਹਾਦਸੇ ਦੀ ਸੂਰਤ ਵਿਚ ਸਾਰੇ ਮੁਆਵਜ਼ੇ ਲਈ ਸੰਬੰਧਿਤ ਕੰਪਨੀ ਨੂੰ ਜ਼ਿੰਮੇਵਾਰ ਬਣਾਇਆ ਜਾਵੇ। ਭਾਜਪਾ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ, ਅਰੁਣ ਜੇਤਲੀ, ਯਸ਼ਵੰਤ ਸਿਨਹਾ, ਜਸਵੰਤ ਸਿੰਘ, ਮੁਰਲੀ, ਮਨੋਹਰ ਜੋਸ਼ੀ ਨੇ ਲੋਕ ਸਭਾ ਦੇ ਆਗੂ ਪ੍ਰਣਾਬ ਮੁਖਰਜੀ ਨਾਲ ਮੀਟਿੰਗ ਦੌਰਾਨ ਆਪਣੀਆਂ ਮੰਗਾਂ ਉਨ੍ਹਾਂ ਸਾਹਮਣੇ ਰੱਖੀਆਂ। ਜ਼ਿਕਰਯੋਗ ਹੈ ਕਿ ਲੋਕ ਸਭਾ 'ਚ 7 ਮਈ ਨੂੰ ਬਿੱਲ ਪੇਸ਼ ਕੀਤੇ ਜਾਣ ਮਗਰੋਂ ਇਸ ਮੁੱਦੇ 'ਤੇ ਇਹ ਪਹਿਲੀ ਸਿਆਸੀ ਗੱਲਬਾਤ ਹੈ।

ਪਾਰਲੀਮੈਂਟ ਕਮੇਟੀ ਦੇ ਚੇਅਰਮੈਨ ਟੀ ਸੁਬੀਗਮੀ ਰੈਡੀ ਨੇ ਮੰਤਰੀ ਨੂੰ ਬਿੱਲ ਦੀ ਪ੍ਰਗਤੀ ਬਾਰੇ ਜਾਣੂ ਕਰਵਾਇਆ ਹੈ ।

## ਉਘੇ ਸਿੱਖ ਵਿਦਵਾਨ ਡਾ. ਸ਼ਾਨ ਅਮਰੀਕਾ ਦੌਰੇ 'ਤੇ

ਸ਼ਿਕਾਗੋ: ਉਘੇ ਸਿੱਖ ਵਿਦਵਾਨ, ਕਈ ਪੁਸਤਕਾਂ ਦੇ ਲੇਖਕ ਅਤੇ ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਅਤੇ ਰਿਟਾਇਰਡ ਪ੍ਰੋਫੈਸਰ ਡਾ. ਹਰਨਾਮ ਸਿੰਘ ਸ਼ਾਨ ਇਨੀ ਦਿਨੀਂ ਅਮਰੀਕਾ ਦੌਰੇ ਤੇ ਹਨ। ਉਹ ਰਾਚੈਸਟਰ, ਮਿਸ਼ੀਗਨ ਰਹਿੰਦੀ ਆਪਣੀ ਬੇਟੀ ਪਾਸ ਆਏ ਹੋਏ ਹਨ। 87 ਵਰ੍ਹਿਆਂ ਦੀ ਉਮਰ ਨੂੰ ਢੁਕੇ ਡਾ. ਸ਼ਾਨ 1966 ਤੋਂ ਅਮਰੀਕਾ ਆ ਰਹੇ ਹਨ।

ਡਾ. ਸ਼ਾਨ ਨੂੰ ਹਾਲ ਹੀ ਵਿਚ ਫਤਿਹਗੜ੍ਹ ਸਾਹਿਬ ਵਿਚ ਬਾਬਾ ਬੰਦਾ ਬਹਾਦਰ ਦੀ ਸਰਹੰਦ ਫਤਿਹ ਦੇ 300 ਸਾਲਾ ਸਮਾਗਮ ਦੌਰਾਨ ਪੰਜਾਬ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ 51000 ਰੁਪਏ ਦੇ ਨਕਦ ਇਨਾਮ ਅਤੇ ਸਨਮਾਨ ਪੱਤਰ ਨਾਲ ਸਨਮਾਨਿਆ ਗਿਆ ਸੀ। ਡਾ. ਸ਼ਾਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋ ਸੱਸੀ-ਹਾਸ਼ਮ ਉਤੇ ਪੀ ਐਚ ਡੀ ਕਰਨ ਉਪਰੰਤ ਯੂਨੀਵਰਸਿਟੀ ਆਫ ਲੰਡਨ ਤੋਂ ਡੀ ਲਿਟ ਦੀ ਡਿਗਰੀ ਹਾਸਲ ਕੀਤੀ ਅਤੇ ਹੁਣ ਤਕ 87 ਪੁਸਤਕਾਂ ਤੋਂ ਇਲਾਵਾ 234 ਖੋਜ ਪੱਤਰ ਲਿਖ ਚੁਕੇ ਹਨ।

ਡਾ. ਸ਼ਾਨ ਦੀ ਇੱਛਾ ਹੈ ਕਿ ਇਸ ਵਾਰ ਦੀ ਅਮਰੀਕਾ ਫੇਰੀ ਦੌਰਾਨ ਉਹ ਆਪਣੇ ਦੋਸਤਾਂ ਅਤੇ ਵਿਦਿਆਰਥੀਆਂ ਨਾਲ ਨਿਜੀ ਤੌਰ ਤੇ ਜਾਂ ਫੋਨ ਰਾਹੀਂ ਮੁਲਾਕਾਤ ਕਰ ਸਕਣ। ਡਾ. ਸ਼ਾਨ ਨਾਲ ਸੰਪਰਕ ਫੋਨ 248-453-5818 ਜਾਂ 248-563-3711 ਤੇ ਕੀਤਾ ਜਾ ਸਕਦਾ ਹੈ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# 'ਪੀਪਲੀ ਲਾਈਵ' ਕੈਸੀ ਔਰ ਕੈਸੇ ਬਾਤ ਕਹੀ ਹੈ

ਪ੍ਰੋ. ਕੁਲਵੰਤ ਸਿੰਘ ਰੋਮਾਣਾ



ਪ੍ਰੋ. ਰੋਮਾਣਾ

ਅੱਜ ਕੱਲ੍ਹ ਥਿਏਟਰ ਨਾਲ ਜੁੜੇ ਹੋਏ ਭਾਰਤੀ ਬੁੱਧੀਜੀਵੀਆਂ ਅਤੇ ਖੱਬੇਪੱਖੀ ਧਿਰਾਂ ਨਾਲ ਸੰਬੰਧਤ ਲੋਕਾਂ 'ਚ ਇਕ ਹਿੰਦੀ ਫ਼ਿਲਮ 'ਪੀਪਲੀ ਲਾਈਵ' ਦੀ ਬੜੀ ਚਰਚਾ ਹੈ। ਇਸ ਫ਼ਿਲਮ ਦਾ ਮੁੱਖ ਵਿਸ਼ਾ ਭਾਰਤ ਵਿਚ ਵਾਪਰ ਰਹੇ ਕਿਸਾਨਾਂ ਵਲੋਂ ਖ਼ੁਦਕੁਸ਼ੀ ਦੇ ਦੁਖਾਂਤ ਨਾਲ ਸੰਬੰਧਤ ਹੈ। ਇਸ ਭਿਆਨਕ ਰੁਝਾਨ ਨੂੰ ਰੋਕਣ ਲਈ ਸਰਕਾਰਾਂ ਫੋਕੇ ਬਿਆਨ ਦੇਣ ਤੋਂ ਬਿਨਾਂ ਕੁਝ ਵੀ ਨਹੀਂ ਕਰਦੀਆਂ, ਜਿਸ ਕਰਕੇ ਇਹ ਭੈੜ ਘਟਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਭਾਰਤ ਦੇ ਕੌਮੀ ਅੰਕੜਿਆਂ ਅਨੁਸਾਰ 1997 ਤੋਂ ਲੈ ਕੇ 2007 ਤੱਕ ਸਾਰੇ ਭਾਰਤ ਵਿਚ ਕੁੱਲ 1,82,000 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ ਅਤੇ 2008 ਤੋਂ 2010 ਤੱਕ ਦਾ ਤਾਂ ਅਸੀਂ ਸੌਖ ਨਾਲ ਹੀ ਅੰਦਾਜ਼ਾ ਲਾ ਸਕਦੇ ਹਾਂ। ਇਸ ਦਾ ਅਰਥ ਇਹ ਵੀ ਹੈ ਕਿ ਸਨਅਤੀ ਆਰਥਿਕਤਾ ਨੂੰ ਉਤਸ਼ਾਹਿਤ ਕਰਨ ਦੀ ਸਰਕਾਰੀ ਨੀਤੀ ਨੇ ਦੇਸ਼ ਦੇ ਖੇਤੀ ਖੇਤਰ ਦੀ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ ਹੈ।

ਇਸ ਸਮੀਖਿਆ ਦੇ ਛਪਣ ਤੱਕ ਇਸ ਫ਼ਿਲਮ ਨੂੰ 600 ਭਾਰਤੀ ਅਤੇ 100 ਵਿਦੇਸ਼ੀ ਸਿਨੇਮਿਆਂ 'ਚ ਲੱਗੀ ਨੂੰ 6 ਦਿਨ ਹੋ ਗਏ ਹੋਣਗੇ। ਪਹਿਲੇ ਹੀ ਦਿਨ 700 ਥਾਂਵਾਂ 'ਤੇ ਕਿਸੇ ਹਿੰਦੀ ਫ਼ਿਲਮ ਦੇ ਸ਼ੁਰੂ ਹੋਣ ਦਾ ਇਹ ਪਹਿਲਾ ਰਿਕਾਰਡ ਹੈ। ਇਸ ਫ਼ਿਲਮ 'ਤੇ ਕੁੱਲ 10 ਕਰੋੜ ਰੁਪਏ ਖਰਚ ਆਏ ਹਨ ਸਮੇਤ ਮਾਰਕੀਟਿੰਗ ਖਰਚੇ ਦੇ ਅਤੇ ਇਸ ਨੂੰ 10 ਕਰੋੜ ਰੁਪਏ ਤਾਂ ਇਸ ਦੇ ਸੈਟੇਲਾਈਟ ਕੰਟਰੈਕਟ ਵੇਚ ਕੇ ਹੀ ਮਿਲ ਗਏ ਹਨ। ਇਸ ਤੋਂ ਪਤਾ ਲਗਦਾ ਹੈ ਕਿ ਫ਼ਿਲਮੀ ਵਪਾਰੀਆਂ ਨੂੰ ਇਸਦੇ ਚੱਲਣ ਦੀ ਕਿੰਨੀ ਕੁ ਉਮੀਦ ਹੈ। ਇੰਗਲੈਂਡ ਵਿਚ ਇਸ ਫ਼ਿਲਮ ਦੇ ਨਿਰਮਾਤਾ ਆਮਿਰ ਖ਼ਾਨ ਉਥੋਂ ਦੀ ਮਸ਼ਹੂਰ ਥੀਏਟਰ ਕੰਪਨੀ 'ਆਰਟੀਫਿਸ਼ੀਅਲ ਆਈ' ਦੀ ਭਾਗੀਦਾਰੀ ਨਾਲ ਇਸ ਫ਼ਿਲਮ ਨੂੰ ਲਾਂਚ ਕਰਨਗੇ। ਇਹ ਕੰਪਨੀ ਇੰਗਲੈਂਡ ਵਿਚ ਖ਼ੁਦ ਇਕ ਬਹੁਤ ਵੱਡੀ ਥੀਏਟਰ ਲੜੀ ਦੀ ਮਾਲਕ ਹੈ ਤੇ ਕਿਸੇ ਹਿੰਦੀ ਫ਼ਿਲਮ ਨੂੰ ਇੰਗਲੈਂਡ ਵਿਚ ਲਾਂਚ ਕਰਨ ਦਾ ਇਸ ਦਾ ਇਹ ਪਹਿਲਾ ਤਜ਼ਰਬਾ ਹੈ।

ਬੇਸ਼ੁਮਾਰ ਕਲਾਕਾਰਾਂ ਨਾਲ ਭਰੀ ਇਸ ਫ਼ਿਲਮ ਦੇ ਸਸਤੀ ਤੇ ਵਧੀਆ ਬਣਨ ਦੇ ਕਾਰਨ ਹਨ ਇਸਦੀ ਨਿਰਦੇਸ਼ਿਕਾ, ਕਲਾਕਾਰ ਤੇ ਲੋਕੇਸ਼ਨ। ਬਹੁਤਾ ਹਿੱਸਾ ਮੱਧ ਪ੍ਰਦੇਸ਼ ਦੇ ਭਦਵਈ ਨਾਂ ਦੇ ਪਿੰਡ 'ਚ ਫਿਲਮਾਇਆ ਗਿਆ ਹੈ। ਸਾਰੇ ਐਕਟਰ ਥੀਏਟਰ ਨਾਲ ਸੰਬੰਧਤ ਹਨ ਜਿਨ੍ਹਾਂ ਵਿਚੋਂ ਬਹੁਤੇ ਤਾਂ ਸਵਰਗੀ ਹਬੀਬ ਤਨਵੀਰ ਦੇ ਗਰੁਪ 'ਨਯਾ ਥੀਏਟਰ' ਦੇ ਹਨ। ਮੁੱਖ ਪਾਤਰ ਨਾਥੇ ਦਾ ਰੋਲ ਓਮ ਦਾਸ ਮਾਨਕਪੁਰੀ ਨੇ ਕੀਤਾ ਹੈ ਜੋ ਹਬੀਬ ਤਨਵੀਰ ਦਾ ਡਾਇਰੈਕਟਰਾਂ ਵਰਗਾ ਐਕਟਰ ਹੈ। ਖੇਤੀ ਮੰਤਰੀ ਦੇ ਰੋਲ 'ਚ ਨਸੀਰੂਦੀਨ ਸ਼ਾਹ ਹੈ, ਜੋ ਫ਼ਿਲਮਾਂ ਨਾਲੋਂ ਥੀਏਟਰ ਵੱਧ ਕਰਦਾ ਹੈ। ਤੀਜਾ ਹੈ ਬੁਧੀਏ ਦੇ ਰੋਲ 'ਚ ਰਘਵੀਰ ਯਾਦਵ। ਭਦਵਈ ਪਿੰਡ ਦੇ ਕਿੰਨੇ ਹੀ ਕਬਾਇਲੀਆਂ ਨੇ ਇਸ ਫ਼ਿਲਮ 'ਚ ਕੰਮ ਕੀਤਾ ਹੈ। ਮੁੱਖ ਪੱਖ ਹੈ ਬਹੁਤ ਹੀ ਜ਼ਹੀਨ ਪੱਤਰਕਾਰ ਤੋਂ ਫ਼ਿਲਮ ਨਿਰਦੇਸ਼ਕ ਬਣੀ ਅਨੂਸ਼ਾ ਰਿਜ਼ਵੀ, ਜਿਸ ਨੇ ਇਸ ਫ਼ਿਲਮ ਦੀ ਕਹਾਣੀ ਵੀ ਲਿਖੀ ਹੈ। ਉਸ ਨੇ ਆਪਣੇ ਪੱਤਰਕਾਰੀ ਦੇ ਤਜਰਬੇ ਤੇ ਸਮਝ ਨਾਲ ਇਸ ਫ਼ਿਲਮ ਨੂੰ ਕਮਰਸ਼ੀਅਲ ਨਾ ਹੋਣ ਦੇ ਬਾਵਜੂਦ ਵੀ ਰੌਚਕ ਬਣਾ ਦਿੱਤਾ ਹੈ।

ਫ਼ਿਲਮ ਦੀ ਕਹਾਣੀ ਭਾਰਤ ਦੇ ਇਕ ਪਿੰਡ 'ਪੀਪਲੀ' (ਪੰਜਾਬੀ ਵਿਚ ਪਿਪਲੀ) 'ਚ ਵਾਪਰਦੀ ਹੈ। ਨਿਰਦੇਸ਼ਕਾ ਨੇ ਇਹ ਨਾਂ ਇਸ ਲਈ ਚੁਣਿਆ ਹੈ ਕਿ ਇਸ ਨਾਂ ਦੇ ਪਿੰਡ ਭਾਰਤ ਦੇ ਸਾਰੇ ਸੂਬਿਆਂ ਵਿਚ ਹਨ। 'ਪੀਪਲੀ' ਨਾਂ ਦੇ ਦੋ ਪਿੰਡ ਤਾਂ ਹਰਿਆਣੇ ਵਿਚ ਹੀ ਹਨ। ਫ਼ਿਲਮ ਦੋ ਗਰੀਬ ਕਿਸਾਨ ਭਰਾਵਾਂ ਦੀ ਕਹਾਣੀ ਹੈ, ਵੱਡਾ ਬੁਧੀਆ ਤੇ ਛੋਟਾ ਨਾਥਾ। ਘਰ ਵਿਚ ਨਾਥੇ ਦੀ ਪਤਨੀ, ਬੱਚੇ ਅਤੇ ਬਿਮਾਰ, ਬੁੱਢੀ ਮਾਂ ਵੀ ਹੈ। ਉਨ੍ਹਾਂ ਸਿਰ ਬੈਂਕ ਦਾ ਕਰਜ਼ਾ ਹੈ, ਜੋ ਨਾ ਦਿੱਤੇ ਜਾ ਸਕਣ ਕਾਰਨ ਬੈਂਕ ਸਾਰੀ ਜ਼ਮੀਨ ਜ਼ਬਤ ਕਰ ਲੈਂਦਾ ਹੈ। ਅੰਤਾਂ ਦੀ ਗਰੀਬੀ ਤੇ ਲਾਚਾਰੀ ਹੈ। ਇਕ ਦਿਨ ਦੋਵੇਂ ਭਰਾ ਸੋਚਦੇ ਹਨ ਕਿ ਸਰਕਾਰ ਹਰ ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਇਕ ਲੱਖ ਰੁਪਿਆ ਦਿੰਦੀ ਹੈ, ਕਿਉਂ ਨਾ ਇਸ ਸਰਕਾਰੀ ਯੋਜਨਾ ਦਾ ਫਾਇਦਾ ਉਠਾਇਆ ਜਾਵੇ। ਫੈਸਲਾ ਹੁੰਦਾ ਹੈ ਕਿ ਛੋਟਾ ਨਾਥਾ ਖ਼ੁਦਕੁਸ਼ੀ ਕਰੇਗਾ ਤੇ ਸਾਰੇ ਪਰਿਵਾਰ ਨੂੰ ਕੁਝ ਸਹਾਰਾ ਮਿਲ ਜਾਵੇਗਾ। ਪਰ ਉਨ੍ਹਾਂ ਦੀ ਇਸ ਸੋਚ ਦੀ ਭਿਣਕ ਇਕ ਪੱਤਰਕਾਰ ਨੂੰ ਪੈ ਜਾਂਦੀ ਹੈ ਜੋ ਨਾਥੇ ਤੇ ਬੁਧੀਏ ਦੀ ਸਕੀਮ ਨੂੰ ਇਕ ਸਨਸਨੀਖੇਜ਼ ਖ਼ਬਰ ਬਣਾ ਕੇ ਫਲੈਸ਼ ਕਰ ਦਿੰਦਾ ਹੈ। ਬਸ ਇੱਥੋਂ ਸ਼ੁਰੂ ਹੁੰਦੇ ਹਨ ਫ਼ਿਲਮ ਦੀ ਰੌਚਕਤਾ, ਐਕਸ਼ਨ ਤੇ ਵਿਅੰਗ ਦਾ ਡੰਗ।

ਖ਼ਬਰ ਦੇ ਫਲੈਸ਼ ਹੁੰਦਿਆਂ ਹੀ ਟੀ. ਵੀ. ਚੈਨਲਾਂ 'ਚ ਭਗਦੜ ਮਚ ਜਾਂਦੀ ਹੈ। ਕੋਈ 35 ਚੈਨਲਾਂ ਦੇ ਕੈਮਰਾਮੈਨ, ਪੱਤਰਕਾਰ ਤੇ ਐਂਕਰ ਇਸ ਪਿੰਡ ਵਲ ਵਹੀਰਾਂ ਘੱਤ ਦਿੰਦੇ ਹਨ। ਸੈਟੇਲਾਈਟ ਕੈਮਰਿਆਂ ਨਾਲ ਐਂਕਰ ਸਾਰੇ ਭਾਰਤ ਵਿਚ ਬੁਧੀਏ ਤੇ ਨਾਥੇ ਦੇ ਟੁੱਟੇ-ਫੁੱਟੇ ਬੱਕਰੀਆਂ ਵਾਲੇ ਘਰ ਤੋਂ ਲਾਈਵ ਪ੍ਰਸਾਰਨ ਕਰ ਰਹੇ ਹਨ। ਇਸੇ ਲਈ ਫ਼ਿਲਮ ਦਾ ਨਾਂ 'ਪੀਪਲੀ ਲਾਈਵ' ਹੈ। ਪੀਪਲੀ ਸੀਟ ਤੋਂ ਇਲੈਕਸ਼ਨ ਵੀ ਹੋਣ ਵਾਲਾ ਹੈ। ਕੇਂਦਰੀ, ਸੂਬਾਈ ਅਤੇ ਲੋਕਲ ਸਿਆਸੀ ਲੀਡਰ ਵੀ ਪੀਪਲੀ 'ਤੇ ਧਾਵਾ ਬੋਲ ਦਿੰਦੇ ਹਨ। ਨਾਥੇ ਤੇ ਬੁਧੀਏ ਦੇ ਘਰ ਵਿਚ ਚਿੱਟੀਆਂ ਵਰਦੀਆਂ, ਚਿੱਟੀਆਂ ਕਾਰਾਂ ਵਾਲੇ ਨੌਸਰਬਾਜ਼ ਵੀ ਆਣ ਪਹੁੰਚਦੇ ਹਨ ਤੇ ਇਕ ਘੜਮੱਸ ਜਿਹਾ ਮਚ ਜਾਂਦਾ ਹੈ। ਸਿਆਸੀ ਆਗੂ ਨਾਥੇ ਦੀ ਖ਼ੁਦਕੁਸ਼ੀ 'ਚੋਂ ਆਪਣੇ ਵੋਟ ਬਕਸੇ ਭਰ ਕੇ ਲੈ ਜਾਣਾ ਚਾਹੁੰਦੇ ਹਨ ਤੇ ਬਿਜਲਈ ਮੀਡੀਆ ਵਾਲੇ ਆਪਣੇ-ਆਪਣੇ ਚੈਨਲ ਲਈ ਹਰਮਨ-ਪਿਆਰਤਾ ਅਤੇ ਕਮਰਸ਼ੀਅਲ ਮਸ਼ਹੂਰੀਆਂ ਦੇ ਗੱਡੇ ਲੱਦ ਕੇ ਲੈ ਜਾਣ ਲਈ ਕਾਹਲੇ ਹਨ।

ਪਾਟੇ-ਮੈਲੇ ਕੱਪੜਿਆਂ, ਮੈਲ ਨਾਲ ਸਿਰ ਦੇ ਜੁੜੇ ਜੁੰਡਿਆਂ ਵਾਲੇ ਤੇ ਮੇਮਣਾ ਚੁੱਕੀ ਖੜ੍ਹੇ ਨਾਥੇ ਨੂੰ ਇਕ ਐਂਕਰ ਪੁੱਛਦੀ ਹੈ, 'ਆਪ ਖ਼ੁਦਕੁਸ਼ੀ ਕਿਉਂ ਕਰਨਾ ਚਾਹਤੇ ਹੈਂ?' ਦੂਜੀ ਪੁੱਛਦੀ ਹੈ, 'ਯੇ ਆਪ ਕੇ ਅਪਨੇ ਹੀ ਦਿਮਾਗ਼ ਕੀ ਸੋਚ ਹੈ ਯਾ ਆਪਕੋ ਕਿਸੀ ਨੇ ਉਕਸਾਇਆ ਹੈ?' ਤੀਜੀ ਪੁੱਛਦੀ ਹੈ, 'ਖ਼ੁਦਕੁਸ਼ੀ ਕੇ ਪੀਛੇ ਆਪ ਕਾ ਮਕਸਦ ਕਯਾ ਹੈ?'

ਉਧਰੋਂ ਨੇਤਾ ਲੋਕ ਇਕ-ਦੂਜੇ ਤੋਂ ਅੱਗੇ ਹੋ-ਹੋ ਕੇ ਨਾਥੇ ਤੇ ਬੁਧੀਏ ਨਾਲ ਫੋਟੋਆਂ ਖਿਚਵਾਉਣ ਦੀ ਕੋਸ਼ਿਸ਼ ਕਰਦੇ ਹਨ। ਐਂਕਰ ਉਨ੍ਹਾਂ ਨੂੰ ਪਿਛਾਂਹ ਕਰਕੇ ਕੈਮਰਾ ਨਾਥੇ ਤੇ ਬੁਧੀਏ 'ਤੇ ਫੋਕਸ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੋ ਨੇਤਾ ਤਾਂ ਆਪਸ ਵਿਚ ਲੜ ਹੀ ਪੈਂਦੇ ਹਨ। ਇਕ ਸੋਚਦਾ ਹੈ ਕਿ ਉਸਦੀ ਪਾਰਟੀ ਨੂੰ ਨਾਥੇ ਦੀ ਖ਼ੁਦਕੁਸ਼ੀ 'ਚ ਫਾਇਦਾ ਹੈ, ਦੂਜੇ ਨੂੰ ਲਗਦਾ ਹੈ ਕਿ ਉਸਦੀ ਪਾਰਟੀ ਨੂੰ ਨਾਥੇ ਦੇ ਖ਼ੁਦਕੁਸ਼ੀ ਨਾ ਕਰਨ 'ਚ ਲਾਭ ਹੈ। ਦੋਵੇਂ ਨਾਥੇ ਤੇ ਬੁਧੀਏ ਨੂੰ ਧਮਕੀਆਂ ਵਰਗੇ ਸੁਝਾਅ ਦਿੰਦੇ ਹਨ। ਫਿਰ ਇਕ ਉਸਨੂੰ ਲਾਲਚ ਵਜੋਂ ਛੋਟਾ ਡੰਡੀ ਵਾਲਾ ਹੈਂਡ ਪੰਪ ਗਿਫਟ ਵਜੋਂ ਦੇ ਜਾਂਦਾ ਹੈ ਜਿਹੜਾ ਸਿਆਸੀ ਲੀਡਰਾਂ ਵਾਂਗ ਸ਼ੋਰ ਜ਼ਿਆਦਾ ਕਰਦਾ ਹੈ ਪਰ ਪਾਣੀ ਘੱਟ ਕੱਢਦਾ ਹੈ ਪਰ ਨਾਥੇ ਕੋਲ ਇਹ ਨਲਕਾ ਲਗਾਉਣ ਲਈ ਪੈਸੇ ਹੀ ਨਹੀਂ ਹਨ। ਸੋ ਇਹ ਉਹਦੇ ਵਿਹੜੇ 'ਚ ਪਿਆ-ਪਿਆ ਬੱਚਿਆਂ ਲਈ ਖੇਡ ਦਾ ਕੰਮ ਦੇਣ ਲੱਗ ਜਾਂਦਾ ਹੈ। ਦੂਜਾ ਨਾਥੇ ਨੂੰ ਤੋਹਫ਼ੇ ਵਜੋਂ ਟੀ. ਵੀ. ਭੇਟ ਕਰ ਜਾਂਦਾ ਹੈ ਤਾਂ ਕਿ ਨਾਥਾ ਉਸ ਦੀ ਗੱਲ ਮੰਨ ਲਵੇ। ਇਸ ਤਰ੍ਹਾਂ ਸਾਰਾ ਪਿੰਡ ਇਕ ਛੋਟਾ ਜਿਹਾ ਮੇਲਾ ਹੀ ਲੱਗਣ ਲਗਦਾ ਹੈ ਤੇ ਇਕ ਆਪ ਮੁਹਾਰੀ ਸਰਕਸ ਹੋ ਰਹੀ ਜਾਪਦੀ ਹੈ।

ਫ਼ਿਲਮ 'ਚ ਇਕ ਡਾਇਲਾਗ ਬੜਾ ਅਰਥ ਭਰਪੂਰ ਹੈ। ਬੁਧੀਆ ਕਹਿੰਦਾ ਹੈ, "ਜ਼ਿੰਦਗੀ ਬਣ ਗਈ ਹੈ ਬੈਲ ਬੌਟਮ ਔਰ ਖ਼ੁਦਕੁਸ਼ੀ ਬਣ ਗਈ ਹੈ ਜੀਨਜ਼ ਪੈਂਟ।" ਭਾਵ ਅੱਜਕੱਲ੍ਹ ਕਿਸਾਨ ਲਈ ਜੀਵਨ ਬੈਲ ਬੌਟਮ ਵਾਂਗ ਪੁਰਾਣੀ ਤੇ ਬੀਤੇ ਦੀ ਗੱਲ ਬਣ ਗਈ ਹੈ ਤੇ ਦੂਜੇ ਪਾਸੇ ਖ਼ੁਦਕੁਸ਼ੀ ਉਸ ਲਈ ਜੀਨਜ਼ ਪੈਂਟ ਵਾਂਗ ਤਾਜ਼ਾ ਤੇ ਨਵਾਂ ਰੁਝਾਨ ਬਣ ਗਿਆ ਹੈ।

ਅਸਲ ਵਿਚ ਇਹ ਫ਼ਿਲਮ ਭਾਰਤੀ ਸਮਾਜ ਅਤੇ ਸਿਸਟਮ 'ਤੇ ਇਕ ਬੜੀ ਭਾਵਪੂਰਤ ਤੇ ਵਿਅੰਗਮਈ ਕੁਮੈਂਟਰੀ ਹੈ, ਜਿਸ ਕਰਕੇ ਇਸ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਬੜੀ ਮਾਨਤਾ ਤੇ ਮਹੱਤਤਾ ਮਿਲੀ ਹੈ। ਦੱਖਣੀ ਅਫਰੀਕਾ 'ਚ ਹੋਏ 31ਵੇਂ ਡਰਬਨ ਕੌਮਾਂਤਰੀ ਫ਼ਿਲਮ ਮੇਲੇ 'ਚ ਇਸ ਫ਼ਿਲਮ ਨੂੰ ਸਭ ਤੋਂ ਵਧੀਆ ਫੀਚਰ ਫ਼ਿਲਮ ਦਾ ਇਨਾਮ ਮਿਲਿਆ ਹੈ। ਇਹ ਪਹਿਲੀ ਭਾਰਤੀ ਫ਼ਿਲਮ ਹੈ, ਜੋ ਸਨਡਾਨਮ ਫ਼ਿਲਮ ਫੈਸਟੀਵਲ ਦੇ ਮੁਕਾਬਲੇ 'ਚ ਪਹੁੰਚੀ ਹੈ। ਬਰਲਿਨ ਕੌਮਾਂਤਰੀ ਫ਼ਿਲਮ ਫੈਸਟੀਵਲ 'ਚ ਇਸ ਫ਼ਿਲਮ ਨੇ ਸ਼ਿਰਕਤ ਕਰਨੀ ਹੈ। ਪਿੱਛੇ ਜਿਹੇ ਮੈਲਬੌਰਨ ਕੌਮਾਂਤਰੀ ਫ਼ਿਲਮ ਫੈਸਟੀਵਲ 2010 'ਚ ਇਸ ਦਾ ਪ੍ਰੀਮੀਅਰ ਸ਼ੋਅ ਕਰਵਾਇਆ ਗਿਆ। ਜੇ ਸੈਂਸਰ ਨੇ ਬਹੁਤੇ ਸੰਵਾਦਾਂ ਤੇ ਸੀਨਾਂ ਦੀ ਕੱਟ-ਵੱਢ ਨਾ ਕੀਤੀ ਤਾਂ ਫ਼ਿਲਮ ਦਿਲਚਸਪ ਹੋਵੇਗੀ।



ਹਿੰਦੀ ਫ਼ਿਲਮ 'ਪੀਪਲੀ ਲਾਈਵ' ਦਾ ਇਕ ਦ੍ਰਿਸ਼

# ਮੰਗ ਖਾਣਾ-ਮਸੀਤੀਂ ਸੌਣਾ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਸੋਹਣੀਆਂ ਤੇ ਮਹਿੰਗੀਆਂ ਘੜੀਆਂ ਗੁੱਟਾਂ ਤੇ ਬੰਨ੍ਹਣ ਵਾਲੇ ਲੋਕ ਕਦੇ ਸਮੇਂ ਦੇ ਪਾਬੰਦ ਨਹੀਂ ਹੁੰਦੇ। ਮਦਾਰੀ ਜੇ ਬਾਂਦਰ ਨੂੰ ਨਚਾ ਕੇ ਸਾਨੂੰ ਤਮਾਸ਼ਾ ਦਿਖਾਉਂਦਾ ਹੈ ਤਾਂ ਉਸ ਦਾ ਮਨੋਰਥ ਆਪਣਾ ਪਰਿਵਾਰ ਪਾਲਣਾ ਹੁੰਦਾ ਹੈ। ਅਮੀਰ ਲੋਕ ਆਪਣੇ ਖਾਣੇ ਵਿਚ ਜੂਠ ਛੱਡਣਾ ਵੀ ਆਪਣੀ ਵਡਿਆਈ ਸਮਝਦੇ ਹਨ। ਜਿਹੜੇ ਸਿਦਕੀ ਤੇ ਸਿਰੜੀ ਹੁੰਦੇ ਨੇ, ਉਹ ਕਦੇ ਕੌਲੀ ਫੜਕੇ ਮੰਗਦੇ ਨਹੀਂ, ਪਰ ਜਿਹੜੇ ਮੰਗਣ ਲੱਗ ਜਾਣ, ਉਹ ਸੰਗਦੇ ਨਹੀਂ। ਲੀਡਰ ਨੋਟ ਵੰਡ ਕੇ ਵੋਟ ਮੰਗਦੇ ਨੇ, ਚੋਰ ਸਾਧਾਂ ਵਾਲੇ ਭੇਸ ਵਿਚ ਲੋਕਾਂ ਨੂੰ ਠੱਗਦੇ ਨੇ। ਮੈਂ ਜਿਨ੍ਹਾਂ ਦੀ ਗੱਲ ਕਰਨ ਲੱਗਾ ਹਾਂ, ਉਹ ਵੇਖੋ ਕੀ ਕਰਦੇ ਨੇ।

ਮੁੱਲਾਂਪੁਰ ਸ਼ਹਿਰ ਵਿਚ ਰਾਏਕੋਟ ਰੋਡ ਤੋਂ ਸਾਡੇ ਪਿੰਡ ਨੂੰ ਤਿੰਨ ਪਹੀਏ ਟੈਂਪੂ ਚਲਦੇ ਹਨ। ਜਿਥੋਂ ਟੈਂਪੂ ਰਵਾਨਾ ਹੁੰਦੇ ਹਨ, ਉਸ ਥਾਂ 'ਤੇ ਸ਼ੰਕਰ ਨਾਂ ਦਾ ਇਕ ਬੰਦਾ ਚਾਹ ਦਾ ਖੋਖਾ ਚਲਾਉਂਦਾ ਹੈ ਜਿਸ ਦੀ ਖੱਬੀ ਬਾਂਹ ਬਚਪਨ ਵਿਚ ਕਿਸੇ ਐਕਸੀਡੈਂਟ ਵਿਚ ਕੱਟੀ ਗਈ ਸੀ। ਇਕ ਬਾਂਹ ਨਾਲ ਸ਼ੰਕਰ ਨੇ ਦਸ ਜਮਾਤਾਂ ਪਾਸ ਕੀਤੀਆਂ, ਘਰ ਦੀ ਗਰੀਬੀ ਦੂਰ ਕਰਨ ਲਈ ਚਾਹ ਦਾ ਖੋਖਾ ਰੱਖ ਲਿਆ। ਮਿਹਨਤ ਨਾਲ ਵਧੀਆ ਗੁਜ਼ਾਰਾ ਕਰਦਾ ਹੈ। ਸ਼ੰਕਰ ਦੇ ਤਿੰਨ ਬੱਚੇ ਹਨ। ਉਸ ਦਾ ਹਰ ਰੋਜ਼ ਦਾ ਟਾਈਮ ਪੱਕਾ ਕੀਤਾ ਹੋਇਆ ਹੈ। ਸਵੇਰੇ ਛੇ ਵਜੇ ਮੰਦਰ ਜਾਂਦਾ ਹੈ। ਸੱਤ ਵਜੇ ਖੋਖੇ ਨੂੰ ਖੋਲ੍ਹ ਕੇ ਅਗਰਬੱਤੀ ਲਾ ਲੈਂਦਾ ਹੈ। ਸਵਾ ਸੱਤ ਵਜੇ ਵਾਲਾ ਟੈਂਪੂ ਸ਼ੰਕਰ ਦੀ ਵਿਸਲ ਨਾਲ ਰਵਾਨਾ ਹੁੰਦਾ ਹੈ। ਟੈਂਪੂਆਂ ਦੇ ਤੁਰਨ ਦਾ ਟਾਈਮ ਸ਼ੰਕਰ ਕੋਲ ਹੈ। ਇਕ ਪੀਪੇ ਉਪਰ ਲੱਗੀ ਨੰਬਰਾਂ ਵਾਲੀ ਘੜੀ ਉਤੇ ਸ਼ੰਕਰ ਦੀ ਅੱਖ ਹਮੇਸ਼ਾ ਟਿਕੀ ਰਹਿੰਦੀ ਹੈ। ਹਰ ਟੈਂਪੂ ਵਾਲੇ ਤੋਂ ਸ਼ੰਕਰ ਪੰਜ ਰੁਪਏ ਰੋਜ਼ਾਨਾ ਲੈਂਦਾ ਹੈ। ਕੋਈ ਵੀ ਟੈਂਪੂ ਵਾਲਾ ਇਕ ਮਿੰਟ ਜ਼ਿਆਦਾ ਅੱਡੇ ਉਤੇ ਰੁਕ ਕੇ ਸਵਾਰੀ ਦੀ ਉਡੀਕ ਨਹੀਂ ਕਰ ਸਕਦਾ। ਸੰਕਰ ਦੀ ਵਿਸਲ ਵੱਜੀ ਨਹੀਂ ਤੇ ਟੈਂਪੂ ਤੁਰਿਆ ਨਹੀਂ।

ਸ਼ੰਕਰ ਚਾਹ ਬਹੁਤ ਵਧੀਆ ਬਣਾਉਂਦਾ ਹੈ। ਪਤਾ ਨਹੀਂ ਕੀ ਪਾਉਂਦਾ ਹੈ? ਉਸ ਦੇ ਖੋਖੇ ਦੇ ਨੇੜੇ ਹੀ ਚੌਧਰੀਆਂ ਦੇ ਹੋਟਲ ਹਨ ਪਰ ਸਾਰੇ ਦੁਕਾਨਦਾਰ ਸ਼ੰਕਰ ਦੀ ਚਾਹ ਪਸੰਦ ਕਰਦੇ ਹਨ। ਦੋ ਕਿੱਲੋ ਦੁੱਧ ਨਾਲ ਸਾਰਾ ਦਿਨ ਚਾਹ ਬਣਾਈ ਜਾਂਦਾ ਹੈ। ਬੜਾ ਸਿਰੜੀ ਹੈ। ਦੁਕਾਨਾਂ ਉਪਰ ਚਾਹ ਵੀ ਆਪ ਦੇ ਕੇ ਆਉਂਦਾ ਹੈ। ਗਲਾਸਾਂ ਦਾ ਪੂਰਾ ਹਿਸਾਬ ਰੱਖਦਾ ਹੈ। ਨਾ ਉਧਾਰ ਲੈਂਦਾ ਹੈ, ਨਾ ਉਧਾਰ ਦਿੰਦਾ ਹੈ। ਅਸੀਂ ਜਦ ਵੀ ਟੈਂਪੂ 'ਤੇ ਚੜ੍ਹ ਕੇ ਜਾਣਾ ਤਾਂ ਸ਼ੰਕਰ ਦੇ ਖੋਖੇ ਦੀ ਚਾਹ ਜ਼ਰੂਰ ਪੀਣੀ। ਸ਼ੰਕਰ ਜ਼ਿਆਦਾ ਬੋਲਦਾ ਨਹੀਂ ਪਰ ਮਿੱਠਾ ਬੋਲਦਾ ਹੈ। ਕਦੇ ਕਦੇ ਗੁੱਸਾ ਵੀ ਚੜ੍ਹ ਜਾਂਦਾ ਹੈ ਜਿਵੇਂ ਇਕ ਵਾਰ ਇਕ ਬਾਬੇ ਨੇ ਸੰਕਰ ਤੋਂ ਚਾਹ ਬਣਵਾ ਕੇ ਪੀਤੀ। ਚਾਹ ਦੇ ਪੈਸੇ ਦੇਣ ਲੱਗਿਆਂ ਬਾਬੇ ਨੇ ਇਕ ਪੰਜਾਂ ਦਾ ਨੋਟ ਸ਼ੰਕਰ ਨੂੰ ਹੋਰ ਦੇ ਦਿੱਤਾ। ਸ਼ੰਕਰ ਨੇ ਨੋਟ ਫੜ੍ਹਦਿਆਂ ਪੁੱਛਿਆ, "ਬਾਬਾ ਜੀ ਇਹ ਪੰਜ ਦਾ ਨੋਟ ਕਿਸ ਲਈ ਵੱਧ ਦਿੱਤਾ ਹੈ।"

"ਮੈਂ ਕਿਹਾ ਤੇਰੀ ਇਕ ਬਾਂਹ ਹੈ, ਚਲੋ ਤੈਨੂੰ ਦਾਨ ਵਜੋਂ ਦੇ ਦਿੰਦੇ ਹਾਂ", ਬਾਬੇ ਨੇ ਕਿਹਾ।

ਇਹ ਸੁਣ ਕੇ ਸ਼ੰਕਰ ਨੇ ਇਕ ਹੋਰ ਪੰਜਾਂ ਦਾ ਨੋਟ ਕੱਢਿਆ ਤੇ ਬਾਬੇ ਦੇ ਹੱਥਾਂ 'ਤੇ ਦੋਵੇਂ ਪੰਜਾਂ ਦੇ ਨੋਟ ਰੱਖ ਦਿੱਤੇ। ਬਾਬਾ ਵੇਖ ਕੇ ਕਹਿੰਦਾ, "ਇਹ ਕੀ ਕਰਦੈਂ।" ਮੈਂ ਕਿਹਾ, "ਤੇਰੀਆਂ ਦੋਵੇਂ ਬਾਹਾਂ ਹਨ। ਤੈਨੂੰ ਪੰਜ ਹੋਰ ਦੇ ਦਿੰਦੇ ਹਾਂ।" ਸ਼ੰਕਰ ਨੇ ਗੁੱਸੇ ਵਿਚ ਕਿਹਾ, "ਮੈਂ ਤੇਰੇ ਵਰਗਿਆਂ ਦੇ ਦਾਨ ਨਾਲ ਆਪਣੇ ਬੱਚੇ ਨਹੀਂ ਪਾਲਦਾ। ਆਪਣੀ ਮਿਹਨਤ ਕਰਕੇ ਖਾਂਦਾ ਹਾਂ। ਧੰਨ ਜ਼ਿਆਦਾ ਹੈ ਤਾਂ ਹਰਦੁਆਰ ਜਾ ਕੇ ਦਾਨ ਕਰ। ਵੱਡਾ ਆਇਆ ਦਾਨੀ।" ਸ਼ੰਕਰ ਨੇ ਜਿਵੇਂ ਮੇਹਣਿਆਂ ਵਾਲੀ ਸਵਿੱਚ ਤੇ ਪੈਰ ਰੱਖ ਲਿਆ ਹੋਵੇ। ਅਸੀਂ ਸ਼ੰਕਰ ਨੂੰ ਮਸਾਂ ਚੁੱਪ ਕਰਵਾਇਆ। ਬਾਬਾ ਆਪਣਾ ਪੰਜਾਂ ਦਾ ਨੋਟ ਲੈ ਕੇ ਛੂ-ਮੰਤਰ ਹੋ ਗਿਆ। ਉਸ ਨੂੰ ਰੱਬ ਨਾਲ ਕੋਈ ਗੁੱਸਾ-ਗਿਲਾ ਨਹੀਂ ਕਿ ਉਸ ਦੀ ਬਾਂਹ ਕੱਟੀ ਗਈ। ਹੁਣ ਵੀ ਉਹ ਦੋ ਬੰਦਿਆਂ ਜਿੰਨਾ ਕੰਮ ਕਰਦਾ ਹੈ। ਮਿਹਨਤ ਨਾਲ ਆਪਣਾ ਘਰ ਬਣਾਇਆ। ਬੱਚੇ ਵਧੀਆ ਸਕੂਲਾਂ ਵਿਚ ਪੜ੍ਹਦੇ ਹਨ। ਸ਼ੰਕਰ ਦਾ ਖੋਖਾ ਚੰਗੇ-ਚੰਗੇ ਹੋਟਲਾਂ ਨੂੰ ਮਾਤ ਪਾਉਂਦਾ ਹੈ।

ਹੁਣ ਜਿਸ ਵਿਅਕਤੀ ਦੀ ਗੱਲ ਕਰਨ ਲੱਗਾ ਹਾਂ, ਉਸ ਨੂੰ ਪਿਛਲੇ ਤਿੰਨ ਸਾਲਾਂ ਤੋਂ ਜਾਣਦਾ ਹਾਂ। ਰੋਜ਼ ਉਸ ਦੇ ਹੱਥ ਵਿਚ ਫੜੇ ਹੋਏ ਗੱਤੇ ਦੇ ਟੁਕੜੇ ਨੂੰ ਵੇਖਦਾ ਹਾਂ ਜਿਸ ਉਪਰ ਲਿਖਿਆ ਹੋਇਆ ਹੈ, 'I am homeless, please help me.' ਇਸ ਦਾ ਭੀਖ ਮੰਗਣ ਦਾ ਆਪਣਾ ਵੱਖਰਾ ਰੰਗ ਤੇ ਢੰਗ ਹੈ। ਸਵੇਰੇ ਅੱਠ ਵਜੇ ਸਟੋਰ ਤੋਂ ਕੌਫੀ ਖਰੀਦ ਕੇ ਪੀਂਦਾ ਹੈ। ਨਿਊਜ਼ ਪੇਪਰ ਪੜ੍ਹਦਾ ਹੈ। ਫਿਰ ਚੌਂਕ ਦੇ ਇਕ ਪਾਸੇ ਖੜ੍ਹ ਕੇ ਮੰਗਣਾ ਸ਼ੁਰੂ ਕਰਦਾ ਹੈ। ਦੋ ਘੰਟਿਆਂ ਪਿੱਛੋਂ ਵਾਪਿਸ ਆ ਕੇ ਨਾਸ਼ਤਾ ਤੇ ਸਿਗਰੇਟ ਖਰੀਦਦਾ ਹੈ। ਪੂਰੇ ਆਰਾਮ ਨਾਲ ਨਾਸ਼ਤਾ ਕਰਦਾ ਹੈ। ਸਿਗਰੇਟ ਪੀ ਕੇ ਫਿਰ ਮੰਗਣ ਚਲਾ ਜਾਂਦਾ ਹੈ। ਉਮਰ ਵਿਚ ਸ਼ੰਕਰ ਦਾ ਹਾਣੀ ਹੈ। ਹੱਟਾ-ਕੱਟਾ ਤੇ ਸਿਹਤਮੰਦ ਹੈ। ਫਿਰ ਦੋ ਘੰਟਿਆਂ ਬਾਅਦ ਆ ਕੇ ਬੀਅਰ ਦਾ ਕੇਸ ਖਰੀਦਦਾ ਹੈ। ਬੀਅਰ ਵੀ ਪੀਵੀ ਜਾਂਦਾ ਹੈ, ਭੀਖ ਵੀ ਮੰਗੀ ਜਾਂਦਾ ਹੈ। ਲੋਕ ਉਸ ਨੂੰ ਭੀਖ ਦੇਈ ਵੀ ਜਾਂਦੇ ਹਨ। ਸਟੋਰ ਵਿਚ ਜੇ ਕਿਸੇ ਕੋਲ ਸਾਮਾਨ ਦੇ ਪੈਸੇ ਪੂਰੇ ਨਾ ਹੋਣ ਤਾਂ ਆਪਣੀ ਮੰਗੀ ਹੋਈ ਭੀਖ ਵਿਚੋਂ ਪੈਸੇ ਦੇ ਦਿੰਦਾ ਹੈ। ਇਸ ਦਾ ਖਾਣ-ਪੀਣ, ਮੰਗਣ ਤੇ ਆਰਾਮ ਕਰਨ ਦਾ ਸਮਾਂ ਨਿਯਤ ਕੀਤਾ ਹੋਇਆ ਹੈ।

ਮੰਗ ਕੇ ਖਾਂਦਾ ਹੈ। ਕੋਈ ਦਿਮਾਗੀ ਟੈਨਸ਼ਨ ਨਹੀਂ ਹੈ। ਵੀਕ ਐਂਡ 'ਤੇ ਮੰਗਣ ਨਹੀਂ ਆਉਂਦਾ। ਕੋਈ ਲਾਲਚ ਨਹੀਂ ਕਰਦਾ, ਜਦੋਂ ਰਾਤ ਦੇ ਖਾਣੇ ਜਿੰਨੇ ਪੈਸੇ ਹੋ ਗਏ ਤਾਂ ਆਰਾਮ ਨਾਲ ਆਪਣੇ ਟਿਕਾਣੇ 'ਤੇ ਚਲਾ ਜਾਂਦਾ ਹੈ। ਕੌਫੀ ਪੀਂਦਾ, ਅਖ਼ਬਾਰ ਦੀਆਂ ਖਬਰਾਂ ਚੰਗੇ ਨਿਊਜ਼ ਰੀਡਰ ਵਾਂਗ ਪੜ੍ਹ ਕੇ ਸੁਣਾਉਂਦਾ ਹੈ। ਸਾਰੇ ਦੇਸ਼ ਦੀ ਖਬਰ ਰੱਖਦਾ ਹੈ। ਕਦੇ-ਕਦੇ ਡਰ ਲਗਦਾ ਹੈ ਕਿ ਇਹ ਅੰਡਰ-ਕਵਰ ਨਾ ਹੋਵੇ, ਪਰ ਅਜਿਹਾ ਨਹੀਂ ਹੈ। ਇਕ ਦਿਨ ਮੈਂ ਉਸ ਨੂੰ ਪੁੱਛਿਆ, "ਰੌਨ ਤੂੰ ਕੰਮ ਕਿਉਂ ਨਹੀਂ ਕਰਦਾ?" ਉਸ ਨੇ ਉਤਰ ਦਿੱਤਾ, "ਮਿ. ਸਿੰਘ, ਮੈਂ ਰੋਜ਼ ਅੱਠ ਘੰਟੇ ਕੰਮ ਕਰਦਾ ਹਾਂ। ਇਹ ਮੇਰੀ ਜੌਬ ਹੈ, ਪਰਮਾਤਮਾ ਨੇ ਮੈਨੂੰ ਇਹੀ ਕੰਮ ਬਖਸ਼ਿਆ ਹੈ।"

"ਮੈਂ ਕਿਸੇ ਨੂੰ ਮਾੜਾ ਸ਼ਬਦ ਨਹੀਂ ਬੋਲਦਾ, ਕਿਸੇ ਨੂੰ ਨਫਰਤ ਨਹੀਂ ਕਰਦਾ। ਸਭ ਨੂੰ ਇੱਕੋ ਜਿਹਾ ਸਮਝਦਾ ਹਾਂ। ਸਭ ਗੌਡ ਦੇ ਬੰਦੇ ਨੇ, ਤੁਸੀਂ ਵੀ ਗੌਡ ਦੇ ਘਰ ਜਾ ਕੇ ਮੰਗਦੇ ਹੋ। ਮੈਂ ਵੀ ਗੌਡ ਤੋਂ ਹੀ ਮੰਗਦਾ ਹਾਂ। ਜਿੰਨਾ ਕਿਸੇ ਦਾ ਭਲਾ ਕਰ ਹੁੰਦਾ, ਓਨਾ ਭਲਾ ਕਰਦਾ ਹਾਂ।" ਮੈਂ ਰੌਨ ਦੇ ਸਪੱਸ਼ਟ ਉਤਰ ਸੁਣ ਕੇ ਚੁੱਪ ਹੋ ਜਾਂਦਾ ਹਾਂ।

ਜੇ ਕੋਈ ਭੀਖ ਨਹੀਂ ਦਿੰਦਾ ਤਾਂ ਰੌਨ ਉਸ ਨੂੰ ਮਾੜਾ ਨਹੀਂ ਕਹਿੰਦਾ। ਮੈਂ ਹੈਰਾਨ ਹਾਂ ਕਿ ਇਸ ਵਿਚ ਕਿੰਨੀ ਨਿਮਰਤਾ, ਸਹਿਜ-ਸਬਰ ਤੇ ਸਿਆਣਪ ਹੈ। ਪਰ ਇਹ ਸਾਡੇ ਵਿਚ ਨਹੀਂ, ਕਿਉਂ? ਅਸੀਂ ਵੀ ਸਾਰੀ ਉਮਰ ਦਾਤੇ ਕੋਲੋਂ ਦਾਤਾਂ ਮੰਗਦੇ ਰਹਿੰਦੇ ਹਾਂ। ਦਾਤਾਂ ਮਿਲਦੀਆਂ ਹਨ, ਪਰ ਅਸੀਂ ਦਾਤਾਰ ਨੂੰ ਵਿਸਾਰ ਦਿੰਦੇ ਹਾਂ। ਅਰਦਾਸ ਤੋਂ ਬਾਅਦ ਸਰਬੱਤ ਦਾ ਭਲਾ ਮੰਗਦੇ ਹਾਂ ਪਰ ਭਲਾ ਕਿਸੇ ਦਾ ਕਰਦੇ ਨਹੀਂ। ਜੇ ਭਲਾ ਕਰਦੇ ਹਾਂ ਤਾਂ ਆਪਣਾ ਨਾਂ ਉਚਾ ਹੋਇਆ ਵੇਖਣਾ ਚਾਹੁੰਦੇ ਹਾਂ। ਖੈਰ, ਗੱਲ ਵਿਸ਼ੇ ਉਪਰ ਲੈ ਕੇ ਆਉਂਦਾ ਹਾਂ। ਇਹ ਭਿਖਾਰੀ ਰੋਜ਼ ਉਸੇ ਚੌਂਕ ਵਿਚ ਖੜ੍ਹਦਾ ਹੈ। ਲੰਘਣ ਵਾਲੇ ਵੀ ਰੋਜ਼ਾਨਾ ਹੀ ਉਥੋਂ ਲੰਘਦੇ ਹਨ। ਰੋਜ਼ ਹੀ ਭੀਖ ਦਿੰਦੇ ਹਨ। ਕਦੇ ਭੀਖ ਨਹੀਂ ਵੀ ਮਿਲਦੀ ਤਾਂ ਰੌਨ ਨਾਰਾਜ਼ ਨਹੀਂ ਹੁੰਦਾ। ਪਰ ਅਸੀਂ ਜੇ ਇਕ ਦਾਤ ਨਾ ਮਿਲੇ ਤਾਂ ਗੁਰਦੁਆਰੇ ਜਾਣਾ ਬੰਦ ਕਰ ਦਿੰਦੇ ਹਾਂ। ਪਾਠ ਕਰਨੋਂ ਹਟ ਜਾਂਦੇ ਹਾਂ। ਦਾਤਾਰ ਨਾਲ ਨਾਰਾਜ਼ਗੀ ਪ੍ਰਗਟਾਉਣ ਲੱਗ ਜਾਂਦੇ ਹਾਂ ਪਰ ਕਦੇ ਇਹ ਨਹੀਂ ਸੋਚਦੇ ਕਿ ਜੇ ਮੂੰਹੋਂ ਮੰਗੀ ਦਾਤ ਨਹੀਂ ਮਿਲੀ ਤਾਂ ਸ਼ਾਇਦ ਉਸ ਵਿਚ ਵੀ ਸਾਡਾ ਭਲਾ ਹੈ। ਦਾਤਾਰ ਨੂੰ ਪਤਾ ਹੈ ਕਿ ਕਦੋਂ ਅਸੀਂ ਕਿਹੜੀ ਦਾਤ ਸਾਂਭਣਯੋਗ ਹੁੰਦੇ ਹਾਂ।

ਮਹਾਪੁਰਸ਼ਾਂ ਤੋਂ ਸਾਖੀ ਰੂਪੀ ਕਹਾਣੀ ਸੁਣੀ ਸੀ ਜੋ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਇਕ ਕੋਠੜੀ ਵਿਚ ਹਨ੍ਹੇਰਾ ਹੈ। ਉਸ ਹਨ੍ਹੇਰੇ ਨੂੰ ਦੂਰ ਕਰਨ ਲਈ ਇਕ ਖੂੰਝੇ ਦੀਵਾ ਬਲਦਾ ਹੈ। ਦੂਜੇ ਖੂੰਝੇ ਮਾਂ ਆਪਣੇ ਇਕ ਸਾਲ ਦੇ ਪੁੱਤਰ ਨੂੰ ਗੋਦ ਵਿਚ ਬਿਠਾ, ਆਪਣਾ ਦੁੱਧ ਚੁੰਘਾ ਰਹੀ ਹੈ। ਬੱਚਾ ਦੁੱਧ ਰੂਪੀ ਦਾਤ ਨੂੰ ਛੱਡ ਕੇ ਸਾਹਮਣੇ ਜਗਦੇ ਦੀਵੇ ਨੂੰ ਫੜਨਾ ਚਾਹੁੰਦਾ ਹੈ। ਬੱਚਾ ਦੀਵੇ ਵਲ, ਦੁੱਧ ਨਾਲੋਂ ਵਧ, ਆਕਰਸ਼ਿਤ ਹੈ ਪਰ ਮਾਂ ਨੂੰ ਪਤਾ ਹੈ ਕਿ ਜੇ ਇਸ ਨੇ ਦੀਵੇ ਨੂੰ ਚੁੱਕ ਲਿਆ ਤਾਂ ਇਸ ਉਪਰ ਗਰਮ ਤੇਲ ਪੈ ਜਾਵੇਗਾ। ਇਸ ਨੂੰ ਅੱਗ ਲੱਗ ਸਕਦੀ ਹੈ। ਮਾਂ ਬੱਚੇ ਨੂੰ ਇਸ ਚਾਹਤ ਤੋਂ ਰੋਕਣਾ ਚਾਹੁੰਦੀ ਹੈ। ਪਰ ਬੱਚਾ ਉਸੇ ਚਾਹਤ ਲਈ ਤੜਫਦਾ ਹੈ। ਮਾਂ ਨੂੰ ਪੁੱਤਰ ਦਾ ਮੋਹ ਹੈ। ਉਹ ਉਸਨੂੰ ਤੱਤੀਆਂ-ਠੰਢੀਆਂ ਤੋਂ ਬਚਾਉਂਦੀ ਹੈ।

ਦਸ ਸਾਲਾਂ ਬਾਅਦ ਉਹੀ ਮਾਂ, ਉਸੇ ਪੁੱਤਰ ਨੂੰ, ਉਹੀ ਦੀਵਾ ਚੁੱਕਣ ਲਈ ਕਹਿੰਦੀ ਹੈ। ਪੁੱਤਰ ਦੀਵਾ ਚੁੱਕ ਕੇ ਮਾਂ ਵਲੋਂ ਦੱਸੀ ਥਾਂ 'ਤੇ ਟਿਕਾ ਦਿੰਦਾ ਹੈ। ਫਰਕ ਕੀ ਹੈ? ਹੁਣ ਮਾਂ ਨੂੰ ਪਤਾ ਹੈ ਕਿ ਮੇਰਾ ਪੁੱਤਰ ਦੀਵਾ ਸੰਭਾਲਣਯੋਗ ਹੋ ਗਿਆ ਹੈ। ਇਸ ਉਪਰ ਤੇਲ ਨਹੀਂ ਪਵੇਗਾ। ਇਸ ਨੂੰ ਅੱਗ ਨਹੀਂ ਲੱਗ ਸਕਦੀ। ਇਹ ਆਪਣੇ ਆਪ ਨੂੰ ਸੰਭਾਲ ਲਵੇਗਾ। ਇਸੇ ਤਰ੍ਹਾਂ ਦਾਤਾਰ ਨੂੰ ਵੀ ਪਤਾ ਹੈ ਕਿ ਉਸ ਵਲੋਂ ਦਿੱਤੀ ਹੋਈ ਦਾਤ ਅਸੀਂ ਕਦੋਂ ਸੰਭਾਲਣ ਯੋਗ ਹੁੰਦੇ ਹਾਂ। ਤੁਸੀਂ ਦਾਤਾਰ ਵਲੋਂ ਨਿਰਾਸ਼ ਨਹੀਂ ਹੋ ਸਕਦੇ, ਸਮਾਂ ਲੱਗ ਸਕਦਾ ਹੈ ਪਰ ਜਵਾਬ ਨਹੀਂ ਮਿਲੇਗਾ ਕਿਉਂਕਿ ਦਾਤਾਰ ਨੇ ਤੁਹਾਨੂੰ ਦਾਤ ਵੀ ਦੇਣੀ ਹੈ ਤੇ ਤੁਹਾਡੀ ਰੱਖਿਆ ਵੀ ਕਰਨੀ ਹੈ।

ਮੈਂ ਇਸ ਭਿਖਾਰੀ ਤੇ ਸ਼ੰਕਰ ਨੂੰ ਵੇਖਦਾ ਹਾਂ। ਦੋਵੇਂ ਸਮੇਂ ਦੇ ਪਾਬੰਦ ਹਨ। ਇਕ ਮੰਗ ਕੇ ਖਾਂਦਾ ਹੈ, ਦੂਜਾ ਇਕ ਬਾਂਹ ਹੁੰਦਿਆਂ ਮਿਹਨਤ ਕਰਕੇ ਖਾਂਦਾ ਹੈ। ਅਸੀਂ ਵੀ ਮਿਹਨਤ ਕਰਦੇ ਹਾਂ। ਦਾਤਾਰ ਕੋਲੋਂ ਮੰਗਦੇ ਹਾਂ। ਪਰ ਸਮੇਂ ਦੇ ਪਾਬੰਦ ਘੱਟ ਹੀ ਹੁੰਦੇ ਹਾਂ। ਆਓ ਸਮੇਂ ਦੀ ਕਦਰ ਕਰੀਏ, ਸੇਵਾ ਤੇ ਸਿਮਰਨ ਦਾ ਸਮਾਂ ਨਿਯਤ ਕਰੀਏ। ਫਿਰ ਕੋਈ ਵੀ ਦਾਤ ਮੰਗਣ ਲਈ ਤੜਫਣਾ ਨਹੀਂ ਪਵੇਗਾ। ਵਾਹਿਗੁਰੂ ਆਪਣੇ ਆਪ ਸਾਡੀ ਝੋਲੀ ਦਾਤਾਂ ਨਾਲ ਭਰ ਦੇਵੇਗਾ। ਰੱਬ ਰਾਖਾ!

# ਰੁਕੀ ਹੋਈ ਚੀਕ


## ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958


ਪੰਜਾਬ ਯੂਨੀਵਰਸਿਟੀ ਦੀ ਲਾਇਬਰੇਰੀ ਅੱਗੇ ਬੀ.ਆਰ. ਚੋਪੜਾ ਦੀ ਫ਼ਿਲਮ 'ਕਰਮ' ਦੀ ਸ਼ੂਟਿੰਗ ਚੱਲ ਰਹੀ ਸੀ। ਇਸ ਦੇ ਹੀਰੋ ਰਾਜੇਸ਼ ਖੰਨਾ, ਹੀਰੋਇਨ ਵਿਦਿਆ ਸਿਨਹਾ ਅਤੇ ਕਾਮੇਡੀਅਨ ਅਸਰਾਨੀ ਸਨ। ਵਿਦਿਆਰਥੀਆਂ ਦੀ ਹੇੜ ਹੀਰੋ ਹੀਰੋਇਨਾਂ ਦੀ ਇਕ ਝਲਕ ਲੈਣ ਲਈ ਧਕਮਧੱਕਾ ਹੋ ਰਹੀ ਸੀ। ਉਨ੍ਹਾਂ ਦਾ ਕੋਈ ਅੰਗ ਤਾਂ ਕੀ ਨੇੜਲੀ ਹਵਾ ਦੀ ਛੂਹ ਵੀ ਪ੍ਰਾਪਤ ਹੋ ਜਾਵੇ ਤਾਂ ਉਹ ਧੰਨ ਧੰਨ ਹੋ ਜਾਣਗੇ। ਬਹੁਤੇ ਇਸ ਜਦੋਜਹਿਦ ਵਿਚ ਸਨ ਕਿ ਹੋਰ ਨਹੀਂ ਤਾਂ ਉਨ੍ਹਾਂ ਦਾ ਨੱਕ, ਠੋਡੀ, ਕੂਹਣੀ, ਪੱਗ ਦੀ ਨੋਕ ਹੀ ਕਿਸੇ ਤਰ੍ਹਾਂ ਕੈਮਰੇ ਦੇ ਫੋਕਸ ਵਿਚ ਆ ਜਾਣ। ਪੁਲਿਸ ਤੇ ਸਕਿਉਰਿਟੀ ਵਾਲਿਆਂ ਦੀ ਪੇਸ਼ ਨਹੀਂ ਸੀ ਜਾ ਰਹੀ। ਆਖਰ ਡੰਡੇ ਵਰ੍ਹਾਏ ਜਾਣ ਲੱਗੇ। ਇਸ ਘੜਮੱਸ ਵਿਚ ਕੈਮਰੇ ਦੀ ਕਿਰਪਾ ਦ੍ਰਿਸ਼ਟੀ ਤਾਂ ਕੀ ਨਸੀਬ ਹੋਣੀ ਸੀ, ਕਈ ਉਲਟੇ ਪੁਲਿਸ ਦੇ ਡੰਡਿਆਂ ਨਾਲ ਆਪਣੇ ਹੱਡ ਗੋਡੇ ਭੰਨਵਾ ਬੈਠੇ। ਰੀਟੇਕ ਤੇ ਰੀਟੇਕ ਹੋਈ ਜਾ ਰਹੇ ਸਨ। ਮੇਰੇ ਦੋਸਤ ਅਮਰੀਕ ਗਿੱਲ ਨੂੰ ਕਿਤਿਓਂ ਇਸ ਗੱਲ ਦੀ ਭਿਣਕ ਪੈ ਗਈ ਕਿ ਸ਼ਾਮ ਨੂੰ ਲਾਇਬਰੇਰੀ ਦੇ ਅੰਦਰ ਵੀ ਸ਼ੂਟਿੰਗ ਹੋਣੀ ਹੈ ਤੇ ਇਸ ਭੇਤ ਦਾ ਆਮ ਖਾਸ ਨੂੰ ਪਤਾ ਨਹੀਂ ਲੱਗਾ। ਅਸੀਂ ਸਲਾਹ ਬਣਾਈ ਕਿ ਇਸ ਖਿਚ-ਧੂਹ ਨੂੰ ਛੱਡ ਕੇ, ਜਨਮ ਸਫਲਾ ਕਰਨ ਲਈ ਸ਼ਾਮ ਨੂੰ ਲਾਇਬਰੇਰੀ ਦੀ ਸ਼ੂਟਿੰਗ ਆਰਾਮ ਨਾਲ ਦੇਖੀਏ।



*ਕੋਟਨੀ ਕਾਕਸ:ਫ਼ੁਰਸਤ ਦੇ ਪਲ*

ਸ਼ਾਮ ਢਲੀ ਤਾਂ ਦੇਖਿਆ ਲਾਇਬਰੇਰੀ ਦੁਆਲੇ ਕੋਈ ਖਾਸ ਚਹਿਲ-ਪਹਿਲ ਨਹੀਂ ਸੀ। ਸ਼ੂਟਿੰਗ ਲਾਇਬਰੇਰੀ ਦੀ ਪਹਿਲੀ ਮੰਜ਼ਿਲ ਵਾਲੇ ਮੁਖ ਰੀਡਿੰਗ ਹਾਲ ਵਿਚ ਹੋਣੀ ਸੀ। ਅਸੀਂ ਉਪਰ ਵੱਲ ਜਾਣ ਲਈ ਪੌੜੀਆਂ ਤੇ ਚੜ੍ਹ ਰਹੇ ਸਾਂ ਕਿ ਸਾਨੂੰ ਅਸਰਾਨੀ ਉਪਰੋਂ ਹੇਠਾਂ ਵੱਲ ਪੌੜੀਆਂ ਉਤਰਦਾ ਟੱਕਰ ਪਿਆ। ਅਮਰੀਕ ਨੇ ਉਸਨੂੰ ਪਛਾਣ ਲਿਆ ਤੇ ਲੱਗਾ ਟੱਪੂੰ ਟੱਪੂੰ ਕਰਨ। ਫਿਰ ਅਸਰਾਨੀ ਦੇ ਹੋਰ ਕੋਲ ਵੱਲ ਨੂੰ ਹੋਇਆ ਤੇ ਲੰਮਾ ਸਾਰਾ ਹੱਥ ਉਸ ਵੱਲ ਵਧਾਉਂਦਿਆ ਚਿੱਲਾਇਆ, "ਅਸਰਾਨੀ!" ਭੰਬਤਰੇ ਹੋਏ ਅਸਰਾਨੀ ਨੇ ਮਿਲਾਉਣ ਵਾਸਤੇ ਹੱਥ ਤਾਂ ਅੱਗੇ ਵਧਾ ਦਿੱਤਾ ਪਰ ਉਸਦਾ ਚਿਹਰਾ ਲਮਕ ਗਿਆ। ਸ਼ਾਇਦ ਉਸਨੇ ਮਹਿਸੂਸ ਕਰ ਲਿਆ ਸੀ ਕਿ ਲਾਇਬਰੇਰੀ 'ਚ ਹੋ ਰਹੀ ਸ਼ੂਟਿੰਗ ਦੀ ਖਬਰ ਫੈਲ ਚੁਕੀ ਹੈ ਤੇ ਹੁਣ ਛੇਤੀ ਹੀ ਏਥੇ ਵੀ ਵਿਦਿਆਰਥੀ ਦਲ ਦਾ ਹਮਲਾ ਹੋਣ ਦੀ ਸੰਭਾਵਨਾ ਹੈ।

ਖੈਰ, ਹਫੜਾ-ਦਫੜੀ ਵਿਚ ਅਸਰਾਨੀ ਨਾਲ ਹੱਥ ਮਿਲਾਉਣ ਦਾ ਠੁੱਚੂ ਮੈਂ ਵੀ ਲਾ ਲਿਆ। ਅਸੀਂ ਕੁਝ ਪਲ ਪਉੜਿਆਂ ਵਿਚ ਖੜੇ ਰਹੇ ਕਿ ਸ਼ਾਇਦ ਵੱਡੇ ਸਿਤਾਰੇ ਵੀ ਹੁਣ ਪੌੜੀਆਂ 'ਚ ਉਤਰੇ ਕਿ ਉਤਰੇ ਪਰ ਹੀਰੋ ਹੀਰੋਇਨਾਂ ਐਵੇਂ ਪੌੜੀਆਂ ਉਤਰਨ ਚੜ੍ਹਨ ਜਿਹੀ ਫਜ਼ੂਲ ਦੀ ਕਵਾਇਦ 'ਚ ਨਹੀਂ ਪੈਂਦੇ। ਜਦ ਇਕ ਛੋਟਾ ਰੋਲ ਕਰਨ ਵਾਲਾ ਐਕਟਰ ਸਿਗਰਟਾਂ ਦੀ ਡੱਬੀ ਢੂੰਡ ਰਿਹਾ ਹੁੰਦਾ ਹੈ, ਹੀਰੋ-ਹੀਰਇਨਾਂ ਨੂੰ ਪੱਖੇ ਝੱਲੇ ਜਾ ਰਹੇ ਹੁੰਦੇ ਹਨ, ਪਟੇ ਵਾਹੇ ਜਾ ਰਹੇ ਹੁੰਦੇ ਹਨ, ਰਾਜੇਸ਼ ਖੰਨਾ ਵਰਗਾ ਵਿਸਕੀ ਦਾ ਸ਼ਰਬਤ ਪੀ ਰਿਹਾ ਹੁੰਦਾ ਹੈ। ਅਜਿਹਾ ਚਾਨਣ ਹੋਣ ਦੀ ਦੇਰ ਸੀ, ਅਸੀਂ ਭੱਜੇ ਰੀਡਿੰਗ ਹਾਲ ਵੱਲ ਤੇ ਜਾਂਦਿਆਂ ਹੀ ਇਕ ਦੂਸਰੇ ਤੋਂ ਅਲੱਗ ਦੂਰ-ਦੂਰ ਕੁਰਸੀਆਂ ਮੱਲ ਲਈਆਂ। ਸ਼ੂਟਿੰਗ ਸ਼ੁਰੂ ਹੋਣ ਤੱਕ ਵੀ ਆਮ ਨਾਲੋਂ ਵੱਧ ਵਿਦਿਆਰਥੀ ਨਹੀਂ ਸੀ ਪਹੁੰਚੇ। ਇਸ ਦਾ ਮਤਲਬ ਸੀ ਕਿ ਜਾਂ ਤਾਂ ਇਸ ਗੱਲ ਦਾ ਹਰ ਇਕ ਨੂੰ ਪਤਾ ਨਹੀਂ ਸੀ ਲੱਗਾ ਜਾਂ ਲਾਇਬਰੇਰੀ ਦਾ ਗੇਟ ਬੰਦ ਕਰ ਦਿੱਤਾ ਗਿਆ ਹੋਵੇਗਾ। ਅਸੀਂ ਆਪਣੀ ਖੁਸ਼ਕਿਸਮਤੀ 'ਤੇ ਬਾਗੋ ਬਾਗ ਸਾਂ।

ਹਾਲ ਦੇ ਇਕ ਖੂੰਜੇ 'ਚ ਖੜ੍ਹ ਕੇ ਫਿਲਮ ਦੇ ਡਾਇਰੈਕਟਰ ਬੀ.ਆਰ. ਚੋਪੜਾ ਨੇ ਚਾਰੇ ਪਾਸੇ ਇਕ ਬਾਜ਼ ਦੀ ਨਜ਼ਰ ਘੁਮਾਈ ਤੇ ਮੇਰੇ ਤੇ ਖਤਮ ਕੀਤੀ। ਫਿਰ ਮਲਕੜੇ ਜਿਹੇ ਮੇਰੇ ਕੋਲ ਆ ਕੇ ਕਹਿਣ ਲੱਗਾ, "ਤੁਸੀਂ ਵਿਦਿਆ ਸਿਨਹਾ ਦੇ ਨਾਲ ਵਾਲੀ ਸੀਟ 'ਤੇ ਬੈਠ ਜਾਓਗੇ?" ਮੇਰਾ ਤਾਂ ਜਿਵੇਂ ਕੰਨ ਸੇਕਿਆ ਗਿਆ ਹੋਵੇ। ਮੈਨੂੰ ਯਕੀਨ ਨਾ ਆਵੇ ਜੋ ਮੈਂ ਸੁਣਿਆ। ਪਰ ਦੂਜੇ ਪਲ ਮੈਨੂੰ ਜਿਵੇਂ ਸੰਗ ਆ ਗਈ। ਕੋਈ ਹੋਰ ਹੁੰਦਾ, ਅਮਰੀਕ ਗਿੱਲ ਵਰਗਾ, ਉਸਨੇ ਪਾਂਧਾ ਨਹੀਂ ਸੀ ਪੁਛਣਾ, ਉਠ ਕੇ ਕਹਿਣਾ ਸੀ, ਦੱਸੋ ਜੀ ਕਿੱਥੇ ਬੈਠੀ ਹੈ ਵਿਦਿਆ ਸਿਨਹਾ? ਪਰ ਜ਼ਿੰਦਗੀ 'ਚ ਆਪਣੀ ਏਹੀ ਤਾਂ ਘਾਟ ਰਹੀ ਹੈ। ਛੱਤ ਪਾੜ ਕੇ ਆਈ ਨਿਆਮਤ ਵੀ ਛਕਣ ਤੋਂ ਕਤਰਾਉਣ ਲੱਗ ਪੈਂਦਾ ਹਾਂ। ਮੈਨੂੰ ਕੁਝ ਬਹਾਨਾ ਨਹੀਂ ਸੀ ਅਹੁੜ ਰਿਹਾ। ਮਨ ਵਿਚ ਮਹਿਸੂਸ ਹੋ ਰਹੇ ਸੰਗ ਦੇ ਭਾਵਾਂ ਤੋਂ ਖੰਘ ਦਾ ਖਿਆਲ ਆਉਂਦਿਆਂ ਹੀ ਮੈਂ ਬਨਾਵਟੀ ਖੰਘ ਖੰਘਦਾ ਬੋਲਿਆ, "ਜੀ ਮੈਨੂੰ ਤਾਂ ਬਹੁਤ ਖੰਘ ਹੋਈ ਹੋਈ ਹੈ, ਐਵੇਂ ਮੇਰੇ 'ਤੇ ਕੈਮਰਾ ਟਿਕਾਉਂਦਿਆਂ ਛਿੜ ਪਈ ਤਾਂ ਤੁਹਾਡਾ ਸੀਨ ਖਰਾਬ ਹੋਵੇਗਾ।" ਡਾਇਰੈਕਟਰ ਮੇਰੀ ਤਕਲੀਫ਼ ਸਮਝ ਗਿਆ ਤੇ ਹੱਸਦਾ ਹੋਇਆ ਕਿਸੇ ਹੋਰ ਪਾੜ੍ਹੇ ਵੱਲ ਚਲੇ ਗਿਆ ਪਰ ਉਸਦੇ ਜਾਣ ਪਿਛੋਂ ਝੱਟ ਹੀ ਮੈਨੂੰ ਆਪਣੇ ਕੀਤੇ ਇਨਕਾਰ ਕਾਰਨ ਬਹੁਤ ਪਛਤਾਵਾ ਲੱਗਾ। ਆਪਣੇ ਆਪ ਨੂੰ ਕੋਸੀ ਜਾਵਾਂ, ਹੁਣ ਕੋਈ ਝੁਡੂ ਜਿਹਾ ਵਿਦਿਆ ਸਿਨਹਾ ਦੀਆਂ ਖੁਸ਼ਬੂਆਂ ਸੁੰਘ ਰਿਹਾ ਹੋਣਾ। ਸ਼ੂਟਿੰਗ ਮੈਂ ਕੀ ਦੇਖਣੀ ਸੀ, ਘੰਟਾ ਭਰ ਕਿਤਾਬ 'ਚ ਹੀ ਸਿਰ-ਮੂੰਹ ਖੋਭੀ ਛੱਡੇ।

ਜਦ ਹੋਸਟਲ 'ਚ ਆ ਕੇ ਮੈਂ ਦੋਸਤਾਂ ਨੂੰ ਆਪਣੀ ਹਮਾਕਤ ਦਾ ਕਿੱਸਾ ਸੁਣਾਇਆ ਤਾਂ ਉਹ ਕਚੀਚੀਆਂ ਵੱਟਣ ਲੱਗ ਪਏ; ਕਈਆਂ ਨੇ ਮੁੱਕੇ ਵੱਟ ਲਏ; ਮੇਰੇ ਮੰਜੇ 'ਤੇ ਪਏ ਦੇ ਹੂਰਿਆਂ, ਲੱਤਾਂ, ਸਿਰਹਾਣਿਆਂ ਦੀ ਝੜੀ ਲਗ ਗਈ। ਉਹ ਝਈਆਂ ਲੈ ਲੈ ਪੈ ਰਹੇ ਸਨ-ਮੈਂ ਸੁਨਹਿਰੀ ਮੌਕਾ ਕਿਉਂ ਗਵਾਇਆ? ਮੈਂ ਕੱਖੋਂ ਹੌਲਾ ਹੋਇਆ ਪਿਆ ਸਾਂ। ਅਖੀਰ ਫਿਲਮੀ ਡਾਇਲਾਗ ਝਾੜਨਾ ਪਿਆ, "ਜਾਨੇ ਭੀ ਦੋ ਯਾਰੋ, ਅਬ ਜਾਨੇ ਭੀ ਦੋ।" ਉਹ ਦਿਨ ਗਿਆ ਤੇ ਆਹ ਆਇਆ, ਨਾ ਮੈਨੂੰ ਮੁੜ ਹਿੰਦੋਸਤਾਨ 'ਚ ਰਹਿੰਦਿਆਂ ਬਾਲੀਵੁੱਡ ਵਿਚ ਕੰਮ ਦੀ ਪੇਸ਼ਕਸ਼ ਹੋਈ ਤੇ ਨਾ ਅਮਰੀਕਾ ਆ ਕੇ ਹਾਲੀਵੁਡ 'ਚ। ਹੁਣ ਤਾਂ ਇਹ ਹਾਲ ਹੈ ਕਿ ਮਜ਼ਦੂਰੀ ਵੀ ਨਹੀਂ ਮਿਲਦੀ।

ਮਜ਼ਦੂਰੀ ਨਾ ਮਿਲਣ ਦੀ ਗੱਲ ਮੈਂ ਐਵੇਂ ਨਹੀਂ ਕਹੀ। ਜਦ ਦਾ ਆਹ ਚੰਦਰਾ ਰੀਸੈਸ਼ਨ ਆਇਆ ਹੈ, ਆਟੋ ਇੰਡਸਟਰੀ ਦਾ ਗੜ੍ਹ ਮਿਸ਼ੀਗਨ ਹੁਣ ਕਾਰ ਦੀ ਥਾਂ ਬੇਕਾਰ ਬਣਾ ਰਿਹਾ ਹੈ। ਬੇਰੁਜ਼ਗਾਰੀ ਦੀ ਦਰ 16% ਤੱਕ ਹੈ ਤੇ ਅਰਥਸ਼ਾਸਤਰੀ ਕਹਿ ਰਹੇ ਹਨ ਕਿ ਮਿਸ਼ੀਗਨ ਦੇ ਆਟੋ-ਇੰਡਸਟਰੀ ਵਜੋਂ ਜਾਣੇ ਜਾਣ ਵਾਲੀ ਗੱਲ ਹੁਣ ਭੁੱਲ ਜਾਉ। ਇਹ ਰਾਜ ਹੁਣ ਹੋਰ ਪਾਸੇ ਹੱਥ ਪੈਰ ਮਾਰ ਰਿਹਾ ਹੈ ਜਿਨ੍ਹਾਂ ਵਿਚੋਂ ਇਕ ਹੈ ਫਿਲਮ ਇੰਡਸਟਰੀ ਨੂੰ ਉਤਸ਼ਾਹਤ ਕਰਨ ਦਾ ਸ਼ੋਸ਼ਾ। ਦੱਸਿਆ ਜਾਂਦਾ ਹੈ ਕਿ ਮਿਸ਼ੀਗਨ ਹੁਣ ਫਿਲਮ ਇੰਡਸਟਰੀ ਪੱਖੋਂ ਤੀਜੇ ਨੰਬਰ 'ਤੇ ਆ ਗਿਆ ਹੈ। ਏਥੇ ਫਿਲਮਾਂ ਬਣਾਉਣ ਵਾਲਿਆਂ ਨੂੰ 40-42% ਟੈਕਸ ਰੀਬੇਟ ਤੋਂ ਇਲਾਵਾ ਹੋਰ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ। ਕਹਿੰਦੇ ਹਨ ਵੀਰਾਨ ਹੋ ਚੁਕੇ ਸ਼ਹਿਰ ਡਿਟਰਾਇਟ ਦੀਆਂ ਉਜੜੀਆਂ ਇਮਾਰਤਾਂ, ਭੂਤਵਾੜੇ ਤੇ ਖੋਲ਼ੇ ਡਰਾਉਣੀਆਂ ਤੇ ਭੂਤਾਂ-ਪਰੇਤਾਂ ਵਾਲੀਆਂ ਫ਼ਿਲਮਾਂ ਲਈ ਬਹੁਤ ਢੁਕਵੇਂ ਲੋਕੇਸ਼ਨ ਸਾਬਤ ਹੋ ਸਕਦੇ ਹਨ। ਇਸ ਪ੍ਰਲੋਭਨ 'ਚ ਆਏ ਕਈ ਫਿਲਮ ਨਿਰਮਾਤਾਵਾਂ ਨੇ ਏਥੇ ਕੁਝ ਪੂਰੀਆਂ ਤੇ ਕੁਝ ਅਧਪਚੱਧੀਆਂ ਫਿਲਮਾਂ ਬਣਾਈਆਂ। ਮੌਕੇ ਦਾ ਲਾਹਾ ਲੈਂਦਿਆਂ ਬਣ ਰਹੀ ਫਿਲਮ ਸਕਰੀਮ-4 ਦੇ ਨਿਰਮਾਤਾ ਵੀ ਡੇਰਾ-ਡੰਡਾ ਚੁੱਕ ਕੇ ਮਿਸ਼ੀਗਨ ਵੱਲ ਦੌੜੇ ਆਏ। ਪਿਛਲੇ ਦਿਨਾਂ ਵਿਚ ਡਿਟਰਾਇਟ ਖਾਸ, ਡੀਅਰਬਾਰਨ ਤੇ ਨਾਰਥਵਿਲ ਵਿਚ ਇਸ ਫ਼ਿਲਮ ਦੇ ਸੀਨ ਫਿਲਮਾਏ ਜਾ ਚੁਕੇ ਸਨ। ਖਬਰਾਂ ਆਈਆਂ ਕਿ ਮੇਰੇ ਸ਼ਹਿਰ ਪਲਿਮਥ ਦੇ ਡਾਊਨਟਾਊਨ ਵਿਚ ਵੀ ਸੋਮਵਾਰ ਤੇ ਮੰਗਲਵਾਰ ਸ਼ੂਟਿੰਗ ਹੋਵੇਗੀ। ਮੈਂ ਤਾਂ ਅਕਸਰ ਹੀ ਡਾਊਨਟਾਊਨ ਸੈਰ ਕਰਨ ਜਾਂਦਾ ਰਹਿੰਦਾ ਹਾਂ। ਪਤਨੀ ਨੂੰ ਨਾ ਸੈਰ ਕਰਨ ਦਾ ਸ਼ੌਕ ਹੈ ਤੇ ਨਾ ਸ਼ੂਟਿੰਗ ਦੇਖਣ ਦਾ; ਬੁਧੂ ਡੱਬਾ ਭਾਵੇਂ ਉਸ ਦੀਆਂ ਅੱਖਾਂ ਅੱਗੇ ਚੱਤੋ ਪਹਿਰ ਬੰਨ੍ਹੀ ਰੱਖੋ। ਇਉਂ ਲਗਦਾ ਹੈ ਮੇਰੀ ਬੀਵੀ ਤੇ ਟੀ.ਵੀ. ਇਕ ਦੂਜੇ ਲਈ ਬਣੇ ਹਨ, ਮੈਂ ਤਾਂ ਐਵੇਂ ਤਿਕੋਨ ਬਣਾਈ ਬੈਠਾਂ। ਫਿਲਮ ਉਸਨੇ 'ਜੈ ਸੰਤੋਸ਼ੀ ਮਾਂ', 'ਪੰਡਿਤ ਔਰ ਪਹਿਲਵਾਨ', 'ਮੱਘਾ ਜੱਟ ਦਾ' ਵੀ ਨਹੀਂ ਛੱਡੀ। ਸਕਰੀਮ-1 ਤੋਂ ਲੈ ਕੇ 3 ਤੱਕ ਸਾਰੀਆਂ ਦੇਖ ਸੁੱਟੀਆਂ ਹਨ। ਨਾਲੇ ਉਸਨੂੰ ਵਿਦਿਆ ਸਿਨਹਾ-ਲਾਇਬਰੇਰੀ-ਖੰਘ ਵਾਲੀ ਗੱਲ ਤੋਂ ਮੇਰੇ ਇਖ਼ਲਾਕ ਦੀ ਬੁਲੰਦੀ (ਕਮਜ਼ੋਰੀ?) ਦਾ ਖੂਬ ਅਨੁਮਾਨ ਲੱਗ ਚੁੱਕਾ ਸੀ। ਇਸ ਉਮਰ ਵਿਚ ਤਾਂ ਮੈਂ ਵੈਸੇ ਵੀ ਕਿਹੜਾ ਖੋਹਣ ਖੋਹਣਾ ਹੈ। ਉਸਨੇ ਮੈਨੂੰ ਇਕੱਲਿਆਂ ਸ਼ੂਟਿੰਗ ਦੇਖਣ ਦੀ ਖੁਲ੍ਹ ਦੇ ਦਿਤੀ।

ਡਾਇਰੈਕਟਰ ਵੈਸ ਕਰੇਨ ਦੇ ਨਿਰਦੇਸ਼ਨ ਅਧੀਨ ਬਣੀਆਂ ਸਕਰੀਮ ਲੜੀ ਦੀਆਂ ਫਿਲਮਾਂ ਹੌਲਨਾਕ, ਸਨਸਨੀਖੇਜ਼ ਤੇ ਹਾਸੇ ਤੇ ਮੜਾਸੇ ਨਾਲ ਪਰੁੱਚੀਆਂ ਹੁੰਦੀਆਂ ਹਨ। ਕਥਾਨਕ-ਅੰਦਰ-ਕਥਾਨਕ ਛਿੜਦੇ ਜਾਂਦੇ ਹਨ। ਸ਼ਾਂ-ਸ਼ਾਂ...ਟਰਨ-ਟਰਨ...ਠਾਹ-ਠਾਹ...ਖੂਨ-ਖਰਾਬਾ....ਦਰਸ਼ਕ ਸਾਰੀ ਫਿਲਮ ਦੌਰਾਨ ਸਾਹ ਚੜ੍ਹਾਈ ਰਖਦਾ ਹੈ। ਕਾਤਲਾਂ ਨੇ ਕਾਲੇ ਮੁਖੌਟੇ ਪਾਏ ਹੁੰਦੇ ਹਨ ਤੇ ਸਾਰੀ ਸੁਨਸੁਨੀ 'ਚ ਏਹੀ ਨਹੀਂ ਪਤਾ ਲਗਦਾ ਕਿ ਖੂਨ ਕਿਸ ਨੇ ਕੀਤਾ ਹੈ। ਹਾਸੇ ਦੇ ਮੜਾਸੇ ਨਾਲੋ ਨਾਲ ਵਿਆਪਦੇ ਹਨ। ਮੈਂ ਆਪ ਤਾਂ ਇਕੋ ਸਕਰੀਮ ਹੀ ਦੇਖੀ ਹੈ ਤੇ ਉਸਦਾ ਵੀ ਕਖ ਯਾਦ ਨਹੀਂ। ਬਾਕੀ ਸਾਰੀਆਂ ਦੇ ਵੇਰਵੇ ਘਰ ਵਾਲੀ ਤੋਂ ਹੀ ਸੁਣੇ ਹਨ।

ਕੁਝ ਵੀ ਹੋਵੇ, ਮੈਂ ਤਾਂ ਸ਼ੂਟਿੰਗ ਦੇਖਣ ਚੱਲਿਆ ਸਾਂ ਸਿਰਫ਼ ਇਸਦੀ 46 ਸਾਲਾ ਧਮਾਕੇਦਾਰ ਐਕਟਰੈਸ ਕੋਟਨੀ ਕਾਕਸ ਦੇ ਦਰਸ਼ਨਾਂ ਨਮਿਤ। ਕੋਟਨੀ ਕਾਕਸ, ਇਕ ਜ਼ਬਰਦਸਤ ਮਨੋਵੇਗਾਂ ਨਾਲ ਸਰਸ਼ਾਰ ਖ਼ਬਤੀ ਔਰਤ ਦਾ ਰੋਲ ਨਿਭਾਉਣ ਵਾਲੀ ਕਮਾਲ ਦੀ ਐਕਟਰੈਸ। ਡਾਊਨ ਟਾਊਨ ਪੁੱਜਾ ਤਾਂ ਦੇਖਿਆ, ਐਨ ਕੇਂਦਰ ਵਿਚ ਸਥਿਤ ਕੈਲੌਗਜ਼ ਪਾਰਕ ਦੇ ਕਈ ਦਰਖਤਾਂ, ਖੰਭਿਆਂ, ਤਾਰਾਂ ਆਦਿ ਤੇ ਡਰਨਿਆਂ ਵਰਗੇ ਕਾਲੇ ਮੁਖੌਟੇ ਟੰਗੇ ਹੋਏ ਸਨ। ਹੈਲੋਵੀਨ ਵਰਗਾ ਵਚਿਤਰ ਮਾਹੌਲ ਸਿਰਜਿਆ ਗਿਆ ਸੀ। ਥੋੜਾ ਅੱਗੇ ਵਧਿਆ ਤਾਂ ਅੰਦਰ ਨੂੰ ਜਾਣ ਵਾਲੀ ਸੜਕ ਦੇ ਸ਼ੁਰੂ ਵਿਚ ਇਕ ਨੋਟਿਸ ਬੋਰਡ ਰੱਖਿਆ ਹੋਇਆ ਦੇਖਿਆ ਜਿਸ ਦੀ ਇਬਾਰਤ ਕੁਝ ਇਸ ਤਰ੍ਹਾਂ ਸੀ:

### ਰਜ਼ਾਮੰਦੀ ਦਾ ਨੋਟਿਸ

ਨੈਕਸਟ ਫ਼ਿਲਮਜ਼ ਇਨਕਾਰਪਰੇਸ਼ਨ ਵਲੋਂ ਫਿਲਮ ਦੀ ਸ਼ੂਟਿੰਗ ਚਲ ਰਹੀ ਹੈ। ਹੋਰ ਅਗੇਰੇ ਜਾਣ ਤੋਂ ਪਹਿਲਾਂ ਪੜ੍ਹਿਆ ਵਿਚਾਰ ਲਵੋ। ਚਲਦੀ ਸ਼ੂਟਿੰਗ ਦੌਰਾਨ ਕੈਮਰਾ ਤੁਹਾਡੇ ਸਰੀਰ ਦੀ ਪੂਰੀ ਜਾਂ ਅਧਪਚੱਧੀ ਤਸਵੀਰ ਖਿਚ ਸਕਦਾ ਹੈ। ਤੁਹਾਡੇ ਸਰੀਰ ਤੋਂ ਪੈਦਾ ਹੁੰਦੀ ਮਹੀਨ ਤੋਂ ਮਹੀਨ ਆਵਾਜ਼ ਰਿਕਾਰਡ ਹੋ ਸਕਦੀ ਹੈ ਜਾਂ ਕੀਤੀ ਜਾ ਸਕਦੀ ਹੈ। ਸ਼ੂਟਿੰਗ ਖੇਤਰ 'ਚ ਵੜਨ ਦਾ ਮਤਲਬ ਹੈ ਕਿ ਤੁਸੀਂ ਇਨਕਾਰਪਰੇਸ਼ਨ ਤੇ ਉਸਦੇ ਉਤਰਾਅਧਿਕਾਰੀਆਂ, ਮੁਖਤਿਆਰਾਂ, ਲਾਇਸੈਂਸਧਾਰੀਆਂ ਨੂੰ ਹਮੇਸ਼ਾ ਹਮੇਸ਼ਾ ਲਈ ਆਪਣੀਆਂ ਤਸਵੀਰਾਂ ਅਤੇ ਰਿਕਾਰਡ ਹੋਈਆਂ ਆਵਾਜ਼ਾਂ ਨੂੰ ਵਰਤਣ ਦਾ ਅਧਿਕਾਰ ਦੇਣ ਲਈ ਰਜ਼ਾਮੰਦ ਹੋ। ਇਸ ਸਭ ਕੁਝ ਨੂੰ ਅਸੀਂ ਦੁਨੀਆ ਭਰ ਵਿਚ, ਹਰ ਤਰ੍ਹਾਂ ਨਾਲ ਤੋੜ ਮਰੋੜ ਕੇ ਹਰ ਤਰ੍ਹਾਂ ਦੇ ਮੀਡੀਆ ਵਿਚ ਹਮੇਸ਼ਾ ਹਮੇਸ਼ਾ ਲਈ ਵਰਤ ਸਕਦੇ ਹਾਂ। ਇਨ੍ਹਾਂ ਸਾਰੀਆਂ ਫੋਟੋਆਂ ਤੇ ਭਰੀਆਂ ਹੋਈਆਂ ਅਵਾਜ਼ਾਂ ਉਤੇ ਸਿਰਫ਼ ਅਤੇ ਸਿਰਫ਼ ਨੈਕਸਟ ਫ਼ਿਲਮਜ਼ ਇਨਕਾਰਪੋਰੇਸ਼ਨ ਦਾ ਅਧਿਕਾਰ ਹੈ। ਇਨਕਾਰਪੋਰੇਸ਼ਨ, ਇਸ ਦੇ ਉਤਰਾਅਧਿਕਾਰੀ, ਮੁਖਤਿਆਰ, ਲਇਸੈਂਸਧਾਰੀ ਤੁਹਾਡੇ ਵੱਲ ਕਿਸੇ ਵੀ ਤਰ੍ਹਾਂ ਦੀ ਦੇਣਦਾਰੀ ਤੋਂ ਰਹਿੰਦੀ ਦੁਨੀਆਂ ਤੱਕ ਮੁਕਤ ਹੋਣਗੇ। ਤੁਸੀਂ ਕਿਸੇ ਤਰ੍ਹਾਂ ਦੇ ਮਾਇਕ ਜਾਂ ਹੋਰ ਤਰ੍ਹਾਂ ਦੇ ਇਵਜ਼ਾਨੇ ਦਾ ਕਦੇ ਦਾਅਵਾ ਨਹੀਂ ਕਰ ਸਕਦੇ।

ਜੇ ਤੁਸੀਂ ਉਪਰੋਕਤ ਦੇ ਪਾਬੰਦ ਨਹੀਂ ਰਹਿਣਾ ਚਾਹੁੰਦੇ ਤਾਂ, ਅੰਦਰ ਨਾ ਜਾਓ।

ਨੋਟਿਸ ਪੜ੍ਹ ਕੇ ਇਕ ਦਮ ਤਾਂ ਮੈਂ ਡਰ ਗਿਆ, ਫ਼ਿਲਮ ਦੀ ਸ਼ੂਟਿੰਗ ਹੈ ਜਾਂ ਕੋਈ ਚਾਂਦਮਾਰੀ? ਲੋਕਾਂ ਦੀਆਂ ਅਰਧ-ਤਸਵੀਰਾਂ ਤੇ ਪੈੜ-ਚਾਪਾਂ ਦੀ ਵੀ ਇਸ ਦੇਸ ਵਿਚ ਏਨੀ ਕੀਮਤ ਹੈ। ਜ਼ਰੂਰ ਕਿਸੇ ਨਾ ਕਿਸੇ ਵੇਲੇ ਫਿਲਮ 'ਚ ਆਪਣੀ ਮਨਹੂਸ ਤਸਵੀਰ ਦੇਖ ਕੇ ਫਿਲਮ ਨਿਰਮਾਤਾਵਾਂ ਉਤੇ ਨਿੱਜੀ-ਜ਼ਿੰਦਗੀ ਦੇ ਅਧਿਕਾਰਾਂ ਵਾਲੇ ਕਾਨੂੰਨ ਅਧੀਨ ਦਾਅਵਾ ਠੋਕ ਕੇ ਮਿਲੀਅਨ ਵਸੂਲ ਲਿਆ ਹੋਣਾ ਹੈ। ਆਪਣੇ ਦੇਸ ਵਿਚ ਤਾਂ ਕਿਤੇ ਫਿਲਮ 'ਚ ਨਹੁੰ ਵੀ ਅੜੁੰਗਿਆ ਜਾਵੇ ਤਾਂ ਧੰਨ ਭਾਗ ਸਮਝੇ ਜਾਣਗੇ।...ਪਾਰਕ ਦੇ ਦੂਜੇ ਬੰਨੇ ਏਥੋਂ ਕੋਈ ਇਕ ਫਰਲਾਂਗ ਦੀ ਵਿਥ 'ਤੇ ਐਨਾਰਬਰ ਟਰੇਲ ਉਤੇ ਸਥਿਤ ਇਕ ਬਾਕਸ ਬਾਰ ਦੇ ਨਾਲ ਪੁਲਿਸ ਸਟੇਸ਼ਨ ਦਾ ਢਾਂਚਾ ਖੜਾ ਕੀਤਾ ਗਿਆ ਸੀ। ਇਹ ਪੁਲਿਸ ਸਟੇਸ਼ਨ ਅਸਲ ਵਿਚ ਫਿਲਮ 'ਚ ਆਏ ਕੈਲੀਫੋਰਨੀਆ ਦੇ ਕਾਲਪਨਿਕ ਸ਼ਹਿਰ ਵੁਡਜ਼ਬੌਰੋ ਦਾ ਹੈ। ਢਾਂਚੇ ਵਿਚ ਥਾਣੇ ਦਾ ਸਿਰਫ ਸਾਹਮਣਲਾ ਮੁਖ ਹੀ ਖੜਾ ਕੀਤਾ ਗਿਆ ਸੀ, ਅੰਦਰਲੇ ਵਾਕਿਆਤ ਪਹਿਲਾਂ ਹੀ ਨਾਰਥਵਿਲ ਦੀ ਇਕ ਵੀਰਾਨ ਕਚਹਿਰੀ ਵਿਚ ਫਿਲਮਾਏ ਜਾ ਚੁਕੇ ਸਨ। ਫਿਲਮ ਦਾ ਐਕਸ਼ਨ ਇਸ ਢਾਂਚੇ ਦੁਆਲੇ ਹੋ ਰਿਹਾ ਸੀ ਜਿਸ ਨੂੰ ਕਾਸ਼ਨ ਵਾਲੀ ਟੇਪ ਨਾਲ ਵਗਲ ਦਿੱਤਾ ਗਿਆ ਸੀ। ਚਾਰੇ ਪਾਸੇ ਥਾਣੇ ਦਾ ਪ੍ਰਭਾਵ ਦੇਣ ਲਈ ਵੁਡਜ਼ਬੌਰੋ ਪੁਲਿਸ ਦੀਆਂ ਗੱਡੀਆਂ ਖੜੀਆਂ ਕੀਤੀਆਂ ਹੋਈਆਂ ਸਨ। ਸ਼ੂਟਿੰਗ-ਦਰਸ਼ਕ ਵਲਗਣ ਦੇ ਨਾਲ ਨਾਲ ਖੜੇ ਸਨ। ਮੈਂ ਫਾਸਟ ਫਾਰਵਰਡ ਹੋਇਆ ਤੇ ਦਰਸ਼ਕਾਂ ਵਿਚਕਾਰ ਖੜਾ ਹੋ ਗਿਆ। ਜੋ ਸੀਨ ਫਿਲਮਾਇਆ ਜਾ ਰਿਹਾ ਸੀ ਉਸ ਵਿਚ ਜਾਮਨੀ ਰੰਗ ਦਾ ਕੱਸਵਾਂ ਡਰੈਸ ਪਹਿਨੀ ਐਕਟਰੈਸ ਕੋਟਨੀ ਕਾਕਸ ਆਪਣੀ ਸਾਥਣ ਹੇਡਨ ਪੈਨੇਟਿਅਰ ਨਾਲ ਵਾਰਤਾਲਾਪ ਕਰਦੀ ਪੁਲਿਸ ਸਟੇਸ਼ਨ ਦੇ ਅਗਾੜੀ ਵਾਲੀ ਫ਼ਰੰਟ ਵਾਕ ਤੇ ਤੇਜ਼ ਤੇਜ਼ ਤੁਰੀ ਜਾਂਦੀ ਹੈ। ਉਸਦੇ ਨਾਲ ਨਾਲ ਭੱਜ ਰਹੇ ਹਨ ਲਾਈਟ ਰਿਫਲੈਕਟਰ ਚੁੱਕਣ ਵਾਲੇ, ਕੈਮਰਾਮੈਨ ਤੇ ਹੋਰ ਲਾਣਾ। ਏਨੇ ਨੇੜੇ ਖੜ੍ਹ ਕੇ ਵੀ ਸੀਨ ਦਾ ਸਿਰਫ ਝੌਲਾ ਹੀ ਪੈਂਦਾ ਸੀ। ਪਰ ਆਸ ਪਾਸ ਖੜੇ ਨੌਜਵਾਨ ਮੁੰਡੇ-ਕੁੜੀਆਂ ਖੂਬ ਉਤੇਜਤ ਨਜ਼ਰ ਆ ਰਹੇ ਸਨ।



*ਫਿਲਮ 'ਕਰਮ' ਵਿਚ ਵਿਦਿਆ ਸਿਨਹਾ*

ਸਾਡੇ ਦੇਸ਼ ਵਾਂਗ ਉਧੜਧੁਮੀ ਤਾਂ ਨਹੀਂ ਸੀ ਪਰ ਫਿਰ ਵੀ ਫ਼ਿਲਮੀ ਐਕਟਰ/ਐਕਟਰਸਾਂ ਨੂੰ ਨੇੜਿਓਂ ਦੇਖਣ ਦੀ ਉਤਸੁਕਤਾ ਘਟ ਨਹੀਂ ਸੀ। ਸਕਿਉਰਟੀ ਵਾਲੇ ਸਭ ਨੂੰ ਵਾਰ ਵਾਰ ਚੁੱਪ ਰਹਿਣ ਲਈ ਕਹਿ ਰਹੇ ਸਨ ਤਾਂ ਕਿ ਸ਼ੂਟਿੰਗ ਵਿਚ ਵਿਘਨ ਨਾ ਪਵੇ ਪਰ ਕਈਆਂ ਦੇ ਲਿਆਂਦੇ ਹੋਏ ਕੁੱਤੇ ਭੌਂਕਣੋਂ ਨਹੀਂ ਸੀ ਹਟ ਰਹੇ। ਦਰਸ਼ਕਾਂ ਦੇ ਕੈਮਰੇ ਅਲੱਗ ਟਰਰ ਟਰਰ ਕਰ ਰਹੇ ਸਨ। ਦਿਸਦਾ ਤਾਂ ਕੁਝ ਘਟ ਹੀ ਸੀ ਫਿਰ ਵੀ ਕਈ ਆਪਣੇ ਦੋਸਤਾਂ ਮਿੱਤਰਾਂ ਨੂੰ ਲਗਾਤਾਰ ਸੈਲ ਫੋਨ 'ਤੇ ਸਾਰੀ ਖਬਰ ਦੇਈ ਜਾ ਰਹੇ ਸਨ। ਇਕ ਅਧਖੜ ਇਸਤਰੀ ਨੇ ਪੂਰੀ ਸ਼ੂਟਿੰਗ ਦੌਰਾਨ ਫੋਨ 'ਤੇ ਲਾਈਵ ਕਮੈਂਟਰੀ ਬੰਦ ਨਾ ਕੀਤੀ। ਕੁਝ ਲੋਕ ਪਾਰਕ ਵਿਚ ਨਾਲ ਦੀ ਨਾਲ ਪਿਕਨਿਕ ਮਨਾਉਣ ਲੱਗੇ ਹੋਏ ਸਨ। ਮੇਰਾ ਖਿਆਲ ਹੈ ਕਿ ਘੱਟੋ ਘਟ ਦੋ ਦਰਜਨ ਰੀਟੇਕ ਹੋਏ ਤਾਂ ਜਾ ਕੇ ਸੀਨ ਸੂਤ ਬੈਠਾ।

ਮੈਂ ਕੋਟਨੀ ਕਾਕਸ ਦੇ ਹੁਸਨ ਦਾ ਸਮੂਲਚਾ ਘੁਟ ਭਰਨ ਲਈ ਕਈ ਆਸਣ ਤੇ ਜ਼ਾਵੀਏ ਬਦਲੇ ਪਰ ਨਸੀਬ ਵਿਚ ਕਦੇ ਉਸਦਾ ਸਿਰ, ਕਦੇ ਲੱਤਾਂ, ਕਦੇ ਬਾਹਵਾਂ ਤੇ ਕਦੇ ਸੈਂਡਲ ਹੀ ਜੁੜਦੇ। ਮੇਰੇ ਅੰਦਰ ਬੁਝੀ ਹੋਈ ਜਵਾਨੀ ਦੀ ਜਵਾਲਾ ਧੁਖਣ ਲੱਗ ਪਈ। ਕੋਈ ਦੋ ਕੁ ਘੰਟੇ ਦੀ ਝਖ ਝਖ ਪਿਛੋਂ ਸ਼ੂਟਿੰਗ ਬੰਦ ਕਰ ਦਿੱਤੀ ਗਈ। ਬਰੇਕ ਦਾ ਟਾਈਮ ਆ ਗਿਆ ਸੀ। ਸਾਰਾ ਅਮਲਾ ਏਧਰ ਉਧਰ ਕੈਲੌਗ ਪਾਰਕ ਵਿਚ ਆ ਚੁਕਾ ਸੀ। ਕੋਈ ਕੋਕ ਪੀਣ ਲੱਗਾ, ਕੋਈ ਆਈਸ ਕਰੀਮ ਖਾਣ ਲੱਗਾ ਤੇ ਕੋਈ ਉਂਜ ਹੀ ਅਮਰੀਕੀ ਮਸਤੀਆਂ ਖਰਮਸਤੀਆਂ ਕਰਨ। ਅਚਾਨਕ ਬਿਜਲੀ ਦੀ ਤਰ੍ਹਾਂ ਕੋਟਨੀ ਕਾਕਸ ਫੋਨ ਕੰਨ ਤੇ ਰੱਖੀ ਪਾਰਕ ਵੱਲ ਵਧੀ ਤੇ ਇਕ ਬੈਂਚ 'ਤੇ ਬੈਠ ਕੇ ਫੋਨ 'ਚ ਰੁਝ ਗਈ। ਇਹ ਜਗ੍ਹਾ ਮੇਰੇ ਕੋਲੋਂ ਮਸਾਂ ਦਸ ਬਾਰਾਂ ਫੁੱਟ 'ਤੇ ਸੀ, ਨਹੀਂ ਬੱਸ ਚੰਦ ਇਕ ਕਦਮਾਂ 'ਤੇ ਹੀ; ਅਤੇ ਦਰਮਿਆਨ ਕੋਈ ਲਾਈਟ ਰਿਫ਼ਲੈਕਟਰ ਨਹੀਂ ਸੀ, ਕਿਸੇ ਕੈਮਰਾਮੈਨ ਦੀ ਰੁਕਾਵਟ ਨਹੀ ਸੀ, ਬੱਸ ਕਾਸ਼ਨ ਵਾਲੀ ਪਤਲੀ ਟੇਪ ਤਾਣੀ ਹੋਈ ਸੀ। ਸ਼ਾਹ ਕਾਲੇ ਵਾਲਾਂ ਵਾਲੀ ਕੋਟਨੀ ਕਾਕਸ ਆਪਣੇ ਭਰਪੂਰ ਜਿਸਮ ਨਾਲ ਸਾਹਮਣੇ ਪੇਸ਼ ਪੇਸ਼ ਸੀ। ਇਸ ਉਮਰ ਵਿਚ ਵੀ ਉਸਦੀ ਸ਼ਖਸੀਅਤ ਵਿਚ ਮਿਕਨਾਤੀਸੀ ਖਿੱਚ ਸੀ। ਮੇਰੇ ਕੋਲ ਖੜੀਆਂ ਗੋਰੀਆਂ ਯੁਵਤੀਆਂ ਚੀਕਾਂ ਮਾਰਨ ਲੱਗੀਆਂ। ਫੋਨ 'ਤੇ ਕੁਮੈਂਟਰੀ ਦੇ ਰਹੀ ਮਹਿਲਾ ਦੀ ਆਵਾਜ਼ ਹੋਰ ਤੇਜ਼ ਹੋ ਗਈ। ਉਸਦੇ ਮੂੰਹ 'ਚੋਂ ਝੱਗ ਨਿਕਲਣ ਲੱਗ ਪਈ। ਕੁਝ ਗੋਰੀਆਂ ਲਾਚੜ ਗਈਆਂ, ਉਨ੍ਹਾਂ ਤੋਂ ਆਪਣਾ ਆਪ ਸਾਂਭਿਆ ਨਹੀਂ ਸੀ ਜਾਂਦਾ। ਅਚਾਨਕ ਉਹ ਇਕੋ ਆਵਾਜ਼ ਬਣਕੇ ਗਰਜੀਆਂ, "ਵੀ ਲਵ ਯੂ ਕਾਟਨੀ।" ਕਾਟਨੀ ਨੇ ਫੋਨ ਤੋਂ ਸਿਰ ਨਾ ਚੁਕਿਆ ਪਰ ਹੱਥ ਹਿਲਾ ਦਿਤੇ। ਕੁੜੀਆਂ ਖਿੜਪੁੜ ਗਈਆਂ ਤੇ ਤਾੜੀ ਮਾਰਨ ਲੱਗੀਆਂ। ਮੇਰੇ ਅੰਦਰਲਾ ਮਰਿਆ ਹੋਇਆ ਛੋਕਰਾ ਖਲਬਲੀ ਮਚਾਉਣ ਲੱਗਾ। ਵਿਦਿਆ ਸਿਨਹਾ ਨੂੰ ਠੁਕਰਾਏ ਪਲ ਮੇਰੇ ਸਿਰ 'ਤੇ ਸਵਾਰ ਹੋ ਗਏ ਤੇ ਆਪਣੇ ਆਪ 'ਤੇ ਘਿਣ ਜਿਹੀ ਆਈ। ਆਪਣੇ ਗਲੇ ਦਾ ਗੱਚ ਭਰ ਕੇ ਦੇਖਿਆ, ਇਸ ਵਿਚ ਕੋਈ ਖੰਘ-ਖੰਘਾਰ ਨਹੀਂ ਸੀ, ਸਾਰ ਪਾਰ ਇਕ ਦਮ ਸਾਫ਼, ਟੁਣਕਦਾ ਹੋਇਆ ਜਿਵੇਂ ਫੁਲਤਰੂ ਫੇਰਿਆ ਹੁੰਦਾ। ਅਧਖੜ ਤੋਂ ਇਕੀ ਸਾਲ ਦਾ ਬਣਿਆ ਪਿਆ ਪਰ ਤੋਲ ਰਿਹਾ ਸਾਂ ਮੈਂ। ਅਚਾਨਕ ਆਪਮੁਹਾਰੇ ਮੇਰੇ ਮੂੰਹੋਂ ਉਚੀ ਦੇਣੀ ਨਿਕਲਿਆ, "ਆਈ ਲਵ ਯੂ ਕਾਟਨੀ।" ਤੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦ ਮੈਂ ਦੇਖਿਆ ਕਾਟਨੀ ਨੇ ਫੋਨ ਤੋਂ ਸਿਰ ਚੁਕਿਆ, ਤੇਜ਼ੀ ਨਾਲ ਹੱਥ ਹਿਲਾਏ ਤੇ ਬੋਲੀ, "ਆਈ ਲਵ ਯੂ ਟੂ।" ਉਸਦੇ ਬੁੱਲਾਂ 'ਤੇ ਮੁਸਕਰਾਹਟ ਸੀ। ਸ਼ਾਇਦ ਉਸਨੂੰ ਕਿਸੇ ਮਰਦਾਵੀਂ 'ਲਵ ਯੂ' ਦੀ ਉਡੀਕ ਸੀ ਜਿਸ ਦਾ ਉਸਨੇ ਉਤਰ ਦੇਣਾ ਯੋਗ ਸਮਝਿਆ ਹੋਵੇ। ਗੋਰੀਆਂ ਮੇਰੇ ਵੱਲ ਬਿਟ ਬਿਟ ਦੇਖਣ ਲੱਗੀਆਂ, ਮੇਰੇ ਭੋਇੰ 'ਤੇ ਪੈਰ ਨਹੀਂ ਸੀ ਟਿਕ ਰਹੇ ਤੇ ਮੈਂ ਲੜਖੜਾਉਂਦਾ ਕਿਸੇ ਤਰ੍ਹਾਂ ਵਾਪਸ ਘਰ ਆ ਗਿਆ।

# ਅਕਾਦਮਿਕ ਸਰਗਰਮੀਆਂ

**ਡਾ. ਗੁਰਨਾਮ ਕੌਰ**

ਯੂਨੀਵਰਸਿਟੀ ਦੇ ਪੰਜਾਬ ਹਿਸਟਾਰੀਕਲ ਸਟੱਡੀਜ਼ ਵਿਭਾਗ ਅਤੇ ਹਿਸਟਰੀ ਵਿਭਾਗ ਵੀ ਆਪਣੇ ਆਪਣੇ ਖੇਤਰ ਵਿਚ ਕਾਫੀ ਸਰਗਰਮ ਰਹੇ ਹਨ। ਪਿੱਛੋਂ ਆ ਕੇ ਭਾਵੇਂ ਇਨ੍ਹਾਂ ਵਿਭਾਗਾਂ, ਖਾਸ ਕਰਕੇ ਪੰਜਾਬ ਹਿਸਟਾਰੀਕਲ ਸਟੱਡੀਜ ਵਿਭਾਗ ਵਿਚ ਭਰਤੀਆਂ ਨਾ ਹੋਣ ਕਰਕੇ ਹਾਲਤ 'ਉਜੜੇ ਬਾਗਾਂ' ਵਰਗੀ ਹੋ ਗਈ। ਉਚ-ਅਧਿਕਾਰੀਆਂ ਨੂੰ ਲਾਹਾ ਖਾਲੀ ਪਈਆਂ ਅਸਾਮੀਆਂ ਦੀ ਆਉਂਦੀ ਯੂ.ਜੀ.ਸੀ. ਗਰਾਂਟ ਦਾ ਰਿਹਾ ਹੈ, ਜਿਸ ਨੂੰ ਹੋਰ ਪਾਸੇ ਲਾਇਆ ਜਾ ਸਕਦਾ ਸੀ। ਸਿੱਖ ਇਤਿਹਾਸ ਅਤੇ ਪੰਜਾਬ ਇਤਿਹਾਸ ਦੇ ਚੋਟੀ ਦੇ ਚਿੰਤਕ ਇਨ੍ਹਾਂ ਵਿਭਾਗਾਂ ਨਾਲ ਜੁੜੇ ਰਹੇ ਹਨ। ਮਹਾਨ ਇਤਿਹਾਸਕਾਰ ਡਾ. ਗੰਡਾ ਸਿੰਘ ਅਤੇ ਡਾ. ਫ਼ੌਜਾ ਸਿੰਘ ਦੇ ਨਾਮ ਜਿੰਨੇ ਸਿੱਖ ਇਤਿਹਾਸ ਅਤੇ ਪੰਜਾਬ ਇਤਿਹਾਸ ਨਾਲ ਜੁੜੇ ਹੋਏ ਹਨ, ਉਨੇ ਹੀ ਪੰਜਾਬੀ ਯੂਨੀਵਰਸਿਟੀ ਦੇ ਇਨ੍ਹਾਂ ਦੋ ਵਿਭਾਗਾਂ ਨਾਲ। ਡਾ. ਗੰਡਾ ਸਿੰਘ ਬਜ਼ੁਰਗ ਅਤੇ ਬਹੁਤ ਸੀਨੀਅਰ ਸਕਾਲਰ ਸਨ ਜਿਨ੍ਹਾਂ ਨੂੰ ਸਿਰਫ ਸਟੇਜ 'ਤੇ ਭਾਸ਼ਨ ਦਿੰਦਿਆਂ ਸੁਣਨ ਦਾ ਹੀ ਮੌਕਾ ਮਿਲਦਾ ਰਿਹਾ ਪਰ ਨੇੜਿਉਂ ਉਨ੍ਹਾਂ ਦੇ ਵਿਚਾਰ ਸੁਣਨ ਦਾ ਕਦੇ ਮੌਕਾ ਮੇਲ ਨਹੀਂ ਹੋਇਆ। ਹਾਂ! ਸਿੱਖ ਇਤਿਹਾਸ ਦੀ ਕੋਈ ਵੀ ਗੱਲ ਕਰਦਿਆਂ ਅੱਜ ਵੀ ਹਵਾਲਾ ਡਾ. ਗੰਡਾ ਸਿੰਘ ਦੀਆਂ ਲਿਖਤਾਂ ਦਾ ਹੀ ਦੇਈਦਾ ਹੈ। ਡਾ. ਫ਼ੌਜਾ ਸਿੰਘ ਵੀ ਭਾਵੇਂ ਕੈਂਪਸ ਵਿਚ ਹੀ ਰਹਿੰਦੇ ਸਨ, ਉਨ੍ਹਾਂ ਨੂੰ ਵੀ ਜ਼ਿਆਦਾ ਸਟੇਜ 'ਤੇ ਹੀ ਸੁਣਿਆ ਸੀ ਜਾਂ ਜਾਂਦੇ-ਆਉਂਦੇ 'ਸਤਿ ਸ੍ਰੀ ਅਕਾਲ' ਬੁਲਾ ਦੇਈਦੀ ਸੀ। ਡਾ. ਕ੍ਰਿਪਾਲ ਸਿੰਘ, ਜਿਨ੍ਹਾਂ ਦਾ ਨਾਂ ਜਨਮ ਸਾਖੀਆਂ ਦੇ ਅਧਿਐਨ ਨਾਲ ਵਿਸ਼ੇਸ਼ ਤੌਰ 'ਤੇ ਜੁੜਿਆ ਹੋਇਆ ਹੈ ਅਤੇ ਡਾ. ਗੁਰਬਖਸ਼ ਸਿੰਘ ਕਈ ਵਾਰ ਵਿਭਾਗ ਵਿਚ ਆ ਜਾਂਦੇ ਜਿਸ ਕਰਕੇ ਇਨ੍ਹਾਂ ਕੋਲੋਂ ਵਿਚਾਰ ਸਰਵਣ ਕਰਨ ਦਾ ਕਈ ਵਾਰ ਮੌਕਾ ਮਿਲ ਜਾਂਦਾ ਸੀ। ਡਾ. ਕ੍ਰਿਪਾਲ ਸਿੰਘ ਨਾਲ ਪਿੱਛੋਂ ਵੀ ਬਹੁਤ ਵਾਰ ਵੱਖ ਵੱਖ ਸੈਮੀਨਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮੀਟਿੰਗਾਂ ਵਿਚ, ਖਾਸ ਕਰਕੇ ਸ. ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਲਈ ਬਣਾਈ ਗਿਆਰਾਂ ਮੈਂਬਰੀ ਕਮੇਟੀ ਦੇ ਸਬੰਧ ਵਿਚ ਮੁਲਾਕਾਤ ਹੁੰਦੀ ਰਹੀ ਹੈ। ਉਹ ਚੰਡੀਗੜ੍ਹ ਦੇ 'ਇੰਸਟੀਚਿਊਟ ਆਫ ਸਿੱਖ ਸਟੱਡੀਜ' ਨਾਲ ਪ੍ਰਬੰਧਕੀ ਰੂਪ ਵਿਚ ਜੁੜੇ ਹੋਏ ਹਨ ਅਤੇ ਮੇਰਾ ਵੀ ਸਵਰਗੀ ਸ. ਦਿਲਜੀਤ ਸਿੰਘ ਆਈ.ਏ.ਐਸ. ਅਤੇ ਡਾ. ਖੜਕ ਸਿੰਘ ਮਾਨ ਕਰਕੇ ਇਸ ਅਦਾਰੇ ਨਾਲ ਨੇੜੇ ਦਾ ਸਬੰਧ ਰਿਹਾ ਹੈ। ਪਿਛੋਂ ਆ ਕੇ ਡਾ. ਐਸ.ਐਸ. ਬੱਲ ਵੀ ਹਿਸਟਰੀ ਵਿਭਾਗ ਦਾ ਸ਼ਿੰਗਾਰ ਬਣੇ। ਇਥੋਂ ਹੀ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੱਗ ਕੇ ਗਏ। ਅੱਜਕਲ੍ਹ ਡਾ. ਜਗਤਾਰ ਸਿੰਘ ਗਰੇਵਾਲ, (ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸਾਬਕਾ ਡਾਇਰੈਕਟਰ ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ, ਸ਼ਿਮਲਾ) ਆਪਣੀ ਸਿੱਖ ਇਤਿਹਾਸ ਦੀ ਨਵੀਂ ਦ੍ਰਿਸ਼ਟੀ ਤੋਂ ਕੀਤੀ ਖੋਜ ਰਾਹੀਂ ਚਾਨਣਾ ਪਾ ਰਹੇ ਹਨ। ਮੇਰੀ ਉਨ੍ਹਾਂ ਨਾਲ ਰਸਮੀ ਜਾਣ-ਪਛਾਣ ਸ਼ਿਮਲੇ ਹੋਈ ਸੀ ਜਦੋਂ ਮੇਰੇ ਪਤੀ ਗੁਰਦਿਆਲ ਸਿੰਘ ਬੱਲ ਵੀ ਉਨ੍ਹਾਂ ਦੀ ਰਹਿਨੁਮਾਈ ਵਿਚ ਸ਼ਿਮਲੇ ਪੰਜਾਬ ਦੇ ਹਾਲਾਤ ਤੇ ਕੰਮ ਕਰ ਰਹੇ ਸਨ। ਡਾ. ਗਰੇਵਾਲ ਨਾਲ ਵਿਚਾਰ ਚਰਚਾ ਕਰਨ ਦਾ ਮੌਕਾ ਉਦੋਂ ਵੀ ਮਿਲਦਾ ਰਿਹਾ ਜਦੋਂ ਉਨ੍ਹਾਂ ਨੇ ਮੈਨੂੰ ਖਾਲਸਾ ਹੈਰੀਟੇਜ ਅਨੰਦਪੁਰ ਸਾਹਿਬ ਲਈ ਤੀਜੇ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਅਧਿਐਨ ਦਾ ਕੰਮ ਸੌਂਪਿਆ। ਉਨ੍ਹਾਂ ਨਾਲ ਜਦੋਂ ਕਦੀ ਵੀ ਉਨ੍ਹਾਂ ਦੇ ਬਦਲੇ ਹੋਏ ਨਜ਼ਰੀਏ ਦੀ ਗੱਲ ਕਰੀਦੀ ਹੈ, "ਡਾ. ਸਾਹਿਬ! ਤੁਹਾਡੇ ਨਜ਼ਰੀਏ ਵਿਚ ਬਦਲਾਅ ਕਿਵੇਂ ਆਇਆ?" ਤਾਂ ਇੱਕੋ ਉਤਰ ਹੁੰਦਾ ਹੈ, "ਤੁਹਾਡੇ ਸਾਰਿਆਂ ਨਾਲ ਕੰਮ ਕਰਦਿਆਂ। ਬਾਣੀ ਤੇ ਕੰਮ ਕਰਦਿਆਂ ਅਤੇ ਤੁਹਾਡੇ ਨਾਲ ਚਰਚਾ ਕਰਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਸਿੱਖ ਇਤਿਹਾਸ ਨੂੰ ਬਾਣੀ ਦੇ ਅਧਿਐਨ ਰਾਹੀਂ ਹੀ ਸਮਝਿਆ ਜਾ ਸਕਦਾ ਹੈ।" ਪੰਜਾਬ ਹਿਸਟਾਰੀਕਲ ਸਟੱਡੀਜ਼ ਵਿਭਾਗ ਵੱਲੋਂ ਹਰ ਸਾਲ ਵੱਡੇ ਪੱਧਰ 'ਤੇ ਅੰਤਰਰਾਸ਼ਟਰੀ ਕਾਨਫਰੰਸ ਕਰਾਈ ਜਾਂਦੀ ਹੈ ਜਿਸ ਵਿਚ ਇਤਿਹਾਸ ਦੇ ਨਾਮੀ ਵਿਦਵਾਨ ਸ਼ਿਰਕਤ ਕਰਦੇ ਹਨ ਅਤੇ ਇਨ੍ਹਾਂ ਖੋਜ ਪਰਚਿਆਂ ਨੂੰ ਹਰ ਸਾਲ, 'ਪੰਜਾਬ ਪਾਸਟ ਐਂਡ ਪਰੈਜੈਂਟ' ਪਤ੍ਰਿਕਾ ਵਿਚ ਛਾਪਿਆ ਜਾਂਦਾ ਹੈ।



ਡਾ. ਗੁਰਨਾਮ ਕੌਰ

ਅਰਥ-ਸ਼ਾਸਤਰ ਵਿਭਾਗ ਦੀ ਵਾਗਡੋਰ ਲੰਬਾ ਸਮਾਂ ਡਾ. ਐਚ.ਕੇ. ਮਨਮੋਹਣ ਸਿੰਘ ਦੇ ਹੱਥ ਵਿਚ ਰਹੀ ਹੈ ਜੋ ਆਪਣੇ ਖੇਤਰ ਦੇ ਸਥਾਪਤ ਵਿਦਵਾਨ ਹਨ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣਨ ਤੋਂ ਪਹਿਲਾਂ ਵੀ ਉਹ ਕਿਸੇ ਨਾ ਕਿਸੇ ਰੂਪ ਵਿਚ ਯੂਨੀਵਰਸਿਟੀ ਦੇ ਪ੍ਰਬੰਧ ਨਾਲ ਜੁੜੇ ਰਹੇ ਹਨ ਅਤੇ ਯੂਨੀਵਰਸਿਟੀ ਦੀਆਂ ਨੀਤੀਆਂ ਤੇ ਅਸਰਅੰਦਾਜ਼ ਰਹੇ ਹਨ। ਜਦੋਂ ਕਦੀ ਵਾਈਸ ਚਾਂਸਲਰ ਸ੍ਰੀ ਬੋਪਾਰਾਏ ਵਲੋਂ ਯੂਨੀਵਰਸਿਟੀ ਦੇ ਫੰਕਸ਼ਨਾਂ ਤੇ ਯੂਨੀਵਰਸਿਟੀ ਗੈਸਟ-ਹਾਊਸ ਵਿਚ ਸ਼ਰਾਬ ਵਰਤੇ ਜਾਣ ਦੀ ਗੱਲ ਚਲਦੀ ਤਾਂ ਉਹ ਹਮੇਸ਼ਾ ਗੱਲ ਸੁਣਾਉਂਦੇ ਕਿ ਕਿਸ ਤਰ੍ਹਾਂ ਪ੍ਰੋ. ਨਾਰੰਗ ਦੇ ਸਮੇਂ ਵਿਚ ਕੇਂਦਰੀ ਸਰਕਾਰ ਦੇ ਸੈਕਟਰੀ ਪੱਧਰ ਦੇ ਉਚ-ਅਧਿਕਾਰੀ ਨੂੰ ਗੈਸਟ-ਹਾਊਸ ਵਿਚ ਠਹਿਰਾਉਣਾ ਸੀ ਅਤੇ ਡਰਿੰਕ ਦੀ ਸਮੱਸਿਆ ਹੱਲ ਕਰਨ ਲਈ ਕੈਂਪਸ ਵਿਚ ਰਹਿੰਦੇ ਕਿਸੇ ਪ੍ਰੋਫੈਸਰ ਦੇ ਰੈਜ਼ੀਡੈਂਸ 'ਤੇ ਲੈ ਜਾਇਆ ਗਿਆ ਅਤੇ ਪਿੱਛੋਂ ਖਾਣਾ ਗੈਸਟ-ਹਾਊਸ ਵਿਚ ਖਿਲਾਇਆ ਗਿਆ। ਯੂਨੀਵਰਸਿਟੀ ਦੇ ਖਾਸ ਕਲਚਰ ਵਿਚ ਸ਼ੁਰੂ ਤੋਂ ਹੀ ਗੈਸਟ-ਹਾਊਸ ਲਈ ਅਤੇ ਫੰਕਸ਼ਨਾਂ ਲਈ ਇਹ ਨੀਤੀ ਫੈਸਲਾ ਸੀ। ਉਨ੍ਹਾਂ ਦੀ ਛੱਤਰ-ਛਾਇਆ ਹੇਠ ਡਾ. ਸੁੱਚਾ ਸਿੰਘ ਗਿੱਲ ਅਤੇ ਡਾ. ਨਿਰਮਲ ਸਿੰਘ ਆਜ਼ਾਦ ਵਰਗੇ ਅਰਥ-ਸ਼ਾਸਤਰ ਦੇ ਵਿਦਵਾਨ ਪੈਦਾ ਹੋਏ। ਅੱਜ ਡਾ. ਸੁੱਚਾ ਸਿੰਘ ਗਿੱਲ ਨੂੰ ਪੰਜਾਬ ਦੇ ਅਰਥ-ਸ਼ਾਸਤਰੀਆਂ ਵਿਚ ਖਾਸ ਮੁਕਾਮ ਹਾਸਲ ਹੈ ਭਾਵੇਂ ਡਾ. ਨਿਰਮਲ ਸਿੰਘ ਆਜ਼ਾਦ ਕਈ ਕਾਰਨਾਂ ਕਰਕੇ, ਇੰਟੈਲੀਜੈਂਟ ਹੋਣ ਦੇ ਬਾਵਜੂਦ ਉਹ ਮੁਕਾਮ ਹਾਸਲ ਨਹੀਂ ਕਰ ਸਕੇ ਅਤੇ ਇਸ ਸੰਸਾਰ ਨੂੰ ਵੀ ਜਲਦੀ ਹੀ ਅਲਵਿਦਾ ਕਹਿ ਗਏ।



*ਡਾ. ਗੁਰਨਾਮ ਕੌਰ ਆਪਣੇ ਘਰੇ ਪ੍ਰੋ. ਜੇ.ਐਸ. ਗਰੇਵਾਲ ਤੇ ਪ੍ਰੋ. ਇੰਦੂ ਬਾਂਗਾ ਦੇ ਨਾਲ*

ਪੰਜਾਬੀ ਯੂਨੀਵਰਸਿਟੀ ਦਾ ਅੰਗਰੇਜ਼ੀ ਵਿਭਾਗ ਡਾ. ਅਮਰੀਕ ਸਿੰਘ (ਜੋ ਪਿਛੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਬਣੇ) ਅਤੇ ਡਾ. ਮੈਣੀ ਵਰਗੇ ਵਿਦਵਾਨਾਂ ਕਰਕੇ ਜਾਣਿਆ ਜਾਂਦਾ ਸੀ। ਵਿਦਵਾਨ ਅਤੇ ਵਧੀਆ ਅਧਿਆਪਕਾਂ ਦੀ ਰੀਤ ਇਸ ਵਿਭਾਗ ਨੇ ਡਾ. ਗੁਰਭਗਤ ਸਿੰਘ ਅਤੇ ਡਾ. ਜੀ.ਐਸ. ਸੇਖੋਂ, ਡਾ. ਰਾਹੀ ਵਰਗੇ ਅਧਿਆਪਕਾਂ ਰਾਹੀਂ ਕਾਇਮ ਰੱਖੀ। ਅੱਜ ਕਲ੍ਹ ਸਾਹਿਤ ਦੇ ਉਤਰ-ਆਧੁਨਿਕ ਅਧਿਐਨ ਨੂੰ ਸਮਰਪਿਤ ਡਾ. ਮਨਜੀਤਇੰਦਰ ਸਿੰਘ ਅਤੇ ਡਾ. ਰਾਜੇਸ਼ ਸ਼ਰਮਾ ਇਸੇ ਰੀਤ ਨੂੰ ਕਾਇਮ ਰੱਖ ਰਹੇ ਹਨ। ਡਾ. ਗੁਰਭਗਤ ਸਿੰਘ ਸੇਵਾਮੁਕਤੀ ਤੋਂ ਬਾਅਦ ਇਸੇ ਨਜ਼ਰੀਏ ਤੋਂ ਸਿੱਖ ਧਰਮ ਦੇ ਅਧਿਐਨ ਨੂੰ ਜੁਟੇ ਹੋਏ ਹਨ।

ਰਾਜਨੀਤੀ ਸ਼ਾਸਤਰ ਵਿਭਾਗ ਆਪਣੀਆਂ ਰਾਜਨੀਤਕ ਸਰਗਰਮੀਆਂ ਕਾਰਨ ਹੀ ਜ਼ਿਆਦਾ ਸੁਰਖੀਆਂ ਵਿਚ ਰਿਹਾ ਹੈ। ਡਾ. ਕੇਹਰ ਸਿੰਘ ਸਕੂਲ ਐਜੂਕੇਸ਼ਨ ਬੋਰਡ ਦਾ ਚੇਅਰਮੈਨ ਬਣਨ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ ਦਾ ਪ੍ਰਧਾਨ ਹੋਣ ਦੇ ਨਾਤੇ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਰਾਜਨੀਤਕ ਮਾਹੌਲ ਤੇ ਬਹੁਤ ਅਸਰਅੰਦਾਜ਼ ਰਿਹਾ ਹੈ, ਹਾਂ-ਵਾਚਕ ਰੂਪ ਵਿਚ ਵੀ ਅਤੇ ਨਾਂਹ-ਵਾਚਕ ਰੂਪ ਵਿਚ ਵੀ। ਯੂਨੀਵਰਸਿਟੀ ਦੇ ਉਸ ਸਮੇਂ ਨੂੰ ਡਾ. ਕੇਹਰ ਸਿੰਘ ਦਾ ਸਮਾਂ ਹੀ ਕਹਿਣਾ ਚਾਹੀਦਾ ਹੈ। ਭਾਵੇਂ ਡਾ. ਮਨੋਰਮਾ ਕੋਹਲੀ ਵਰਗੀ ਸੁਹਿਰਦ ਅਤੇ ਸੂਝ-ਬੂਝ ਵਾਲੀ ਅਧਿਆਪਕਾ ਵੀ ਇਸ ਵਿਭਾਗ ਦੀ ਅਕਾਦਮਿਕਤਾ ਨਾਲ ਲੰਬੇ ਸਮੇਂ ਲਈ ਜੁੜੀ ਰਹੀ ਪਰ ਪੁਰਸ਼ ਅਧਿਆਪਕਾਂ ਦੀ ਸੌੜੀ ਰਾਜਨੀਤੀ ਇਸਤਰੀ ਅਧਿਆਪਕਾਂ ਨੂੰ ਅਕਾਦਮਿਕਤਾ 'ਤੇ ਅਸਰਅੰਦਾਜ਼ ਨਹੀਂ ਹੋਣ ਦਿੰਦੀ ਜਾਂ ਇਉਂ ਕਹਿ ਲਈਏ ਕਿ ਰੋਡ-ਰੋਲ ਕਰ ਦਿੰਦੀ ਹੈ।

ਯੂਨੀਵਰਸਿਟੀ ਦੇ ਸਾਰੇ ਵਿਭਾਗ ਪੰਜਾਬ ਦੇ ਸਮੁੱਚ ਨਾਲ ਜੁੜੀ ਖੋਜ ਦੇ ਬਹੁਤ ਹੀ ਸੂਖਮ ਵਿਚਾਰ ਨੂੰ ਲੈ ਕੇ ਸਥਾਪਤ ਕੀਤੇ ਗਏ। ਇੱਕ ਪਾਸੇ ਡਾ. ਅੱਭੀ ਦੀ ਅਗਵਾਈ ਵਿਚ ਸੋਸ਼ਲ ਐਂਥਰੋਪਾਲੋਜੀ (ਸੋਸ਼ਿਆਲੋਜੀ) ਅਤੇ ਦੂਸਰੇ ਪਾਸੇ ਡਾ. ਹਰਜੀਤ ਸਿੰਘ ਗਿੱਲ ਦੀ ਦੇਖ-ਰੇਖ ਵਿਚ 'ਐਂਥਰੋਪਾਲੋਜੀਕਲ ਲਿੰਗੁਇਸਟਿਕਸ' (ਭਾਸ਼ਾ ਵਿਗਿਆਨ ਵਿਭਾਗ) ਖੋਲ੍ਹਿਆ ਗਿਆ। ਦੋਹਾਂ

## ਰੰਗ-ਬੇਰੰਗ

ਵਿਭਾਗਾਂ ਦੀ ਆਪਸ ਵਿਚ ਅਕਾਦਮਿਕ ਨੇੜਤਾ ਦੇ ਨਾਲ ਨਾਲ ਮੁਖੀਆਂ ਦੀ ਵੀ ਨੇੜਤਾ ਸੀ। ਪੰਜਾਬੀ ਭਾਸ਼ਾ ਦੀ ਭਾਸ਼ਾ ਵਿਗਿਆਨਕ ਅਤੇ ਐਂਥਰੋਪਾਲੋਜੀਕਲ ਨਜ਼ਰੀਏ ਤੋਂ ਖੋਜ ਦੇ ਨਾਲ ਨਾਲ ਭਾਸ਼ਾ ਵਿਗਿਆਨ ਦੇ ਪਠਨ-ਪਾਠਨ ਦਾ ਕੰਮ ਵੀ ਅਰੰਭ ਕੀਤਾ ਗਿਆ। ਇਸ ਖਿੱਤੇ ਵਿਚ ਇਹ ਆਪਣੀ ਕਿਸਮ ਦਾ ਇਹ ਇੱਕੋ-ਇੱਕ ਵਿਭਾਗ ਰਿਹਾ ਹੈ। ਡਾ. ਆਤਮ ਸਿੰਘ, ਡਾ. ਹਰਕੀਰਤ ਸਿੰਘ, ਡਾ. ਮੁਖਤਿਆਰ ਸਿੰਘ ਗਿੱਲ, ਲਾਲੀ ਬਾਬਾ (ਸ. ਹਰਦਿਲਜੀਤ ਸਿੰਘ ਸਿੱਧੂ), ਡਾ. ਸੁਰਜੀਤ ਲੀ, ਡਾ. ਜੋਗਿੰਦਰ ਸਿੰਘ ਪੁਆਰ (ਜੋ ਪਿੱਛੋਂ ਪੰਜਾਬੀ ਯੂਨੀਵਰਸਿਟੀ ਦੇ ਇੱਕ ਸਾਲ ਪ੍ਰੋ-ਵਾਈਸ ਚਾਂਸਲਰ ਅਤੇ ਛੇ ਸਾਲ ਵਾਈਸ ਚਾਂਸਲਰ ਵੀ ਰਹੇ), ਡਾ. ਸ਼ਿਵ ਸ਼ਰਮਾ ਜੋਸ਼ੀ ਇਸ ਵਿਭਾਗ ਵਿਚ ਪੜ੍ਹਾਉਣ ਅਤੇ ਖੋਜ ਦੇ ਕਾਰਜਾਂ ਵਿਚ ਰੁੱਝੇ ਰਹੇ। ਡਾ. ਹਰਜੀਤ ਗਿੱਲ ਨੇ ਉਚ ਵਿਦਿਆ ਭਾਵ ਭਾਸ਼ਾ ਵਿਗਿਆਨ ਦੀ ਪੀ.ਐਚ.ਡੀ ਫਰਾਂਸ ਤੋਂ ਕੀਤੀ ਸੀ ਜਦ ਕਿ ਡਾ. ਪੁਆਰ ਅਤੇ ਡਾ. ਜੋਸ਼ੀ ਨੇ ਇੰਗਲੈਂਡ ਤੋਂ।

ਅਸਲ ਵਿਚ ਵਿਭਾਗ ਇਸ ਨਾਲ ਜੁੜੇ ਵਿਅਕਤੀਆਂ ਕਰਕੇ ਵੀ ਜਾਣੇ ਜਾਂਦੇ ਹਨ ਅਤੇ ਵਿਅਕਤੀਆਂ ਦੀ ਪਛਾਣ ਵੀ ਉਨ੍ਹਾਂ ਵਿਭਾਗਾਂ ਵਿਚ ਕੀਤੇ ਉਨ੍ਹਾਂ ਦੇ ਅਕਾਦਮਿਕ ਕਾਰਜਾਂ ਕਰਕੇ ਬਣਦੀ ਹੈ। ਇਸ ਵਿਭਾਗ ਦੀ ਪਛਾਣ ਡਾ. ਹਰਜੀਤ ਗਿੱਲ ਹੀ ਸਨ। ਹੁਣ ਉਹ ਦੁਬਾਰਾ ਇਥੇ ਖੋਜ ਕਾਰਜ ਕਰ ਰਹੇ ਹਨ। ਮੈਂ ਖੁਦ ਵੀ ਸੋਚਦੀ ਹੁੰਦੀ ਹਾਂ ਕਿ ਜੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਕੰਮ ਕਰਨ ਦੀ ਥਾਂ ਫ਼ਿਲਾਸਫ਼ੀ ਵਿਭਾਗ ਵਿਚ ਮਹਿਜ ਫ਼ਿਲਾਸਫ਼ੀ ਪੜ੍ਹਾਉਂਦੀ ਹੁੰਦੀ ਤਾਂ ਸ਼ਾਇਦ ਮੈਨੂੰ ਉਹ ਪਛਾਣ ਨਾ ਮਿਲਦੀ ਜੋ ਅੱਜ ਮੇਰੇ ਕੋਲ ਹੈ ਪਰ ਨਾਲ ਲਗਦੀ ਗੱਲ ਇਹ ਵੀ ਹੈ ਕਿ ਮੇਰੀਆਂ ਦੋ ਹੋਰ ਵੀ ਕੁਲੀਗ ਸਨ ਜਿਨ੍ਹਾਂ ਨੂੰ ਯੂਨੀਵਰਸਿਟੀ ਤੋਂ ਬਾਹਰ ਅਕਾਦਮਿਕ ਖੇਤਰ ਵਿਚ ਕੋਈ ਨਹੀਂ ਜਾਣਦਾ। ਇੱਕ ਵਾਰ ਮੈਂ ਪਟਿਆਲੇ ਦੇ ਗੁਰਮਤਿ ਕਾਲਜ ਵਿਚ ਵੀ.ਸੀ. ਦੀ ਨੌਮਿਨੀ ਵਜੋਂ ਇੰਟਰਵਿਊ ਲਈ ਗਈ ਤਾਂ ਮੈਨੂੰ ਡਾ. ਹਰਨਾਮ ਸਿੰਘ ਸ਼ਾਨ ਨੇ ਪੁੱਛਿਆ, "ਅੱਜ ਕਲ੍ਹ ਵਿਭਾਗ ਦਾ ਮੁੱਖੀ ਕੌਣ ਜੇ?" ਜਦੋਂ ਮੈਂ ਆਪਣੀ ਕੁਲੀਗ ਦਾ ਨਾਮ ਲਿਆ ਤਾਂ ਬੋਲੇ, "ਇਹ ਕੌਣ ਜੇ?" ਮੈਨੂੰ ਕਈ ਤਰ੍ਹਾਂ ਨਾਲ ਦੱਸਣਾ ਪਿਆ ਹਾਲਾਂਕਿ ਡਾ. ਸ਼ਾਨ ਸਾਡੇ ਸੈਮੀਨਾਰਾਂ ਅਤੇ ਯਾਦਗਾਰੀ ਭਾਸ਼ਣਾਂ 'ਤੇ ਆਮ ਹੀ ਆਉਂਦੇ ਰਹਿੰਦੇ ਸਨ।

ਪੰਜਾਬ ਵਿਚ ਜਿਥੇ ਖੋਜ ਕਾਰਜਾਂ ਲਈ ਪੰਜਾਬੀ ਯੂਨਵਿਰਸਿਟੀ ਆਪਣੀ ਕਿਸਮ ਦੀ ਪਹਿਲੀ ਯੂਨੀਵਰਸਿਟੀ, ਭਾਸ਼ਾ ਦੇ ਨਾਮ ਤੇ ਸੰਸਾਰ ਭਰ ਦੀ ਦੂਜੀ ਯੂਨੀਵਰਸਿਟੀ ਹੋ ਨਿਬੜੀ, ਉਥੇ ਹੀ ਪੱਤਰ-ਵਿਹਾਰ ਰਾਹੀਂ ਘਰ ਬੈਠਿਆਂ ਨੂੰ ਉਚੀ ਸਿੱਖਿਆ ਮੁਹੱਈਆ ਕਰਾਉਣ ਵਾਲੀ ਵੀ ਇਸ ਖੇਤਰ ਦੀ ਪਹਿਲੀ ਯੂਨੀਵਰਸਿਟੀ ਹੋ ਨਿਬੜੀ; ਬਾਅਦ ਵਿਚ ਭਾਵੇਂ ਪੰਜਾਬ ਯੂਨੀਵਰਸਿਟੀ ਵਿਚ ਪੱਤਰ-ਵਿਹਾਰ ਰਾਹੀਂ ਸਿਖਿਆ ਸ਼ੁਰੂ ਕੀਤੀ ਗਈ। ਸ. ਬਖਸ਼ੀਸ਼ ਸਿੰਘ ਨੇ ਸ਼ਿਮਲੇ ਤੋਂ ਨੌਕਰੀ ਛੱਡ ਕੇ ਪੰਜਾਬੀ ਯੂਨੀਵਰਸਿਟੀ ਵਿਚ ਬਤੌਰ ਕੌਰਸਪੌਂਡੈਂਸ ਕੋਰਸ ਦੇ ਡਾਇਰੈਕਟਰ ਦਾ ਅਹੁਦਾ ਸੰਭਾਲ ਲਿਆ। ਪੰਜਾਬੀ ਯੂਨੀਵਰਸਿਟੀ ਤੋਂ ਬੀ.ਏ. ਅਤੇ ਐਮ.ਏ. ਪੱਧਰ ਦੀ ਸਿੱਖਿਆ ਹਿੰਦੋਸਤਾਨ ਦੇ ਕੋਨੇ ਕੋਨੇ ਤੱਕ ਪਹੁੰਚ ਗਈ। ਪੰਜਾਬ ਦੇ ਸੰਕਟਮਈ ਦਿਨਾਂ ਤੋਂ ਪਹਿਲਾਂ ਅਧਿਆਪਕ ਚੈਨਈ ਵਰਗੇ ਦੂਰ-ਦੁਰਾਡੇ ਇਲਾਕਿਆਂ ਤੱਕ ਨਿਜੀ ਸੰਪਰਕ ਪ੍ਰੋਗਰਾਮ ਲਾਉਣ ਜਾਂਦੇ ਹੁੰਦੇ ਸਨ। ਸ. ਬਖਸ਼ੀਸ਼ ਸਿੰਘ ਬਹੁਤ ਹੀ ਧੀਮੀ ਸੁਰ ਵਿਚ ਬੋਲਣ ਵਾਲੇ ਹਲੀਮ ਸੁਭਾ ਦੇ ਮਾਲਕ ਅਧਿਆਪਕ ਰਹੇ ਹਨ ਭਾਵੇਂ ਉਨ੍ਹਾਂ ਦਾ ਵਿਭਾਗ ਯੂਨੀਵਰਸਿਟੀ ਦੇ ਵੱਡੇ ਬਜ਼ਟ ਵਾਲਾ ਵਿਭਾਗ ਹੈ। ਸ. ਬਖਸ਼ੀਸ਼ ਸਿੰਘ ਸ਼ਿਮਲੇ ਸਾਡੇ ਚਾਚਾ ਜੀ ਗੁਰਚਰਨ ਸਿੰਘ ਰਾਣਾ ਦੇ ਗੁਆਂਢ ਵਿਚ ਰਹਿੰਦੇ ਸਨ। ਉਥੇ ਰਹਿੰਦਿਆਂ ਗੁਰਪੁਰਬਾਂ ਦੇ ਮੌਕੇ ਅਤੇ ਪ੍ਰਭਾਤ ਫੇਰੀ 'ਤੇ ਆਈ ਸੰਗਤ ਦੀ ਸੇਵਾ ਕਰਨ ਦਾ ਸਾਡੇ ਚਾਚੀ ਜੀ ਅਤੇ ਸ. ਬਖਸ਼ੀਸ਼ ਸਿੰਘ ਦੀ ਸਰਦਾਰਨੀ ਨੂੰ ਵੀ ਬਹੁਤ ਸ਼ੌਕ ਸੀ। ਇਸ ਤਰ੍ਹਾਂ ਰਲ ਕੇ ਸੇਵਾ ਕਰਦਿਆਂ ਦੋਹਾਂ ਘਰਾਂ ਦਾ ਆਪਸ ਵਿਚ ਬਹੁਤ ਮੋਹ ਪੈ ਗਿਆ ਸੀ। ਇੱਕ ਵਾਰ ਮੈਂ ਵੀ ਆਪਣੇ ਚਾਚਾ-ਚਾਚੀ ਨਾਲ ਕੈਂਪਸ ਵਿਚ ਉਨ੍ਹਾਂ ਦੇ ਘਰ ਮਿਲਣ ਗਈ। ਇਸ ਤਰ੍ਹਾਂ ਮੇਰਾ ਉਨ੍ਹਾਂ ਵੱਲ ਆਉਣ-ਜਾਣ ਹੋ ਗਿਆ। ਆਪਣੇ ਨਾਲ ਕੰਮ ਕਰਨ ਵਾਲੇ ਅਧਿਆਪਕਾਂ ਨਾਲ ਸ. ਬਖਸ਼ੀਸ਼ ਸਿੰਘ ਦਾ ਕਾਫੀ ਨਿੱਘਾ ਵਰਤਾਉ ਹੁੰਦਾ ਸੀ। ਯੂਨੀਵਰਸਿਟੀ ਆਉਣ ਤੋਂ ਪਹਿਲਾਂ 'ਕਾਲਜ ਆਫ ਐਜੂਕੇਸ਼ਨ' ਬਾਰੇ ਤਾਂ ਸੁਣਿਆਂ ਸੀ ਜਿਥੇ ਬੀ.ਐਡ ਅਤੇ ਐਮ.ਐਡ ਕੀਤੀ ਜਾਂਦੀ ਹੈ ਪਰ 'ਐਜੂਕੇਸ਼ਨ ਡਿਪਾਰਟਮੈਂਟ' ਬਾਰੇ ਪੰਜਾਬੀ ਯੂਨੀਵਰਸਿਟੀ ਵਿਚ ਆ ਕੇ ਹੀ ਪਤਾ ਲੱਗਾ। ਇਹ ਵੀ ਆਪਣੀ ਕਿਸਮ ਦਾ ਵਿਲੱਖਣ ਵਿਭਾਗ ਸੀ। ਬਹੁਤ ਸਮਾਂ ਜਦੋਂ ਤੱਕ 'ਹੈਡਸ਼ਿਪ ਬਾਏ ਰੁਟੇਸ਼ਨ' ਨਹੀਂ ਹੋਈ ਪ੍ਰਸਿੱਧ ਸਿਖਿਆ ਸ਼ਾਸਤਰੀ ਡਾ. ਟੀ. ਆਰ. ਸ਼ਰਮਾ ਇਸ ਦੇ ਮੁਖੀ ਰਹੇ। ਡਾ. ਅੰਮ੍ਰਿਤ ਕੌਰ ਵੀ ਅਮਰੀਕਾ ਤੋਂ ਐਜੂਕੇਸ਼ਨ ਵਿਚ ਪੀ.ਐਚ ਡੀ ਕਰਕੇ ਆਈ ਸੀ ਅਤੇ ਉਸ ਦਾ ਸੁਭਾ ਵੀ ਮਿਹਨਤ ਕਰਨ ਵਾਲਾ ਸੀ ਜਿਸ ਕਰਕੇ ਸਿੱਖਿਆ ਦੇ ਖੇਤਰ ਸਬੰਧੀ ਗਤੀਵਿਧੀਆਂ ਵਿਚ ਉਸਦੀ ਬਹੁਤ ਪੁੱਛ ਪ੍ਰਤੀਤ ਸੀ ਅਤੇ ਸੀਨੀਆਰਟੀ ਵਾਈਜ ਦੂਸਰੇ ਨੰਬਰ 'ਤੇ ਸੀ। ਪਰ ਜਿਵੇਂ ਅਕਸਰ ਹੀ ਇੰਟੈਲੀਜੈਂਟ ਅਤੇ ਮਿਹਨਤੀ ਇਸਤਰੀ ਅਧਿਆਪਕਾਂ ਨੂੰ ਈਰਖਾ ਅਤੇ ਧੜੇਬਾਜੀ ਦਾ ਸ਼ਿਕਾਰ ਹੋਣਾ ਪੈ ਜਾਂਦਾ ਹੈ, ਡਾ. ਅੰਮ੍ਰਿਤ ਕੌਰ ਨੂੰ ਵੀ ਇਹ ਸ਼ਿਕਾਇਤ ਅਕਸਰ ਰਹਿੰਦੀ। ਮੈਂ ਲੜਕੀਆਂ ਦੇ ਹੋਸਟਲ ਵਿਚ ਵੀ ਅਤੇ ਟੀਚਰਜ ਫਲੈਟਸ ਵਿਚ ਵੀ ਉਨ੍ਹਾਂ ਦੇ ਗੁਆਂਢ ਵਿਚ ਰਹੀ ਜਿਸ ਕਰਕੇ ਆਮ ਹੀ ਉਹ ਮੇਰੇ ਨਾਲ ਇਸ ਕਿਸਮ ਦੀਆਂ ਸਮੱਸਿਆਵਾਂ ਬਾਰੇ ਗੱਲਬਾਤ ਕਰ ਲੈਂਦੇ ਸਨ। ਸਮਾਜਿਕ ਕੰਮਾਂ ਲਈ ਉਹ ਅਕਸਰ ਹੀ ਸਮਾਂ ਕੱਢ ਲੈਂਦੇ। ਉਨ੍ਹਾਂ ਦੇ ਵਿਭਾਗ ਵਿਚ ਹੋਰ ਵੀ ਅਧਿਆਪਕ ਸਨ ਜਿਨ੍ਹਾਂ ਵਿਚੋਂ ਇੱਕ ਫ਼ਿਲਾਸਫ਼ੀ ਵਿਭਾਗ ਵਿਚ ਸਾਈਕਾਲੋਜੀ ਦੀਆਂ ਕਲਾਸਾਂ ਵੀ ਲੈਂਦਾ ਹੁੰਦਾ ਸੀ ਪਰ ਮੈਨੂੰ ਸਿਰਫ ਡਾ. ਆਗਿਆਜੀਤ ਸਿੰਘ ਦਾ ਨਾਂ ਹੀ ਯਾਦ ਹੈ। ਇਹ ਮੈਂ ਇਥੇ ਆ ਕੇ ਹੀ ਦੇਖਿਆ ਕਿ ਕਿਸੇ ਵਿਸ਼ੇ ਦਾ ਇੱਕ ਵਿਭਾਗ ਵਿਚ ਫੁਲ-ਫਲੈਜਡ ਟੀਚਰ ਨਾ ਰੱਖ ਕੇ ਦੂਸਰੇ ਵਿਭਾਗ ਦੇ ਸਬੰਧਤ ਟੀਚਰ ਨੂੰ ਯੂਨੀਵਰਸਿਟੀ ਵਾਧੂ ਪੇਮੈਂਟ ਤੇ ਪੀਰੀਅਡ ਪੜ੍ਹਾਉਣ ਲਾ ਦੇਵੇ। ਸਾਨੂੰ ਫ਼ਿਲਾਸਫ਼ੀ ਵਿਚ ਮਿਸਜ ਪੁਸ਼ਪਾ ਚੌਧਰੀ ਸਾਈਕਾਲੋਜੀ ਪੜ੍ਹਾਉਂਦੇ ਸਨ ਜੋ ਫ਼ਿਲਾਸਫ਼ੀ ਵਿਭਾਗ ਦੇ ਹੀ ਟੀਚਰ ਸਨ ਪਰ ਇਥੇ ਸਾਈਕਾਲੋਜੀ ਪੜ੍ਹਾਉਣ ਲਈ ਦੂਸਰੇ ਵਿਭਾਗ ਤੋਂ ਟੀਚਰ ਆਉਂਦਾ ਸੀ, ਭਾਵੇਂ ਦੋਵੇਂ ਵਿਭਾਗ ਨਾਲ ਨਾਲ ਹੀ ਸਨ। ਸ਼ਾਇਦ ਇਸੇ ਕਰਕੇ ਇਥੇ ਸਾਈਕਾਲੋਜੀ ਦਾ ਸਿਰਫ ਇਕ ਹੀ ਪੇਪਰ ਪੜ੍ਹਾਇਆ ਜਾਂਦਾ ਸੀ। ਖੈਰ! ਪੰਜਾਬੀ ਦੇ ਅਖਾਣ ਵਾਂਗ ਅੰਬ ਖਾਣ ਨਾਲ ਭਾ ਹੋਣਾ ਚਾਹੀਦਾ ਹੈ ਅੰਬਾਂ ਦੇ ਦਰੱਖਤ ਗਿਣਨ ਨਾਲ ਨਹੀਂ।

ਡਾ. ਟੀ.ਆਰ ਸ਼ਰਮਾ ਨਾਲ ਪਹਿਲਾਂ ਕਦੀ ਬਹੁਤਾ ਵਾਹ ਨਹੀਂ ਸੀ ਪਿਆ ਪਰ ਜਦੋਂ ਡਾ. ਅਵਤਾਰ ਸ਼ਿੰਘ ਗੁਰੂ ਗੋਬਿੰਦ ਸਿੰਘ ਭਵਨ ਦੇ ਧਰਮ ਅਧਿਐਨ ਵਿਭਾਗ ਤੋਂ, ਡਾ. ਪੁਰੀ ਦੀ ਰਿਟਾਇਰਮੈਂਟ ਬਾਅਦ, ਮੁਖੀ ਬਣ ਕੇ ਫ਼ਿਲਾਸਫ਼ੀ ਵਿਭਾਗ ਵਿਚ ਚਲੇ ਗਏ ਤਾਂ ਜਦੋਂ ਮੈਂ ਆਪਣਾ ਪੀ.ਐਚ ਡੀ ਦਾ ਕੰਮ ਪੁੱਛਣ ਜਾਂ ਦਿਖਾਉਣ ਜਾਣਾ

(ਬਾਕੀ ਸਫਾ 37 'ਤੇ)

## ਸਿਆਣਿਆਂ ਦਾ ਕਿਹਾ

(1) ਧਰਮ ਯੁੱਧ-ਧਰਮ ਦੇ ਵਿਰੋਧ ਵਿਚ ਖੜ੍ਹੇ ਸ਼ੈਤਾਨਾਂ ਦੀ ਮੌਤ ਦਾ ਕਾਲਾ ਫੁਰਮਾਨ ਹੈ।

(2) ਕੌਮਾਂ ਆਪਣੇ ਇਤਿਹਾਸ ਦੀ ਰੌਸ਼ਨੀ ਵਿਚ ਹੀ ਆਪਣਾ ਭਵਿੱਖ ਬਣਾ ਸਕਦੀਆਂ ਹਨ।

(3) ਇਤਿਹਾਸ-ਸੱਚਾਈ ਦੀ ਰੌਸ਼ਨੀ ਅਤੇ ਜ਼ਿੰਦਗੀ ਦਾ ਸਭ ਤੋਂ ਵੱਡਾ ਉਸਤਾਦ ਹੈ।

(4) ਸਿਆਸਤ ਵਿਚ ਉਸ ਦਾ ਮੁਖੜਾ ਕਾਲਾ ਹੁੰਦਾ ਹੈ ਜੋ ਅੰਤਮ ਬਾਜ਼ੀ ਹਾਰ ਜਾਏ।

(5) ਜਿਸ ਬੰਦੇ ਨੂੰ ਸੁੱਖ ਵਿਚ ਰੱਬ ਦੀ ਯਾਦ ਨਹੀਂ ਆਉਂਦੀ ਅਤੇ ਨਾ ਹੀ ਗੁੱਸੇ ਵਿਚ ਰੱਬ ਦਾ ਕਹਿਰ ਦਿਸਦਾ ਹੈ, ਉਹ ਬੰਦਾ ਇਨਸਾਨ ਨਹੀਂ ਸ਼ੈਤਾਨ ਦਾ ਹੀ ਇੱਕ ਅੰਗ ਹੁੰਦਾ ਹੈ।

(6) ਸਿੱਖ ਇਤਿਹਾਸ ਖੂਨ ਨਾਲ ਲਿਖਿਆ ਗਿਆ-ਤਲਵਾਰ ਇਸ ਦੀ ਕਲਮ ਬਣੀ ਤੇ ਖੂਨ ਇਸ ਦੀ ਸਿਆਹੀ।

(7) ਆਮ ਆਦਮੀ ਅਖਬਾਰ ਤਾਂ ਪੜ੍ਹਦਾ ਹੈ ਪਰ ਸਾਹਿਤ ਨਹੀਂ।

(8) ਜਿਹੜਾ ਧਰਮ ਦੂਸਰੇ ਧਰਮ ਲਈ ਹਾਨੀਕਾਰਕ ਹੋਵੇ ਉਹ ਧਰਮ ਨਹੀਂ ਅਧਰਮ ਹੈ।

(9) ਜਿਸ ਨੇ ਦੇ ਕੇ ਚਲੇ ਜਾਣਾ ਹੈ ਉਹ ਖੁੱਲੇ ਹੱਥ ਨਾਲ ਦਿੰਦਾ ਹੈ-ਜਿਸ ਨੇ ਲੈ ਕੇ ਕਾਬੂ ਕਰ ਲੈਣਾ ਹੈ ਉਹ ਘੁੱਟੀ ਮੁੱਠੀ ਘੱਟ ਹੀ ਖੋਲਦਾ ਹੈ।

(10) ਇਕ ਬਿਹਤਰ ਭਵਿੱਖ ਦੀ ਕਲਪਨਾ ਕਰੋ-ਇਹ ਤੁਹਾਡੇ ਤੋਂ ਸ਼ੁਰੂ ਹੁੰਦਾ ਹੈ।

(11) ਹਿੰਦੂ ਅਤਿਵਾਦ 1978 ਤੋਂ 2008 ਤੱਕ 250000 ਸਿੱਖ, 1947 ਤੋਂ 2008 ਤੱਕ 200000 ਇਸਾਈ, 1988 ਤੋਂ 2008 ਤੱਕ 60000 ਕਸ਼ਮੀਰੀ, ਇਨ੍ਹਾਂ ਤੋਂ ਇਲਾਵਾ ਨਾਗਾਲੈਂਡੀ, ਮੀਜ਼ੋਰਮੀ, ਤ੍ਰਿਪੁਰੀ, ਅਸਾਮੀ, ਅਤੇ ਦਲਿਤਾਂ ਨੂੰ ਕਤਲ ਕਰ ਚੁੱਕਾ ਹੈ। ਇਸ ਤੋਂ ਬਿਨਾਂ ਦੰਗਿਆਂ 'ਚ ਲਗਭਗ 20000 ਤੋਂ ਵੱਧ ਮੁਸਲਿਮ ਖਤਮ ਕਰ ਚੁਕਾ ਹੈ।

(12) ਜ਼ਿੱਦ ਤੇ ਸਿਦਕ 'ਚ ਬਹੁਤ ਫਰਕ ਹੈ।

(13) ਜ਼ਿੰਦਗੀ ਤੁਹਾਨੂੰ ਉਹੀ ਕੁਝ ਦੇਵੇਗੀ-ਜੋ ਲੈਣ ਦੇ ਆਪਣੇ ਆਪ ਨੂੰ ਤੁਸੀਂ ਯੋਗ ਸਮਝੋਗੇ।

(14) ਬੁਝੇ ਹੋਏ ਚੁਲ੍ਹੇ-ਡਿਗੇ ਹੋਏ ਤੰਬੂ-ਹਾਰੀਆਂ ਹੋਈਆਂ ਹਿੰਮਤਾਂ-ਉਖੜੇ ਹੋਏ ਝੰਡੇ-ਕਿਸੇ ਲਈ ਵੀ ਧਰਵਾਸ ਨਹੀਂ ਬਣਦੇ।

(15) ਜਿਹੜਾ ਹਿੰਦੂ ਸਮਾਜ ਧਰਮ ਦੇ ਨਾਮ 'ਤੇ ਅਤਿਵਾਦ ਨੂੰ ਪ੍ਰਫੁੱਲਤ ਕਰਦਾ ਹੈ ਉਸ ਸਮਾਜ ਨੂੰ ਮਨੁੱਖਤਾ ਵਿਰੋਧੀ ਐਲਾਨਣ ਦਾ ਸਮਾਂ ਆ ਗਿਆ ਹੈ।

(16) ਪ੍ਰਭਾਵਤ ਉਹੀ ਕਰਦੇ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਨੀ 'ਚ ਅੰਤਰ ਨਹੀਂ ਹੁੰਦਾ।

(17) ਜੋ ਘੱਟਗਿਣਤੀ ਵਿਚ ਹੋਣ-ਧੱਕੇ ਅਤੇ ਜ਼ੁਲਮ ਨਾਲ ਉਨ੍ਹਾਂ ਨੂੰ ਸਦਾ ਹੀ ਦਬਾ ਕੇ ਰਖਣ ਦੀ ਕੋਸ਼ਿਸ਼ ਚਲਦੀ ਰਹਿੰਦੀ ਹੈ।

(8) ਬਿਨਾਂ ਸੰਘਰਸ਼ ਤੋਂ ਕੋਈ ਵੀ ਮੰਜ਼ਿਲ ਪ੍ਰਾਪਤ ਨਹੀਂ ਹੁੰਦੀ।

(19) ਮਰਗ ਤੇ ਸ਼ਹੀਦ ਦੇ ਇੱਕਠ ਵਿਚ ਬੜਾ ਫਰਕ ਹੁੰਦਾ ਹੈ।

(20) ਭਣੇਵਾਂ ਮਾਮੀ ਨੂੰ ਕੱਢ ਕੇ ਨਿਕਲਣ ਤੋਂ ਬਾਜ ਆ ਜਾਵੇਗਾ? ਜਾਂ ਚਾਰ ਬੱਚਿਆਂ ਦੀ ਮਾਂ ਦਿਉਰ ਨਾਲ ਨਹੀਂ ਨਿਕਲੇਗੀ? ਜਾਂ ਸਹੁਰਾ ਆਪਣੀ ਹੀ ਨੂੰਹ ਨਾਲ ਵਿਆਹ ਨਹੀਂ ਕਰਾਏਗਾ? ਜਾਂ ਦਾਦਾ ਆਪਣੀ ਪੋਤੀ ਨੂੰ ਪਤਨੀ ਬਣਾਉਣ ਤੋਂ ਬਾਜ ਆ ਜਾਵੇਗਾ? ਇਹ ਪੰਜਾਬ ਦਾ ਉਹ ਅਕਸ ਹੈ ਜਿਹੜਾ ਹਿੰਦੂ ਮਿਲਾਵਟ ਵਾਲੇ ਪੰਜਾਬੀ ਸਮਾਜ ਰਾਹੀਂ ਸਾਹਮਣੇ ਆ ਰਿਹਾ ਹੈ।

(21) ਮੁਸ਼ਕਲਾਂ ਦਾ ਸਾਹਮਣਾ ਉਹੀ ਕਰਦੇ ਹਨ ਜਿਨ੍ਹਾਂ ਮੰਜ਼ਿਲ 'ਤੇ ਪਹੁੰਚਣ ਦਾ ਪ੍ਰਣ ਕੀਤਾ ਹੋਵੇ।

(22) ਪ੍ਰਣ ਕਰਕੇ ਉਹੀ ਨਿਭਾ ਸਕਦੇ ਹਨ-ਜਿਹੜੇ ਲਾਲਚ ਦਾ ਤਿਆਗ ਕਰ ਦੇਣ।

(23) ਲਾਲਚ ਉਹੀ ਤਿਆਗ ਸਕਦੇ ਹਨ-ਜਿਨ੍ਹਾਂ ਨੂੰ ਧਰਮ ਜਾਨ ਤੋਂ ਪਿਆਰਾ ਹੋਵੇ।

(24) ਫੁੱਲ ਤੋੜਨਾ ਬਹੁਤ ਸੌਖਾ ਹੈ ਪਰ ਉਸਨੂੰ ਸਾਂਭ ਕੇ ਰੱਖਣਾ ਬਹੁਤ ਔਖਾ।

(25) ਸ਼ਹੀਦੀਆਂ ਦਿੱਤੇ ਬਿਨਾਂ ਅਤੇ ਖੂਨ ਵਹਾਏ ਬਗੈਰ ਆਜ਼ਾਦੀ ਪ੍ਰਾਪਤ ਨਹੀਂ ਹੁੰਦੀ।

(26) ਮੰਜ਼ਿਲ 'ਤੇ ਉਹੀ ਪਹੁੰਚਦੇ ਹਨ-ਜਿਹੜੇ ਦ੍ਰਿੜ ਇਰਾਦਿਆਂ ਨਾਲ ਚਲਦੇ ਹਨ।

(27) ਇਤਿਹਾਸ ਦੀਆਂ ਮੱਲਾਂ ਆਪਾਂ ਨੂੰ ਬਹਾਦਰ ਅਤੇ ਸਾਹਸੀ ਬਣਾਉਂਦੀਆਂ ਹਨ।

(28) ਟਾਕਰਾ ਵੀ ਉਹੀ ਕਰਦੇ ਹਨ ਜਿਨ੍ਹਾਂ ਨੂੰ ਮੌਤ ਵਿਚੋਂ ਵੀ ਜ਼ਿੰਦਗੀ ਦਿਸਦੀ ਹੋਵੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਜੀ.ਬੀ. ਰੋਡ ਦੀਆਂ ਸਲ੍ਹਾਬ ਮਾਰੀਆਂ ਕੋਠੜੀਆਂ 'ਚ ਕੁਝ ਘੰਟੇ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਏਸ ਗੱਲ 'ਚ ਭੇਦ ਕੀ ਹੈ ਕਿ ਆਸ਼ਿਕ ਤਾਂ ਬਹੁਤ ਵੱਡੇ ਹੋਏ ਹਨ ਪਰ ਉਨ੍ਹਾਂ ਦੇ ਔਲਾਦ ਕਿਉਂ ਨਹੀਂ ਹੋਈ? ਚਲੋ ਜਦੋਂ ਤੱਕ ਮਾਸ਼ੂਕ ਦਾ ਨਾਂ ਪਹਿਲਾਂ ਲਿਆ ਜਾਂਦਾ ਸੀ ਜੇ ਉਦੋਂ ਤੱਕ ਨਹੀਂ ਵੀ ਸੀ, ਫਿਰ ਮਰਦ ਦਾ ਨਾਂ ਪਹਿਲਾਂ ਆਉਣ ਪਿੱਛੋਂ ਵੀ ਨਤੀਜੇ ਸਾਹਮਣੇ ਨਹੀਂ ਆਏ। ਸ਼ਾਇਦ ਏਦਾਂ ਹੋ ਜਾਂਦਾ ਜੇ ਸਾਹਿਬਾਂ ਸੁਹਾਗਣ ਬਣਨ ਤੋਂ ਪਹਿਲਾਂ ਵਿਧਵਾ ਨਾ ਹੁੰਦੀ? ਅਸਲ ਵਿਚ ਸਥਿਤੀ ਕਈ ਵਾਰੀ ਉਸ ਵੇਲੇ ਬੜੀ ਨਾਜ਼ੁਕ ਤੇ ਹੈਰਾਨੀਜਨਕ ਹੋ ਜਾਂਦੀ ਹੈ ਜਦੋਂ ਤੁਸੀਂ ਤਾਂ ਕਿਸੇ 'ਤੇ ਧੰਨਵਾਦ ਦੀ ਆਸ ਲਗਾਈ ਬੈਠੇ ਹੋਵੋ ਤੇ ਉਹ ਆਉਂਦਾ ਹੀ ਤੁਹਾਡੇ ਗਲ ਪੈ ਜਾਵੇ। ਕਈ ਲੋਕ ਮੰਨੋਰੰਜਕ ਸਮਾਗਮਾਂ ਵਿਚ ਵੇਲ ਤਾਂ ਇਕ ਸੌ ਇਕ ਦੀ ਕਰਵਾਉਂਦੇ ਹਨ ਪਰ ਦੇਂਦੇ ਰੁਪਿਆ ਹੀ ਹਨ। ਇਨ੍ਹਾਂ 'ਚੋਂ ਕਈ ਉਹ ਵੀ ਹੁੰਦੇ ਹਨ ਜੋ ਦੇਰ ਨਾਲ ਘਰ ਪਰਤ ਰਹੀ ਪਤਨੀ ਨੂੰ ਇਹ ਪੁੱਛਣ ਦੀ ਜੁਰਅਤ ਨਹੀਂ ਰੱਖਦੇ ਕਿ ਤੂੰ ਆਈ ਕਿੱਥੋਂ ਏਂ?' ਕਿਉਂ ਕਿ ਉਨ੍ਹਾਂ ਨੂੰ ਸਵੇਰੇ ਪੜਛੱਤੀ ਤੋਂ ਸੌ-ਸੌ ਦੇ ਨੋਟ ਲੱਭਣ ਦੀ ਆਸ ਬਣੀ ਹੁੰਦੀ ਹੈ। ਸਿਆਣੇ ਕਹਿੰਦੇ ਨੇ ਔਲਾਦ ਦੀ ਗਿਣਤੀ ਭਾਵੇਂ ਇਕ ਹੀ ਹੋਵੇ ਪਰ ਹੋਵੇ ਸਵਾ ਲੱਖ ਵਰਗੀ। ਗਹਿਣਾ ਭਾਵੇਂ ਨਕਲੀ ਹੀ ਹੋਵੇ ਪਰ ਕੰਨਾਂ ਨੂੰ ਖਾਂਦਾ ਨਾ ਹੋਵੇ। ਮਕਾਨ ਭਾਵੇਂ ਕੱਚੀਆਂ ਇੱਟਾਂ ਦਾ ਹੋਵੇ ਪਰ ਪਰਿਵਾਰ 'ਚ ਇਤਫਾਕ ਹੋਵੇ। ਸਰੀਰ ਲੱਠੇ ਵਰਗਾ ਨਾ ਵੀ ਹੋਵੇ ਪਰ ਬਿਮਾਰੀਆਂ ਦਾ ਖਾਧਾ ਨਾ ਹੋਵੇ। ਜਿਨ੍ਹਾਂ ਨੇ ਮਕਾਨ ਸਿਰਫ ਕਰਜ਼ਾ ਚੁੱਕ ਕੇ ਬਣਾਏ ਹਨ, ਉਹ ਕਿਸ਼ਤਾਂ ਦੇ ਨਾਲ ਫਿਰ ਮਕਾਨ ਵੀ ਵਾਪਿਸ ਕਰ ਜਾਂਦੇ ਹਨ। ਕਈ ਮਾਵਾਂ ਨੇ ਏਨੀਆਂ ਗਲਤੀਆਂ ਕੀਤੀਆਂ ਕਿ ਹਰਜਾਨਾ ਧੀਆਂ ਨੂੰ ਬਹੁਤ ਮੋੜਨਾ ਪਿਆ। ਬੰਦਾ ਜ਼ੁਬਾਨ ਦਾ ਮਾੜਾ ਹੋਵੇ, ਮਨ ਦਾ ਮਾੜਾ ਨਾ ਹੋਵੇ। ਰੰਗ ਭਾਵੇਂ ਕਾਲਾ ਵੀ ਹੋਵੇ ਪਰ ਖੋਪਰੀ 'ਚ ਅਕਲ ਦੁਹਾਈਆਂ ਦੇਵੇ। ਕਮਲ ਸੋਹਣਾ ਗੁਲਾਬ ਤੋਂ ਵੀ ਵਧ ਹੋ ਸਕਦਾ ਹੈ ਪਰ ਝੂਰਦਾ ਇਸ ਕਰਕੇ ਹੈ ਕਿ ਲੋਕ ਨੱਕ ਦੇ ਕੋਲ ਨੂੰ ਨਹੀਂ ਕਰਦੇ। ਬਟੂਆ ਜੇਬ 'ਚ ਨਾ ਵੀ ਹੋਵੇ ਪਰ ਦਿਲ ਬਾਦਸ਼ਾਹ ਜ਼ਰੂਰ ਹੋਵੇ, ਘਰ ਗਰੀਬ ਵੀ ਹੋਵੇ, ਕੋਈ ਗੱਲ ਨਹੀਂ ਪਰ ਹੋਵੇ ਤਾਂ ਦਿੱਲੀ। ਜ਼ਰੂਰੀ ਨਹੀਂ ਹੁੰਦਾ ਕਿ ਚੁਬਾਰਿਆਂ 'ਚ ਉਚੇ ਲੋਕ ਹੀ ਰਹਿੰਦੇ ਹਨ ਕਿਉਂਕਿ ਕਈ ਰੁੱਖ ਨੀਵੇਂ ਹੀ ਨਹੀਂ ਹੁੰਦੇ, ਫਲ ਵੀ ਮਿੱਠੇ ਦਿੰਦੇ ਹਨ। ਨਖਰਾ ਉਦੋਂ ਹੀ ਬਣਦਾ ਹੈ ਜਦੋਂ ਹੁਸਨ ਨੂੰ ਵਿਗਾੜ ਕੇ ਪੇਸ਼ ਕੀਤਾ ਜਾਵੇ। ਪਰ ਰੱਬ ਕਰੇ! ਹੁਸਨ ਕਦੇ ਮਰਦ ਦੀ ਹਵਸ 'ਚ ਕੈਦ ਨਾ ਹੋਵੇ।*

ਮਨੁੱਖ ਦੀ ਦੁਨੀਆ ਵਿਚ ਦਿਲਚਸਪੀ ਉਨੀ ਦੇਰ ਹੀ ਰਹਿੰਦੀ ਹੈ ਜਦੋਂ ਤੀਕਰ ਉਹਦੇ ਅੰਦਰ ਦਿਲ ਧੜਕਦਾ ਹੈ। ਸਰੀਰ ਅੰਦਰ ਦਿਲ ਦਾ ਖੜਾਕ ਹੀ ਬਾਕੀ ਅੰਗਾਂ ਨੂੰ ਹਦਾਇਤ ਕਰਦਾ ਰਹਿੰਦਾ ਹੈ 'ਸੌਣਾ ਸਖਤ ਮਨ੍ਹਾਂ ਹੈ।' ਦਿਲ ਦੀ ਧੜਕਣ 'ਚ ਅਹਿਸਾਸ ਲੁਕੇ ਹੁੰਦੇ ਨੇ ਜੋ ਜਿਉਣ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਚੰਗੀਆਂ ਆਦਤਾਂ ਹੀ ਚੰਗੇ ਚਰਿੱਤਰ ਦਾ ਨਿਰਮਾਣ ਕਰਦੀਆਂ ਹਨ ਤੇ ਜਿਨ੍ਹਾਂ ਦੇ ਚਰਿੱਤਰ ਦਾਗੀ ਨਾ ਹੋਣ, ਉਹ ਮੈਲੇ-ਕੁਚੈਲੇ ਕੱਪੜਿਆਂ 'ਚ ਵੀ ਦੇਵਤੇ ਹੀ ਦਿਸ ਰਹੇ ਹੁੰਦੇ ਹਨ। ਉਸ ਸ਼ਖਸੀਅਤ ਦੇ ਚਿਹਰੇ 'ਤੇ ਰੌਣਕ ਆ ਹੀ ਨਹੀਂ ਸਕਦੀ, ਜਿਸ ਨੇ ਬਸਤਰ ਭਾਵੇਂ ਚਿੱਟੇ ਪਹਿਨੇ ਹੋਣ, ਤੁਰਿਆ ਵੀ ਚੰਨ ਦੀ ਚਾਨਣੀ 'ਚ ਜਾਂਦਾ ਹੈ ਪਰ ਲੋਕ ਮੂੰਹ ਘੁਮਾ ਕੇ ਕਹਿਣ 'ਥੂਹ'। ਚਰਿੱਤਰ ਕਈਆਂ ਨੇ ਆਪ ਗੁਆਏ ਨੇ, ਕਈਆਂ ਨੂੰ ਗੁਆਉਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ ਤੇ ਕਈ ਰੂਹਾਂ ਅਜਿਹੀਆਂ ਵੀ ਮਿਲਦੀਆਂ ਹਨ ਜੋ ਨੱਕ ਵੱਟ ਕੇ ਆਖਦੀਆਂ, 'ਚਰਿੱਤਰ ਵੀ ਕੋਈ ਸ਼ੈਅ ਹੁੰਦੀ ਹੈ।'

ਇਸ ਵੇਲੇ ਦੁਨੀਆਂ ਨੂੰ ਪ੍ਰਮਾਣੂ ਹਥਿਆਰਾਂ ਤੋਂ ਵੀ ਵਧ ਖਤਰਾ ਏਡਜ਼ ਤੋਂ ਹੈ। ਜਿਹੜੇ ਇਹ ਕਹਿੰਦੇ ਨੇ ਕਿ ਮੌਤ ਦੀ ਧਰਮਸ਼ਾਲਾ ਨੂੰ ਜਾਣ ਵਾਲੀ ਇਹ ਬਿਮਾਰੀ ਜਾਨਵਰਾਂ ਤੋਂ ਆਈ ਹੈ, ਉਹ ਸਰਾਸਰ ਗਲਤ ਹਨ। ਅਸਲ ਵਿਚ ਮਨੁੱਖੀ ਦਿਮਾਗ ਦਾ ਇਖਲਾਕੀ ਦਿਵਾਲੀਆ ਨਿਕਲ ਜਾਣ ਕਾਰਨ, ਰਿਸ਼ਤਿਆਂ ਨੂੰ ਕਬਾੜ ਬਣਾ ਦਿੱਤੇ ਜਾਣ ਕਾਰਨ ਤੇ ਸਿਰਫ ਸੰਭੋਗ 'ਚ ਵਕਤੀ ਅਨੰਦ ਦੀ ਲਾਲਸਾ ਹੇਠ ਡੁੱਬੇ ਹੋਏ ਮਨੁੱਖ ਦੀ ਕਰਤੂਤ ਦਾ ਨਾਂ ਏਡਜ਼ ਹੈ। ਅਫਰੀਕਾ ਦੇ ਯੁਗਾਂਡਾ ਤੇ ਲੀਬੀਆ ਦੇ ਸਹਾਰਾ ਰੇਗਿਸਤਾਨ ਨਾਲ ਲਗਦੇ ਪਿੰਡਾਂ ਦਾ ਗੇੜਾ ਮਾਰ ਕੇ ਦੇਖੋ, ਲਾਸ਼ਾਂ ਕਬਰਸਤਾਨਾਂ ਵਲ ਭੱਜ-ਭੱਜ ਤੁਰੀਆਂ ਆਉਂਦੀਆਂ ਹਨ ਤੇ ਇਹ ਲਾਸ਼ਾਂ ਮੌਤ ਦੀਆਂ ਨਹੀਂ, ਏਡਜ਼ ਦੀਆਂ ਭੰਨੀਆਂ ਹੋਈਆਂ ਹਨ। ਇੱਥੇ ਪਿਓ ਦੇ ਮੋਢੇ 'ਤੇ ਪੁੱਤ ਦੀ ਅਰਥੀ ਨਹੀਂ, ਪੋਤਿਆਂ ਦੀ ਜਾ ਰਹੀ ਹੈ। ਦੁੱਖ ਇਸ ਗੱਲ ਦਾ ਹੈ ਕਿ ਮਨੁੱਖ ਫਿਰ ਵੀ ਸ਼ਰਮਿੰਦਾ ਨਹੀਂ ਹੋ ਰਿਹਾ ਤੇ ਬੁੱਲ੍ਹਾਂ 'ਚ ਘੁੱਟਾਂ-ਬਾਟੀ ਹਸਦਿਆਂ ਕਹਿ ਰਿਹਾ ਹੈ, 'ਚਲੋ ਜ਼ਿੰਦਗੀ ਦਾ ਜੋਬਨ ਤਾਂ ਮਾਣ ਲਿਆ ਹੈ।' ਮੰਨੋਗੇ ਕਿ ਕਈ ਸਰਕਾਰਾਂ ਵਿਸ਼ਵ ਸਿਹਤ ਸੰਗਠਨ ਕੋਲ ਆਪਣੇ ਅੰਕੜੇ ਇਉਂ ਲੁਕਾ ਰਹੀਆਂ ਹਨ ਜਿਵੇਂ ਚੋਰ ਬੈਂਕ ਦਾ ਲੁੱਟਿਆ ਮਾਲ ਲੁਕਾਉਣ ਵਿਚ ਚਲਾਕੀ ਵਰਤ ਰਿਹਾ ਹੋਵੇ। ਜਿਸ ਅਮਰੀਕੀ ਖਿਡਾਰੀ ਮੈਜਿਨ ਜਾਨਸਨ ਦੀ ਏਡਜ਼ ਦੀ ਬਿਮਾਰੀ ਕਰਕੇ ਚਰਚਾ ਹੋਈ ਸੀ, ਵਰ੍ਹੇ ਬੀਤਣ ਦੇ ਬਾਵਜੂਦ ਉਹ ਖਿਡਾਰੀ ਹੀ ਤੰਦਰੁਸਤ ਨਹੀਂ ਹੋਇਆ, ਸਗੋਂ ਅਮਰੀਕਾ ਨੇ ਆਪਣੇ ਨਾਗਰਿਕਾਂ ਵਿਚ ਏਨੀ ਚੇਤੰਨਤਾ ਪੈਦਾ ਕਰ ਦਿੱਤੀ ਹੈ ਕਿ ਏਡਜ਼ ਦੇ ਦਾਖਲੇ ਵਾਲਾ ਗੇਟ ਹੀ ਬੰਦ ਨਹੀਂ ਕੀਤਾ ਸਗੋਂ ਬੱਤੀਆਂ ਵੀ ਬੁਝਾ ਦਿੱਤੀਆਂ ਨੇ। ਪਰ ਏਸ਼ੀਆ ਖਿੱਤੇ ਵਿਚ ਇਹ ਬਿਮਾਰੀ ਕੱਛਾਂ ਤੇ ਤਾਲੀਆਂ ਇਕੱਠਿਆਂ ਵਜਾ ਰਹੀ ਹੈ। ਉਚੇ ਆਦਰਸ਼, ਇਖਲਾਕ, ਸਮਾਜਿਕ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਦੀ ਪਵਿੱਤਰਤਾ ਦਾ ਸਭਿਆਚਾਰ ਦਰਸਾਉਣ ਵਾਲੇ ਹਿੰਦੋਸਤਾਨ ਵਿਚ ਏਡਜ਼ ਦਾ ਪ੍ਰਵੇਸ਼ ਉਵੇਂ ਹੈ ਜਿਵੇਂ ਸਵਾਤ ਵਿਚ ਤਾਲਿਬਾਨ ਦਾ। ਸੁਣਨ ਵਿਚ ਇਹ ਵੀ ਆਇਆ ਹੈ ਕਿ ਏਸ਼ੀਆ ਵਿਚ ਭਾਰਤ ਹੀ ਅਜਿਹਾ ਦੇਸ਼ ਹੈ ਜੋ ਵਿਸ਼ਵ ਸਿਹਤ ਸੰਗਠਨ ਕੋਲ ਅੰਕੜੇ ਹੀ ਨਹੀਂ, ਬੋਫੋਰਜ਼ ਤੋਪਾਂ ਵਾਂਗ ਫਾਈਲਾਂ ਵੀ ਲੁਕਾਉਣ ਵਿਚ ਰੁੱਝਾ ਹੋਇਆ ਹੈ। ਜੇ ਬੁਰਾ ਨਾ ਲੱਗੇ ਤਾਂ ਸੱਚ ਇਹ ਵੀ ਹੈ ਕਿ ਏਡਜ਼ ਦੀ ਰਾਜਧਾਨੀ ਪੰਜਾਬ ਬਣਦਾ ਜਾ ਰਿਹਾ ਹੈ ਤੇ ਪੰਜਾਬ ਦੀ ਲੁਧਿਆਣਾ। ਜੇ ਟਰੱਕ ਡਰਾਈਵਰਾਂ ਦੀ ਵੁੱਕਤ 'ਚ ਜਾਂ ਸਮਾਜਿਕ ਸੰਸਕਾਰਾਂ ਦੀ ਕਦਰ ਵਿਚ ਖੋਟ ਆਇਆ ਹੈ ਤਾਂ ਇਸ ਕਰਕੇ ਕਿ ਏਡਜ਼ ਦਾ ਵਾਇਰਸ ਇਨ੍ਹਾਂ ਨੇ ਸਮਾਨ ਲਾਹੁਣ ਤੋਂ ਪਹਿਲਾਂ ਹੀ ਕਈ ਥਾਂ ਉਤਾਰ ਦਿੱਤਾ ਹੁੰਦਾ ਹੈ।

ਆਪਣੇ ਗਰਾਂ ਵਿਚ ਜਦੋਂ ਮੈਂ ਇਕ ਗੱਭਰੂ ਡਰਾਈਵਰ ਨੂੰ ਆਪਣੀਆਂ ਅੱਖਾਂ ਨਾਲ ਮਰਦਿਆਂ ਤੱਕਿਆ ਸੀ ਤਾਂ ਲੱਗਾ ਸੀ ਕਿ ਮਰਨ ਦਾ ਇਸ ਤੋਂ ਵਧ ਖਤਰਨਾਕ ਤਰੀਕਾ ਸ਼ਾਇਦ ਹੋਰ ਕੋਈ ਹੋ ਹੀ ਨਹੀਂ ਸਕਦਾ। ਜਿਨ੍ਹਾਂ ਬੇਕਸੂਰਾਂ ਨੂੰ ਜਾਣੀ ਕਿ ਪਤਨੀ ਨੂੰ ਪਤੀਵਰਤਾ ਕਰਕੇ ਤੇ ਪੁੱਤਰਾਂ ਨੂੰ ਕਮੀਨਾ ਬਾਪ ਹੋਣ ਕਰਕੇ, ਏਡਜ਼ ਮੌਤ ਦੇ ਵਰੰਟ ਜਾਰੀ ਕਰਨ ਵਾਲੀ ਹੈ, ਉਨ੍ਹਾਂ ਵਿਚ ਮੇਰੇ ਹੀ ਗਰਾਂ 'ਚੋਂ ਬੱਚੇ, ਔਰਤਾਂ ਤੇ ਨੌਜਵਾਨ ਵੀ ਸ਼ਾਮਿਲ ਹਨ। ਕਦੇ ਲੱਗਾ ਸੀ ਕਿ ਪੰਜਾਬ 'ਚ ਪਾਣੀ ਦੀ ਸਮੱਸਿਆ ਟਿੱਚਰ ਹੀ ਹੋ ਸਕਦੀ ਹੈ, ਹੁਣ ਇਹ ਸੱਚ ਕਿਸੇ ਤੋਂ ਓਹਲੇ ਨਹੀਂ। ਉਦੋਂ ਨਹੀਂ ਲਗਦਾ ਸੀ ਕਿ ਅਫੀਮ, ਦਾਰੂ ਤੇ ਭੁੱਕੀ ਦੇ ਮਾੜੇ ਮੋਟੇ ਸ਼ੌਕੀਨ ਪੰਜਾਬੀਆਂ ਦੀਆਂ ਜੇਬਾਂ ਵਿਚ ਹੈਰੋਇਨ ਤੇ ਸਮੈਕ ਦਾਖਲ ਹੋ ਜਾਵੇਗੀ। ਜਵਾਨੀਆਂ ਇਕ ਤਾਂ ਨਸ਼ਿਆਂ ਕਰਕੇ ਖਤਰੇ ਵਿਚ ਹਨ ਹੀ ਅਤੇ ਰਿਸ਼ਤਿਆਂ ਦੀਆਂ ਰੰਗਰਲੀਆਂ ਮਨਾਉਣ ਦਾ ਜਿਹੜਾ ਹਿਸਾਬ-ਕਿਤਾਬ ਪਿੰਡਾਂ ਦੇ ਕਮਾਦਾਂ ਤੋਂ ਲੈ ਕੇ ਸ਼ਹਿਰਾਂ ਦੇ ਪੰਜ ਤਾਰਾ ਹੋਟਲਾਂ ਤੱਕ ਪੰਜਾਬ ਵਿਚ ਚਲ ਰਿਹਾ ਹੈ, ਉਸ ਨਾਲ ਲਗਦਾ ਹੈ ਕਿ ਛੇਤੀ ਹੀ ਹਾਲਾਤ ਅਜਿਹੇ ਬਣ ਜਾਣਗੇ ਕਿ ਵਾਹਗੇ ਦੀ ਸਰਹੱਦ ਤੇ ਤਾਂ ਚੌਕਸੀ ਵਧਾਈ ਜਾ ਸਕਦੀ ਹੈ ਪਰ ਏਡਜ਼ ਦੇ ਚੁਫੇਰਿਓਂ ਸ਼ਗਨਾਂ ਵਰਗੇ ਦਾਖਲੇ ਨੂੰ ਬੰਦੂਕਾਂ-ਗੋਲੀਆਂ ਨਹੀਂ ਰੋਕ ਸਕਣਗੀਆਂ। ਕਿਉਂਕਿ ਉਚੇ-ਚਰਿੱਤਰ ਦੀਆਂ ਉਚੀਆਂ ਟਾਹਰਾਂ ਮਾਰਨ ਵਾਲਾ ਮਨੁੱਖ ਸੰਭੋਗ ਦੀ ਪਕੜ ਵਿਚ ਏਨੀ ਬੁਰੀ ਤਰ੍ਹਾਂ ਜਕੜਿਆ ਜਾ ਚੁੱਕਾ ਹੈ ਕਿ ਉਸ ਨੂੰ ਹਰ ਥਾਂ ਕੱਪੜੇ ਲਾਹੁਣ ਵਿਚ ਸ਼ਰਮ ਹਯਾ ਕੀ ਆਵੇਗੀ? ਕਿਉਂਕਿ ਉਸ ਨੇ ਆਪਣਾ ਨੱਕ ਆਪ ਹੀ ਮੁੱਢੋਂ ਰੱਖ ਕੇ ਵੱਢ ਸੁੱਟਿਆ ਹੈ।



ਮੁੰਬਈ ਦਾ ਭਿੰਡੀ ਬਾਜ਼ਾਰ, ਚੇਨਈ ਦਾ ਫਾਰਸ ਰੋਡ ਤੇ ਦਿੱਲੀ ਦਾ ਜੀ.ਬੀ. ਰੋਡ ਅਜੇ ਭਾਵੇਂ ਆਪਣੇ ਸਾਰਿਆਂ ਦੇ ਚੇਤੇ ਵਿਚ ਹੋਣ ਪਰ ਕਿਸੇ ਵੇਲੇ ਇਹ ਨਾਂ ਬਿਲਕੁਲ ਨਵੇਂ ਸਨ। ਉਦੋਂ ਜਦੋਂ ਲਗਦਾ ਹੀ ਨਹੀਂ ਸੀ ਕਿ ਘੁੰਡ 'ਚ ਲੁਕਣ ਵਾਲੇ ਚਿਹਰੇ ਕਦੇ ਘੁੰਡ ਤੋਂ ਤਾਂ ਕੀ, ਚੁੰਨੀ ਤੋਂ ਵੀ ਵਿਰਵੇ ਹੋ ਜਾਣਗੇ। ਏਡਜ਼ ਵਰਗੀ ਬਿਮਾਰੀ ਨਾਲ ਜੇ ਕਿਤੇ ਬਹੁਤਾ ਅਸਰ ਪਿਆ ਹੈ ਤਾਂ ਉਥੇ ਜਿੱਥੇ ਪੇਸ਼ਾਵਾਰਾਨਾ ਦੇਹ-ਵਪਾਰ ਚਲਦਾ ਸੀ। ਭਾਵੇਂ ਕਿ ਸਰਕਾਰੀ ਅੰਕੜਿਆਂ ਵਿਚ ਇਨ੍ਹਾਂ ਗੈਰ-ਮਾਨਤਾ ਪ੍ਰਾਪਤ ਕੇਂਦਰਾਂ ਦੀ ਗਿਣਤੀ ਜ਼ੀਰੋ ਹੋਵੇ। ਥੋੜ੍ਹਾ ਧਿਆਨ ਨਾਲ ਦੇਖੋ ਕਿ ਹੇਠ ਲੋਹਾ ਮੰਡੀ ਤੇ ਉਪਰ ਜਿਸਮਾਂ ਦੀ ਖਰੀਦੋ-ਫਰੋਖਤ ਵਾਲੀਆਂ ਸਲ੍ਹਾਬ ਮਾਰੀਆਂ ਕੋਠੜੀਆਂ, ਜਿੱਥੇ ਗਾਹਕ ਦਾ ਕੋਈ ਪੱਧਰ ਨਹੀਂ, ਸਿਰਫ ਪੈਸੇ ਲਈ ਹਰ ਜਣੇ-ਖਣੇ ਨਾਲ ਸਮਝੌਤਾ। ਜੀ.ਬੀ. ਰੋਡ ਦਾ ਨਾਂ ਹੁਣ ਭਾਵੇਂ ਗੈਸਟਨ-ਵੈਸਟਨ ਰੋਡ ਤੋਂ ਬਦਲ ਕੇ ਸ਼ਰਧਾ ਨੰਦ ਮਾਰਗ ਰੱਖ ਦਿੱਤਾ ਗਿਆ ਹੈ ਪਰ ਹੇਠਲੇ ਦਰਜੇ ਦੇ ਗਾਹਕਾਂ ਲਈ ਇਹ ਹਾਲੇ ਵੀ ਮੌਜ-ਮਸਤੀਆਂ ਦੇ ਚੁਬਾਰਿਆਂ ਵਾਲੀ ਥਾਂ ਹੀ ਹੈ। ਇਹ ਗੋਰਖ ਧੰਦਾ ਭਾਰਤੀ ਪਾਰਲੀਮੈਂਟ ਦੀ ਨੱਕ ਹੇਠ ਚਲਦਾ ਇਸ ਕਰਕੇ ਕਹਿ ਸਕਦੇ ਹਾਂ ਕਿ ਜੀ.ਬੀ. ਰੋਡ, ਸੰਸਦ ਭਵਨ ਤੋਂ ਮਸਾਂ ਦੋ ਕੋਹ ਵਾਟ ਹੋਵੇਗੀ। ਭਾਵੇਂ ਚੁਬਾਰਿਆਂ 'ਚ ਟਕੇ-ਟਕੇ ਨੂੰ, ਦੁਆਨੀ-ਦੁਆਨੀ ਦੇ ਬੰਦਿਆਂ ਕੋਲ ਜਿਸਮ ਹਵਾਲੇ ਕਰ ਦੇਣ ਵਾਲੀਆਂ ਕੁੜੀਆਂ, ਔਰਤਾਂ ਕੋਲ ਨਾਚ-ਗਾਣਾ ਕਰਨ ਦਾ ਲਾਇਸੰਸ ਹੈ ਪਰ ਲੱਡੂ ਚਾਂਦੀ ਦੇ ਵਰਕ 'ਚ ਲਪੇਟ ਕੇ ਪਰੋਸਣ ਦੀ ਪ੍ਰਥਾ ਬੜੀ ਪੁਰਾਣੀ ਹੈ। ਮਹਿੰਗਾਈ ਦੇ ਯੁੱਗ ਵਿਚ ਇਨ੍ਹਾਂ ਉਚੇ ਤੇ ਕਦੇ ਰੰਗਲੇ ਰਹੇ ਚੁਬਾਰਿਆਂ ਦਾ ਰੰਗ ਇਸ ਕਰਕੇ ਫਿੱਕਾ ਪੈ ਗਿਆ ਹੈ, ਕਿਉਂਕਿ ਏਡਜ਼ ਦੀ ਬਿਮਾਰੀ ਦੇ ਡਰੋਂ ਕਿਤੇ ਭੁੱਲ-ਭੁਲੇਖੇ ਅਣਜਾਣ ਲੋਕ ਹੀ ਆਉਂਦੇ ਹਨ। ਸੱਚ ਪੁੱਛੋ ਤਾਂ ਇਨ੍ਹਾਂ ਦਾ ਹੁਣ ਦਾਲ-ਫੁਲਕਾ ਤਾਂ ਕੀ, ਚਾਹ ਪਾਣੀ ਵੀ ਨਹੀਂ ਤੁਰ ਰਿਹਾ। ਦਿੱਲੀ 'ਚ ਔਰਤਾਂ ਦੇ ਵੱਡੇ ਦਲਾਲਾਂ ਨੇ ਟਰੈਕ ਬਦਲ ਕੇ ਮੱਛਲੀ ਜਾਲ ਕਾਲਜਾਂ, ਯੂਨੀਵਰਸਿਟੀਆਂ ਵਲ ਸੁੱਟਣਾ ਸ਼ੁਰੂ ਕਰ ਦਿੱਤਾ ਹੈ।

ਆਪਣੀ ਜਾਣਕਾਰੀ 'ਚ ਥੋੜ੍ਹਾ ਹੋਰ ਵਾਧਾ ਕਰ ਲਵੋ ਕਿ ਦੇਹ-ਵਪਾਰ ਦੀ ਮਾਨਤਾ ਪ੍ਰਾਪਤ ਦੁਨੀਆਂ ਦੀ ਸਭ ਤੋਂ ਵੱਡੀ ਮੰਡੀ ਯੂਰਪ ਵਿਚ ਹਾਲੈਂਡ ਦੇ ਸ਼ਹਿਰ ਐਮਸਟਰਡਮ ਵਿਚ ਹੈ ਜਿੱਥੇ ਕਰੀਬ 35 ਤੋਂ ਵਧ ਏਕੜਾਂ ਵਿਚ ਰੰਗਲੀ ਦੁਨੀਆਂ ਦੇ ਰੰਗਲੇ ਮਹਿਲ ਉਸਰੇ ਹੋਏ ਹਨ। ਸਾਲ 1994 ਵਿਚ ਇਹ ਥਾਂ ਜਦੋਂ ਅੱਖਾਂ ਨਾਲ ਦੇਖਿਆ ਤਾਂ ਲੱਗਾ ਸੀ ਕਿ ਔਰਤ ਤੇ ਮਰਦ ਕੱਪੜਿਆਂ ਦੇ ਗੁਲਾਮ ਹੋਣ ਦਾ ਖੋਖਲਾ ਢੰਡੋਰਾ ਹੀ ਪਿੱਟ ਰਹੇ ਹਨ। ਹਜ਼ਾਰਾਂ ਦੀ ਤਦਾਦ ਵਿਚ ਸ਼ੀਸ਼ਿਆਂ ਅੱਗੇ ਬਣ-ਠਣ ਕੇ ਖੜ੍ਹੀਆਂ ਕੁੜੀਆਂ 'ਆ ਮੁੰਡਿਆਂ ਵੇ ਤੇਰਾ ਰਸਤਾ ਉਡੀਕਦੀਆਂ' ਔਸੀਆਂ ਪਾ-ਪਾ ਆਖਦੀਆਂ ਹਨ। ਤੁਰ ਕੇ ਇਸ ਥਾਂ ਨੂੰ ਵੇਖਣਾ ਔਖਾ ਬੜਾ ਹੈ, ਵਿਚ ਦੀ ਸੂਏ ਤੇ ਛੋਟੀਆਂ-ਛੋਟੀਆਂ ਨਹਿਰਾਂ ਵਗਦੀਆਂ ਹਨ। ਗਾਹਕਾਂ ਵਿਚ ਬੀਬੇ ਲੋਕ ਤੇ ਪੰਜਾਬ ਦੇ ਬੀਬੀਆਂ ਦਾੜ੍ਹੀਆਂ ਵਾਲੇ ਵੀ ਟੱਕਰ ਜਾਂਦੇ ਹਨ। ਕਈ ਇਕ ਰਾਤ 'ਚ ਕਈ-ਕਈ ਦੁਕਾਨਾਂ ਤੇ ਕਈ-ਕਈ ਸੌਦੇ ਕਰਦੇ ਹਨ। ਇੱਥੇ ਹਰਲ-ਹਰਲ ਕਰਦੇ ਦੁਨੀਆਂ ਭਰ ਦੇ ਮਰਦਾਂ ਦਾ ਭੀੜ-ਭੜੱਕਾ, ਧਨੌਲੇ ਦੀ ਪਸ਼ੂ ਮੰਡੀ ਜਾਂ ਛਪਾਰ ਜਾਂ ਜਰਗ ਦੇ ਮੇਲਿਆਂ ਨਾਲੋਂ ਵੀ ਕਿਤੇ ਵਧ ਹੈ। ਸਾਰੀ ਰਾਤ 'ਅਹੁ ਸੋਹਣੀ-ਅਹੁ ਸੋਹਣੀ' ਸੁਣਨ ਨੂੰ ਮਿਲਦੀ ਹੈ। ਮਾਨਤਾ ਪ੍ਰਾਪਤੀ ਦੀ ਜਿਸ ਵੰਨਗੀ ਤੋਂ ਵੀ ਹੈਰਾਨ ਹੋਵੋਗੇ, ਉਹ ਇਹ ਹੈ ਕਿ ਇਸ ਮੁੱਲ ਵਿਕਦੇ ਮਨੁੱਖੀ ਮੰਨੋਰੰਜਨ ਦੀ ਹਾਲਤ ਦਿੱਲੀ ਜਾਂ ਮੁੰਬਈ ਦੀਆਂ ਗਰੀਬੀ ਮਾਰੀਆਂ ਕੁੜੀਆਂ ਵਰਗੀ ਨਹੀਂ ਸਗੋਂ ਇਥੇ ਧੀ ਨੂੰ ਬਾਪ, ਭੈਣ ਨੂੰ ਭਰਾ, ਪਤਨੀ ਨੂੰ ਪਤੀ, ਮਰਸਡੀਜ ਤੇ ਔਡੀ ਗੱਡੀਆਂ ਵਿਚ ਅੱਠ ਘੰਟੇ ਦੀ ਕੰਮ-ਕਾਜ਼ੀ ਸ਼ਿਫਟ ਵਾਂਗ ਆਪ ਛੱਡ ਕੇ ਤੇ ਆਪ ਲੈਣ ਆਉਂਦੇ ਹਨ। ਸ਼ਾਹੀ ਮਹਿਲਾਂ ਵਰਗੇ ਘਰਾਂ ਵਿਚ ਰਹਿਣ ਵਾਲੇ ਕਈ ਮਰਦਾਂ ਦਾ ਜੁਗਾੜ ਏਨਾ ਸੈੱਟ ਆਇਆ ਹੋਇਐ ਕਿ ਉਹ ਆਪਣੀ ਬੀਵੀ, ਧੀ ਤੇ ਭੈਣ ਦੀ ਕਮਾਈ ਦੇ ਧੰਦੇ 'ਚ ਅਮੀਰ ਨਹੀਂ ਸਗੋਂ ਬਾਦਸ਼ਾਹ ਬਣ ਗਏ ਹਨ, ਉਨ੍ਹਾਂ ਲਈ ਸੰਗ, ਸ਼ਰਮ, ਅਣਖ ਤੇ ਗੈਰਤ ਚਾਰ ਉਹ ਸ਼ਬਦ ਹਨ ਜਿਹੜੇ ਉਨ੍ਹਾਂ ਨੇ ਕਦੇ ਸੁਣੇ ਹੀ ਨਹੀਂ। ਇਹ ਵੀ ਯਕੀਨ ਕਰੋ ਕਿ ਹਾਲੈਂਡ ਦੀ ਸਰਕਾਰੀ ਆਮਦਨ ਵਿਚ ਫੁੱਲਾਂ ਵਰਗੀਆਂ ਦੇਹਾਂ ਆਏ ਵਰ੍ਹੇ 9.2 ਫੀਸਦੀ ਹਿੱਸਾ ਪਾਉਂਦੀਆਂ ਹਨ।

ਗੱਲ ਕੋਈ ਤਿੰਨ ਦਹਾਕੇ ਪੁਰਾਣੀ ਹੈ, ਜਾਣੀ ਕਿ 1980 ਦੀ ਹੈ ਜਦੋਂ ਇੰਜੀਨੀਅਰਿੰਗ ਕਰਦੇ ਸਮੇਂ ਸਾਡਾ ਇਕ ਵਿੱਦਿਅਕ ਟੂਰ ਵੀਹ ਦਿਨਾਂ ਲਈ, ਤਿੰਨ ਪ੍ਰੋਫੈਸਰਾਂ ਦੀ ਅਗਵਾਈ ਹੇਠ, ਮੁੰਬਈ ਤੱਕ ਜਾਣਾ ਸੀ। ਹਾਲਾਂ ਕਿ ਚੰਗੀ ਤੇ ਸਸਤੀ ਸ਼ਰਾਬ ਪੀਣ ਦੇ ਲਾਲਚ ਵਿਚ ਮੈਨੇਜਮੈਂਟ ਤੇ ਪ੍ਰਿੰਸੀਪਲ ਦੀ ਆਗਿਆਂ ਤੋਂ ਬਿਨਾਂ, ਤਿੰਨਾਂ ਪ੍ਰੋਫੈਸਰਾਂ ਨੇ ਆਪਣੀ ਮਰਜ਼ੀ ਨਾਲ ਇਸ ਟੂਰ ਦਾ ਰੂਟ ਗੋਆ ਤੱਕ ਵਧਾ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਸੀ ਕਿ ਗੁਰੂ ਵੀ ਚੇਲਿਆਂ ਦੇ ਸਾਹਮਣੇ ਅੱਖਾਂ 'ਚ ਕਈ ਵਾਰ ਨਜਾਇਜ਼ ਵੇਚ ਜਾਂਦੇ ਹਨ।

ਖੈਰ! ਵਾਪਸੀ ਤੇ ਜਦੋਂ ਅਸੀਂ ਸ਼ਿਪ ਰਸਤੇ ਗੋਆ ਤੋਂ ਮੁੰਬਈ ਪਹੁੰਚੇ ਤਾਂ ਮਹਿੰਦਰਾ ਐਂਡ ਮਹਿੰਦਰਾ ਫੈਕਟਰੀ ਦੇਖਣ ਤੋਂ ਬਾਅਦ ਹੋਟਲ ਵਿਚ ਠਹਿਰੇ। ਸਵੇਰੇ ਪੰਜਾਬ ਵਾਪਸੀ ਹੋਣ ਕਰਕੇ ਸਾਰਿਆਂ ਨੂੰ ਵਧੀਆ ਹੋਟਲ ਵਿਚ ਠਹਿਰਾਇਆ ਗਿਆ ਸੀ। ਡਿਨਰ ਹਾਲ ਵਿਚ ਖਾਣਾ ਖਾਣ ਲੱਗਿਆਂ ਮੇਰੇ ਇਕ ਵਿਦਿਆਰਥੀ ਦੋਸਤ ਨੇ ਵੇਟਰ ਨੂੰ ਕਿਹਾ, 'ਅਰੇ ਭਾਈ ਭੀਂਡੀਆਂ ਲੇਕਰ ਆਓ।'

'ਜਨਾਬ, ਭੀਂਡੀ ਤੋਂ ਆਜ ਹੈ ਨਹੀਂ।'

'ਅਰੇ ਕਿਆ ਬਾਤ ਕਰਤੇ ਹੋ, ਅਭੀ ਤੋਂ ਆਪ ਹਮਾਰੇ ਪ੍ਰੋ. ਸਾਹਿਬ ਕੋ ਬਤਾ ਰਹੇ ਥੇ ਕਿ ਭੀਂਡੀ ਬਾਜ਼ਾਰ ਮੇਂ ਬਹੁਤ ਮਿਲਤੀ ਹੈ।'

'ਭਾਈ, ਵੋਹ ਖਾਨੇ ਵਾਲੀ ਭੀਂਡੀ ਕੀ ਬਾਤ ਨਹੀਂ ਕਰ ਰਹੇ ਥੇ, ਵੋਹ ਤੋਂ ਭਿੰਡੀ ਬਾਜ਼ਾਰ ਕਾ ਰਾਸਤਾ ਪੂਛ ਰਹੇ ਥੇ, ਜਹਾਂ ਲੜਕੀ ਮਿਲਤੀ ਹੈਂ।'

ਤੇ ਸਵੇਰ ਤੱਕ ਮੈਨੂੰ ਸਮਝ ਆ ਗਈ ਸੀ ਕਿ ਤਿੰਨੇ ਪ੍ਰੋਫੈਸਰ ਸਾਹਿਬ ਸਾਰੀ ਰਾਤ ਕਮਰੇ ਵਿਚ ਕਿਉਂ ਨਹੀਂ ਆਏ ਤੇ ਫਿਰ ਭਿੰਡੀ ਬਾਜ਼ਾਰ ਦੀ ਸਾਰੀ ਕਹਾਣੀ ਖਾਨੇ ਵੀ ਪੈ ਗਈ ਸੀ। ਇਸ ਘਟਨਾ ਤੋਂ ਪਿੱਛੋਂ ਮੈਂ ਵੀ ਇਹ ਮਨ 'ਚ ਵਸਾ ਲਿਆ ਸੀ ਕਿ ਕਦੇ ਇਨ੍ਹਾਂ ਕਲਯੁਗੀ ਮਰਦਾਂ ਦੀ ਭੁੱਖ ਦੀਆਂ ਸਤਾਈਆਂ ਮਜ਼ਬੂਰ ਔਰਤਾਂ ਦੇ ਦਰਸ਼ਨ ਜ਼ਰੂਰ ਕਰਾਂਗਾ। ਫਿਰ ਵਰ੍ਹੇ ਗੀਤ ਗਏ। ਬੜੀ ਵਾਰ ਮੁੰਬਈ ਗਿਆ ਪਰ ਭਿੰਡੀ ਬਾਜ਼ਾਰ ਵੇਖਣ ਦਾ ਹੌਸਲਾ ਨਾ ਪਿਆ ਤੇ ਫਿਰ ਲਾਹੌਰ ਤੇ ਪਿਸ਼ੌਰ ਵਿਚਲਾ ਅੰਤਰ ਵੀ ਵੱਡਾ ਨਾ ਲੱਗਾ।

(ਬਾਕੀ ਸਫਾ 37 'ਤੇ)

## ਜਰਾ ਹਟ ਕੇ -ਮਨਵੀਰ

### ਕਾਲਾ ਕੁੱਤਾ

'ਜਾਹ ਠਾਕਰਾ, ਸਵੇਰੇ ਸ਼ਨੀਵਾਰ ਐ, ਇਕ ਪਾਸੀ ਰੋਟੀ ਪਕਾਈ ਤਵੇ ਦੇ ਪੁੱਠੇ ਪਾਸੇ ਰਗੜ ਕੇ ਕਾਲੇ ਕੁੱਤੇ ਨੂੰ ਪਾ ਆਵੀਂ। ਬੱਸ ਵਾਰੇ-ਨਿਆਰੇ ਦਿਨਾਂ 'ਚ ਹੋ ਜਾਣਗੇ।' ਮੁਕੱਦਰਾਂ ਦੇ ਭੇਤੀ ਹੋਣ ਦਾ ਪਖੰਡ ਕਰਨ ਵਾਲੇ ਠੱਗ ਨੇ ਧਰਮੀ ਮੀਆਂ-ਬੀਵੀ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ।

'ਬਾਬਾ ਜੀ ਹੋਰ ਕੁਝ ਕਰਨਾ ਤਾਂ ਉਹ ਵੀ ਦੱਸ ਦਿਓ?'



'ਆਹ ਤਾਂ ਕਰੋ ਪਹਿਲਾਂ।'

ਵਾਪਿਸ ਪਰਤਦਿਆਂ ਬਚਨੀ ਨੇ ਠਾਕਰ ਨੂੰ ਕਿਹਾ, 'ਰੱਬ ਭਲਾ ਕਰੇ। ਇਹਦੀ ਹੀ ਸੁਣ ਲਵੇ ਉਪਰ ਵਾਲਾ। ਰੰਗ ਤਾਂ ਵਿਚਾਰੇ ਦਾ ਆਪਣਾ ਵੀ ਸੁੱਖ ਨਾਲ ਠੀਕ ਈ ਐ।'

'ਤੂੰ ਕੰਮ ਦੀ ਗੱਲ ਕਰ, ਰੰਗ ਨੂੰ ਚੱਟਣੈਂ।'

ਸਵੇਰੇ ਉਠਦਿਆਂ ਬਚਨੀ ਨੇ ਇਕਪਾਸੜ ਰੋਟੀ ਪਕਾਈ, ਤਵੇ ਨਾਲ ਕਾਲੀ ਕਰਕੇ ਠਾਕਰ ਦੇ ਹੱਥ ਧਰਦਿਆਂ ਕਿਹਾ, 'ਛੇਤੀ ਮੁੜੀਂ।'

ਤੇ ਠਾਕਰ ਸਾਰਾ ਦਿਨ ਰੋਟੀ ਲੈ ਕੇ ਕਾਲਾ ਕੁੱਤਾ ਲੱਭਦਾ ਰਿਹਾ। ਆਥਣ ਵੇਲੇ ਥੱਕਿਆ-ਟੁੱਟਿਆ ਘਰ ਪਰਤਿਆ ਤੇ ਢਿੱਲਾ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ, 'ਬਚਨੀਏ ਮੁਕੱਦਰ ਬਦਲਣੇ ਨ੍ਹੀ, ਐਨੇ ਸਾਲੇ ਅਵਾਰਾ ਕੁੱਤੇ ਘੁੰਮਦੇ ਐ ਕਾਲੇ, ਅੱਜ ਇਕ ਨ੍ਹੀ ਟੱਕਰਿਆ।'

ਅਗਲੇ ਦਿਨ ਖਬਰ ਆ ਗਈ ਕਿ ਮੁਕੱਦਰ ਬਦਲਣ ਵਾਲਾ ਆਪ ਕਿਸੇ ਦੀ ਤੀਵੀਂ ਪਿੰਡੋਂ ਭਜਾ ਕੇ ਲੈ ਗਿਆ।

ਠਾਕਰ ਨੇ ਉਹੀ ਰੋਟੀ ਚੁੱਕੀ ਤੇ ਉਹਦੇ ਹੀ ਦਰ ਮੂਹਰੇ ਰੱਖ ਕੇ ਕਹਿਣ ਲੱਗਾ, 'ਕੰਜਰ ਦਿਆ, ਐਵੇਂ ਕੱਲ੍ਹ ਸਾਰਾ ਦਿਨ ਖੱਜਲ ਹੁੰਦਾ ਰਿਹਾ।'

## ਗੱਲ ਬਣੀ ਕਿ ਨਹੀਂ ਐਸ. ਅਸ਼ੋਕ ਭੌਰਾ

### ਨੇੜਿਓਂ ਚੰਗੇ ਪਹਾੜ

ਨਵੇਂ ਯੁਗ ਵਿਚ ਨਵੀਆਂ ਵਿਉਂਤਬੰਦੀਆਂ, ਨਵੇਂ ਯੁਗ ਦੇ ਨਵੇਂ ਜੁਗਾੜ ਵੇਖੇ।
ਵਫਾਦਾਰ ਜਿਨ੍ਹਾਂ ਨੂੰ ਸਮਝਦੇ ਸੀ, ਕੁੱਤੇ ਉਹੀਓ ਹੀ ਟੱਪਦੇ ਵਾੜ ਵੇਖੇ।
ਹੜ੍ਹ ਪੋਹ ਤੇ ਮਾਘ ਵਿਚ ਆਉਣ ਲੱਗ ਪਏ, ਸੁੱਕੇ ਲੰਘਦੇ ਸਾਉਣ ਤੇ ਹਾੜ੍ਹ ਵੇਖੇ।
ਕਈ ਦੂਰੋਂ ਵੀ ਅੱਖਾਂ ਵਿਚ ਰੜਕਦੇ ਨੇ, ਕਈ ਨੇੜਿਓਂ ਚੰਗੇ ਪਹਾੜ ਵੇਖੇ।
ਜਿਨ੍ਹਾਂ ਘਰਾਂ ਵਿਚ ਬਰਕਤਾਂ ਤੱਕੀਆਂ ਸਨ, ਉਥੇ ਖੁਦੀ ਦੇ ਪਾਏ ਵਿਗਾੜ ਵੇਖੇ।
ਭਲੇ-ਮਾਣਸਾਂ ਨੇ ਅੰਦਰੀਂ ਮੂੰਹ ਦੇ ਲਏ, ਲੁੱਚੇ ਚੌਧਰੀ ਬਣੇ ਲੁਗਾੜ ਵੇਖੇ।
ਨਾ ਕੂਹਣੀ ਵੱਖੀ 'ਚ ਮਾਰਨੋਂ ਹਟੇ ਲੋਕੀਂ, ਬੜੇ ਪਲਟੇ ਪਿਆਰ ਦੇ ਝਾੜ ਵੇਖੇ।
ਮਲਾਈ ਲੱਭੀ ਨਾ, ਲਾ ਲਿਆ ਜ਼ੋਰ ਪੂਰਾ, ਦੁੱਧ ਨਕਲੀ ਬੜੇ ਨੇ ਕਾੜ੍ਹ ਵੇਖੇ।
ਮੁੱਕੇ ਕਦੇ ਨਾ ਕਾਂਗਰਸੀ ਘਾਹ ਵਾਗੂੰ, ਮਸੰਦ ਗੁਰਾਂ ਵੀ ਬੜੇ ਨੇ ਸਾੜ ਵੇਖੇ।

**ਖਾਲਸਾ ਪੰਥ**

# ਗੁਰਬਾਣੀ ਕੀਰਤਨੀਆਂ ਦੇ ਆਪਣੇ ਬਾਰੇ ਪ੍ਰਭਾਵ

**ਪ੍ਰਿੰ. ਸਰਮੁਖ ਸਿੰਘ ਅਮੋਲ**

ਬਜ਼ੁਰਗ ਸੱਜਣ ਜਾਣਦੇ ਹਨ ਕਿ ਸੰਨ 1947 ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਬਹੁਤ ਸਾਰੇ ਰਬਾਬੀ ਵੀ ਕੀਰਤਨ ਕਰਦੇ ਰਹੇ ਹਨ। ਇਹ ਵਿਚਾਰ ਵੀ ਪ੍ਰਚਲਤ ਹੈ ਕਿ ਭਾਈ ਮਰਦਾਨੇ ਤੋਂ ਹੀ ਇਹ ਪਰੰਪਰਾ ਚਲਦੀ ਆਈ, ਜਿਸ ਨੂੰ ਭਾਈ ਸੱਤਾ ਅਤੇ ਭਾਈ ਬਲਵੰਡ ਤੇ ਹੋਰ ਰਬਾਬੀਆਂ ਨੇ ਪ੍ਰੇਮ ਨਾਲ ਨਿਭਾਇਆ। ਕਈ ਰਬਾਬੀ ਪਿੱਛੋਂ ਸਿੰਘ ਸਜ ਗਏ ਅਤੇ ਉਨ੍ਹਾਂ ਵਿਚੋਂ ਹੁਣ ਵੀ ਕਈ ਪ੍ਰਸਿਧ ਰਾਗੀ ਹਨ ਅਤੇ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਸੇਵਾ ਵਿਚ ਲੱਗੇ ਹੋਏ ਹਨ।



ਭਾਈ ਸਮੁੰਦ ਸਿੰਘ

ਲੇਖਕ ਨੂੰ ਛੇਵੀਂ ਤੋਂ ਦਸਵੀਂ ਜਮਾਤ ਤੱਕ ਭਾਈ ਸਾਈਂ ਦਿੱਤਾ ਦੇ ਕਾਫੀ ਨੇੜੇ ਹੋਣ ਦਾ ਅਵਸਰ ਮਿਲਿਆ ਹੈ ਅਤੇ ਉਸ ਤੋਂ ਪਿੱਛੋਂ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਉਨ੍ਹਾਂ ਦਾ ਕੀਰਤਨ ਅਨੇਕਾਂ ਵਾਰ ਸੁਣਨ ਅਤੇ ਦੋਸਤਾਂ ਵਾਂਗ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਦਾ ਰਿਹਾ। ਇਸ ਲਈ ਕਈ ਵਾਰ ਕੀਰਤਨ ਸੰਬੰਧੀ ਕੋਈ ਨਾ ਕੋਈ ਵਿਚਾਰ ਚਲ ਪੈਂਦਾ ਸੀ। ਇਸ ਤਰ੍ਹਾਂ ਹੀ ਇਕ ਵਾਰ ਉਨ੍ਹਾਂ ਨੂੰ ਪੁਛਿਆ, "ਭਾਈ ਸਾਹਿਬ, ਤੁਸੀਂ ਕੀਰਤਨ ਤਾਂ ਬਹੁਤ ਸਵਾਦਲਾ ਅਤੇ ਸੰਗੀਤ ਦੀ ਸੋਝੀ ਵਾਲਾ ਕਰਦੇ ਹੋ, ਪਰ ਪ੍ਰਮਾਣ ਬਹੁਤ ਘੱਟ ਦਿੰਦੇ ਹੋ, ਹਾਲਾਂਕਿ ਭਾਈ ਚਾਂਦ ਜੀ ਪ੍ਰਮਾਣਾਂ ਦੀ ਝੜੀ ਲਾ ਦਿੰਦੇ ਹਨ?"

ਉਨ੍ਹਾਂ ਕਿਹਾ, "ਠੀਕ ਹੈ, ਪ੍ਰਮਾਣਾਂ ਨਾਲ ਗੱਲ ਦੀ ਤਾਈਦ ਹੋ ਜਾਂਦੀ ਹੈ ਪਰ ਮੈਂ ਸੋਚਦਾ ਆਂ ਕਿ ਗੁਰੂ ਸਾਹਿਬ ਨੇ ਜਿੱਥੇ ਸੁਖਮਨੀ ਸਾਹਿਬ ਜਿੰਨੀਆਂ ਲੰਮੀਆਂ ਬਾਣੀਆਂ ਲਿਖੀਆਂ ਨੇ ਅਤੇ ਇੱਕੋ ਇੱਕ ਖਿਆਲ ਨੂੰ ਇੰਨੇ ਫੈਲਾਅ ਨਾਲ ਸਮਝਾਇਆ ਹੈ, ਜੇ ਉਹ ਲੋੜ ਸਮਝਦੇ ਤਾਂ ਜਿਹੜੇ ਸ਼ਬਦ ਦਾ ਮੈਂ ਕੀਰਤਨ ਕਰ ਰਿਹਾ ਹਾਂ, ਉਸ ਵਿਚ ਵੀ ਹੋਰ ਤੁਕਾਂ ਲਿਖ ਦਿੰਦੇ। ਇਸ ਲਈ ਮੇਰਾ ਖਿਆਲ ਇਹ ਹੈ ਕਿ ਵਧੇਰੇ ਪ੍ਰਮਾਣ ਦੇਣ ਨਾਲ ਖਿਆਲ ਦੀ ਲੜੀ ਟੁੱਟਦੀ ਹੈ ਤੇ ਗੁਰੂ ਸਾਹਿਬ ਨੇ ਜਿਸ ਤਰ੍ਹਾਂ ਉਸ ਖਿਆਲ ਨੂੰ ਗੁੰਦਿਆ ਹੈ, ਉਸ ਤਰ੍ਹਾਂ ਉਹ ਪੇਸ਼ ਨਹੀਂ ਕੀਤਾ ਜਾ ਸਕਦਾ।

ਇਕ ਹੋਰ ਗੱਲ ਵੀ ਹੈ, ਕੋਈ ਜ਼ਿਆਦਾ ਹੀ ਔਖੀ ਮੁਸ਼ਕਲ ਬਾਤ ਹੋਵੇ, ਉਸ ਲਈ ਤਾਂ ਇਕ-ਦੋ ਪ੍ਰਮਾਣ ਦੇ ਕੇ ਉਸ ਨੂੰ ਹੋਰ ਸਾਫ਼ ਕੀਤਾ ਜਾ ਸਕਦਾ ਹੈ ਪਰ ਇੱਕੋ ਸ਼ਬਦ ਵਿਚ ਜਾਂ ਇੱਕੋ ਤੁਕ 'ਤੇ ਘੰਟਾ-ਘੰਟਾ ਪ੍ਰਮਾਣ ਦੇਈ ਜਾਣੇ, ਮੈਨੂੰ ਕੁਝ ਚੰਗੇ ਨਹੀਂ ਲਗਦੇ।"

ਇਹ ਗੱਲ ਅੰਮ੍ਰਿਤਸਰ ਦੀ ਨਹੀਂ, ਜਿੱਥੋਂ ਤਕ ਯਾਦ ਹੈ ਫਿਰੋਜ਼ਪੁਰ ਛਾਉਣੀ ਦੀ ਹੈ। ਭਾਈ ਚਾਂਦ ਨੇ ਪ੍ਰਮਾਣਾਂ ਦੀ ਝੜੀ ਲਾਈ ਅਤੇ ਸੰਗਤਾਂ ਨੇ ਮਾਇਆ ਦੀਆਂ ਝੜੀਆਂ ਲਾ ਦਿੱਤੀਆਂ। ਰਸ ਵੀ ਬੜਾ ਆਇਆ। ਅਗਲੀ ਸਵੇਰ ਭਾਈ ਚਾਂਦ ਦੇ ਨਾਲ ਸਟੇਸ਼ਨ ਵਲ ਨੂੰ ਆਉਂਦਿਆਂ ਮੈਂ ਗੱਲ ਛੇੜੀ, "ਬੜੀ ਮਿਹਨਤ ਕਰਦੇ ਓ, ਇੰਨੇ ਪ੍ਰਮਾਣ ਕਿਸ ਤਰ੍ਹਾਂ ਯਾਦ ਰੱਖਦੇ ਓ? ਕੀ ਲਿਖ ਕੇ ਲੈ ਆਉਂਦੇ ਓ? ਪਰ ਇੰਨੇ ਵਧੇਰੇ ਪ੍ਰਮਾਣ ਕਿਉਂ ਦਿੰਦੇ ਓ?"

ਉਨ੍ਹਾਂ ਕਿਹਾ, "ਯਾਦ ਤਾਂ ਮਸ਼ਕ ਤੇ ਜ਼ਰੂਰਤ ਦਾ ਮਸਲਾ ਹੈ। ਇਕ ਘੰਟੇ ਲਈ ਪ੍ਰਮਾਣ ਲਿਖਣੇ ਹੋਣ ਤਾਂ ਮੇਰਾ ਖਿਆਲ ਹੈ 8-10 ਘੰਟੇ ਤਾਂ ਲੱਗਣਗੇ ਈ। ਸੱਚੀ ਗੱਲ ਇਹ ਹੈ ਕਿ ਅਸੀਂ ਅੰਦਾਜ਼ਾ ਸੰਗਤਾਂ ਤੋਂ ਲਾਉਂਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਗਤਾਂ ਨੂੰ ਮੇਰਾ ਇਹ ਪ੍ਰਮਾਣਾਂ ਦਾ ਢੰਗ ਸਭਨਾਂ ਰਾਗੀਆਂ ਨਾਲੋਂ ਵਧ ਪਸੰਦ ਹੈ। ਉਹ ਘੰਟਿਆਂ-ਬੱਧੀ ਬੈਠ ਕੇ ਅਡੋਲ ਸੁਣਦੇ ਅਤੇ ਮਾਇਆ ਦੇ ਗੱਫੇ ਬਖਸ਼ਦੇ ਹਨ। ਹੋਰ ਵੀ ਖਰੀ ਗੱਲ ਇਹ ਹੈ ਕਿ ਮੇਰੀ ਸਾਰੀ ਮਸ਼ਹੂਰੀ ਤੇ ਸਫ਼ਲਤਾ ਮੈਨੂੰ ਇਸੇ 'ਤੇ ਜਾਪਦੀ ਹੈ ਜਾਂ ਰੱਬ ਦੀ ਮਿਹਰਬਾਨੀ। ਮੈਂ ਬਤੌਰ ਰਬਾਬੀ ਜਾਂ ਕੀਰਤਨੀਆ ਸੰਗਤਾਂ ਦੀ ਖੁਸ਼ੀ ਦੀ ਸਭ ਤੋਂ ਜ਼ਿਆਦਾ ਕੀਮਤ ਪਾਉਂਦਾ ਹਾਂ (ਹੱਸ ਕੇ) ਅਤੇ ਉਹ ਮੇਰੀ ਮਿਹਨਤ ਦੀ ਕੀਮਤ ਪਾਉਂਦੀਆਂ ਅਤੇ ਕਦਰ ਕਰਦੀਆਂ ਹਨ।

ਭਾਈ ਹੀਰਾ ਸਿੰਘ ਰਾਗੀ ਬਹੁਤ ਉਚੇ ਵਿਚਾਰਾਂ ਦੇ, ਸ਼ੁੱਧ ਤੇ ਸਿੱਖੀ ਭਾਵਨਾ ਵਾਲੇ ਕੀਰਤਨੀਏ ਸਨ। ਉਨ੍ਹਾਂ ਦੀ ਵਧੇਰੇ ਪ੍ਰਸਿਧੀ ਉਨ੍ਹਾਂ ਦੀ ਵਿਆਖਿਆ ਕਰਕੇ ਸੀ। ਭਾਈ ਚਾਂਦ ਦੇ ਪ੍ਰਮਾਣਾਂ ਦੇ ਅਸਰ ਨਾਲ ਉਨ੍ਹਾਂ ਨੂੰ ਮਾਇਆ ਮਿਲਦੀ ਸੀ, ਪਰ ਭਾਈ ਹੀਰਾ ਸਿੰਘ ਦੀ ਵਿਆਖਿਆ ਨੇ ਫਰੂਕੇ ਵਿਚ ਸਕੂਲ ਬਣਾ ਦਿੱਤਾ। ਕਈ ਗੁਰਦੁਆਰਿਆਂ ਨੇ ਮਾਇਕ ਸਹਾਇਤਾ ਕੀਤੀ ਅਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਵਾਸਤੇ ਉਨ੍ਹਾਂ ਦਾ ਲਾਇਆ ਇਕ ਮਹੀਨਾ ਕਾਨਫਰੰਸ ਦੇ ਖਰਚਾਂ ਦਾ ਬਹੁਤ ਸਾਰਾ ਹਿੱਸਾ ਪੂਰਾ ਕਰ ਦਿੰਦਾ ਸੀ। ਭਾਈ ਹੀਰਾ ਸਿੰਘ ਦੀ ਅਪੀਲ ਹਜ਼ਾਰਾਂ ਰੁਪਏ ਇਕੱਠੇ ਕਰ ਸਕਦੀ ਸੀ।

ਇਕ ਵਾਰ ਮੈਂ ਉਨ੍ਹਾਂ ਨੂੰ ਸਵਾਲ ਕੀਤਾ, "ਭਾਈ ਸਾਹਿਬ, ਤੁਸੀਂ ਵਿਆਖਿਆ ਏਨੀ ਲੰਮੀ ਕਰਦੇ ਓ ਕਿ ਸ਼ੁੱਧ ਬਾਣੀ ਦਾ ਰਸ ਲੈਣ ਵਾਲੇ ਜਾਂ ਕੀਰਤਨ ਦਾ ਅਨੰਦ ਮਾਣਨ ਵਾਲਿਆਂ ਨੂੰ ਬੜੀ ਘਾਟ ਰਹਿੰਦੀ ਹੈ। ਤੁਹਾਡਾ ਵਿਖਿਆਨ ਜਾਂ ਵਿਆਖਿਆ ਕਾਫੀ ਸਮਾਂ ਲੈ ਲੈਂਦੇ ਹਨ?"

ਉਨ੍ਹਾਂ ਦਾ ਉਤਰ ਸੀ, "ਜੇ ਉਹ ਵਿਖਿਆਨ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਤਾਂ ਉਹ ਹਜ਼ਾਰਾਂ ਦੀ ਗਿਣਤੀ ਵਿਚ ਕਿਉਂ ਇਕੱਤਰ ਹੋ ਕੇ ਬੈਠੇ ਰਹਿੰਦੇ ਹਨ? ਉਸ ਵਿਆਖਿਆ ਵਿਚ ਮੈਂ ਜਿਸ ਮਿਸ਼ਨ ਲਈ ਮਾਇਆ ਵਾਸਤੇ ਇਸ਼ਾਰਾ ਵੀ ਕਰਾਂ, ਸੰਗਤਾਂ ਬਖਸ਼ਦੀਆਂ ਹਨ ਅਤੇ ਜੇ ਕੋਈ ਅਪੀਲ ਵੀ ਨਾ ਕਰਾਂ ਤਾਂ ਵੀ ਤੁਸਾਂ ਵੇਖਿਆ ਹੋਣਾ ਏ ਕਿ ਚਾਂਦੀ ਦੇ ਰੁਪਈਆਂ ਦੇ ਢੇਰ ਮੇਰੇ ਕੀਰਤਨ ਵੇਲੇ ਲੱਗ ਜਾਂਦੇ ਹਨ। ਸੋ ਤੁਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਸੰਗਤਾਂ ਨੂੰ ਰਸ ਨਹੀਂ ਆਉਂਦਾ ਜਾਂ ਉਨ੍ਹਾਂ 'ਤੇ ਅਸਰ ਨਹੀਂ ਹੁੰਦਾ।

ਮੈਂ ਹੋਰ ਪ੍ਰਸ਼ਨ ਕੀਤਾ, "ਪਰ ਜੇ ਤੁਸੀਂ ਵਿਆਖਿਆ ਦੀ ਥਾਂ ਨਿਰਾ ਕੀਰਤਨ ਹੀ ਕਰੋ ਤਾਂ ਕੀ ਖਿਆਲ ਹੈ ਕਿ ਮਾਇਆ ਦੀ ਕੋਈ ਘਾਟ ਰਹੇਗੀ?"

ਉਨ੍ਹਾਂ ਕਿਹਾ, "ਇਹ ਡਰ ਤਾਂ ਮੈਨੂੰ ਨਹੀਂ, ਸਿੱਖ ਸੰਗਤਾਂ ਬੜੀਆਂ ਦਿਆਲ ਹਨ, ਉਹ ਭਾਈ ਚਾਂਦ ਨੂੰ ਵੀ ਤਾਂ ਬਿਨਾਂ ਵਿਆਖਿਆ ਹੀ ਨਿਹਾਲ ਕਰ ਛੱਡਦੀਆਂ ਹਨ ਤੇ ਜਿਵੇਂ ਉਸ ਦੀ ਵਿਲੱਖਣਤਾ ਪ੍ਰਮਾਣਾਂ ਵਿਚ ਹੈ, ਮੇਰੀ ਵਿਲੱਖਣਤਾ ਵਿਆਖਿਆ ਦੀ ਹੈ। ਮੈਂ ਉਸ ਜਿੰਨਾ ਰਾਗ ਨਹੀਂ ਜਾਣਦਾ। ਸ਼ਾਇਦ ਉਸ ਜਿੰਨੇ ਪ੍ਰਮਾਣ ਵੀ ਬਾਣੀ ਦੇ ਨਾ ਦੇ ਸਕਾਂ, ਪਰ ਵਿਆਖਿਆ ਵਿਚ ਤਾਂ ਉਹ ਮੇਰੇ ਸਾਹਮਣੇ ਇਕ ਮਿੰਟ ਵੀ ਨਹੀਂ ਠਹਿਰ ਸਕਦੇ।

ਬਾਣੀ ਸਮਝਾਉਣ ਲਈ ਜਾਂ ਬਾਣੀ ਦੇ ਭਾਵ ਨੂੰ ਹੋਰ ਦ੍ਰਿੜ੍ਹ ਕਰਨ ਲਈ ਮੈਂ ਵਿਆਖਿਆ ਕਰਦਾ ਹਾਂ ਤੇ ਗੁਰ-ਇਤਿਹਾਸ ਨਾਲ ਜਾਂ ਭਾਈ ਵੀਰ ਸਿੰਘ ਜਿਹੇ ਗੁਰਮੁਖਾਂ ਦੇ ਲਿਖੇ ਵਿਚਾਰਾਂ ਤੇ ਸਾਖੀਆਂ ਦੇ ਸਹਾਰੇ ਗੁਰ-ਇਤਿਹਾਸ ਸੁਣਾਉਂਦਾ ਤੇ ਵਿਆਖਿਆ ਕਰਦਾ ਹਾਂ।"

ਰਾਗੀ ਸੁੰਦਰ ਸਿੰਘ ਉਹ ਸ਼ਖ਼ਸੀਅਤ ਸਨ ਜੋ ਸੰਨ 1936 ਵਿਚ ਗੁਜਰਾਤ (ਪਾਕਿਸਤਾਨ) ਦੇ ਨੇੜੇ ਇਕ ਦੀਵਾਨ 'ਤੇ ਗਏ ਮੁਸਲਮਾਨਾਂ ਹੱਥੋਂ ਸ਼ਹੀਦ ਹੋ ਗਏ ਸਨ ਕਿਉਂਕਿ ਉਨ੍ਹੀਂ ਦਿਨੀਂ ਉਥੇ ਆਪੋ ਵਿਚ ਖਿਚਾਉ ਸੀ। ਭਾਈ ਸੁੰਦਰ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਨ ਤੇ ਫੇਰ ਹੈਡ ਰਾਗੀ ਵੀ ਬਣੇ ਸਨ। ਉਹ ਸੰਗੀਤ ਦੇ ਵਿਸ਼ੇਸ਼ ਮਾਹਿਰ ਹੋਣ ਦੇ ਨਾਲ-ਨਾਲ ਗੁਰਬਾਣੀ ਤੇ ਕੀਰਤਨ ਦੇ ਉਚ-ਕੋਟੀ ਦੇ ਰਾਗੀ ਭੀ ਮੰਨੇ ਜਾਂਦੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਅਸੀਂ ਲੌਢੇ ਵੇਲੇ ਤੋਂ ਪਿੱਛੋਂ ਖੇਤਾਂ ਵਿਚ ਫਿਰ ਰਹੇ ਸਾਂ। ਉਸ ਸਮੇਂ ਮੈਂ ਉਨ੍ਹਾਂ ਦੀ ਸੰਗਤ ਦਾ ਲਾਭ ਲੈਣ ਲਈ ਹੋਰ ਕਈ ਗੱਲਾਂ ਨਾਲ ਇਹ ਪ੍ਰਸ਼ਨ ਪੁੱਛਿਆ, "ਤੁਸੀਂ ਏਡੇ ਗਵੱਈਏ ਤੇ ਸੰਗੀਤਕਾਰ ਹੁੰਦਿਆਂ ਭੀ ਕੀਰਤਨ ਵਿਚ ਨਾ ਗਲਾ ਫੇਰਦੇ ਹੋ, ਨਾ ਤਾਨ ਅਲਾਪ ਜਾਂ ਪਲਟੇ ਲਾਉਂਦੇ ਹੋ ਹਾਲਾਂਕਿ ਸੰਗੀਤ ਦਰਬਾਰਾਂ ਵਿਚ ਉਸੇ 'ਤੇ ਤੁਹਾਨੂੰ ਏਨੀ ਵਾਹ-ਵਾਹ ਤੇ ਸੈਂਕੜੇ ਰੁਪਏ ਮਿਲਦੇ ਨੇ?"

ਉਨ੍ਹਾਂ ਜਵਾਬ ਦਿੱਤਾ, "ਥਾਂ-ਥਾਂ ਦਾ ਫ਼ਰਕ ਏ। ਇੱਥੇ ਹੁਣ ਪਿੰਡ ਵਿਚ ਜੇ ਮੈਂ ਅਲਾਪ ਕਰਾਂ ਤਾਂ ਸ੍ਰੋਤੇ ਹੱਸਣਗੇ ਹੀ। ਫੇਰ ਕੀਰਤਨ ਵਿਚ ਲੋੜ ਹੁੰਦੀ ਹੈ ਇਕ ਰੰਗ ਬੰਨ੍ਹਣ ਦੀ, ਨਾ ਕਿ ਕਲਾ ਦੀ ਨੁਮਾਇਸ਼ ਕਰਨ ਦੀ। ਇਥੇ ਆਪ ਭਿੱਜ ਜਾਈਦਾ ਹੈ, ਆਪਾ ਭੁੱਲ ਜਾਈਦਾ ਹੈ, ਗੁਰੂ-ਚਰਨਾਂ ਵਿਚ ਵੀ ਹਾਜ਼ਰੀ ਭਰਨੀ ਹੁੰਦੀ ਹੈ। ਇਥੇ ਸ਼ੁਕੀਨੀਆਂ ਤੇ ਨਖਰੇ ਨਹੀਂ ਸ਼ੋਭਦੇ। ਪਰ ਸੁਰ, ਤਾਲ, ਲੈਅ ਦਾ, ਸਮੇਂ ਤੇ ਖਿਆਲ ਨਾਲ ਢੁਕਦੀ ਤਰਜ਼ ਦਾ ਤੇ ਉਸ ਦੇ ਪ੍ਰਭਾਵ ਦਾ ਧਿਆਨ ਜ਼ਰੂਰੀ ਹੈ; ਇਸ ਬਿਨਾਂ ਕੀਰਤਨ, ਕੀਰਤਨ ਨਹੀਂ। ਬਾਣੀ ਸ਼ੁੱਧ ਪੜ੍ਹਨੀ ਭੀ ਜ਼ਰੂਰੀ ਹੈ।"

ਮੈਂ ਹੋਰ ਕਿਹਾ, "ਜੇ ਪ੍ਰੇਮ ਨਾਲ ਹੀ ਕੋਈ ਕੀਰਤਨ ਕਰੇ ਤਾਂ ਸਿੱਖ ਸੰਗਤਾਂ ਵਿਚ ਸੱਚਮੁੱਚ ਬੜਾ ਸਤਿਕਾਰ ਹੈ, ਪਰ ਜਦੋਂ ਕੋਈ ਇਸ ਨੂੰ ਕਿੱਤਾ ਜਾਂ ਧੰਦਾ ਬਣਾ ਲੈਂਦਾ ਹੈ ਤਾਂ 'ਰੋਟੀਆ ਕਾਰਣਿ ਪੂਰਹਿ ਤਾਲ' ਜਾਪਣ ਲੱਗ ਪੈਂਦਾ ਹੈ ਤੇ ਸਤਿਕਾਰ ਤੇ ਅਸਰ ਘਟ ਜਾਂਦਾ ਹੈ।"

ਉਨ੍ਹਾਂ ਸਪਸ਼ਟ ਕੀਤਾ, "ਗੱਲ ਤੁਹਾਡੀ ਠੀਕ ਹੋਵੇਗੀ। ਮੈਂ ਦੋਵੇਂ ਰੰਗ ਵੇਖੇ ਹਨ। ਮੈਂ ਕੀਰਤਨ ਨੂੰ ਤੇ ਕੇਵਲ ਕੀਰਤਨ ਨੂੰ ਹੀ ਕਿਰਤ ਇਸ ਲਈ ਬਣਾਇਆ ਕਿ ਜਿੰਨਾ ਚਿਰ ਆਦਮੀ ਪੂਰਾ ਵਕਤ ਤੇ ਪੂਰਾ ਧਿਆਨ ਇਸ ਪਾਸੇ ਨਾ ਦੇ ਸਕੇ, ਉਹ ਪੂਰਾ ਨਹੀਂ ਹੁੰਦਾ। ਜੇ ਰੋਜ਼ੀ ਭੀ ਉਸੇ ਕੰਮ ਦੇ ਸਿਰ ਹੋਵੇ ਤਾਂ ਮਨੁੱਖ ਹੋਰ ਭੀ ਜ਼ੋਰ ਲਾਉਂਦਾ ਹੈ, ਵਧੇਰੇ ਮਿਹਨਤ ਕਰਦਾ ਹੈ ਤੇ ਆਪਣੇ ਕੰਮ ਵਿਚ ਲਾਇਕ ਬਣਦਾ ਹੈ। ਮੈਂ ਦੁਕਾਨ ਛੱਡ ਕੇ ਨਿਰਾ ਕੀਰਤਨੀਆ ਬਣ ਕੇ ਜਿੰਨਾ ਚਾਰ-ਪੰਜ ਸਾਲਾਂ ਵਿਚ ਸਿੱਖਿਆ ਹੈ, ਦੁਕਾਨਦਾਰੀ ਕਰਦਿਆਂ ਵੀਹ ਵਰ੍ਹਿਆਂ ਵਿਚ ਭੀ ਨਹੀਂ ਸੀ ਸਿੱਖ ਸਕਿਆ। ਸੰਗੀਤ ਕਲਾ ਹੈ, ਬੜੀ ਸੂਖਮ ਤੇ ਲਗਨ ਵਾਲੀ ਕਲਾ ਹੈ। ਤੁਸੀਂ ਜਾਣਦੇ ਹੋ, ਜਿੱਥੇ ਮਿਹਨਤ ਥੱਕ ਜਾਏ, ਉਥੇ ਹੁਨਰ (ਕਲਾ) ਦਾ ਅਰੰਭ ਹੁੰਦਾ ਹੈ। ਜੇ ਨਿਰੇ ਸਾਜ਼ ਭੰਨਣੇ ਤੇ ਚਿਮਟੇ ਹੀ ਕੁੱਟਣੇ ਹੋਣ ਤਾਂ ਹੋਰ ਗੱਲ ਹੈ।"

ਭਾਈ ਸਮੁੰਦ ਸਿੰਘ ਭੀ ਆਪਣੇ ਸਮੇਂ ਵਿਚ ਬਹੁਤ ਹੀ ਮਹਾਨ ਰਾਗੀ, ਗੁਰੂ-ਘਰ ਦੇ ਪ੍ਰੇਮੀ ਤੇ ਪ੍ਰਸਿਧ ਕੀਰਤਨੀਏ ਹੋਏ ਹਨ। ਉਹ ਗੁਰਪੁਰੀ ਸਿਧਾਰ ਗਏ ਹਨ ਅਤੇ ਸਾਡੇ ਵਿਚੋਂ ਬਹੁਤਿਆਂ ਨੇ ਉਨ੍ਹਾਂ ਦਾ ਕੀਰਤਨ ਸੁਣਿਆ ਹੈ। ਅਸੀਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਵਿਦਿਆਰਥੀਆਂ ਤੇ ਸਟਾਫ ਨੂੰ ਉਨ੍ਹਾਂ ਦਾ ਕੀਰਤਨ ਹਰ ਪੰਦਰੀਂ 'ਤੇ ਸੁਣਾਉਣ ਦਾ ਪ੍ਰਬੰਧ ਕੀਤਾ ਸੀ, ਕਿਉਂਕਿ ਇੰਨੇ ਕੁ ਚਿਰ ਬਾਅਦ ਹੀ ਉਹ ਜਲੰਧਰ ਰੇਡੀਓ ਸਟੇਸ਼ਨ 'ਤੇ ਕੀਰਤਨ ਦਾ ਪ੍ਰੋਗਰਾਮ ਦੇਣ ਲਈ ਆਉਂਦੇ ਹੁੰਦੇ ਸਨ। ਉਸੇ ਦਿਨ ਹੀ ਅਸੀਂ ਦੁਪਹਿਰੇ ਕਾਲਜ ਵਿਚ ਉਨ੍ਹਾਂ ਦਾ ਕੀਰਤਨ ਰੱਖਦੇ ਸਾਂ। ਸ੍ਰੀ ਗੁਰੂ ਗੋਬਿੰਦ ਸਿੰਘ ਦੇ 300 ਸਾਲਾ ਗੁਰਪੁਰਬ ਸਮੇਂ ਜੋ ਕੀਰਤਨ ਦਰਬਾਰ ਕਾਲਜ ਵਿਚ ਕੀਤਾ ਗਿਆ, ਉਸ ਸਮੇਂ ਉਹ ਮੇਰੇ ਹੀ ਸਤਿਕਾਰਯੋਗ ਮਹਿਮਾਨ ਸਨ। ਮੈਂ ਪੁਛਿਆ, "ਭਾਈ ਸਾਹਿਬ ਜੀ, ਇਹ ਕੀ ਭੇਦ ਹੈ ਕਿ ਰੇਡੀਓ ਵਾਲੇ, ਰਾਗੀਆਂ ਵਿਚੋਂ ਤੁਹਾਨੂੰ ਹੀ ਸਭ ਤੋਂ ਵਧੀਕ ਵਾਰੀ ਸੱਦਦੇ ਹਨ ਅਤੇ ਇਸ ਤਰ੍ਹਾਂ ਲਗਾਤਾਰ ਪ੍ਰੋਗਰਾਮ ਦੇ ਰਹੇ ਹਨ?"

ਉਨ੍ਹਾਂ ਫੁਰਮਾਇਆ, "ਕਰਤੇ ਹਥਿ ਵਡਿਆਈਆ...॥ ਪਰ ਇਹ ਸਵਾਲ ਤੁਸੀਂ ਉਨ੍ਹਾਂ ਨੂੰ ਪੁੱਛੋ, ਮੈਨੂੰ ਕੀ ਪਤਾ!"

ਮੈਂ ਅੱਗੋਂ ਕਿਹਾ, "ਉਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਰਾਗ ਦੀ ਬੜੀ ਸਮਝ ਹੈ, ਆਮ ਰਾਗੀ ਇੰਨੀ ਸਮਝ ਨਹੀਂ ਰੱਖਦੇ। ਬਾਕੀ ਰੇਡੀਓ ਲਈ ਆਵਾਜ਼ ਦੇ ਢੁਕਵੀਂ ਹੋਣ ਦਾ ਵੀ ਉਨ੍ਹਾਂ ਨੂੰ ਖਿਆਲ ਰੱਖਣਾ ਪੈਂਦਾ ਹੈ?"

ਉਨ੍ਹਾਂ ਹੱਸ ਕੇ ਆਖਿਆ, "ਮੇਰਾ ਖਿਆਲ ਹੈ ਉਨ੍ਹਾਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ।"

ਮੈਂ ਫੇਰ ਸਵਾਲ ਕੀਤਾ, "ਪਰ ਕੀਰਤਨ ਦੇ ਸ੍ਰੋਤੇ ਤਾਂ ਆਖਦੇ ਹਨ ਕਿ ਪੱਕੇ ਰਾਗਾਂ ਦੀ ਸਾਨੂੰ ਕੋਈ ਸਮਝ ਨਹੀਂ ਆਉਂਦੀ। ਉਹ ਤਾਂ ਸਰਲ ਕੀਰਤਨ ਨੂੰ ਹੀ ਪਸੰਦ ਕਰਦੇ ਹਨ। ਪਤਾ ਨਹੀਂ ਤੁਹਾਡਾ ਕੀਰਤਨ ਕਿਵੇਂ ਆਮ ਸੰਗਤਾਂ ਨੂੰ ਖਿੱਚ ਪਾਉਂਦਾ ਹੈ?"

ਉਨ੍ਹਾਂ ਸਹਿਜ ਭਾਅ ਕਿਹਾ, "ਅਮੋਲ ਜੀ, ਤੁਸੀਂ ਵਿਦਵਾਨ ਹੋ। ਜੇ ਸੰਗੀਤ ਨੂੰ ਇਕ ਕਲਾ ਦੇ ਰੂਪ ਵਿਚ ਵਰਤਣਾ ਹੀ ਨਹੀਂ ਜਾਂ ਉਸ ਦਾ ਗਿਆਨ ਹੀ ਨਹੀਂ ਤਾਂ ਫਿਰ ਜੋਟੀਆਂ ਤੇ ਹੱਲੇ ਦੇ ਸ਼ਬਦ ਪੜ੍ਹਨ ਤੇ ਸੰਗੀਤਮਈ ਕੀਰਤਨ ਦੀ ਕੀ ਲੋੜ ਹੈ? ਅਸਲ ਗੱਲ ਇਹ ਜਾਪਦੀ ਹੈ ਕਿ ਗੁਰੂ ਸਾਹਿਬ ਨੇ ਕੀਰਤਨ ਦੀ ਮਹਾਨਤਾ ਹੀ ਇਸ ਕਰਕੇ ਮਿਥੀ ਹੈ ਕਿ ਬਾਣੀ ਦੇ ਨਾਲ ਜਦ ਸੰਗੀਤ ਕਲਾ ਅਤੇ ਨਾਲ ਹੀ ਰਾਗੀ ਦਾ ਗਲਾ ਰਲ ਜਾਂਦਾ ਹੈ ਤਾਂ ਉਹ ਰਾਗੀ ਕਠੋਰ ਤੋਂ ਕਠੋਰ ਮਨ 'ਤੇ ਵੀ ਦੂਣਾ-ਤੀਣਾ ਅਸਰ ਕਰਦਾ ਹੈ।"

ਮੈਂ ਹੋਰ ਕਿਹਾ, "ਪਰ ਗਵੱਈਆਂ ਤੇ ਵਧੇਰੇ ਪੱਕੇ ਰਾਗੀਆਂ 'ਤੇ ਸੰਗਤਾਂ ਨੂੰ ਇਹ ਕਿੰਤੂ ਹੈ ਕਿ ਸਾਨੂੰ ਤਾਂ ਪਤਾ ਨਹੀਂ ਲਗਦਾ ਕਿ ਇਹ ਕੀ ਪੜ੍ਹ ਰਹੇ ਹਨ। ਮੈਨੂੰ ਯਾਦ ਹੈ ਕਿ ਮੇਰੇ ਕੋਲ ਬੈਠੇ ਇਕ ਪ੍ਰੋਫੈਸਰ ਸਾਹਿਬ, ਇਕ ਬੜੇ ਸਰਲ ਕੀਰਤਨ ਨੂੰ ਸੁਣਦਿਆਂ ਵੀ ਕਹਿ ਰਹੇ ਸਨ ਕਿ ਸਮਝ ਨਹੀਂ ਆਉਂਦੀ।"

ਉਨ੍ਹਾਂ ਕਿਹਾ, "ਇਸ ਦੇ ਕਈ ਕਾਰਨ ਹਨ। ਇਕ ਤਾਂ ਇਹ ਕਿ ਜੋ ਲੋਕ ਬਾਣੀ ਨੂੰ ਪਿੱਛੇ ਤੇ ਰਾਗ ਨੂੰ ਅੱਗੇ ਕਰ ਦਿੰਦੇ ਹਨ, ਉਹ ਸੰਗਤਾਂ ਦੀ ਆਤਮਕ ਸੰਤੁਸ਼ਟੀ ਨਹੀਂ ਕਰ ਸਕਦੇ ਕਿਉਂਕਿ ਸਾਰੀ ਸੰਗਤ 'ਚੋਂ ਕੋਈ ਵਿਰਲੇ ਹੀ ਸੰਗੀਤ ਦੀ ਕਲਾ ਦੇ ਗੁੱਝੇ ਤੇ ਡੂੰਘੇ ਰੰਗਾਂ ਤੇ ਭੇਦਾਂ ਨੂੰ ਸਮਝਦੇ ਹਨ। ਉਨ੍ਹਾਂ ਨੂੰ ਲੋੜ ਹੁੰਦੀ ਹੈ ਰਸ ਦੀ, ਸ਼ਬਦ ਦੇ ਭਾਵ ਦੀ ਜਾਂ ਗੁਰੂ ਦੇ ਸੰਦੇਸ਼ੇ ਦੀ। ਉਨ੍ਹਾਂ 'ਤੇ ਤਾਂ ਕਲਾ ਦਾ ਇਕ ਗੁਹਜ ਜਿਹਾ ਪ੍ਰਭਾਵ ਹੌਲੀ-ਹੌਲੀ ਅਸਰ ਕਰਦਾ ਹੈ ਭਾਵੇਂ ਅਸਰ ਤੋਂ ਖਾਲੀ ਕਦੇ ਨਹੀਂ ਜਾਂਦਾ। ਸ਼ਾਸਤਰੀ ਸੰਗੀਤ ਲਈ ਅਜਿਹਾ ਅਸਰ ਕਬੂਲਣ ਲਈ ਬਹੁਤ ਲੰਮਾ ਸਮਾਂ ਚਾਹੀਦਾ ਹੈ ਅਤੇ ਸੁਣਨ ਦਾ ਲੰਮਾ ਅਭਿਆਸ। ਸੰਗਤਾਂ ਵਿਚ ਕੀਰਤਨ ਸੁਣਨ-ਸੁਣਾਉਣ ਲਈ ਨਾ ਹੁਣ ਇੰਨਾ ਸਮਾਂ ਹੈ, ਨਾ ਸੁਣਨ ਵਾਲਿਆਂ 'ਚ ਇੰਨਾ ਧੀਰਜ।



ਭਾਈ ਸੁੰਦਰ ਸਿੰਘ

ਦੂਜਾ ਕਾਰਨ ਇਹ ਹੈ ਕਿ ਸੰਗੀਤ ਵਾਂਗ ਬਾਣੀ ਦੀ ਸਮਝ ਲਈ ਵੀ ਅਭਿਆਸ ਅਤੇ ਨਾਲ ਹੀ ਅਰਥ-ਭਾਵ ਦੀ ਸੋਝੀ ਹੋਣੀ ਚਾਹੀਦੀ ਹੈ। ਬਾਣੀ ਦੇ ਅਭਿਆਸ ਬਿਨਾਂ ਵੀ ਸਮਝ ਨਹੀਂ ਆਉਂਦੀ।"

ਮੈਂ ਪੁੱਛਿਆ ਕਿ ਇਹਦਾ ਮਤਲਬ ਹੁਣ ਰਾਗੀ ਸਿੰਘ ਵਿਆਖਿਆ ਕਰਿਆ ਕਰਨ?

ਉਨ੍ਹਾਂ ਦਾ ਕਹਿਣਾ ਸੀ, "ਮੇਰਾ ਖਿਆਲ ਇਹ ਹੈ ਕਿ ਵਿਆਖਿਆ ਲਈ ਬਹੁਤ ਵਿੱਦਿਆ, ਗਿਆਨ ਤੇ ਅਭਿਆਸ ਚਾਹੀਦਾ ਹੈ। ਇਹ ਸੰਗੀਤ-ਕਲਾ ਅਤੇ ਸੰਗੀਤਕਾਰ ਦੀ ਹੇਠੀ ਹੈ ਕਿ ਉਸ ਦਾ ਗਾਇਨ ਅਤੇ ਫਿਰ ਕੀਰਤਨ ਸਰੋਤਿਆਂ 'ਤੇ ਅਸਰ ਨਾ ਕਰੇ ਤੇ ਉਸ ਅਸਰ ਨੂੰ ਵਧਾਉਣ ਲਈ ਉਹ ਭਾਸ਼ਣਕਾਰ ਦੀ ਡਿਊਟੀ ਲੈ ਲਏ। ਹਾਂ, ਪਰ ਜੇ ਕੋਈ ਕਠਿਨ ਗੱਲ ਹੈ ਤਾਂ ਸ਼ੁਰੂ ਵਿਚ ਉਥਾਨਕਾ ਜਾਂ ਭੂਮਿਕਾ ਦੀ ਥਾਂ 'ਤੇ ਕੋਈ ਇਕ-ਦੋ ਵਾਕ ਬੋਲ ਦੇਵੇ ਜਾਂ ਦੱਸ ਦੇਵੇ ਕਿ ਕਿਸ ਗੁਰੂ ਸਾਹਿਬ ਦੀ ਬਾਣੀ ਹੈ, ਕਿਸ ਰਾਗ ਦੀ ਹੈ ਅਤੇ ਅਸੀਂ ਕਿਸ ਰਾਗ ਵਿਚ ਇਸ ਨੂੰ ਗਾ ਰਹੇ ਹਾਂ ਅਤੇ ਇਹ ਰਾਗ ਕਿਸ ਸਮੇਂ ਦਾ ਹੈ, ਸ੍ਰੋਤਿਆਂ ਦੀ ਬਹੁਤ ਸਾਰੀ ਤਕਲੀਫ਼ ਨੂੰ ਹਟਾ ਸਕਦਾ ਹੈ। ਇਸ ਲਈ ਮੈਂ ਇਹ ਢੰਗ ਵਰਤਦਾ ਹਾਂ ਕਿ ਲੋੜ ਅਨੁਸਾਰ ਵਿਆਖਿਆ, ਉਹ ਵੀ ਘੱਟ ਤੋਂ ਘੱਟ, ਪਰ ਕੀਰਤਨ ਬਾਣੀ ਤੇ ਕਲਾ ਨੂੰ ਇਕ ਮਿਸ਼ਰਤ ਰੂਪ ਵਿਚ ਮੁੱਖ ਰੱਖਦਾ ਹਾਂ।"

ਪੱਕੇ ਰਾਗ ਦੀ ਮੁਖ਼ਾਲਫ਼ਤ ਹੈ, ਪਰ ਤੁਹਾਡੇ 'ਤੇ ਕਦੇ ਕਿਸੇ ਇਤਰਾਜ਼ ਨਹੀਂ ਕੀਤਾ। ਇਸ ਦਾ ਕੀ ਭੇਤ ਹੈ, ਇਹ ਮੈਂ ਪੁੱਛਣਾ ਚਾਹੁੰਦਾ ਹਾਂ?

ਉਨ੍ਹਾਂ ਕਿਹਾ, "ਭੇਤ 'ਅਤਿ' ਦਾ ਹੈ। ਜੋ ਲੋਕ ਗਲਾ ਫੇਰਨ ਦਾ ਦਿਖਾਵਾ ਜਾਂ ਅਲਾਪ ਤੇ ਸ਼ਾਨ ਦਾ ਦਿਖਾਵਾ ਕਰਨ 'ਤੇ ਤੁਲ ਪੈਂਦੇ ਹਨ ਜਾਂ ਕੀਰਤਨ ਹੁੰਦਿਆਂ ਤਬਲੇ ਦੇ ਹੁਨਰ ਦਾ ਰੁਅਬ ਪਾਉਣਾ ਚਾਹੁੰਦੇ ਹਨ, ਸ਼ਾਇਦ ਇਹ ਦਿਖਾਵਾ ਹੈ ਜਿਸ ਤੋਂ ਕਈ ਸੱਜਣਾ ਨੂੰ ਨਿਰਾਸ਼ਾ ਹੋਈ ਹੈ। ਗਲਾ ਮੈਂ ਵੀ ਫੇਰਦਾ ਹਾਂ, ਤਾਨ ਪੜਤਾਲ, ਧਰੁਪਦ, ਖ਼ਿਆਲ ਸਭ ਕੁਝ ਵਰਤਦਾ ਹਾਂ, ਪਰ ਮੇਰਾ ਗਲਾ ਫੇਰਨਾ ਜਾਂ ਸੰਗੀਤ ਦੇ ਹੋਰ ਹੁਨਰ ਅਤੇ ਪੁਰਾਣੀਆਂ ਰੀਤੀਆਂ ਵਰਤਣੀਆਂ ਕੀਰਤਨ ਦੇ ਰਸ ਨੂੰ ਵਧਾਉਣ ਲਈ ਹੁੰਦੀਆਂ ਹਨ, ਹੁਨਰ ਦਾ ਦਿਖਾਵਾ ਕਰਨ ਲਈ ਨਹੀਂ, ਇਸ ਲਈ ਇਹ ਸਭ ਕੁਝ ਮੱਠਾ-ਮੱਠਾ ਹੁੰਦਾ ਹੈ ਅਤੇ ਸਰੋਤਿਆਂ ਨੂੰ ਮੇਰੀ ਤਾਨ ਜਾਂ ਚੁਤਾਲਾ ਆਦਿਕ ਰੜਕਦਾ ਈ ਨਹੀਂ, ਕਿਉਂਕਿ ਬਹੁਤ ਸਾਰਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਮੈਂ ਸ਼ਬਦ ਵਿਚ ਹੀ ਜਾਂ ਉਸ ਦੇ ਪਾਠ ਗਾਇਨ ਵਿਚ ਹੀ ਅਲਾਪ ਵੀ ਕਰ ਗਿਆ ਹਾਂ, ਗਲਾ ਵੀ ਫੇਰ ਗਿਆ ਹਾਂ।"

ਭਾਈ ਸੁਰਜਨ ਸਿੰਘ ਰਾਗੀ ਅਤੇ ਲਗਭਗ ਉਸੇ ਹੀ ਢੰਗ 'ਤੇ ਕੀਰਤਨ ਕਰਨ ਵਾਲੇ ਭਾਈ ਸੰਤਾ ਸਿੰਘ ਤੇ ਭਾਈ ਗੁਪਾਲ ਸਿੰਘ ਇਨ੍ਹਾਂ ਦੇ ਹੀ ਸਮਕਾਲੀ, ਜਮਾਤੀ ਤੇ ਗੁਰ-ਭਾਈ ਸਨ। ਪ੍ਰਸਿੱਧੀ ਇਨ੍ਹਾਂ ਸਭਨਾਂ ਦੀ ਆਪੋ-ਆਪਣੀ ਥਾਂ ਬਹੁਤ ਹੈ ਪਰ ਜੋ ਮਹਾਨਤਾ ਤੇ ਪ੍ਰਭਾਵ ਅਤੇ ਸਤਿਕਾਰ ਭਾਈ ਸੁਰਜਨ ਸਿੰਘ ਖੱਟ ਗਏ, ਉਸ ਤੋਂ ਕੁਝ ਘੱਟ ਹੀ ਹੋਰਾਂ ਦੇ ਹਿੱਸੇ ਆਇਆ ਹੈ। ਮੰਨਣਾ ਹੀ ਪਏਗਾ ਕਿ ਭਾਈ ਸੁਰਜਨ ਸਿੰਘ ਦਾ ਅਸਰ ਬਹੁਤ ਵਧੀਕ ਸੀ। ਭਾਈ ਸੁਰਜਨ ਸਿੰਘ 1942 ਤੱਕ ਭਾਈ ਲਾਲ ਕੋਲ ਰਾਗ ਸਿੱਖਣ ਜਾਂਦੇ ਰਹੇ ਸਨ। ਇਨ੍ਹਾਂ ਸਤਰਾਂ ਦੇ ਲੇਖਕ ਨੇ ਪੰਜਾਹ-ਪੰਜਾਹ ਮੀਲ ਤੋਂ ਰੋਜ਼ ਅੰਮ੍ਰਿਤ ਵੇਲੇ, ਦਸੰਬਰ ਦੇ ਦਿਨਾਂ 'ਚ ਆ ਕੇ ਭਾਈ ਸੁਰਜਨ ਸਿੰਘ ਦਾ ਕੀਰਤਨ ਸੁਣਨ ਵਾਲੇ ਵੇਖੇ ਹਨ। ਉਨ੍ਹਾਂ ਦੀ ਮ੍ਰਿਤੂ ਵੇਲੇ ਜਲੰਧਰ 'ਚ ਜੋ ਦੋ ਕੁ ਹਜ਼ਾਰ ਵਿਅਕਤੀ ਸ. ਦਿਲਬਾਗ ਸਿੰਘ ਦੇ ਘਰ ਇਕੱਤਰ ਹੋਏ ਸਨ (ਜਿੱਥੇ ਉਨ੍ਹਾਂ ਦੀ ਮ੍ਰਿਤੂ ਹੋਈ) ਤਾਂ ਜਦ ਬਿਬਾਨ ਚੁੱਕਣ ਲੱਗਿਆਂ ਭਾਈ ਸੁਰਜਨ ਸਿੰਘ ਦਾ ਟੇਪ ਕੀਤਾ ਹੋਇਆ ਸ਼ਬਦ ਲਾਇਆ ਗਿਆ, "ਮੈ ਪ੍ਰੇਮ ਨ ਚਾਖਿਆ" ਤਾਂ ਕੋਈ ਅੱਖ ਅੱਥਰੂਆਂ ਤੋਂ ਬਿਨਾਂ ਨਹੀਂ ਸੀ ਰਹਿ ਗਈ। ਹਾਲਾਂਕਿ ਉਨ੍ਹਾਂ ਵਿਚ ਪਤਨੀ ਤੇ ਪੁੱਤਰ ਬਿਨਾਂ ਕੋਈ ਵੀ ਭਾਈ ਸੁਰਜਨ ਸਿੰਘ ਦਾ ਰਿਸ਼ਤੇਦਾਰ ਨਹੀਂ ਸੀ।

ਭਾਈ ਸੁਰਜਨ ਸਿੰਘ ਮੇਰੇ ਬਚਪਨ ਦੇ ਸਾਥੀ ਸਨ, ਇਸ ਲਈ ਅਸੀਂ ਖੁੱਲ੍ਹੀਆਂ ਹੀ ਗੱਲਾਂ ਕਰ ਲੈਂਦੇ ਸਾਂ। ਉਨ੍ਹਾਂ ਨੂੰ ਇਕ ਦਿਨ ਆਪਣੇ ਹੀ ਘਰ ਵਿਚ ਬੈਠਿਆਂ, ਮੈਂ ਕਹਿ ਹੀ ਦਿੱਤਾ, "ਬਈ ਸੁਰਜਨ ਸਿੰਘ, ਅੱਜ ਇਕ ਗੱਲ ਦੱਸੋ, ਇਹ ਕੀਲਣ ਵਾਲੀ ਸ਼ਕਤੀ ਕਿੱਥੋਂ ਲਈ ਤੇ ਕਿਵੇਂ?"

ਉਨ੍ਹਾਂ ਕਿਹਾ, "ਸੱਚ ਦੱਸਾਂ? ਮੈਂ ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਕੀਰਤਨ ਕਰਦਾ ਸਾਂ, ਬੜਿਆਂ ਦੇ ਕੀਰਤਨ ਸੁਣਦਾ ਸਾਂ, ਲੋਕ ਵੀ ਚੰਗਾ ਕਹਿੰਦੇ ਸਨ ਪਰ ਮੇਰੀ ਆਪਣੀ ਤਸੱਲੀ ਨਹੀਂ ਸੀ ਹੁੰਦੀ। ਮਿਹਨਤ ਵੀ ਬੜੀ ਕਰਦਾ ਸਾਂ। ਮੈਂ ਇਹ ਗੱਲ ਅੱਜ ਤੱਕ ਕਿਸੇ ਨੂੰ ਦੱਸੀ ਨਹੀਂ, ਪਰ ਤੈਥੋਂ ਹੁਣ ਲੁਕਾ ਨਹੀਂ ਸਕਦਾ। ਮੈਂ ਇਕ ਵਜੇ ਰਾਤ ਨੂੰ ਸ੍ਰੀ ਦਰਬਾਰ ਸਾਹਿਬ, ਤਰਨਤਾਰਨ ਦੇ ਦਰਵਾਜ਼ੇ ਦੀਆਂ ਦਲ੍ਹੀਜ਼ਾਂ ਕੋਲ ਜਾ ਬੈਠਾ। ਅੱਧਾ ਘੰਟਾ ਰੋਂਦਾ ਰਿਹਾ ਤੇ ਅੰਤ ਮੈਂ ਦਲ੍ਹੀਜ਼ਾਂ 'ਤੇ ਸਿਰ ਰੱਖ ਕੇ ਅਰਦਾਸ ਕੀਤੀ, 'ਗੁਰੂ ਅਰਜਨ ਦੇਵ ਪਾਤਸ਼ਾਹ! ਮੈਥੋਂ ਉਹ ਕੀਰਤਨ ਕਰਾਓ ਜੋ ਤੁਹਾਨੂੰ ਚੰਗਾ ਲੱਗੇ।' ਇਹ ਗੁਰੂ ਦੀ ਮਿਹਰ ਹੈ। ਪੂਰੀ ਤਰ੍ਹਾਂ ਪਤਾ ਨਹੀਂ ਕਿ ਪਾਤਸ਼ਾਹ ਨੇ ਕੀ ਦਿੱਤਾ, ਪਰ ਉਸ ਦਿਨ ਸਵੇਰੇ ਜਦ ਮੈਂ ਆਪਣੀ ਡਿਊਟੀ 'ਤੇ ਕੀਰਤਨ ਕੀਤਾ ਤਾਂ ਇਕ ਘੰਟੇ ਦੇ ਅੰਦਰ-ਅੰਦਰ ਮੇਰੇ ਕੀਰਤਨ ਦੀਆਂ ਧੁੰਮਾਂ ਪਈਆਂ ਹੋਈਆਂ ਸਨ, ਮੈਨੂੰ ਨਹੀਂ ਪਤਾ, ਕੀ ਹੋਇਆ।"

ਇਹ ਦਸਦਿਆਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਤੁਰੇ। ਇਨ੍ਹਾਂ ਸ਼ਬਦਾਂ ਵਿਚ ਕੁਝ ਵਿਸ਼ੇਸ਼ ਹੀ ਅਸਰ ਸੀ ਅਤੇ ਅਸੀਂ ਸਾਰਾ ਪਰਿਵਾਰ, ਬੜੇ ਆਲੋਚਕ ਹੋਣ ਦੇ ਬਾਵਜੂਦ ਭਾਈ ਸੁਰਜਨ ਸਿੰਘ ਦੀ ਇਸ ਰਮਜ਼ ਨੂੰ ਚੁੱਪ-ਚਾਪ ਹੀ ਸਮਝ ਤੇ ਮੰਨ ਗਏ ਅਤੇ ਅੱਜ ਤੱਕ ਇਸ ਦੀ ਸੱਚਾਈ 'ਤੇ ਸਾਡੇ 'ਚੋਂ ਕਿਸੇ ਨੂੰ ਸ਼ੱਕ ਨਹੀਂ ਪਿਆ। ਮੇਰੀ ਸਿੰਘਣੀ, ਜੋ ਆਪ ਕੀਰਤਨ ਕਰ ਲੈਂਦੀ ਸੀ, ਨੇ ਕਿਹਾ, 'ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੇ ਗਲੇ ਵਿਚ ਕੋਈ ਡਲੀ ਰੱਖ ਦਿੱਤੀ ਹੈ ਜੋ ਬੜੀ ਮਿੱਠੀ ਸੁਰ ਅਲਾਪਦੀ ਹੈ।'

ਸਾਡੇ ਹੋਰ ਵਿਸਥਾਰ ਨਾਲ ਪੁੱਛਣ 'ਤੇ ਕਹਿਣ ਲੱਗੇ, "ਇਕ ਤਾਂ ਉਸ ਦਿਨ ਤੋਂ ਇਹ ਅਹਿਸਾਸ ਹੋ ਗਿਆ ਕਿ ਸ਼ਬਦ ਉਹ ਸੁਣਾਓ ਜੋ ਉਸ ਵੇਲੇ ਹੀ ਦਿਲ ਵਿਚ ਖਿਆਲ ਆਵੇ। ਪਹਿਲਾਂ ਨਾ ਮਿਥੋ ਕਿ ਅੱਜ ਫਲਾਣੇ ਸ਼ਬਦ ਦਾ ਕੀਰਤਨ ਕਰਨਾ ਹੈ। ਦੂਜਾ, ਬਾਣੀ ਵਧ ਤੋਂ ਵਧ ਪੜ੍ਹੋ ਅਤੇ ਬਾਣੀ ਨੂੰ ਸਮਝ ਕੇ ਆਪ ਅਰਥ ਸਮਝਦਿਆਂ ਹੋਇਆਂ ਕੀਰਤਨ ਕਰੋ। ਰਾਗ ਨੂੰ ਪਿੱਛੇ ਰੱਖੋ। ਸਰਲਤਾ ਅਤੇ ਬਾਣੀ ਦੀ ਸਪੱਸ਼ਟਤਾ ਨੂੰ ਮੁੱਖ ਰੱਖਣ ਦਾ ਯਤਨ ਕਰਦਾ ਹਾਂ। ਬਾਣੀ ਵਧੇਰੇ ਯਾਦ ਕਰਦਾ ਹਾਂ।

ਅਸੀਂ ਕਿਹਾ ਕਿ ਤੁਹਾਡੀ ਵਿਆਖਿਆ ਵੀ ਬੜੀ ਸੁਆਦਲੀ ਹੁੰਦੀ ਹੈ?

ਉਨ੍ਹਾਂ ਬੜੀ ਹੀ ਨਿਮਰਤਾ ਨਾਲ ਕਿਹਾ, "ਐਵੇਂ ਦਿਲ ਦੀ ਆਵਾਜ਼ ਹੈ ਕਿ ਸਾਰੇ ਲੋਕ ਹੁਣ ਗੁਰਬਾਣੀ ਦੇ ਭਾਵ ਨੂੰ ਵਿਆਖਿਆ ਬਿਨਾਂ ਸਮਝ ਨਹੀਂ ਸਕਦੇ, ਇਸ ਲਈ ਵੱਡੇ ਦੀਵਾਨਾਂ ਵਿਚ ਅਤੇ ਖਾਸ ਕਰ ਗੁਰਪੁਰਬ ਦੇ ਸਮੇਂ ਸ਼ਬਦ ਨਾਲ ਸੰਬੰਧਿਤ ਇਤਿਹਾਸ ਜਾਂ ਭਾਵ ਨੂੰ ਸਪਸ਼ਟ ਕਰਨ ਲਈ, ਦ੍ਰਿਸ਼ਟਾਂਤ ਵਜੋਂ, ਕੁਝ ਸਮਾਂ ਵਿਆਖਿਆ ਨੂੰ ਦੇ ਦਿੰਦਾ ਹਾਂ। ਪਰ ਵਿਸ਼ਵਾਸ ਮੇਰਾ ਇਹੋ ਹੈ ਕਿ ਸੰਗਤਾਂ ਮੇਰੇ ਕੀਤੇ ਕੀਰਤਨ ਦੇ ਰਸ ਪਿੱਛੇ ਹੀ ਮੇਰੀ ਵਿਆਖਿਆ ਸੁਣ ਜਾਂਦੀਆਂ ਹਨ, ਬਹੁਤੀ ਵਿਆਖਿਆ ਕਰਾਂ ਤਾਂ ਸ਼ਾਇਦ ਸੰਗਤਾਂ ਦੀ ਹਾਜ਼ਰੀ ਘਟ ਜਾਏ।

ਗੁਰਬਾਣੀ ਕੀਰਤਨੀਆਂ ਦੇ ਆਪੋ ਆਪਣੇ ਬਾਰੇ ਇਹ ਵਿਚਾਰ ਇਕ ਦੂਜੇ ਤੋਂ ਭਿੰਨ ਹਨ ਅਤੇ ਇਨ੍ਹਾਂ ਦੀ ਵਿਲੱਖਣਤਾ ਆਦਰ ਦੇਣ ਯੋਗ ਹੈ।

# ਪੰਜਾਬੀ ਦਾ ਚਲਦਾ ਫਿਰਦਾ ਸ਼ਬਦਕੋਸ਼ ਜੀ.ਐਸ. ਰਿਆਲ

*ਪੰਜਾਬ ਯੂਨੀਵਰਸਿਟੀ 'ਚ ਸਾਡੇ ਸਮਿਆਂ ਦੇ ਮਿੱਤਰ ਬਲਜੀਤ ਬਾਸੀ ਵਲੋਂ 70ਵਿਆਂ ਦੌਰਾਨ ਯੂਨੀਵਰਸਿਟੀ ਦੇ ਨਵੇਂ ਬਣੇ ਡਿਕਸ਼ਨਰੀ ਵਿਭਾਗ ਰਾਹੀਂ ਪੰਜਾਬੀ ਦੀ ਪਹਿਲੀ ਡਿਕਸ਼ਨਰੀ ਤਿਆਰ ਕਰਵਾਏ ਜਾਣ ਦੇ ਪ੍ਰਸੰਗ ਵਿਚ, ਪੰਜਾਬੀ ਕੋਸ਼ਕਾਰੀ ਦੇ ਇਕ ਤਰ੍ਹਾਂ ਨਾਲ ਭੀਸ਼ਮ ਪਿਤਾਮਾ ਦਾ ਰੁਤਬਾ ਪਾ ਚੁੱਕੇ ਸ੍ਰੀ ਜੀ.ਐਸ. ਰਿਆਲ ਦਾ ਜ਼ਿਕਰ ਛਿੜਿਆ ਤਾਂ ਕੁਝ ਪਾਠਕਾਂ ਨੇ ਮੰਗ ਕੀਤੀ ਕਿ ਉਨ੍ਹਾਂ ਬਾਰੇ ਹੋਰ ਜਾਣਕਾਰੀ ਦਿੱਤੀ ਜਾਵੇ। ਰਿਆਲ ਸਾਹਿਬ 90 ਵਰ੍ਹਿਆਂ ਦੀ ਉਮਰ ਦੇ ਆਸ ਪਾਸ ਅਜੇ ਵੀ ਕੰਮ ਕਰ ਰਹੇ ਸਨ-ਜਦੋਂ ਅਚਾਨਕ ਉਨ੍ਹਾਂ ਦਾ ਦਿਹਾਂਤ ਹੋਇਆ। ਅੱਧੀ ਸਦੀ ਤੋਂ ਵਧ ਸਮਾਂ ਉਨ੍ਹਾਂ ਪੰਜਾਬੀ ਕੋਸ਼ਕਾਰੀ ਦੇ ਨਕਸ਼ ਨਿਖਾਰਨ ਵਲ ਤਕੜੇ ਸਾਧਕ ਵਜੋਂ ਲਾਇਆ। ਇਸ ਅਰਸੇ ਦੌਰਾਨ ਉਨ੍ਹਾਂ ਦੀ ਇਕੋ ਖਾਹਿਸ਼ ਸੀ ਕਿ ਉਨ੍ਹਾਂ ਨੂੰ ਆਪਣੇ ਪਿੱਛੋਂ ਆਪਣਾ ਕੰਮ ਜਾਰੀ ਰੱਖਣ ਵਾਲਾ ਕੋਈ ਸੁਘੜ ਪੈਰੋਕਾਰ ਮਿਲੇ। ਪ੍ਰੰਤੂ ਪਿਛਲੇ 20-25 ਵਰ੍ਹਿਆਂ ਦੌਰਾਨ ਜੀਵਨ 'ਚ ਸਹੀ-ਗਲਤ ਤਰੀਕਿਆਂ ਨਾਲ 'ਅੱਗੇ ਵਧਣ' ਦਾ ਜਿਸ ਕਿਸਮ ਦਾ ਸਭਿਆਚਾਰ ਪਨਪਦਾ ਆ ਰਿਹਾ ਹੈ, ਉਸ ਵਿਚ ਸ਼ਾਇਦ ਇਹ ਸੰਭਵ ਨਹੀਂ ਸੀ। ਉਨ੍ਹਾਂ ਨਾਲ 14 ਕੁ ਵਰ੍ਹੇ ਪਹਿਲਾਂ ਗੁਰਦਿਆਲ ਸਿੰਘ ਬੱਲ ਵਲੋਂ ਕੀਤੀ ਲੰਮੀ ਗੱਲਬਾਤ ਦੇ ਕੁਝ ਅੰਸ਼ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ*

ਪ੍ਰੋ. ਜੀ.ਐਸ. ਰਿਆਲ ਦਾ ਰੁਤਬਾ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਕਿਸੇ ਮਹਾਨ ਦਿਗੰਬਰ ਸਾਧ ਵਾਲਾ ਹੈ। ਸਾਡੇ ਸਮਿਆਂ ਵਿਚ ਪੰਜਾਬੀ ਬੋਲੀ ਦੇ ਸ਼ਬਦਾਂ ਦੀਆਂ ਪੈੜਾਂ ਲੱਭਣ ਲਈ ਜਿਸ ਕਿਸਮ ਦੀ ਸਾਧਨਾ ਉਨ੍ਹਾਂ ਨੇ ਕੀਤੀ ਹੈ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਦੀ ਸਹੀ ਸੋਝੀ ਲਈ ਸੰਸਕ੍ਰਿਤ, ਪ੍ਰਾਕ੍ਰਿਤ ਤੋਂ ਲੈ ਕੇ ਫਾਰਸੀ ਅਤੇ ਅਰਬੀ ਭਾਸ਼ਾਵਾਂ ਦਾ ਪਿਛੋਕੜ ਚਾਹੀਦਾ ਹੈ ਅਤੇ ਇਸ ਤੋਂ ਵੀ ਵਧ ਲੋੜ ਹੈ ਅਰਥਾਂ ਦੀਆਂ ਗਤੀਵਿਧੀਆਂ ਅਤੇ ਉਨ੍ਹਾਂ ਦੇ ਰਹੱਸ ਨੂੰ ਜਾਨਣ ਦੀ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕੋਸ਼ਕਾਰੀ ਇਕ ਗਹਿਰ-ਗੰਭੀਰ ਤੇ ਸੂਫੀਆਨਾ ਵਿਸ਼ਾ ਹੈ ਅਤੇ ਇਸ ਨੂੰ ਕੇਵਲ ਰੁਜ਼ਗਾਰ ਦਾ ਸਾਧਨ ਬਣਾਏ ਜਾਣਾ, ਕਿਸੇ ਕਿਸਮ ਦੀ ਹਉਮੈ ਦੀ ਤ੍ਰਿਪਤੀ ਲਈ ਜਾਂ ਉਚ ਪਦਵੀਆਂ ਦੇ ਅਲੂਣੇ ਚੱਖਣ ਲਈ ਅਪਨਾਉਣਾ, ਮਾਨੋ ਆਪਣੀ ਧਰਤੀ ਤੇ ਭਾਸ਼ਾ ਪ੍ਰਤੀ ਧ੍ਰੋਹ ਕਮਾਉਣ ਦੇ ਤੁਲ ਹੈ।

ਉਨ੍ਹਾਂ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੀ ਪ੍ਰੋ. ਅਤਰ ਸਿੰਘ ਅਤੇ ਡਾ. ਬਲਬੀਰ ਸਿੰਘ ਸੰਧੂ ਦੀ ਦੇਖ-ਰੇਖ ਹੇਠ ਤਿਆਰ ਕੀਤੀ ਗਈ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਦੇ ਸੰਪਾਦਕੀ ਮੰਡਲ 'ਚ ਕੰਮ ਕੀਤਾ। ਪਿੱਛੋਂ ਬੋਰਡ ਕੋਲ ਕੰਮ ਕਰਦਿਆਂ ਇਕ ਤਰ੍ਹਾਂ ਨਾਲ ਇਕੱਲੇ ਤੌਰ 'ਤੇ ਹੀ ਉਸ ਡਿਕਸ਼ਨਰੀ ਦੀ ਸੁਧਾਈ ਕੀਤੀ ਅਤੇ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜੀ. ਐਸ. ਪੁਆਰ ਦੀ ਪ੍ਰੇਰਨਾ ਨਾਲ ਉਸ ਯੂਨੀਵਰਸਿਟੀ ਦੇ ਅੰਗਰੇਜ਼ੀ-ਪੰਜਾਬੀ ਕੋਸ਼ ਦਾ ਕਾਇਆਕਲਪ ਕੀਤਾ ਜੋ ਕਿ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਵਲੋਂ ਦਸੰਬਰ 1994 'ਚ ਪ੍ਰਕਾਸ਼ਤ ਕੀਤਾ ਗਿਆ। ਇਸ ਦੇ ਇਲਾਵਾ ਉਨ੍ਹਾਂ 'ਕੋਸ਼ਕਾਰੀ', 'ਸ਼ਬਦਾਂ ਦੀ ਪੈੜ', 'ਸਾਡੀ ਧਰਤੀ ਸਾਡੇ ਬੋਲ' ਨਾਂ ਦੀਆਂ ਪੁਸਤਕਾਂ ਦੇ ਨਾਲ ਨਾਲ ਸਮੇਂ ਸਮੇਂ 'ਤੇ ਪੰਜਾਬੀ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਲੇਖ ਲਿਖ ਕੇ ਪੰਜਾਬੀ ਬੋਲੀ ਦੀ ਸ਼ਬਦ ਲੀਲਾ ਬਾਰੇ ਅਜਿਹੇ ਵਿਲੱਖਣ ਅਤੇ ਸਹਿਜ ਅੰਦਾਜ਼ ਵਿਚ ਰੌਸ਼ਨੀ ਪਾਈ ਕਿ ਉਨ੍ਹਾਂ ਦੀਆਂ ਇਹ ਕ੍ਰਿਤਾਂ ਆਪਣੀ ਕਿਸਮ ਦੇ ਸ਼ਾਹਕਾਰ ਬਣ ਗਈਆਂ ਹਨ। ਉਨ੍ਹਾਂ ਨੇ ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਕਈ ਸ਼ਬਦਾਂ ਨੂੰ ਲੈ ਕੇ ਪੰਜਾਬੀ ਦੇ ਵਿਸ਼ੇਸ਼ ਸੰਦਰਭ ਵਿਚ ਉਨ੍ਹਾਂ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕੀਤੀ ਹੈ।

## ਗੁਰਦਿਆਲ ਸਿੰਘ ਬੱਲ

ਬਹੁਤ ਸਖੀ ਸੁਭਾਅ ਦੇ ਮਾਲਕ ਪ੍ਰੋ. ਰਿਆਲ ਇਕ ਚਲਦਾ ਫਿਰਦਾ ਜਿਉਂਦਾ ਜਾਗਦਾ ਸ਼ਬਦ ਕੋਸ਼ ਹੀ ਬਣ ਚੁੱਕੇ ਹਨ ਅਤੇ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਦਿਨ ਦੇ ਕਿਸੇ ਵੀ ਸਮੇਂ, ਕਿਸੇ ਜਗ੍ਹਾ 'ਤੇ, ਉਨ੍ਹਾਂ ਨੂੰ ਕਿਸੇ ਨਾ ਕਿਸੇ ਜਗਿਆਸੂ ਸੱਜਣ ਨਾਲ ਪੰਜਾਬੀ ਬੋਲੀ ਦੇ ਸ਼ਬਦਾਂ ਦੀਆਂ ਪੈੜਾਂ ਬਾਰੇ ਆਪਣਾ ਗਿਆਨ ਸਾਂਝਾ ਕਰਦਿਆਂ ਤੱਕਿਆ ਜਾ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚਲੇ ਉਨ੍ਹਾਂ ਦੇ ਘਰ 'ਚ ਪਿਛਲੇ ਦਿਨੀਂ ਉਨ੍ਹਾਂ ਨਾਲ ਇਕ ਮੁਲਾਕਾਤ ਹੋਈ। ਮੇਰਾ ਪਹਿਲਾ ਸਵਾਲ ਸੀ ਕਿ ਪੜ੍ਹਨ ਲਿਖਣ ਦੇ ਮਾਮਲੇ ਵਿਚ ਉਨ੍ਹਾਂ ਦਾ ਪਿਛੋਕੜ ਕਿਸ ਤਰ੍ਹਾਂ ਦਾ ਸੀ ਅਤੇ ਸ਼ਬਦਾਂ ਦੇ 'ਸ਼ਿਕਾਰ' ਦਾ ਜਾਂ ਉਨ੍ਹਾਂ ਦੇ ਰਹੱਸ ਨੂੰ ਜਾਨਣ ਦਾ ਅਵੱਲਾ ਸ਼ੌਕ ਉਨ੍ਹਾਂ ਨੂੰ ਕਿਵੇਂ ਪਿਆ? ਜਵਾਬ ਸੀ:

ਵੇਖੋ ਪਹਿਲੀ ਗੱਲ ਤਾਂ ਸੀ ਪੜ੍ਹਨ ਲਿਖਣ ਦੇ ਸ਼ੌਕ ਦੀ। ਉਹ ਲੋਕ ਬਹੁਤ ਖੁਸ਼ਕਿਸਮਤ ਹੁੰਦੇ ਹਨ ਜਿਨ੍ਹਾਂ ਨੂੰ ਸਕੂਲੇ ਪੜ੍ਹਦਿਆਂ ਹੀ ਕੋਈ ਸਹੀ ਉਸਤਾਦ ਟੱਕਰ ਜਾਵੇ ਅਤੇ ਇਸ ਮਾਮਲੇ ਵਿਚ ਮੈਂ ਵੀ ਬਹੁਤ ਖੁਸ਼ਕਿਸਮਤ ਸਾਂ। ਟਾਂਡਾ ਤੋਂ ਥੋੜ੍ਹੀ ਦੂਰ ਹੀ ਮੇਰਾ ਪਿੰਡ ਹੈ ਅਤੇ ਖਾਲਸਾ ਸਕੂਲ ਵਿਚ ਪੜ੍ਹਦਿਆਂ ਰੱਬ ਜਾਣੇ ਕਿਵੇਂ ਹੈਡਮਾਸਟਰ ਸਾਹਿਬ ਸ਼ੁਰੂ 'ਚ ਹੀ ਮੇਰੇ 'ਤੇ ਮਿਹਰਬਾਨ ਹੋ ਗਏ। ਉਨ੍ਹਾਂ ਨੇ ਹਿਸਾਬ ਅਤੇ ਫਿਲਾਸਫੀ ਦੀ ਐਮ.ਏ. ਕਰੀ ਹੋਈ ਸੀ ਅਤੇ ਦੇਵਤਿਆਂ ਵਰਗਾ ਸੁਭਾਅ ਸੀ ਉਨ੍ਹਾਂ ਦਾ। ਰਿਸ਼ਤਾ ਉਨ੍ਹਾਂ ਨਾਲ ਉਸਤਾਦ ਅਤੇ ਰਹਿਨੁਮਾ ਦੇ ਨਾਲ ਨਾਲ ਵੱਡੇ ਭਾਈ ਵਾਂਗ ਬਣਦਾ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਮੈਂ 1947 'ਚ ਫਾਰਸੀ ਦੀ ਐਮ.ਏ. ਕੀਤੀ ਅਤੇ ਬਾਅਦ ਵਿਚ ਪੰਜਾਬੀ ਦੀ ਐਮ.ਏ. ਵੀ ਕਰ ਲਈ। ਰੋਲ-ਮਾਡਲ ਉਹ ਹੀ ਸਨ। ਮੈਂ ਵੀ ਅਧਿਆਪਕ ਬਣਨਾ ਚਾਹੁੰਦਾ ਸਾਂ ਅਤੇ ਮੈਂ ਜਲੰਧਰ ਐਜੂਕੇਸ਼ਨ ਕਾਲਜ ਵਿਚ ਬੀ.ਟੀ. ਕਰਨੀ ਸ਼ੁਰੂ ਕਰ ਦਿੱਤੀ। ਸਾਲ 1953 'ਚ ਉਨ੍ਹੀਂ ਕੁ ਦਿਨੀਂ ਹੀ ਯੂਗਾਂਡਾ ਦਾ ਕੋਈ ਅੰਗਰੇਜ਼ ਸਿੱਖਿਆ ਅਧਿਕਾਰੀ ਫਾਰਸੀ ਅਤੇ ਕੁਝ ਹੋਰ ਵਿਸ਼ਿਆ ਲਈ ਅਧਿਆਪਕ ਭਰਤੀ ਕਰਕੇ ਲਿਜਾਣ ਲਈ ਸਾਡੇ ਹੁਸ਼ਿਆਰਪੁਰ ਸ਼ਹਿਰ ਵਿਚ ਆਇਆ। ਕਿਸੇ ਦੇ ਕਹਿਣ ਕਹਾਉਣ 'ਤੇ ਮੈਂ ਵੀ ਇੰਟਰਵਿਊ ਦੇ ਆਇਆ ਅਤੇ ਮੇਰੀ ਚੋਣ ਵੀ ਹੋ ਗਈ। ਮੇਰੇ ਮਿੱਤਰ ਯਾਰ, ਖਾਸ ਕਰਕੇ ਉਨ੍ਹਾਂ ਵਕਤਾਂ ਦੇ ਮੇਰੇ ਪਰਮ ਮਿੱਤਰ ਡਾ. ਜਗਜੀਤ ਸਿੰਘ ਚੌਹਾਨ ਮੇਰੇ ਟਾਂਡਾ ਛੱਡ ਕੇ ਜਾਣ ਦੇ ਸਖਤ ਵਿਰੁਧ ਸਨ। ਕਾਫੀ ਸਮਾਂ ਜਕੋ-ਤਕੀ ਬਣੀ ਰਹੀ। ਬਾਅਦ ਵਿਚ ਮੇਰੀ ਜੀਵਨ ਸਾਥਣ ਨੇ ਸਟੈਂਡ ਲੈ ਲਿਆ ਅਤੇ ਯੁਗਾਂਡਾ ਜਾ ਕੇ ਅਧਿਆਪਕ ਵਜੋਂ ਕੰਮ ਕਰਨ ਦਾ ਸਬੱਬ ਬਣ ਗਿਆ।

ਮੇਰੇ ਪੁੱਛਣ 'ਤੇ ਕਿ ਯੁਗਾਂਡਾ ਹੋਏ ਜਾਂ ਕੀਨੀਆਂ-ਸਵਾਲ ਇਹ ਹੈ ਕਿ ਉਥੇ ਸ਼ਬਦ ਲੀਲਾ ਨੂੰ ਸਮਝਣ ਤੇ ਪੰਜਾਬੀ ਪੜ੍ਹਨ-ਪੜ੍ਹਾਉਣ ਦੀ ਜਗਿਆਸਾ ਕਿਵੇਂ ਪੈਦਾ ਹੋਈ? ਦੇ ਜੁਆਬ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਉਥੇ ਯੁਗਾਂਡਾ ਵਿਚ ਕੰਮ ਦਾ ਬੋਝ ਕੋਈ ਨਹੀਂ ਸੀ। ਪੈਸੇ-ਧੇਲੇ ਦੀ ਵੀ ਕੋਈ ਤੰਗੀ ਨਹੀਂ ਸੀ। ਸਾਰੇ ਯੁਗਾਂਡਾ 'ਚ ਉਨ੍ਹੀਂ ਦਿਨੀਂ ਕਾਲਜ ਕੋਈ ਹੈ ਨਹੀਂ ਸੀ। ਇਕ ਸੀਨੀਅਰ ਕੈਂਬਰਿਜ ਸਕੂਲ ਹੀ ਸੀ ਜਿਥੇ ਮੈਂ ਪੜ੍ਹਾਉਂਦਾ ਸਾਂ। ਸਕੂਲ ਦਾ ਰੈਸਟ ਰੂਮ (ਸਟਾਫ ਰੂਮ) ਬੜਾ ਸ਼ਾਨਦਾਰ ਸੀ ਅਤੇ ਉਥੇ ਗੋਲ ਮੇਜ਼ ਉਪਰ ਹੀ ਵੱਡੀ ਆਕਸਫੋਰਡ ਅੰਗਰੇਜ਼ੀ ਡਿਕਸ਼ਨਰੀ ਦੀਆਂ ਜਿਲਦਾਂ ਪਈਆਂ ਹੁੰਦੀਆਂ ਸਨ। 1959-60 ਦੀ ਗੱਲ ਹੈ ਜਦੋਂ ਡਿਕਸ਼ਨਰੀ ਦੀਆਂ ਉਨ੍ਹਾਂ ਜਿਲਦਾਂ ਉਪਰ ਨਿਗਾਹ ਮਾਰਦਿਆਂ ਅਤੇ ਸ਼ਬਦਾਂ ਦੀ ਅਗੇਤ-ਪਛੇਤ ਵੇਖਦਿਆਂ ਮੇਰੇ ਅੰਦਰ ਉਸ ਦੀ ਸਰੰਚਨਾ ਦੀਆਂ ਜੁਗਤਾਂ ਨੂੰ ਸਮਝਣ ਦੀ ਇੱਛਾ ਜਾਗੀ, ਯਾਨਿ ਬੀਜ ਰੂਪ ਵਿਚ ਉਸ ਕਿਸਮ ਦੀ ਜਗਿਆਸਾ ਪੈਦਾ ਹੋਈ। ਇਹ ਸ਼ੌਕ ਬਹੁਤ ਵਧ ਗਿਆ ਅਤੇ ਮੈਂ ਐਵੇਂ ਸ਼ੁਗਲ ਵਜੋਂ ਹੀ ਸ਼ਬਦਾਂ ਦੇ ਤੁਲਨਾਤਮਿਕ ਹਿਸਾਬ-ਕਿਤਾਬ ਸਬੰਧੀ ਨੋਟਿਸ ਲੈਣੇ ਸ਼ੁਰੂ ਕਰ ਦਿੱਤੇ। ਸਾਲ 1966 'ਚ ਮੈਂ ਅਗਾਊਂ ਰੀਟਾਇਰਮੈਂਟ ਲੈ ਕੇ ਟਾਂਡੇ ਲਾਗਲੇ ਆਪਣੇ ਪਿੰਡ ਆ ਗਿਆ। ਗੌਰਮਿੰਟ ਕਾਲਜ ਟਾਂਡਾ ਵਿਖੇ ਉਸ ਸਮੇਂ ਸ. ਸੁਰਿੰਦਰ ਸਿੰਘ ਨਰੂਲਾ ਵਾਈਸ ਪ੍ਰਿੰਸੀਪਲ ਸਨ। ਇਕ ਦਿਨ ਅਚਾਨਕ ਸ਼ਾਮ ਦੀ ਮਹਿਫਲ ਸਮੇਂ ਡਿਕਸ਼ਨਰੀਆਂ ਅਤੇ ਸ਼ਬਦਾਂ ਦੇ ਅਰਥਾਂ ਜਾਂ ਉਨ੍ਹਾਂ ਦੇ ਮੂਲ ਸਰੋਤਾਂ ਦੀ ਖੋਜ ਸਬੰਧੀ ਆਪਣੇ ਕੰਮ ਬਾਰੇ ਮੈਂ ਉਨ੍ਹਾਂ ਨਾਲ ਸਰਸਰੀ ਗੱਲ ਕੀਤੀ। ਉਨ੍ਹਾਂ ਨੂੰ ਮੇਰੀ ਗੱਲਬਾਤ ਬਹੁਤ ਦਿਲਚਸਪ ਲੱਗੀ ਅਤੇ ਅਗਲੇ ਦਿਨਾਂ 'ਚ ਉਨ੍ਹਾਂ ਨੇ ਮੈਨੂੰ ਆਪਣੇ ਇਸ ਅਨੁਭਵ ਨੂੰ ਲਿਖਣ ਲਈ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। (ਥੋੜ੍ਹਾ ਹੱਸ ਕੇ) ਪਰ ਮੈਨੂੰ ਸਿਲਸਿਲੇਵਾਰ ਲਿਖਣ ਦਾ ਕੋਈ ਹਿਸਾਬ ਨਹੀਂ ਸੀ।



**ਪ੍ਰੋ. ਜੀ ਐਸ ਰਿਆਲ ਅਤੇ ਗੁਰਦਿਆਲ ਸਿੰਘ ਬੱਲ**

ਕਾਫੀ ਸਮਾਂ ਲੰਘ ਗਿਆ ਪ੍ਰੰਤੂ ਨਰੂਲਾ ਸਾਹਿਬ ਮੇਰੇ ਪਿੱਛੇ ਪਏ ਰਹੇ ਅਤੇ ਅਖੀਰ ਉਨ੍ਹਾਂ ਇਸ ਗੱਲ ਲਈ ਮਨਾ ਲਿਆ ਕਿ ਮੈਂ ਬੋਲੀ ਜਾਵਾਂ ਅਤੇ ਲਿਖਣ ਦਾ ਕੰਮ ਉਹ ਖੁਦ ਕਰੀ ਜਾਣਗੇ ਪਰ ਫਿਰ ਮੈਨੂੰ ਲੱਗਾ ਕਿ ਮੈਂ ਗੱਲ ਕੋਈ ਹੋਰ ਕਹਿੰਦਾ ਹਾਂ ਅਤੇ ਉਹ ਲਿਖੀ ਕੁਝ ਹੋਰ ਹੀ ਜਾਂਦੇ ਹਨ। ਹਾਰ ਕੇ ਮੈਨੂੰ ਖੁਦ ਹੀ ਇਹ ਕੰਮ ਕਰਨਾ ਪਿਆ ਅਤੇ ਯੁਗਾਂਡਾ ਦੇ ਉਸ ਅਧਿਐਨ ਦੇ ਆਧਾਰ ਉਪਰ ਮੈਂ 'ਕਾਨਸੈਂਟਲ ਚੇਂਜਿਜ਼ ਇਨ ਇੰਡਿਕ ਐਂਡ ਰੁਮਾਂਸ ਲੈਂਗੁਏਜਿਜ਼' ਨਾਂ ਦੀ ਛੋਟੇ ਜਿਹੇ ਆਕਾਰ ਦੀ ਪੁਸਤਕ ਅੰਗਰੇਜ਼ੀ ਵਿਚ ਲਿਖੀ। ਇਸ ਪੁਸਤਕ ਵਿਚ ਮੈਂ ਭਾਰਤ ਮੂਲਕ ਭਾਸ਼ਾਵਾਂ, ਯਾਨਿ ਪੰਜਾਬੀ, ਹਿੰਦੀ, ਗੁਜਰਾਤੀ ਵਗੈਰਾ ਅਤੇ ਲਾਤੀਨੀ ਮੂਲਕ ਭਾਸ਼ਾਵਾਂ ਫਰਾਂਸੀਸੀ ਅਤੇ ਸਪੇਨੀ ਆਦਿ ਦੇ ਵੱਖ-ਵੱਖ ਸ਼ਬਦਾਂ ਨੂੰ ਲੈ ਕੇ ਉਨ੍ਹਾਂ ਵਿਚਲੀਆਂ ਧੁਨੀ ਵਿਕਾਸ ਦੀਆਂ ਸਾਂਝਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਇਸੇ ਮਾਨਸਿਕ ਮਾਹੌਲ ਦੇ ਪਿਛੋਕੜ ਵਿਚ ਹੀ ਮੈਂ 'ਪੰਜਾਬੀ ਨਿਰੁਕਤੀ' ਨਾਂ ਦੀ ਨਿੱਕੇ ਜਿਹੇ ਆਕਾਰ ਦੀ ਇਕ ਹੋਰ ਕਿਤਾਬ ਲਿਖ ਦਿੱਤੀ ਜਿਸ ਵਿਚ ਮੈਂ ਇਹ ਦੱਸਣ ਦਾ ਯਤਨ ਕੀਤਾ ਕਿ ਧੁਨੀਆਂ ਕਿਵੇਂ ਬਦਲਦੀਆਂ ਹਨ, ਸ਼ਬਦਾਂ ਦੀ ਰੂਪ ਬਣਤਰ ਕਿਵੇਂ ਹੁੰਦੀ ਹੈ ਅਤੇ ਅਰਥਾਂ ਵਿਚ ਵਾਧੇ ਘਾਟੇ ਕਿਵੇਂ ਅਤੇ ਕਿਨ੍ਹਾਂ ਠੋਸ ਵਿਗਿਆਨਿਕ ਨਿਯਮਾਂ ਦੇ ਤਹਿਤ ਹੁੰਦੇ ਰਹਿੰਦੇ ਹਨ।

ਜਦੋਂ ਮੈਂ ਉਨ੍ਹਾਂ ਨੂੰ ਇਹ ਪੁੱਛਿਆ ਕਿ ਪੰਜਾਬ ਯੂਨੀਵਰਸਿਟੀ ਵਿਚਲੇ ਡਿਕਸ਼ਨਰੀ ਦੇ ਪ੍ਰਾਜੈਕਟ ਨਾਲ ਜੁੜਨ ਦਾ ਤੁਹਾਡਾ ਜੁਗਾੜ ਕਿਵੇਂ ਬਣਿਆ? ਤਾਂ ਪ੍ਰੋ. ਰਿਆਲ ਨੇ ਕਿਹਾ ਕਿ ਇਹ ਵੀ ਇਕ ਢੋ-ਮੇਲਾ ਹੀ ਸੀ। ਸਾਲ 1972 ਦੀ ਗੱਲ ਹੈ, ਪੰਜਾਬ ਯੂਨੀਵਰਸਿਟੀ 'ਚ ਮੈਨੂੰ ਕਿਤਿਉਂ ਪਤਾ ਲੱਗਾ ਕਿ ਪ੍ਰੋ. ਅਤਰ ਸਿੰਘ ਦੀ ਦੇਖ ਰੇਖ ਹੇਠ ਅੰਗਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਵਾਉਣ ਦਾ ਕੋਈ ਪ੍ਰਾਜੈਕਟ ਸ਼ੁਰੂ ਕੀਤਾ ਗਿਆ। 'ਪੰਜਾਬੀ ਨਿਰੁਕਤੀ' ਵਾਲੀ ਆਪਣੀ ਕਿਤਾਬ ਮੈਂ ਕੁਝ ਸਮਾਂ ਪਹਿਲਾਂ ਪੰਜਾਬ ਯੂਨੀਵਰਸਿਟੀ ਵਿਚ ਭੇਜੀ ਹੋਈ ਸੀ। ਸ਼ਾਮ ਨੂੰ ਘਰੇ ਬੈਠਿਆਂ ਇਕ ਦਿਨ ਮੈਨੂੰ ਫੁਰਨਾ ਫੁਰਿਆ ਅਤੇ ਮੈਂ ਡਾ. ਅਤਰ ਸਿੰਘ ਨੂੰ ਚਿੱਠੀ ਲਿਖ ਦਿੱਤੀ। ਉਨ੍ਹਾਂ ਦੀ ਉਸ ਸਮੇਂ ਮਿਹਰਬਾਨੀ ਰਹੀ ਕਿ ਉਨ੍ਹਾਂ ਮੇਰੀ ਚੋਣ ਕਰਵਾ ਲਈ ਅਤੇ 'ਸਿਰਜਣਾ' ਵਾਲੇ ਪ੍ਰੋ. ਰਘਬੀਰ ਸਿੰਘ ਹੋਰਾਂ ਨਾਲ ਮੈਂ ਵੀ ਉਸ ਪ੍ਰਾਜੈਕਟ 'ਤੇ ਕੰਮ ਕਰਨ ਜਾ ਲੱਗਿਆ।

ਰਿਆਲ ਸਾਹਿਬ ਨਿਰੁਕਤੀ ਕੋਸ਼ਕਾਰੀ ਬਾਰੇ ਇਸ ਸਮੇਂ ਤਕ ਤੁਹਾਡਾ ਅਧਿਐਨ ਅਤੇ ਅਨੁਭਵ ਕਾਫੀ ਵਿਸ਼ਾਲ ਸੀ। ਪ੍ਰੋ. ਅਤਰ ਸਿੰਘ ਵੀ ਤੁਹਾਡੇ 'ਤੇ ਪੂਰੇ ਮਿਹਰਬਾਨ ਸਨ। ਇਹ ਪ੍ਰਾਜੈਕਟ 11 ਵਰ੍ਹਿਆਂ ਵਿਚ ਜਾ ਕੇ ਸਿਰੇ ਚੜ੍ਹਿਆ ਅਤੇ ਇਸ 'ਤੇ 74 ਕੰਮ ਵਰ੍ਹੇ ਖਰਚ ਆਏ। ਪ੍ਰੰਤੂ ਇਸ ਸਾਰੇ ਕਾਸੇ ਦੇ ਬਾਵਜੂਦ ਤੁਸੀਂ ਖੁਦ ਮੰਨਦੇ ਹੋ ਕਿ ਇਹ ਕੰਮ ਮਾੜਾ ਹੈ। ਇਸ ਕੋਸ਼ ਦੀ ਬੇਕਿਰਕ ਆਲੋਚਨਾ ਵੀ ਤੁਸੀਂ ਕੀਤੀ ਹੈ। ਪਰ ਹੁਣ ਜ਼ਰਾ ਪੰਜਾਬੀ ਜਗਤ ਦੇ ਲੋਕਾਂ ਨੂੰ ਸਮਝਾਓ ਕਿ ਕੋਸ਼ ਵਿਚ ਨੁਕਸ ਕਿਹੜੇ ਕਿਹੜੇ ਹਨ ਅਤੇ ਪੰਜਾਬ ਯੂਨੀਵਰਸਿਟੀ ਵਰਗੇ ਵੱਕਾਰੀ ਵਿਸ਼ਵਵਿਦਿਆਲੇ ਵਿਚ ਅਜਿਹਾ 'ਨਿਕੰਮਾ ਕੋਸ਼' ਤਿਆਰ ਕਰੀ ਜਾਣ ਦਾ ਭਾਣਾ ਕਿੰਜ ਵਾਪਰਿਆ? ਜਵਾਬ ਸੀ, ਗੱਲ ਇਹ ਹੈ ਕਿ ਇਸ ਕੋਸ਼ 'ਤੇ ਪਹਿਲੀ ਝਾਤ ਮਾਰਿਆਂ, ਇਹ ਗੱਲ ਰੜਕਣ ਲਗ ਜਾਂਦੀ ਹੈ ਕਿ ਇਸ ਵਿਚ ਅੰਗਰੇਜ਼ੀ ਸ਼ਬਦਾਂ ਦੇ ਅਰਥਾਂ ਨੂੰ ਵਿਅਰਥ ਹੀ ਦੁਹਰਾਇਆ ਗਿਆ ਹੈ। ਆਮ ਤੌਰ 'ਤੇ ਕੋਸ਼ਾਂ ਵਿਚ ਕਿਸੇ ਸ਼ਬਦ ਦੇ ਅਰਥ ਬਿਆਨਦਿਆਂ ਕੁਝ ਸਮਾਨਰਥਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਕਸਦ ਹੁੰਦਾ ਹੈ ਕਿ ਪਾਠਕ ਨੂੰ ਸ਼ਬਦ ਦਾ ਅਰਥ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇ। ਅਰਥਾਂ ਨੂੰ ਵਿਆਖਿਉਂਦਿਆਂ ਬੜੇ ਸੰਜਮ ਦੀ ਲੋੜ ਹੁੰਦੀ ਹੈ। ਪ੍ਰੰਤੂ ਇਸ ਕੋਸ਼ ਵਿਚ ਕੁਝ ਖਾਸ ਢੰਗ ਦੇ ਅਰਥ ਦੁਹਰਾਏ ਮਿਲਦੇ ਹਨ ਜਿਨ੍ਹਾਂ ਨੂੰ ਸਹਿਜੇ ਹੀ ਬੇਲੋੜੀ ਭਰਤੀ ਦੀ ਉਪਾਧੀ ਦਿੱਤੀ ਜਾ ਸਕਦੀ ਹੈ। ਭਰਤੀ ਦੀ ਦੂਸਰੀ ਕੋਸ਼ਿਸ਼ ਨੂੰ ਵਿਆਖਿਆ ਦੀ ਵਿਆਖਿਆ ਦਾ ਨਾਂ ਦਿੱਤਾ ਜਾ ਸਕਦਾ ਹੈ। ਇੰਜ ਲਗਦਾ ਹੈ ਕਿ ਸੰਬੰਧਿਤ ਕੋਸ਼ ਦਾ ਉਦੇਸ਼ ਨਿਰਾ ਅੰਗਰੇਜ਼ੀ ਸ਼ਬਦਾਂ ਨੂੰ ਪੰਜਾਬੀ ਵਿਚ ਪਲਟਾਉਣਾ ਹੀ ਨਹੀਂ, ਬਲਕਿ ਪਾਠਕਾਂ ਨੂੰ ਪੰਜਾਬੀ ਸਿਖਾਉਣਾ ਵੀ ਹੈ। ਕੋਸ਼ ਵਿਚ ਭਰਤੀ ਦੀ ਤੀਸਰੀ ਕਿਸਮ ਹੋਰ ਵੀ ਦਿਲਚਸਪ ਹੈ ਅਤੇ ਲਗਦਾ ਐ ਜਿਵੇਂ ਇਹ ਕੰਮ ਉਲਥਾਕਾਰੀ ਉਤੇ 'ਛੰਦ-ਬਧ' ਜਾਂ ਖੁੱਲ੍ਹੀ ਕਵਿਤਾ ਦੀ ਪਿਉਂਦ ਲਗਾਉਣ ਲਈ ਕਰ ਦਿੱਤਾ ਗਿਆ ਹੋਵੇ। ਮਸਲਨ ਅੰਗਰੇਜ਼ੀ ਦਾ ਸ਼ਬਦ serenader ਦੇਖਣਯੋਗ ਹੈ ਜਿਸ ਦੇ ਅਰਥ 'ਪ੍ਰੇਮ ਗੀਤ ਦਾ ਗਵੱਈਆ' ਦੇ ਕੇ ਉਸ ਦੇ ਅੱਗੇ 'ਪ੍ਰੇਮ ਤਾਨ ਦਾ ਬਜਈਆ' ਦੀ ਬੇਲੋੜੀ ਕਾਫੀਆਬੰਦੀ ਕੀਤੀ ਗਈ ਹੈ।

ਜੇਕਰ ਇਸ ਕੋਸ਼ ਦਾ ਇਹ ਹਾਲ ਹੈ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਪਹਿਲਾਂ ਤਿਆਰ ਕਰ ਲਈ ਹੋਈ ਸੀ, ਉਸ ਦਾ ਕੀ ਹਾਲ ਹੈ?

ਪ੍ਰੋ. ਰਿਆਲ ਨੇ ਕਿਹਾ, ਕੌੜੀ ਸੱਚਾਈ ਤਾਂ ਇਹ ਹੈ ਕਿ ਪੰਜਾਬ ਯੂਨੀਵਰਸਿਟੀ ਵਿਚ ਅੰਗਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਨ ਲਈ ਬੀੜਾ ਚੁੱਕਣ ਵਾਲੇ ਮੋਹਰੀ ਸੱਜਣ ਉਹ ਹੀ ਸਨ ਜਿਨ੍ਹਾਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੇ ਇਸੇ ਪ੍ਰੋਜੈਕਟ ਵਿਚ ਕੰਮ ਕੀਤਾ ਸੀ। ਜ਼ਾਹਰ ਹੀ ਹੈ, ਭਰਤੀ ਪਾਉਣ ਦਾ ਸੁਭਾਅ ਉਹ ਪਿੱਛੋਂ ਹੀ ਲੈ ਕੇ ਆਏ ਸਨ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਕਰਵਾਈ ਗਈ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਦੀਆਂ ਪਹਿਲੀਆਂ ਛਾਪਾਂ ਵਿਚ ਵੀ ਅਜਿਹੀ ਭਰਤੀ ਦੇ ਨਮੂਨੇ ਆਮ ਵੇਖੇ ਜਾ ਸਕਦੇ ਹਨ।

ਭਰਤੀ ਦੀ ਕਾਢ ਦਾ ਸਿਹਰਾ ਤਾਂ ਪੰਜਾਬੀ ਯੂਨੀਵਰਸਿਟੀ ਦੇ ਕੋਸ਼ਕਾਰਾਂ ਦੇ ਸਿਰ ਹੀ ਬੰਨਣਾ ਚਾਹੀਦਾ ਹੈ। ਅਗਾਂਹ ਚੰਡੀਗੜ੍ਹ ਵਾਲਿਆਂ ਨੇ ਤਾਂ ਉਸ ਲੀਹ ਨੂੰ ਅੱਗੇ ਜਾਰੀ ਰੱਖਿਆ ਸੀ। ਫਿਰ ਦੂਸਰੀ ਗੱਲ ਇਹ ਹੈ ਕਿ ਦੋਵਾਂ ਅਹਿਮ ਕੋਸ਼ਾਂ ਵਿਚ ਭਰਤੀ ਦਾ ਕੰਮ ਅਕਸਰ ਸੰਬੰਧਿਤ ਸ਼ਬਦ ਦੀ ਵਿਆਖਿਆ ਦੇ ਅੰਤਮ ਭਾਗ ਵਿਚ ਹੀ ਮਿਲਦਾ ਹੈ।

1982 'ਚ ਡਿਕਸ਼ਨਰੀ ਦੇ ਕੰਮ ਤੋਂ ਕੁਝ ਸਮਾਂ ਬਾਅਦ 1984 'ਚ ਤੁਸੀਂ ਰਿਟਾਇਰ ਹੋ ਕੇ ਪਿੰਡ ਚਲੇ ਗਏ। ਅਜਿਹੇ ਹੀ ਕੰਮ ਨਾਲ ਦੁਬਾਰਾ ਜੁੜਨ ਦਾ ਸਬੱਬ ਕਿਵੇਂ ਬਣਿਆ?

ਪ੍ਰੋ. ਰਿਆਲ ਦਾ ਕਹਿਣਾ ਸੀ, ਇਹ ਸਾਰੀ ਟੈਕਸਟ ਬੁੱਕ ਬੋਰਡ ਦੇ ਉਸ ਸਮੇਂ ਦੇ ਡਾਇਰੈਕਟਰ ਪ੍ਰੋ. ਆਤਮਜੀਤ ਦੀ ਮਿਹਰਬਾਨੀ ਸੀ। ਉਨ੍ਹਾਂ ਮੈਨੂੰ ਇਸੇ ਡਿਕਸ਼ਨਰੀ ਦੀ ਸੁਧਾਈ ਦੇ ਕੰਮ ਲਈ ਪ੍ਰਾਜੈਕਟ ਦੀ ਪੇਸ਼ਕਸ਼ ਕੀਤੀ। ਦੋ ਸੱਜਣ ਮੇਰੇ ਨਾਲ ਹੋਰ ਸਨ। ਗੁਰਦੀਪ ਤੇ ਸਰਨ ਸਿੰਘ। ਅਸੀਂ ਤਿੰਨਾਂ ਨੇ 3-4 ਵਰ੍ਹਿਆਂ 'ਚ ਸੁਧਾਈ ਦਾ ਕੰਮ ਕਰ ਲਿਆ। ਮੈਂ ਤਾਂ ਆਪਣਾ ਕਰਜ਼ਾ ਲਾਹ ਦਿੱਤਾ ਹੈ ਅੱਗੋਂ ਹੁਣ ਬੋਰਡ ਵਾਲਿਆਂ ਦੀ ਮਰਜ਼ੀ ਹੈ।

ਸੁਧਾਈ ਦਾ ਕੰਮ ਕਰਕੇ ਤੁਸੀਂ ਤੀਸਰੀ ਵਾਰ ਰਿਟਾਇਰ ਹੋ ਕੇ ਟਾਂਡੇ ਲਾਗੇ ਆਪਣੇ ਜੱਦੀ ਘਰ ਪਰਤ ਗਏ। ਇਹ ਵੀ ਦੱਸੋ ਕਿ ਪਟਿਆਲੇ ਆਉਣ ਦਾ ਢੋ-ਮੇਲਾ ਕਿੰਜ ਬਣਿਆ?

ਇਹ ਫਿਰ ਸਾਰੀ ਮਿਹਰਬਾਨੀ ਡਾ. ਜੇ. ਐਸ. ਪੁਆਰ ਦੀ ਹੈ। ਉਨ੍ਹਾਂ ਮੈਨੂੰ ਦੋ-ਇਕ ਵਾਰ ਕਿਧਰੇ ਮਿਲਿਆ ਸੁਣਿਆ ਹੋਵੇਗਾ ਤੇ ਉਨ੍ਹਾਂ ਨੂੰ ਮੇਰੀ ਯੋਗਤਾ ਵਿਚ ਰੱਬ ਜਾਣੇ ਕਿਵੇਂ ਭਰੋਸਾ ਸੀ। ਸ਼ਾਇਦ ਪੰਜਾਬੀ ਬੋਲੀ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਓ ਹੀ ਸੀ ਕਿ ਅਜੇ ਪੀ.ਵੀ.ਸੀ. ਬਣ ਕੇ ਹੀ ਲੱਗੇ ਸਨ ਕਿ ਉਨ੍ਹਾਂ ਮੈਨੂੰ ਨਿਯੁਕਤੀ ਪੱਤਰ ਭਿਜਵਾ ਦਿੱਤਾ। ਇਥੇ ਮੈਂ ਯੂਨੀਵਰਸਿਟੀ ਦੇ 'ਅੰਗਰੇਜ਼ੀ-ਪੰਜਾਬੀ ਕੋਸ਼' ਦੀ ਨਿੱਠ ਕੇ ਸੁਧਾਈ ਕੀਤੀ। ਯੂਨੀਵਰਸਿਟੀ ਵਲੋਂ ਇਹ ਕੋਸ਼ 1994 ਦੇ ਅਖੀਰ ਵਿਚ ਛਾਪ ਦਿੱਤਾ ਗਿਆ ਸੀ।

ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ 'ਚ ਕੰਮ ਕਰਦਿਆਂ ਜਿਵੇਂ ਮੈਂ 'ਸ਼ਬਦਾਂ ਦੀ ਪੈੜ' ਪੁਸਤਕ ਲਿਖੀ ਸੀ, ਟੈਕਸਟ ਬੁੱਕ ਬੋਰਡ ਵਿਚ ਕੰਮ ਕਰਦਿਆਂ ਪ੍ਰੋ. ਆਤਮਜੀਤ ਨੇ ਪਰੇਰ ਕੇ ਮੈਥੋਂ 'ਸਾਡੀ ਧਰਤੀ, ਸਾਡੇ ਲੋਕ' ਲਿਖਵਾ ਲਈ। ਇਵੇਂ ਹੀ ਪੰਜਾਬੀ ਯੂਨੀਵਰਸਿਟੀ ਵਿਚ ਰਹਿੰਦਿਆਂ ਮੈਂ 'ਇੰਗਲਿਸ਼ ਐਂਡ ਸੰਸਕ੍ਰਿਤ ਦ ਕਾਮਨ ਹੈਰੀਟੇਜ ਇਨ ਰੀਲੇਸ਼ਨ ਟੂ ਪੰਜਾਬ' ਨਾਂ ਦੀ ਪੁਸਤਕ ਮੁਕੰਮਲ ਕੀਤੀ। ਇਸ ਪੁਸਤਕ ਵਿਚ ਮੈਂ ਇਨ੍ਹਾਂ ਬੋਲੀਆਂ ਦੇ ਕਈ ਸ਼ਬਦ ਲੈ ਕੇ ਨਿੱਗਰ ਵਿਗਿਆਨਕ ਆਧਾਰ ਉਪਰ ਇਨ੍ਹਾਂ ਸ਼ਬਦਾਂ ਦੀ ਸਾਂਝ ਦਰਸਾਈ ਹੈ। ਦਰਅਸਲ ਮੈਨੂੰ ਆਪਣੇ ਇਸ ਕੰਮ 'ਤੇ ਸਭ ਤੋਂ ਵਧ ਤਸੱਲੀ ਹੈ ਅਤੇ ਪਿਛਲੇ 40 ਵਰ੍ਹਿਆਂ ਦੀ ਜੋ ਫਸਲ ਮੈਂ ਬੀਜਦਾ ਆ ਰਿਹਾ ਸਾਂ, ਉਸੇ ਦੀ ਕਟਾਈ ਆਪਣੀ ਜਾਣੇ ਮੈਂ ਇਸ ਕਿਤਾਬ ਵਿਚ ਕੀਤੀ ਹੈ।

ਕੁਝ ਲੋਕ ਖਾਸ ਕਰਕੇ ਪਾਕਿਸਤਾਨ ਦੇ ਕੁਝ ਵਿਦਵਾਨ ਕਹਿੰਦੇ ਹਨ ਕਿ ਪੰਜਾਬੀ ਦਾ ਸੰਸਕ੍ਰਿਤ ਨਾਲ ਕੋਈ ਸਬੰਧ ਹੈ ਨਹੀਂ ਬਲਕਿ ਇਹ ਦਰਾਵਿੜ ਭਾਸ਼ਾਵਾਂ ਵਿਚੋਂ ਨਿਕਲੀ ਹੋਈ ਹੈ, ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?

ਸ੍ਰੀ ਰਿਆਲ ਨੇ ਕਿਹਾ, ਇਹ ਸਾਰਾ ਰਾਜਨੀਤਕ ਚੱਕਰ ਹੈ। ਕੁਝ ਲੋਕ ਅਜੇ ਵੀ ਸੰਸਕ੍ਰਿਤ-ਹਿੰਦੂ ਵਿਰਸੇ ਨਾਲੋਂ ਆਪਣੇ ਆਪ ਨੂੰ ਖਾਹਮਖਾਹ ਹੀ ਅਲੱਗ ਦਰਸਾਉਣਾ ਚਾਹੁੰਦੇ ਹਨ। ਇਸ ਸਬੰਧ ਵਿਚ ਮੈਂ ਅਜੇ ਇਕ ਹੋਰ ਮੂਲ ਅਹਿਮੀਅਤ ਦੀ ਕਿਤਾਬ ਤਿਆਰ ਕਰ ਰਿਹਾਂ। ਇਸ ਵਿਚ ਪੰਜਾਬੀ ਦੇ ਵਿਸ਼ੇਸ਼ ਸੰਦਰਭ ਵਿਚ ਕਰੋਸ਼ੀਅਨ ਯਾਨਿ ਸਲਾਵਿਕ ਭਾਸ਼ਾਵਾਂ, ਅਤੇ ਸੰਸਕ੍ਰਿਤ ਦੇ ਕਈ ਸ਼ਬਦਾਂ ਦੀਆਂ ਜੜ੍ਹਾਂ ਦਾ ਤੁਲਨਾਤਮਕ ਅਧਿਐਨ ਹੋਵੇਗਾ। ਮੈਂ ਪੰਜਾਬੀ ਵਿਚ ਹਿੰਦੀ ਘਸੋੜਨ ਦੇ ਵਿਰੁਧ ਹਾਂ ਪ੍ਰੰਤੂ ਇਸ ਦਾ ਕਤਈ ਮਤਲਬ ਇਹ ਨਹੀਂ ਕਿ ਐਵੇਂ ਇਹ ਸਾਬਤ ਕਰਦੇ ਫਿਰੀਏ ਕਿ ਸਾਡੀ ਬੋਲੀ ਤਾਂ ਧੁਰੋਂ ਹੀ ਉਤਰੀ ਹੈ। ਅਸਲ ਵਿਚ ਸ਼ਬਦਾਂ ਦੇ, ਵਿਚਾਰਾਂ ਦੇ ਸੰਦਰਭ ਹੁੰਦੇ ਹਨ। ਉਨ੍ਹਾਂ ਦਾ ਇਤਿਹਾਸ ਹੁੰਦਾ ਹੈ। ਦੁਨੀਆਂ ਦਾ ਕੋਈ ਵੀ ਚਰਚ ਜਿੰਨਾ ਮਰਜੀ ਸ਼ਕਤੀਸ਼ਾਲੀ ਹੋਵੇ ਅਤੇ ਜਿੰਨੇ ਮਰਜੀ ਜੋਰ ਜ਼ਬਰ ਨਾਲ ਬੇਸ਼ੱਕ ਰੋਕੀ ਜਾਵੇ ਸੱਚੇ ਤਾਂ ਗਲੈਲੀਓ ਨੇ ਹੀ ਰਹਿਣਾ ਹੈ ਕਿ ਧਰਤੀ ਸੂਰਜ ਦੁਆਲੇ ਹੀ ਘੁੰਮਦੀ ਹੈ, ਯਾਨਿ ਇਹ ਉਨ੍ਹਾਂ ਦਾ ਪੱਕਾ ਇਤਕਾਦ ਸੀ।

ਅੰਤਿਕਾ (14 ਵਰ੍ਹੇ ਬਾਅਦ): ਰਿਆਲ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਭਾਸ਼ਾ ਵਿਗਿਆਨ ਵਿਭਾਗ 'ਚ ਸਾਡੇ ਮਿੱਤਰ ਗੁਰਬਖ਼ਸ਼ ਹੋਰਾਂ ਨੂੰ ਨਾਲ ਲਗਾ ਕੇ 625 ਪੰਨਿਆਂ ਵਿਚ ਫੈਲਿਆ ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼ ਸਾਲ 2006 ਵਿਚ ਤਿਆਰ ਕਰਕੇ ਦਿੱਤਾ। ਇਹ ਪੰਜਾਬੀ ਬੋਲੀ ਨੂੰ ਮੁਹੱਬਤ ਕਰਨ ਵਾਲੇ ਲੋਕਾਂ ਲਈ ਬਹੁਤ ਵੱਡਾ ਉਪਹਾਰ ਬਣਿਆ ਰਹੇਗਾ।

## ਗੁਰਬਾਣੀ ਗਿਆਨ

*(ਸਫਾ 17 ਦੀ ਬਾਕੀ)*

ਭਰਮ ਪਾਲ ਰਿਹਾ ਹੈ ਯਾਨਿ ਮਨਮਤਿ ਦੀਆਂ ਗੱਲਾਂ ਕਰ ਰਿਹਾ ਹੈ ਜੋ ਹੋਛੀਆਂ ਹਨ ਅਤੇ ਕਿਸੇ ਵੀ ਕੰਮ ਦੀਆਂ ਨਹੀਂ ਹਨ। ਹੁਣ ਸਵਾਲ ਉਠਦਾ ਹੈ ਕਿ ਜੀਵ ਆਪਣੇ ਸਾਜਨ ਯਾਨਿ ਪ੍ਰਭੂ ਨੂੰ ਕਿਵੇਂ ਮਿਲੇ? ਇਹ ਤਾਂ ਬਹੁਤ ਮੁਸ਼ਕਲ ਹੈ ਪਰ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਭਾਈ ਘਬਰਾਉਣ ਦੀ ਲੋੜ ਨਹੀਂ, ਗੁਰੂ ਦੀ ਮਦਦ ਨਾਲ ਸਾਜਨ ਨੂੰ ਪਾਇਆ ਜਾ ਸਕਦਾ ਹੈ, ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ ਪਰ ਇਹ ਮਿਲਾਪ ਗੁਰੂ ਬਿਨਾਂ ਸੰਭਵ ਨਹੀਂ। ਗੁਰੂ ਦੀ ਕਿਰਪਾ ਹੋਵੇ ਤਾਂ ਸਾਜਨ ਨਿਕਟ ਖੜ੍ਹਾ ਮਿਲੇਗਾ, ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰ ਸਾਜਨ ਸਭਿ ਕੈ ਨਿਕਟਿ ਖੜਾ।

ਹੇ ਭਾਈ, ਹੇ ਜੀਵ, ਇਹ ਸੂਝ ਜਾਂ ਗਿਆਨ ਤਾਂ ਪੂਰਾ ਗੁਰੂ ਹੀ ਦੇ ਸਕਦਾ ਹੈ, ਉਹ ਹੀ ਹਰੀ ਯਾਨਿ ਪਰਮ ਪਰਮੇਸ਼ਰ ਸਭ ਦੇ ਹੀ ਨਿਕਟ ਭਾਵ ਨਾਲ ਖੜ੍ਹਾ ਹੈ ਅਤੇ ਹਰ ਵੇਲੇ ਅੰਗ-ਸੰਗ ਹੈ। ਸੋ ਲੋੜ ਹੈ ਪੂਰੇ ਸਤਿਗੁਰ ਦੇ ਚਰਨਾਂ ਵਿਚ ਬੈਠਣ ਦੀ ਅਤੇ ਗੁਰੂ ਦੀ ਮੱਤ ਲੈਣ ਦੀ। ਉਹ ਸਾਜਨੜਾ ਹਰ ਪਲ ਸਾਡੇ ਨਾਲ ਹੈ ਅਤੇ ਗੁਰੂ ਦੇ ਦਿਤੇ ਗਿਆਨ ਰਾਹੀਂ ਅਸੀਂ ਉਸ ਦੀ ਸੋਝੀ ਪਾ ਸਕਦੇ ਹਾਂ।

**-ਬੀਬੀ ਸੁਰਜੀਤ ਕੌਰ, ਹਜ਼ੂਰੀ ਰਾਗੀ,**
**ਗੁਰੂ ਰਵਿਦਾਸ ਟੈਂਪਲ, ਪਿਟਸਬਰਗ।**

# ਦੇਖੀ ਕਹਾਂ ਹੈ ਆਪ ਨੇ ਮੇਰੀ ਨਾਕਾਮੀਆਂ



ਲੋਕ ਜਦੋਂ ਆਪਣੇ ਬਾਰੇ ਲਿਖਦੇ ਹਨ ਤਾਂ ਸਭ ਤੋਂ ਪਹਿਲਾਂ ਇਹ ਦਸਦੇ ਹਨ ਕਿ ਉਹ ਕਿਹੜੇ ਸ਼ਹਿਰ ਦੇ ਰਹਿਣ ਵਾਲੇ ਹਨ। ਮੈਂ ਕਿਸ ਸ਼ਹਿਰ ਨੂੰ ਆਪਣਾ ਕਹਾਂ?...ਪੈਦਾ ਹੋਣ ਦਾ ਜੁਰਮ ਗਵਾਲੀਅਰ 'ਚ ਕੀਤਾ, ਹੋਸ਼ ਸੰਭਾਲਿਆ ਲਖਨਊ 'ਚ, ਪਹਿਲੀ ਵਾਰ ਹੋਸ਼ ਗੁਆਇਆ ਅਲੀਗੜ੍ਹ 'ਚ। ਫੇਰ ਭੋਪਾਲ ਵਿਚ ਰਹਿ ਕੇ ਕੁਝ ਹੁਸ਼ਿਆਰ ਹੋਇਆ, ਪਰ ਬੰਬਈ ਆ ਕੇ ਕਈ ਦੇਰ ਤੱਕ ਹੋਸ਼ ਟਿਕਾਣੇ ਰਹੇ। ਆਓ ਇੰਵ ਕਰਦੇ ਹਾਂ ਕਿ ਮੈਂ ਆਪਣੀ ਜ਼ਿੰਦਗੀ ਦਾ ਛੋਟਾ ਜਿਹਾ ਫਲੈਸ਼ ਬੈਕ ਬਣਾ ਲੈਂਦਾ ਹਾਂ। ਇਸ ਤਰ੍ਹਾਂ ਤੁਹਾਡਾ ਕੰਮ-ਪੜ੍ਹਨਾ ਅਤੇ ਮੇਰਾ ਕੰਮ-ਲਿਖਣਾ ਵੀ ਸੌਖਾ ਹੋ ਜਾਵੇਗਾ।

ਸ਼ਹਿਰ ਲਖਨਊ...ਕਿਰਦਾਰ, ਮੇਰੇ ਨਾਨਾ-ਨਾਨੀ। ਹੋਰ ਘਰ ਵਾਲੇ ਅਤੇ ਮੈਂ...ਮੇਰੀ ਉਮਰ ਅੱਠ ਸਾਲ ਹੈ। ਪਿਤਾ ਬੰਬਈ ਵਿਚ ਹੈ, ਮਾਂ ਕਬਰ ਵਿਚ। ਦਿਨ ਭਰ ਘਰ ਦੇ ਵਿਹੜੇ ਵਿਚ ਆਪਣੇ ਛੋਟੇ ਭਰਾ ਨਾਲ ਕ੍ਰਿਕਟ ਖੇਡਦਾ ਹਾਂ। ਸ਼ਾਮ ਨੂੰ ਟਿਊਸ਼ਨ ਪੜ੍ਹਾਉਣ ਵਾਸਤੇ ਇਕ ਡਰਾਉਣੇ ਜਿਹੇ ਮਾਸਟਰ ਸਾਹਿਬ ਆਉਂਦੇ ਹਨ। ਉਨ੍ਹਾਂ ਨੂੰ ਪੰਦਰਾਂ ਰੁਪਏ ਮਹੀਨਾ ਦਿੱਤਾ ਜਾਂਦਾ ਹੈ (ਇਹ ਗੱਲ ਬਹੁਤ ਚੰਗੀ ਤਰ੍ਹਾਂ ਯਾਦ ਹੈ, ਇਸ ਕਰਕੇ ਕਿ ਇਹ ਹਰ ਰੋਜ਼ ਦੱਸੀ ਜਾਂਦੀ ਹੈ)। ਸਵੇਰੇ ਖਰਚ ਕਰਨ ਵਾਸਤੇ ਅੱਧਾ ਆਨਾ ਅਤੇ ਸ਼ਾਮ ਨੂੰ ਇਕ ਆਨਾ ਦਿੱਤਾ ਜਾਂਦਾ ਹੈ। ਇਸ ਕਰਕੇ ਪੈਸਿਆਂ ਦੀ ਕੋਈ ਸਮੱਸਿਆ ਨਹੀਂ ਹੈ।

**ਜਾਵੇਦ ਅਖ਼ਤਰ**
ਅਨੁਵਾਦ-ਕੇਹਰ ਸ਼ਰੀਫ

ਸਵੇਰੇ ਰਾਮਜੀ ਲਾਲ ਬਾਣੀਏ ਦੀ ਦੁਕਾਨ ਤੋਂ ਰੰਗਦਾਰ ਗੋਲੀਆਂ ਖਰੀਦਦਾ ਹਾਂ ਅਤੇ ਸ਼ਾਮ ਨੂੰ ਸਾਹਮਣੇ ਫੁੱਟਪਾਥ 'ਤੇ ਰੇਹੜੀ ਲਾਉਣ ਵਾਲੇ ਭਾਗਵਤੀ ਦੀ ਚਾਟ 'ਤੇ ਆਨਾ ਖਰਚ ਕਰਦਾ ਹਾਂ। ਐਸ਼ ਹੀ ਐਸ਼ ਹੈ। ਸਕੂਲ ਖੁੱਲ੍ਹ ਗਏ ਹਨ। ਮੇਰਾ ਦਾਖਲਾ ਬੰਬਈ ਦੇ ਪ੍ਰਸਿਧ ਸਕੂਲ ਕਾਲਿਅਨ ਤਾਅਲੁਕੇਦਾਰ ਕਾਲਜ ਅੰਦਰ ਛੇਵੀਂ ਜਮਾਤ ਵਿਚ ਕਰਵਾ ਦਿੱਤਾ ਜਾਂਦਾ ਹੈ। ਪਹਿਲਾਂ ਇੱਥੇ ਸਿਰਫ ਜਗੀਰਦਾਰਾਂ (ਅਫਸਰਸ਼ਾਹਾਂ) ਦੇ ਪੁੱਤਰ ਪੜ੍ਹ ਸਕਦੇ ਸਨ। ਹੁਣ ਮੇਰੇ ਵਰਗੇ ਕਮਜ਼ਾਤਾਂ ਨੂੰ ਵੀ ਦਾਖਲਾ ਮਿਲ ਜਾਂਦਾ ਹੈ। ਹੁਣ ਵੀ ਬਹੁਤ ਮਹਿੰਗਾ ਸਕੂਲ ਹੈ...ਮੇਰੀ ਫੀਸ ਸਤਾਰਾਂ ਰੁਪਏ ਮਹੀਨਾ ਹੈ (ਇਹ ਗੱਲ ਬਹੁਤ ਚੰਗੀ ਤਰ੍ਹਾਂ ਯਾਦ ਹੈ, ਇਸ ਕਰਕੇ ਕਿ ਹਰ ਰੋਜ਼... ਛੱਡੋ ਪਰ੍ਹੇ)। ਮੇਰੀ ਜਮਾਤ ਵਿਚ ਕਈ ਬੱਚੇ ਘੜੀ ਬੰਨ੍ਹਦੇ ਹਨ। ਉਹ ਸਭ ਅਮੀਰ ਘਰਾਂ ਤੋਂ ਹਨ। ਉਨ੍ਹਾਂ ਕੋਲ ਕਿੰਨੇ ਵਧੀਆ ਵਧੀਆ ਸਵੈਟਰ ਹਨ। ਇਕ ਦੇ ਕੋਲ ਤਾਂ ਫਾਉਂਨਟੇਨ ਪੈਨ ਵੀ ਹੈ। ਇਹ ਬੱਚੇ ਅੱਧੀ ਛੁੱਟੀ ਵੇਲੇ ਸਕੂਲ ਦੀ ਕੰਟੀਨ ਤੋਂ ਅੱਠ ਆਨੇ ਵਾਲੀ ਚਾਕਲੇਟ ਖਰੀਦਦੇ ਹਨ (ਹੁਣ ਭਾਗਵਤੀ ਦੀ ਚਾਟ ਚੰਗੀ ਨਹੀਂ ਲਗਦੀ)। ਕੱਲ੍ਹ ਕਲਾਸ ਵਿਚ ਰਾਕੇਸ਼ ਕਹਿ ਰਿਹਾ ਸੀ ਕਿ ਉਹਦੇ ਡੈਡੀ ਨੇ ਕਿਹਾ ਹੈ ਕਿ ਉਹ ਉਹਨੂੰ ਪੜ੍ਹਨ ਲਈ ਇੰਗਲੈਂਡ ਭੇਜਣਗੇ। ਕੱਲ੍ਹ ਮੇਰਾ ਨਾਨਾ ਕਹਿ ਰਿਹਾ ਸੀ... ਓਹ ਕੰਮਬਖਤਾ! ਮੈਟ੍ਰਿਕ ਪਾਸ ਕਰ ਲੈ ਤਾਂ ਕਿਸੇ ਡਾਕਖਾਨੇ ਵਿਚ ਮੋਹਰਾਂ ਲਾਉਣ ਦੀ ਨੌਕਰੀ ਤਾਂ ਮਿਲ ਜਾਵੇਗੀ। ਇਸ ਉਮਰ ਵਿਚ ਜਦੋਂ ਬੱਚੇ ਇੰਜਣ ਡਰਾਈਵਰ ਬਣਨ ਦੇ ਸੁਪਨੇ ਦੇਖਦੇ ਹਨ, ਮੈਂ ਫੈਸਲਾ ਕੀਤਾ ਹੈ ਕਿ ਮੈਂ ਵੱਡਾ ਹੋ ਕੇ ਅਮੀਰ ਬਣਾਂਗਾ...

ਸ਼ਹਿਰ ਅਲੀਗੜ੍ਹ...ਕਿਰਦਾਰ, ਮੇਰੀ ਮਾਸੀ, ਦੂਜੇ ਘਰ ਵਾਲੇ ਅਤੇ ਮੈਂ...ਮੇਰੇ ਛੋਟੇ ਭਰਾ ਨੂੰ ਲਖਨਊ ਵਿਚ ਨਾਨੇ ਦੇ ਘਰ ਹੀ ਰੱਖ ਲਿਆ ਗਿਆ ਹੈ ਅਤੇ ਮੈਂ ਆਪਣੀ ਮਾਸੀ ਦੇ ਹਿੱਸੇ ਆਇਆ ਹਾਂ ਜੋ ਹੁਣ ਅਲੀਗੜ੍ਹ ਆ ਗਈ ਹੈ। ਠੀਕ ਹੀ ਤਾਂ ਹੈ। ਦੋ ਅਨਾਥ ਬੱਚਿਆਂ ਨੂੰ ਕੋਈ ਇਕ ਪਰਿਵਾਰ ਵਿਚ ਤਾਂ ਨਹੀਂ ਰੱਖ ਸਕਦਾ। ਮੇਰੀ ਮਾਸੀ ਦੇ ਘਰ ਸਾਹਮਣੇ ਜਿੱਥੋਂ ਤੱਕ ਨਜ਼ਰ ਜਾਂਦੀ ਹੈ, ਮੈਦਾਨ ਹੈ। ਉਸ ਮੈਦਾਨ ਤੋਂ ਅੱਗੇ ਮੇਰਾ ਸਕੂਲ ਹੈ.. ਨੌਵੀਂ ਜਮਾਤ ਵਿਚ ਹਾਂ, ਉਮਰ ਚੌਦਾਂ ਸਾਲ ਹੈ। ਅਲੀਗੜ੍ਹ ਵਿਚ ਜਦੋਂ ਸਰਦੀ ਹੁੰਦੀ ਹੈ ਤਾਂ ਝੂਠ ਮੂਠ ਦੀ ਨਹੀਂ ਹੁੰਦੀ। ਪਹਿਲਾ ਘੰਟਾ ਸੱਤ ਵਜੇ ਹੁੰਦਾ ਹੈ। ਮੈਂ ਸਕੂਲ ਜਾ ਰਿਹਾ ਹਾਂ। ਸਾਹਮਣੇ ਤੋਂ ਚਾਕੂ ਦੀ ਧਾਰ ਵਰਗੀ ਤਿੱਖੀ ਤੇ ਠੰਢੀ ਹਵਾ ਆ ਰਹੀ ਹੈ। ਹੱਥ ਲਾ ਕੇ ਵੀ ਪਤਾ ਨਹੀਂ ਲਗਦਾ ਕਿ ਚਿਹਰਾ ਆਪਣੀ ਜਗ੍ਹਾ ਹੈ ਜਾਂ ਹਵਾ ਨੇ ਨੱਕ, ਕੰਨ ਕੱਟ ਦਿੱਤੇ ਹਨ। ਉਂਵ ਪੜ੍ਹਾਈ ਵਿਚ ਤਾਂ ਨੱਕ ਕੱਟਦੀ ਹੀ ਰਹਿੰਦੀ ਹੈ। ਪਤਾ ਨਹੀਂ ਕਿਵੇਂ। ਬਸ! ਪਾਸ ਹੋ ਜਾਂਦਾ ਹਾਂ। ਇਸ ਸਕੂਲ ਵਿਚ, ਜਿਸ ਦਾ ਨਾਂ ਮਿੰਟੋ ਸਰਕਲ ਹੈ। ਮੇਰਾ ਦਾਖਲਾ ਕਰਵਾਉਂਦੇ ਹੋਏ ਮੇਰੇ ਮਾਸੜ ਨੇ ਟੀਚਰ ਨੂੰ ਕਿਹਾ, "ਇਹਦਾ ਖਿਆਲ ਰੱਖਿਓ, ਦਿਲ ਪੜ੍ਹਾਈ ਵਿਚ ਘੱਟ ਪਰ ਫਿਲਮੀ ਗਾਣਿਆਂ ਵਿਚ ਵਧ ਲਗਦਾ ਹੈ।" ਦਲੀਪ ਕੁਮਾਰ ਦੀ 'ਉੜਨ ਖਟੋਲਾ', ਰਾਜ ਕਪੂਰ ਦੀ 'ਸ੍ਰੀ ਚਾਰ ਸੌ ਬੀਸ' ਦੇਖ ਚੁੱਕਾ ਹਾਂ। ਬਹੁਤ ਸਾਰੇ ਫਿਲਮੀ ਗਾਣੇ ਯਾਦ ਹਨ। ਪਰ, ਘਰ ਵਿਚ ਇਹ ਫਿਲਮੀ ਗੀਤ ਗਾਉਣੇ ਤਾਂ ਕੀ ਸੁਣਨ ਦੀ ਵੀ ਮਨਾਹੀ ਹੈ। ਇਸ ਕਰਕੇ ਸਕੂਲ ਤੋਂ ਵਾਪਸ ਆਉਂਦੇ ਹੋਏ ਰਸਤੇ ਵਿਚ ਉਚੀ-ਉਚੀ ਗਾਉਂਦਾ ਹਾਂ (ਮਾਫ ਕਰਨਾ ਜਾਣ ਵੇਲੇ ਤਾਂ ਇੰਨੀ ਠੰਢ ਹੁੰਦੀ ਸੀ ਕਿ ਸਿਰਫ ਪੱਕੇ ਰਾਗ ਹੀ ਗਾਏ ਜਾ ਸਕਦੇ ਸਨ)। ਮੇਰਾ ਸਕੂਲ ਯੂਨੀਵਰਸਿਟੀ ਏਰੀਏ ਵਿਚ ਹੀ ਹੈ। ਮੇਰੀ ਦੋਸਤੀ ਸਕੂਲ ਦੇ ਦੋ ਚਾਰ ਮੁੰਡਿਆਂ ਤੋਂ ਬਿਨਾਂ ਬਹੁਤੀ ਯੂਨੀਵਰਸਿਟੀ ਦੇ ਮੁੰਡਿਆਂ ਨਾਲ ਹੀ ਹੈ। ਮੈਨੂੰ ਵੱਡੇ ਮੁੰਡਿਆਂ ਵਾਂਗ ਹੋਟਲਾਂ ਵਿਚ ਬੈਠਣਾ ਚੰਗਾ ਲਗਦਾ ਹੈ। ਅਕਸਰ ਸਕੂਲ ਤੋਂ ਭੱਜ ਜਾਂਦਾ ਹਾਂ। ਸਕੂਲ ਤੋਂ ਸ਼ਿਕਾਇਤਾਂ ਆਉਂਦੀਆਂ ਹਨ। ਕਈ ਵਾਰ ਘਰ ਵਾਲਿਆਂ ਵਲੋਂ ਕਾਫੀ ਮਾਰ ਪਈ, ਪਰ ਕੋਈ ਫਰਕ ਨਹੀਂ ਪਿਆ। ਕੋਰਸ ਦੀਆਂ ਕਿਤਾਬਾਂ ਵਿਚ ਦਿਲ ਨਹੀਂ ਲੱਗਿਆ ਤਾਂ ਨਹੀਂ ਲੱਗਿਆ। ਪਰ ਨਾਵਲ ਬਹੁਤ ਪੜ੍ਹਦਾ ਹਾਂ। ਝਿੜਕਾਂ ਬਹੁਤ ਪੈਂਦੀਆਂ ਹਨ ਪਰ ਫੇਰ ਵੀ ਪੜ੍ਹਦਾ ਹਾਂ। ਮੈਨੂੰ ਸ਼ਿਅਰ ਬਹੁਤ ਯਾਦ ਹਨ। ਯੂਨੀਵਰਸਿਟੀ ਵਿਚ ਜਦੋਂ ਵੀ ਉਰਦੂ ਸ਼ਿਅਰਾਂ ਦਾ ਮੁਕਾਬਲਾ ਹੁੰਦਾ ਹੈ, ਮੈਂ ਆਪਣੇ ਸਕੂਲ ਵਲੋਂ ਜਾਂਦਾ ਹਾਂ ਅਤੇ ਹਰ ਵਾਰ ਮੈਨੂੰ ਬਹੁਤ ਸਾਰੇ ਇਨਾਮ ਮਿਲਦੇ ਹਨ। ਯੂਨੀਵਰਸਿਟੀ ਦੇ ਸਾਰੇ ਮੁੰਡੇ-ਕੁੜੀਆਂ ਮੈਨੂੰ ਜਾਣਦੇ ਹਨ। ਮੁੰਡੇ ਮੈਨੂੰ ਜਾਣਦੇ ਹਨ, ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਲੜਕੀਆਂ ਜਾਣਦੀਆਂ ਹਨ ਇਸ ਗੱਲ ਦੀ ਬਹੁਤੀ ਖੁਸ਼ੀ ਹੈ।...

...ਹੁਣ ਮੈਂ ਕੁਝ ਵੱਡਾ ਹੋ ਗਿਆ ਹਾਂ... ਮੈਂ ਪੰਦਰਾਂ ਸਾਲ ਦਾ ਹਾਂ ਅਤੇ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਲੜਕੀ ਨੂੰ ਖ਼ਤ ਲਿਖ ਰਿਹਾਂ। ਮੇਰਾ ਦੋਸਤ ਬਿੱਲੂ ਮੇਰੀ ਮਦਦ ਕਰਦਾ ਹੈ। ਅਸੀਂ ਦੋਵੇਂ ਮਿਲ ਕੇ ਇਹ ਖ਼ਤ ਲਿਖਦੇ ਹਾਂ। ਦੂਜੇ ਦਿਨ ਇਕ ਖਾਲੀ ਬੈਡਮਿੰਟਨ ਕੋਰਟ ਵਿਚ ਉਹ ਲੜਕੀ ਮੈਨੂੰ ਮਿਲਦੀ ਹੈ ਅਤੇ ਹੌਸਲਾ ਕਰਕੇ ਇਹ ਖਤ ਮੈਂ ਉਹਨੂੰ ਦੇ ਦਿੰਦਾ ਹਾਂ। ਇਹ ਮੇਰੀ ਜ਼ਿੰਦਗੀ ਦਾ ਪਹਿਲਾ ਤੇ ਆਖਰੀ ਪ੍ਰੇਮ ਪੱਤਰ ਹੈ। (ਉਸ ਖਤ ਵਿਚ ਕੀ ਲਿਖਿਆ ਸੀ, ਉਹ ਤਾਂ ਭੁੱਲ ਗਿਆ ਪਰ ਉਹ ਲੜਕੀ ਅੱਜ ਤੱਕ ਯਾਦ ਹੈ)। ਮੈਟ੍ਰਿਕ ਤੋਂ ਬਾਅਦ ਅਲੀਗੜ੍ਹ ਛੱਡ ਰਿਹਾ ਹਾਂ। ਮੇਰੀ ਮਾਸੀ ਬਹੁਤ ਰੋ ਰਹੀ ਹੈ ਅਤੇ ਮੇਰਾ ਮਾਸੜ ਉਹਨੂੰ ਚੁੱਪ ਕਰਵਾਉਣ ਵਾਸਤੇ ਉਹਨੂੰ ਕਹਿ ਰਿਹਾ ਹੈ ਕਿ ਤੂੰ ਤਾਂ ਇਵੇਂ ਰੋ ਰਹੀ ਏਂ ਜਿਵੇਂ ਇਹ ਭੋਪਾਲ ਨਹੀਂ ਵਾਰ ਫਰੰਟ (ਲੜਾਈ ਦਾ ਮੈਦਾਨ) 'ਤੇ ਜਾ ਰਿਹਾ ਹੋਵੇ। ਉਸ ਸਮੇਂ ਨਾ ਉਹ ਜਾਣਦੇ ਸਨ, ਨਾ ਮੈਂ ਕਿ ਮੈਂ ਸੱਚ ਮੁੱਚ ਵਾਰ ਫਰੰਟ 'ਤੇ ਹੀ ਜਾ ਰਿਹਾ ਸਾਂ।

ਸ਼ਹਿਰ ਭੋਪਾਲ...ਕਿਰਦਾਰ...ਅਣਗਿਣਤ ਮਿਹਰਬਾਨ, ਬਹੁਤ ਸਾਰੇ ਦੋਸਤ ਅਤੇ ਮੈਂ...ਅਲੀਗੜ੍ਹ ਤੋਂ ਬੰਬਈ ਜਾਂਦੇ ਹੋਏ ਮੇਰੇ ਬਾਪ ਨੇ ਮੈਨੂੰ ਭੋਪਾਲ ਜਾਂ ਇਉਂ ਕਹੋ ਅੱਧ-ਵਾਟੇ ਹੀ ਛੱਡ ਦਿੱਤਾ। ਕੁਝ ਦਿਨ ਆਪਣੀ ਮਤਰੇਈ ਮਾਂ ਦੇ ਘਰ ਵਿਚ ਰਿਹਾ। ਫੇਰ ਉਹ ਵੀ ਜਾਂਦਾ ਰਿਹਾ। ਸੈਫੀਆ ਕਾਲਜ ਵਿਚ ਪੜ੍ਹਦਾ ਹਾਂ ਅਤੇ ਦੋਸਤਾਂ ਦੇ ਸਹਾਰੇ ਰਹਿੰਦਾ ਹਾਂ। ਦੋਸਤ, ਜਿਨ੍ਹਾਂ ਦੀ ਲਿਸਟ ਬਣਾਉਣ ਬੈਠਾਂ ਤਾਂ ਟੈਲੀਫੋਨ ਡਾਇਰੈਕਟਰੀ ਤੋਂ ਮੋਟੀ ਕਿਤਾਬ ਬਣ ਜਾਵੇਗੀ। ਹੁਣ ਬੀ.ਏ. ਦੇ ਦੂਜੇ ਸਾਲ ਵਿਚ ਹਾਂ। ਆਪਣੇ ਦੋਸਤ ਏਜਾਜ਼ ਦੇ ਨਾਲ ਰਹਿੰਦਾ ਹਾਂ। ਕਿਰਾਇਆ ਉਹ ਦਿੰਦਾ ਹੈ, ਮੈਂ ਤਾਂ ਬੱਸ ਰਹਿੰਦਾ ਹਾਂ। ਉਹ ਪੜ੍ਹਦਾ ਹੈ ਤੇ ਟਿਊਸ਼ਨ ਪੜ੍ਹਾ ਕੇ ਗੁਜ਼ਾਰਾ ਕਰਦਾ ਹੈ। ਸਾਰੇ ਦੋਸਤ ਉਹਨੂੰ ਮਾਸਟਰ ਕਹਿੰਦੇ ਹਨ... ਮਾਸਟਰ ਨਾਲ ਮੇਰਾ ਕਿਸੇ ਗੱਲੋਂ ਝਗੜਾ ਹੋ ਗਿਆ ਹੈ। ਗੱਲਬਾਤ ਬੰਦ ਹੈ, ਇਸ ਕਰਕੇ ਅੱਜਕੱਲ੍ਹ ਮੈਂ ਉਸ ਤੋਂ ਪੈਸੇ ਨਹੀਂ ਮੰਗਦਾ। ਸਾਹਮਣੇ ਦੀਵਾਰ ਨਾਲ ਟੰਗੀ ਹੋਈ ਉਸ ਦੀ ਪੈਂਟ ਵਿਚੋਂ ਕੱਢ ਲੈਂਦਾ ਹਾਂ ਜਾਂ ਉਹ ਬਿਨਾ ਮੇਰੇ ਨਾਲ ਗੱਲ ਕੀਤਿਆਂ ਮੇਰੇ ਸਰ੍ਹਾਣੇ ਇਕ-ਦੋ ਰੁਪਏ ਰੱਖ ਕੇ ਚਲਾ ਜਾਂਦਾ ਹੈ।

ਮੈਂ ਬੀ.ਏ. ਫਾਈਨਲ ਵਿਚ ਹਾਂ। ਇਹ ਇਸ ਕਾਲਜ ਵਿਚ ਮੇਰਾ ਚੌਥਾ ਸਾਲ ਹੈ। ਕਦੀ ਫੀਸ ਨਹੀਂ ਦਿੱਤੀ...ਕਾਲਜ ਵਾਲਿਆਂ ਨੇ ਮੰਗੀ ਵੀ ਨਹੀਂ। ਇਹ ਸ਼ਾਇਦ ਸਿਰਫ ਭੋਪਾਲ ਵਿਚ ਹੀ ਹੋ ਸਕਦਾ ਹੈ।

ਕਾਲਜ ਦੇ ਕੰਪਾਊਂਡ ਵਿਚ ਇਕ ਖਾਲੀ ਕਮਰਾ, ਉਹ ਵੀ ਮੈਨੂੰ ਮੁਫਤ ਵਿਚ ਦੇ ਦਿੱਤਾ ਗਿਆ ਹੈ। ਜਦੋਂ ਕਲਾਸ ਖਤਮ ਹੋ ਜਾਂਦੀ ਹੈ ਤਾਂ ਮੈਂ ਕਿਸੇ ਕਲਾਸ ਰੂਮ ਵਿਚੋਂ ਦੋ ਬੈਂਚ ਚੁੱਕ ਕੇ ਇਸ ਕਮਰੇ ਵਿਚ ਰੱਖ ਲੈਂਦਾ ਹਾਂ ਅਤੇ ਉਨ੍ਹਾਂ 'ਤੇ ਆਪਣਾ ਬਿਸਤਰਾ ਵਿਛਾ ਲੈਂਦਾ ਹਾਂ। ਬਾਕੀ ਤਾਂ ਸਭ ਠੀਕ ਹੈ ਪਰ ਬੈਂਚਾਂ ਵਿਚ ਖਟਮਲ ਬਹੁਤ ਹਨ। ਜਿਸ ਹੋਟਲ ਵਿਚੋਂ ਉਧਾਰ ਖਾਂਦਾ ਸਾਂ, ਉਹ ਮੇਰੇ ਵਰਗੇ ਮੁਫਤਖੋਰਾਂ ਨੂੰ ਉਧਾਰ ਖੁਆ-ਖੁਆ ਕੇ ਬੰਦ ਹੋ ਗਿਆ ਹੈ। ਉਸ ਦੀ ਤਾਂ ਜੁੱਤੀਆਂ ਦੀ ਦੁਕਾਨ ਖੁੱਲ੍ਹ ਗਈ ਹੈ। ਹੁਣ ਕੀ ਖਾਵਾਂ। ਬੀਮਾਰ ਹਾਂ, ਇਕੱਲਾ ਹਾਂ, ਤੇਜ਼ ਬੁਖਾਰ ਹੈ, ਭੁੱਖ ਉਸ ਤੋਂ ਵੀ ਜ਼ਿਆਦਾ ਹੈ। ਕਾਲਜ ਦੇ ਦੋ ਲੜਕੇ ਜਿਨ੍ਹਾਂ ਨਾਲ ਮੇਰੀ ਮਾਮੂਲੀ ਹੀ ਜਾਣ-ਪਹਿਚਾਣ ਹੈ, ਮੇਰੇ ਵਾਸਤੇ ਟਿਫਨ ਵਿਚ ਖਾਣਾ ਲੈ ਕੇ ਆਉਂਦੇ ਹਨ...ਮੇਰੀ ਦੋਹਾਂ ਨਾਲ ਕੋਈ ਦੋਸਤੀ ਨਹੀਂ ਹੈ, ਫੇਰ ਵੀ...ਅਜੀਬ ਬੇਵਕੂਫ ਹਨ। ਪਰ ਮੈਂ ਬਹੁਤ ਚਲਾਕ ਹਾਂ, ਉਨ੍ਹਾਂ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ ਕਿ ਉਨ੍ਹਾਂ ਦੋਹਾਂ ਦੇ ਜਾਣ ਤੋਂ ਬਾਅਦ ਮੈਂ ਰੋਵਾਂਗਾ। ਮੈਂ ਠੀਕ ਹੋ ਜਾਂਦਾ ਹਾਂ। ਉਹ ਦੋਵੇਂ ਮੇਰੇ ਬਹੁਤ ਚੰਗੇ ਦੋਸਤ ਬਣ ਜਾਂਦੇ ਹਨ...ਮੈਨੂੰ ਕਾਲਜ ਵਿਚ ਡੀਬੇਟ ਵਿਚ ਹਿੱਸਾ ਲੈਣ ਦਾ ਸ਼ੌਕ ਹੋ ਗਿਆ ਹੈ। ਪਿਛਲੇ ਤਿੰਨ ਸਾਲ ਤੋਂ ਭੋਪਾਲ ਦੇ ਰੋਟਰੀ ਕਲੱਬ ਦੇ ਇਨਾਮ ਜਿੱਤ ਰਿਹਾ ਹਾਂ। ਇੰਟਰ ਕਾਲਜ ਡੀਬੇਟ ਵਿਚ ਬਹੁਤ ਸਾਰੀਆਂ ਸ਼ੀਲਡਾਂ ਮੈਂ ਜਿੱਤੀਆਂ ਹਨ। ਵਿਕਰਮ ਯੂਨੀਵਰਸਿਟੀ ਵਲੋਂ ਦਿੱਲੀ ਵਿਚ ਹੋਏ ਨੈਸ਼ਨਲ ਯੂਥ ਫੈਸਟੀਵਲ ਵਿਚ ਵੀ ਹਿੱਸਾ ਲਿਆ ਹੈ। ਕਾਲਜ ਵਿਚ ਦੋ ਪਾਰਟੀਆਂ ਹਨ ਅਤੇ ਚੋਣਾਂ ਵੇਲੇ ਦੋਵੇਂ ਪਾਰਟੀਆਂ ਮੈਨੂੰ ਆਪਣੇ ਵਲੋਂ ਬੋਲਣ ਲਈ ਕਹਿੰਦੀਆਂ ਹਨ... ਮੈਨੂੰ ਚੋਣਾਂ ਨਾਲ ਨਹੀਂ, ਸਿਰਫ ਬੋਲਣ ਨਾਲ ਮਤਲਬ ਹੈਂ, ਇਸ ਕਰਕੇ ਮੈਂ ਦੋਵਾਂ ਪਾਸਿਆਂ ਵਲੋਂ ਭਾਸ਼ਣ ਕਰ ਦਿੰਦਾ ਹਾਂ।

ਕਾਲਜ ਦਾ ਇਹ ਕਮਰਾ ਵੀ ਜਾਂਦਾ ਰਿਹਾ। ਹੁਣ ਮੈਂ ਮੁਸ਼ਤਾਕ ਸਿੰਘ ਨਾਲ ਹਾਂ। ਮੁਸ਼ਤਾਕ ਸਿੰਘ ਨੌਕਰੀ ਕਰਦਾ ਤੇ ਪੜ੍ਹਦਾ ਹੈ। ਉਹ ਕਾਲਜ ਦੀ ਉਰਦੂ ਐਸੋਸੀਏਸ਼ਨ ਦਾ ਪ੍ਰਧਾਨ ਹੈ। ਮੈਂ ਬਹੁਤ ਚੰਗਾ ਉਰਦੂ ਜਾਣਦਾ ਹਾਂ, ਉਹ ਮੈਥੋਂ ਵੀ ਬਿਹਤਰ ਜਾਣਦਾ ਹੈ। ਮੈਨੂੰ ਅਣਗਿਣਤ ਸ਼ਿਅਰ ਯਾਦ ਹਨ, ਉਹਨੂੰ ਮੈਥੋਂ ਵੀ ਵਧ ਯਾਦ ਹਨ। ਮੈਂ ਆਪਣੇ ਘਰ ਵਾਲਿਆਂ ਤੋਂ ਅਲੱਗ ਹਾਂ। ਉਹਦੇ ਘਰ ਵਾਲੇ ਹੈ ਹੀ ਨਹੀਂ।...ਦੇਖੋ ਹਰ ਕੰਮ ਵਿਚ ਉਹ ਮੈਥੋਂ ਅੱਗੇ ਹੈ। ਸਾਲ ਭਰ ਤੋਂ ਉਹ ਮੇਰੇ ਨਾਲ ਦੋਸਤੀ, ਖਾਣੇ ਅਤੇ ਕੱਪੜੇ 'ਤੇ ਹੀ ਨਿਭਾ ਰਿਹਾ ਹੈ ਭਾਵ ਖਾਣਾ ਵੀ ਖਵਾਉਂਦਾ ਹੈ ਅਤੇ ਕੱਪੜੇ ਵੀ ਉਹ ਹੀ ਸਵਾਉਂਦਾ ਹੈ। ਪੱਕਾ ਸਰਦਾਰ ਹੈ ਪਰ ਮੇਰੇ ਵਾਸਤੇ ਸਿਗਰਟਾਂ ਖਰੀਦਣੀਆਂ ਉਸ ਦੀ ਜ਼ਿੰਮੇਵਾਰੀ ਹੈ। ਹੁਣ ਮੈਂ ਕਦੇ-ਕਦਾਈਂ ਸ਼ਰਾਬ ਵੀ ਪੀਣ ਲੱਗਿਆ ਹਾਂ। ਅਸੀਂ ਦੋਵੇਂ ਰਾਤ ਨੂੰ ਬੈਠੇ ਸ਼ਰਾਬ ਪੀ ਰਹੇ ਹਾਂ। ਉਹ ਮੈਨੂੰ ਪਾਰਟੀਸ਼ਨ (ਵੰਡ) ਅਤੇ ਉਸ ਜ਼ਮਾਨੇ ਦੇ ਦੰਗਿਆਂ ਦੇ ਕਿੱਸੇ ਸੁਣਾ ਰਿਹਾ ਹੈ। ਉਹ ਬਹੁਤ ਛੋਟਾ ਸੀ ਪਰ ਉਸ ਨੂੰ ਯਾਦ ਹੈ ਕਿ ਕਿਵੇਂ ਦਿੱਲੀ ਦੇ ਕਰੋਲ ਬਾਗ ਵਿਚ ਦੋ ਮੁਸਲਮਾਨ ਲੜਕੀਆਂ ਨੂੰ ਜਲਦੇ ਹੋਏ ਲੁੱਕ ਦੇ ਡਰੰਮ ਵਿਚ ਸੁੱਟ ਦਿੱਤਾ ਗਿਆ ਅਤੇ ਕਿਵੇਂ ਇਕ ਮੁਸਲਮਾਨ ਮੁੰਡੇ ਨੂੰ...ਮੈਂ ਉਹਨੂੰ ਕਿਹਾ, "ਮੁਸ਼ਤਾਕ ਸਿੰਘ, ਤੂੰ ਕੀ ਚਾਹੁੰਦਾ ਐਂ? ਇਕ ਘੰਟੇ ਤੋਂ ਅਜਿਹੇ ਕਿੱਸੇ ਸੁਣਾ ਕੇ ਮੁਸਲਿਮ ਲੀਗੀ ਬਣਾਉਣ ਦੀ ਕੋਸ਼ਿਸ਼ ਕਰ ਰਿਹੈਂ। ਜ਼ੁਲਮ ਦੀ ਇਹ ਤਾੜੀ ਤਾਂ ਦੋਵਾਂ ਹੱਥਾਂ ਨਾਲ ਵੱਜੀ ਸੀ, ਹੁਣ ਫੇਰ ਦੂਜੇ ਪਾਸੇ ਦੀ ਵੀ ਕੋਈ ਵਾਰਦਾਤ ਸੁਣਾ।"

ਮੁਸ਼ਤਾਕ ਸਿੰਘ ਹੱਸਣ ਲੱਗਦਾ ਹੈ, "ਚੱਲ! ਸੁਣਾ ਦਿੰਦਾ ਹਾਂ, ਜੱਗ ਬੀਤੀ ਸੁਣਾਵਾਂ ਜਾਂ ਆਪ ਬੀਤੀ"। ਮੈਂ ਕਿਹਾ "ਆਪ ਬੀਤੀ" ਅਤੇ ਉਹ ਜਵਾਬ ਦਿੰਦਾ ਹੈ "ਮੇਰਾ ਗਿਆਰਾਂ ਜੀਆਂ ਦਾ ਖਾਨਦਾਨ ਸੀ, ਦਸ ਮੇਰੀਆਂ ਅੱਖਾਂ ਦੇ ਸਾਹਮਣੇ ਕਤਲ ਕਰ ਦਿੱਤੇ ਗਏ ਸਨ...।"

ਮੁਸ਼ਤਾਕ ਸਿਘ ਨੂੰ ਉਰਦੂ ਦੇ ਬਹੁਤ ਸਾਰੇ ਸ਼ਿਅਰ ਯਾਦ ਹਨ। ਮੈਂ ਮੁਸ਼ਤਾਕ ਸਿੰਘ ਦੇ ਕਮਰੇ ਵਿਚ ਇਕ ਸਾਲ ਤੋਂ ਰਹਿ ਰਿਹਾ ਹਾਂ। ਬਸ! ਇਕ ਗੱਲ ਸਮਝ ਵਿਚ ਨਹੀਂ ਆਉਂਦੀ "ਮੁਸ਼ਤਾਕ ਸਿੰਘ ਤੈਨੂੰ ਉਨ੍ਹਾਂ ਲੋਕਾਂ ਨੇ ਕਿਵੇਂ ਛੱਡ ਦਿੱਤਾ? ਤੇਰੇ ਵਰਗੇ ਭਲੇ ਲੋਕ ਕਿਸੇ ਜਾਤ, ਕਿਸੇ ਮਜ੍ਹਬ ਵਿਚ ਪੈਦਾ ਹੋਣ, ਹਮੇਸ਼ਾ ਸੂਲੀ 'ਤੇ ਚੜ੍ਹਾਏ ਜਾਂਦੇ ਹਨ-ਤੂੰ ਕਿਵੇਂ ਬਚ ਗਿਆ?" ਅੱਜਕੱਲ੍ਹ ਉਹ ਗਲਾਸਗੋ ਵਿਚ ਹੈ। ਜਦੋਂ ਅਸੀਂ ਇਕ ਦੂਜੇ ਤੋਂ ਵਿਛੜ ਰਹੇ ਸਾਂ ਤਾਂ ਮੈਂ ਉਸ ਦਾ ਕੜਾ ਉਸ ਤੋਂ ਲੈ ਕੇ ਪਹਿਨ ਲਿਆ ਸੀ ਅਤੇ ਉਹ ਅੱਜ ਤੱਕ ਮੇਰੀ ਬਾਂਹ ਵਿਚ ਹੈ ਅਤੇ ਜਦੋਂ ਵੀ ਉਹਦੇ ਬਾਰੇ ਸੋਚਦਾ ਹਾਂ ਤਾਂ ਅਜਿਹਾ ਲਗਦਾ ਹੈ ਕਿ ਉਹ ਮੇਰੇ ਸਾਹਮਣੇ ਹੈ ਅਤੇ ਕਹਿ ਰਿਹਾ ਹੈ:

'ਬਹੁਤ ਨਾਕਾਮੀਓ ਪਰ ਆਪ ਅਪਨੀ ਨਾਜ਼ ਕਰਤੇ ਹੈਂ,
ਅਭੀ ਦੇਖੀ ਕਹਾਂ ਹੈਂ ਆਪ ਨੇ ਨਾਕਾਮੀਆਂ ਮੇਰੀ।'

ਸ਼ਹਿਰ ਬੰਬਈ...ਕਿਰਦਾਰ, ਫਿਲਮੀ ਇੰਡਸਟਰੀ, ਦੋਸਤ, ਦੁਸ਼ਮਣ ਅਤੇ ਮੈਂ...।

ਅਕਤੂਬਰ 1964 'ਚ ਮੈਂ ਬੰਬਈ ਸੈਂਟਰਲ ਸਟੇਸ਼ਨ 'ਤੇ ਉਤਰਿਆ ਹਾਂ। ਹੁਣ ਇਸ ਅਦਾਲਤ ਵਿਚ ਮੇਰੀ ਜ਼ਿੰਦਗੀ ਦਾ ਫੈਸਲਾ ਹੋਣਾ ਹੈ। ਬੰਬਈ ਆਉਣ ਤੋਂ ਛੇ ਦਿਨ ਬਾਅਦ ਪਿਓ ਦਾ ਘਰ ਛੱਡਣਾ ਪੈਂਦਾ ਹੈ। ਜੇਬ ਵਿਚ 27 ਨਵੇਂ ਪੈਸੇ ਹਨ। ਮੈਂ ਖੁਸ਼ ਹਾਂ ਕਿ ਜ਼ਿੰਦਗੀ ਵਿਚ ਕਦੇ 28 ਨਵੇਂ ਪੈਸੇ ਵੀ ਜੇਬ ਵਿਚ ਆ ਗਏ ਤਾਂ ਮੈਂ ਫਾਇਦੇ ਵਿਚ ਰਵ੍ਹਾਂਗਾ ਅਤੇ ਦੁਨੀਆਂ ਘਾਟੇ 'ਚ।

ਬੰਬਈ ਵਿਚ ਦੋ ਸਾਲ ਲੰਘਣ ਨੂੰ ਹਨ, ਨਾ ਰਹਿਣ ਦਾ ਟਿਕਾਣਾ ਹੈ, ਨਾ ਖਾਣ ਦਾ। ਉਂਵ ਤਾਂ ਇਕ ਛੋਟੀ ਜਿਹੀ ਫਿਲਮ ਵਿਚ 100 ਰੁਪਏ ਮਹੀਨੇ 'ਤੇ ਡਾਇਲਾਗ ਲਿਖ ਚੁੱਕਾ ਹਾਂ। ਕਦੀ ਕਿਧਰੇ ਅਸਿਸਟੈਂਟ ਬਣ ਜਾਂਦਾ ਹਾਂ, ਕਦੇ ਕੋਈ ਹੋਰ ਛੋਟਾ-ਮੋਟਾ ਕੰਮ ਮਿਲ ਜਾਂਦਾ ਹੈ। ਅਕਸਰ ਉਹ ਵੀ ਨਹੀਂ ਮਿਲਦਾ। ਦਾਦਰ ਇਕ ਪ੍ਰੋਡਿਊਸਰ ਦੇ ਦਫਤਰ ਆਪਣੇ ਪੈਸੇ ਲੈਣ ਆਇਆ ਹਾਂ ਜਿਸ ਨੇ ਮੈਥੋਂ ਆਪਣੀ ਫਿਲਮ ਦੇ ਕਾਮੇਡੀ ਸੀਨ ਲਿਖਵਾਏ ਸਨ। ਇਹ ਸੀਨ ਉਸ ਮਸ਼ਹੂਰ ਲੇਖਕ ਦੇ ਨਾਂ

## ਸਫਰ ਜ਼ਿੰਦਗੀ ਦਾ

'ਤੇ ਹੀ ਫਿਲਮ ਵਿਚ ਆਉਣਗੇ, ਜਿਹੜਾ ਇਹ ਫਿਲਮ ਲਿਖ ਰਿਹਾ ਹੈ। ਦਫਤਰ ਬੰਦ ਹੈ। ਵਾਪਸ ਬਾਂਦਰਾ ਜਾਣਾ ਹੈ, ਜੋ ਕਾਫੀ ਦੂਰ ਹੈ। ਪੈਸੇ ਇੰਨੇ ਕੁ ਹੀ ਹਨ ਕਿ ਜਾਂ ਤਾਂ ਬੱਸ ਦਾ ਟਿਕਟ ਲੈ ਲਵਾਂ ਜਾਂ ਕੁਝ ਖਾ ਲਵਾਂ। ਪਰ ਫੇਰ ਪੈਦਲ ਜਾਣਾ ਪਵੇਗਾ। ਛੋਲੇ ਖਰੀਦ ਕੇ ਜੇਬ ਵਿਚ ਪਾਉਂਦਾ ਹਾਂ ਅਤੇ ਪੈਦਲ ਸਫ਼ਰ ਸ਼ੁਰੂ ਕਰਦਾ ਹਾਂ। ਕੋਹਿਨੂਰ ਮਿੱਲਜ਼ ਦੇ ਗੇਟ ਦੇ ਸਾਹਮਣਿਓਂ ਲੰਘਦੇ ਹੋਏ ਸੋਚਦਾ ਹਾਂ ਕਿ ਸ਼ਾਇਦ ਸਭ ਬਦਲ ਜਾਵੇ, ਪਰ ਇਹ ਗੇਟ ਤਾਂ ਰਹੇਗਾ। ਇਕ ਦਿਨ ਇਸ ਗੇਟ ਦੇ ਸਾਹਮਣੇ ਤੋਂ ਆਪਣੀ ਕਾਰ ਵਿਚ ਲੰਘਾਂਗਾ। ਇਕ ਫਿਲਮ ਵਿਚ ਡਾਇਲਾਗ ਲਿਖਣ ਦਾ ਕੰਮ ਮਿਲਿਆ ਹੈ। ਕੁਝ ਸੀਨ ਲਿਖ ਕੇ ਡਾਇਰੈਕਟਰ ਦੇ ਘਰ ਜਾਂਦਾ ਹਾਂ। ਉਹ ਬੈਠਾ ਨਾਸ਼ਤੇ ਵਿਚ ਅਨਾਨਾਸ ਖਾ ਰਿਹਾ ਹੈ। ਸੀਨ ਲੈ ਕੇ ਪੜ੍ਹਦਾ ਹੈ ਅਤੇ ਕਾਗਜ਼ ਮੇਰੇ ਮੂੰਹ 'ਤੇ ਵਗਾਹ ਮਾਰਦਾ ਹੈ ਅਤੇ ਫਿਲਮ ਤੋਂ ਬਾਹਰ ਕੱਢਦਾ ਹੋਇਆ ਕਹਿੰਦਾ ਹੈ ਕਿ ਮੈਂ ਜ਼ਿੰਦਗੀ ਵਿਚ ਕਦੇ ਵੀ ਲੇਖਕ ਨਹੀਂ ਬਣ ਸਕਦਾ। ਕੜਕਦੀ ਧੁੱਪ ਵਿਚ ਇਕ ਸੜਕ 'ਤੇ ਤੁਰਦੇ ਹੋਏ ਮੈਂ ਆਪਣੀ ਅੱਖ ਦੇ ਇਕ ਕੋਨੇ ਵਿਚ ਆਇਆ ਅੱਥਰੂ ਪੂੰਝਦਾ ਹਾਂ ਅਤੇ ਸੋਚਦਾ ਹਾਂ ਕਿ ਮੈਂ ਇਕ ਦਿਨ ਇਸ ਡਾਇਰੈਕਟਰ ਨੂੰ ਵਿਖਾਵਾਂਗਾ ਕਿ... ਫੇਰ ਪਤਾ ਨਹੀਂ ਕਿਉਂ ਖਿਆਲ ਆਉਂਦਾ ਹੈ ਕਿ ਕੀ ਇਹ ਡਾਇਰੈਕਟਰ ਨਾਸ਼ਤੇ ਵਿਚ ਹਰ ਰੋਜ਼ ਹੀ ਅਨਾਨਾਸ ਖਾਂਦਾ ਹੋਵੇਗਾ?

ਰਾਤ ਦੇ ਸ਼ਾਇਦ ਦੋ ਵੱਜੇ ਹੋਣਗੇ। ਬੰਬਈ ਦੀ ਬਰਸਾਤ, ਲਗਦਾ ਹੈ ਕਿ ਅਸਮਾਨ ਤੋਂ ਸਮੁੰਦਰ ਬਰਸ ਰਿਹਾ ਹੈ। ਮੈਂ ਖਾਰ ਸਟੇਸ਼ਨ ਦੇ ਪੋਰਟੀਕੋ ਦੀਆਂ ਪੌੜੀਆਂ 'ਤੇ ਇਕ ਕਮਜ਼ੋਰ ਜਿਹੇ ਬੱਲਬ ਦੀ ਰੌਸ਼ਨੀ ਵਿਚ ਬੈਠਾ ਹਾਂ। ਨੇੜੇ ਹੀ ਜ਼ਮੀਨ 'ਤੇ ਇਸ ਹਨ੍ਹੇਰੀ-ਤੂਫਾਨ ਤੋਂ ਬੇਖਬਰ ਤਿੰਨ ਆਦਮੀ ਸੌਂ ਰਹੇ ਹਨ। ਦੂਰ ਖੂੰਜੇ ਵਿਚ ਭਿੱਜਿਆ ਹੋਇਆ ਇਕ ਕੁੱਤਾ ਕੰਬ ਰਿਹਾ ਹੈ। ਲਗਦਾ ਹੈ ਮੀਂਹ ਕਦੇ ਨਹੀਂ ਹਟੇਗਾ। ਦੂਰ ਤੱਕ ਖਾਲੀ, ਹਨ੍ਹੇਰੀਆਂ ਸੜਕਾਂ 'ਤੇ ਪਾਣੀ ਬਰਸ ਰਿਹਾ ਹੈ। ਖਾਮੋਸ਼ ਬਿਲਡਿੰਗਾਂ ਦੀਆਂ ਰੌਸ਼ਨੀਆਂ ਕਦੋਂ ਦੀਆਂ ਬੁਝ ਚੁੱਕੀਆਂ ਹਨ। ਲੋਕ ਆਪੋ-ਆਪਣੇ ਘਰਾਂ ਵਿਚ ਸੌਂ ਰਹੇ ਹੋਣਗੇ। ਇਸੇ ਸ਼ਹਿਰ ਵਿਚ ਮੇਰੇ ਬਾਪ ਦਾ ਵੀ ਘਰ ਹੈ। ਬੰਬਈ ਕਿੰਨਾ ਵੱਡਾ ਸ਼ਹਿਰ ਹੈ ਤੇ ਮੈਂ ਕਿੰਨਾ ਛੋਟਾ ਹਾਂ, ਜਿਵੇਂ ਕੁਝ ਵੀ ਨਾ ਹੋਵਾਂ। ਆਦਮੀ ਕਿੰਨੀ ਵੀ ਹਿੰਮਤ ਰੱਖੇ, ਕਦੇ ਕਦੇ ਬਹੁਤ ਡਰ ਲਗਦਾ ਹੈ।

ਮੈਂ ਹੁਣ ਸਾਲ ਭਰ ਤੋਂ ਕਮਾਲ ਸਟੂਡੀਓ (ਜੋ ਹੁਣ ਨਟਰਾਜ ਸਟੂਡੀਓ ਹੈ) ਵਿਚ ਰਹਿੰਦਾ ਹਾਂ। ਕੰਪਾਊਂਡ ਵਿਚ ਕਿਧਰੇ ਵੀ ਸੌਂ ਜਾਂਦਾ ਹਾਂ। ਕਦੇ ਕਿਸੇ ਵਰਾਂਡੇ ਵਿਚ, ਕਦੇ ਕਿਸੇ ਦਰੱਖਤ ਦੇ ਥੱਲੇ, ਕਦੇ ਕਿਸੇ ਬੈਂਚ 'ਤੇ ਅਤੇ ਕਦੇ ਕਿਸੇ ਕਾਰੀਡੋਰ 'ਚ। ਇਥੇ ਮੇਰੇ ਵਰਗੇ ਹੋਰ ਕਈ ਬੇ-ਘਰ ਤੇ ਬੇਰੁਜ਼ਗਾਰ ਇਸੇ ਤਰ੍ਹਾਂ ਹੀ ਰਹਿੰਦੇ ਹਨ। ਉਨ੍ਹਾਂ ਵਿਚੋਂ ਹੀ ਇਕ ਜਗਦੀਸ਼ ਹੈ, ਉਹਦੇ ਨਾਲ ਮੇਰੀ ਚੰਗੀ ਦੋਸਤੀ ਹੋ ਜਾਂਦੀ ਹੈ। ਉਹ ਰੋਜ਼ ਇਕ ਨਵੀਂ ਤਰਕੀਬ ਸੋਚਦਾ ਹੈ ਕਿ ਅੱਜ ਖਾਣਾ ਕਿੱਥੋਂ ਤੇ ਕਿਵੇਂ ਮਿਲ ਸਕਦਾ ਹੈ। ਅੱਜ ਦਾਰੂ ਕੌਣ ਤੇ ਕਿਵੇਂ ਪਿਲਾ ਸਕਦਾ ਹੈ। ਜਗਦੀਸ਼ ਨੇ ਮਾੜੀ ਹਾਲਤ ਵਿਚ ਜੀਊਂਦੇ ਰਹਿਣ ਨੂੰ ਇਕ ਆਰਟ ਬਣਾ ਲਿਆ ਹੈ। ਮੇਰੀ ਜਾਣ-ਪਹਿਚਾਣ ਅੰਧੇਰੀ ਸਟੇਸ਼ਨ ਦੇ ਨੇੜੇ ਫੁੱਟਪਾਥ 'ਤੇ ਇਕ ਸੈਕਿੰਡ ਹੈਂਡ ਕਿਤਾਬਾਂ ਵੇਚਣ ਵਾਲੇ ਨਾਲ ਹੋ ਗਈ ਹੈ ਇਸ ਕਰਕੇ ਕਿਤਾਬਾਂ ਦੀ ਕੋਈ ਘਾਟ ਨਹੀਂ। ਰਾਤ-ਰਾਤ ਭਰ ਕੰਪਾਊਡ ਵਿਚ ਜਿੱਥੇ ਵੀ ਥੋੜ੍ਹੀ ਜਿਹੀ ਰੌਸ਼ਨੀ ਹੁੰਦੀ ਹੈ, ਉਥੇ ਹੀ ਬੈਠ ਕੇ ਪੜ੍ਹਦਾ ਰਹਿੰਦਾ ਹਾਂ। ਦੋਸਤ ਮਜ਼ਾਕ ਕਰਦੇ ਹਨ ਕਿ ਮੈਂ ਇੰਨੀ ਘੱਟ ਰੌਸ਼ਨੀ ਵਿਚ ਇੰਨਾ ਜ਼ਿਆਦਾ ਪੜ੍ਹਦਾ ਰਿਹਾ ਤਾਂ ਕੁਝ ਦਿਨਾਂ ਵਿਚ ਅੰਨ੍ਹਾ ਹੋ ਜਾਵਾਂਗਾ।...ਅੱਜਕੱਲ੍ਹ ਇਕ ਕਮਰੇ ਵਿਚ ਸੌਣ ਦਾ ਮੌਕਾ ਮਿਲ ਗਿਆ ਹੈ। ਸਟੂਡੀਓ ਦੇ ਇਸ ਕਮਰੇ ਵਿਚ ਚਾਰੇ ਪਾਸੇ ਕੰਧਾਂ ਨਾਲ ਲੱਗੀਆਂ ਵੱਡੀਆਂ-ਵੱਡੀਆਂ ਅਲਮਾਰੀਆਂ ਹਨ ਜਿਨ੍ਹਾਂ ਵਿਚ ਫਿਲਮ ਪਾਕੀਜ਼ਾ ਦੇ ਦਰਜਨਾਂ ਕਾਸਟਿਊਮ ਰੱਖੇ ਹਨ। ਮੀਨਾ ਕੁਮਾਰੀ, ਕਮਾਲ ਸਾਹਿਬ ਤੋਂ ਵੱਖ ਹੋ ਗਈ ਹੈ, ਇਸ ਕਰਕੇ ਇਨ੍ਹੀਂ ਦਿਨੀਂ ਫਿਲਮ ਦੀ ਸ਼ੂਟਿੰਗ ਬੰਦ ਹੈ। ਇਕ ਦਿਨ ਮੈਂ ਇਕ ਅਲਮਾਰੀ ਨੂੰ ਖੋਲ੍ਹਦਾ ਹਾਂ। ਇਸ ਵਿਚ ਫਿਲਮ ਅੰਦਰ ਵਰਤੇ ਜਾਣ ਲਈ ਪੁਰਾਣੀ ਕਿਸਮ ਦੀਆਂ ਜੁੱਤੀਆਂ, ਚੱਪਲਾਂ ਅਤੇ ਸੈਂਡਲ ਪਏ ਹਨ ਅਤੇ ਉਸ ਵਿਚ ਹੀ ਮੀਨਾ ਕੁਮਾਰੀ ਦੇ ਫਿਲਮ ਫੇਅਰ ਐਵਾਰਡ ਪਏ ਹਨ। ਮੈਂ ਉਨ੍ਹਾਂ ਨੂੰ ਝਾੜ-ਪੂੰਝ ਕੇ, ਸਾਫ ਕਰਕੇ ਇਕ ਪਾਸੇ ਵੱਖਰੇ ਰੱਖ ਦਿੰਦਾ ਹਾਂ। ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਕਿਸੇ ਫਿਲਮੀ ਐਵਾਰਡ ਨੂੰ ਛੋਹਿਆ ਹੈ। ਹਰ ਰੋਜ਼ ਰਾਤ ਨੂੰ ਕਮਰਾ ਅੰਦਰ ਤੋਂ ਬੰਦ ਕਰਕੇ, ਉਹ ਟਰਾਫੀ ਆਪਣੇ ਹੱਥ ਵਿਚ ਲੈ ਕੇ ਸ਼ੀਸ਼ੇ ਦੇ ਸਾਹਮਣੇ ਖੜ੍ਹਾ ਹੁੰਦਾ ਹਾਂ ਅਤੇ ਸੋਚਦਾ ਹਾਂ ਕਿ ਜਦੋਂ ਇਹ ਟਰਾਫੀ ਮੈਨੂੰ ਮਿਲੇਗੀ ਤਾਂ ਤਾੜੀਆਂ ਨਾਲ ਗੂੰਜਦੇ ਹੋਏ ਹਾਲ ਵਿਚ ਬੈਠੇ ਹੋਏ ਲੋਕਾਂ ਵਲ ਵੇਖਦਿਆਂ ਮੈਂ ਕਿਸ ਤਰ੍ਹਾਂ ਮੁਸਕਰਾਵਾਂਗਾ ਅਤੇ ਕਿਵੇਂ ਹੱਥ ਹਿਲਾਵਾਂਗਾ। ਇਸ ਤੋਂ ਪਹਿਲਾਂ ਕਿ ਇਸ ਬਾਰੇ ਕੋਈ ਫੈਸਲਾ ਕਰ ਸਕਾਂ, ਸਟੂਡੀਓ ਦੇ ਬੋਰਡ 'ਤੇ ਨੋਟਿਸ ਲੱਗਾ ਹੋਇਆ ਹੈ ਕਿ ਜਿਹੜੇ ਲੋਕ ਸਟੂਡੀਓ ਵਿਚ ਕੰਮ ਨਹੀਂ ਕਰਦੇ, ਉਹ ਕੰਪਾਊਂਡ ਵਿਚ ਨਹੀਂ ਸੌਂ ਸਕਦੇ।

ਜਗਦੀਸ਼ ਫੇਰ ਮੈਨੂੰ ਇਕ ਤਰਕੀਬ ਦਸਦਾ ਹੈ ਕਿ ਜਦੋਂ ਤੱਕ ਕੋਈ ਹੋਰ ਇੰਤਜ਼ਾਮ ਨਹੀਂ ਹੁੰਦਾ ਤਾਂ ਆਪਾਂ ਮਹਾਂਕਾਲੀ ਦੀਆਂ ਗੁਫਾਵਾਂ ਵਿਚ ਰਵ੍ਹਾਂਗੇ। (ਮਹਾਂਕਾਲੀ ਅੰਧੇਰੀ ਤੋਂ ਅੱਗੇ ਇਕ ਇਲਾਕਾ ਹੈ, ਉਥੇ ਹੁਣ ਸੰਘਣੀ ਆਬਾਦੀ ਤੇ ਕਮਾਲਿਸਤਾਨ ਸਟੂਡੀਓ ਹੈ। ਉਸ ਜ਼ਮਾਨੇ ਵਿਚ ਉਥੇ ਸਿਰਫ ਇਕ ਸੜਕ ਸੀ, ਜੰਗਲ ਸੀ ਅਤੇ ਛੋਟੀਆਂ ਛੋਟੀਆਂ ਪਹਾੜੀਆਂ ਜਿਨ੍ਹਾਂ ਵਿਚ ਬੋਧੀ ਭਿਕਸ਼ੂਆਂ ਦੀਆਂ ਬਣਾਈਆਂ ਹੋਈਆਂ ਗੁਫਾਵਾਂ ਸਨ, ਜੋ ਅੱਜ ਵੀ ਹਨ। ਉਨ੍ਹਾਂ ਦਿਨਾਂ ਵਿਚ ਉਥੇ ਕੁਝ ਚਰਸ-

ਗਾਂਜਾ ਪੀਣ ਵਾਲੇ ਸਾਧੂ ਪਏ ਰਹਿੰਦੇ ਸਨ) ਮਹਾਂਕਾਲੀ ਦੀਆਂ ਗੁਫਾਵਾਂ ਵਿਚ ਮੱਛਰ ਇੰਨੇ ਵੱਡੇ ਹਨ ਕਿ ਉਨ੍ਹਾਂ ਦੇ ਲੜਨ ਦੀ ਗੱਲ ਤਾਂ ਦੂਰ, ਤੁਹਾਡੇ ਪਿੰਡੇ 'ਤੇ ਬੈਠ ਜਾਣ ਤਾਂ ਅੱਖ ਖੁੱਲ੍ਹ ਜਾਂਦੀ ਹੈ। ਇਕ ਹੀ ਰਾਤ ਵਿਚ ਇਹ ਗੱਲ ਸਮਝ ਆ ਗਈ ਕਿ ਇਥੇ ਚਰਸ ਪੀਤੇ ਬਿਨਾਂ ਕੋਈ ਸੌਂ ਹੀ ਨਹੀਂ ਸਕਦਾ। ਤਿੰਨ ਦਿਨ ਜਿਵੇਂ-ਕਿਵੇਂ ਗੁਜ਼ਾਰਦਾ ਹਾਂ। ਬਾਂਦਰਾ ਤੋਂ ਇਕ ਦੋਸਤ ਕੁਝ ਦਿਨਾਂ ਵਾਸਤੇ ਆਪਣੇ ਕੋਲ ਰਹਿਣ ਲਈ ਸੱਦ ਲੈਂਦਾ ਹੈ। ਮੈਂ ਬਾਂਦਰਾ ਜਾ ਰਿਹਾ ਹਾਂ। ਜਗਦੀਸ਼ ਕਹਿ ਰਿਹਾ ਹੈ ਕਿ ਇਕ-ਦੋ ਦਿਨਾਂ ਵਿਚ ਉਹ ਵੀ ਕਿਧਰੇ ਚਲਾ ਜਾਵੇਗਾ। (ਇਹ ਜਗਦੀਸ਼ ਨਾਲ ਮੇਰੀ ਆਖਰੀ ਮੁਲਾਕਾਤ ਸੀ। ਆਉਣ ਵਾਲੇ ਸਾਲਾਂ ਵਿਚ ਜ਼ਿੰਦਗੀ ਮੈਨੂੰ ਕਿੱਥੋਂ ਤੋਂ ਕਿੱਥੇ ਲੈ ਗਈ ਪਰ ਉਹ ਗਿਆਰਾਂ ਸਾਲਾਂ ਬਾਅਦ ਉਥੇ, ਉਨ੍ਹਾਂ ਹੀ ਗੁਫਾਵਾਂ ਵਿਚ ਚਰਸ ਅਤੇ ਕੱਚੀ ਦਾਰੂ (ਲਾਹਣ) ਪੀ ਪੀ ਕੇ ਮਰ ਗਿਆ। ਉਥੇ ਰਹਿਣ ਵਾਲੇ ਸਾਧੂਆਂ ਅਤੇ ਨੇੜੇ ਰਹਿੰਦੇ ਝੌਂਪੜੀਆਂ ਵਾਲਿਆਂ ਨੇ ਚੰਦਾ ਇਕੱਠਾ ਕਰਕੇ ਉਸਦਾ ਸਸਕਾਰ ਕਰ ਦਿੱਤਾ, ਕਿੱਸਾ ਖਤਮ। ਮੈਨੂੰ ਤੇ ਉਸ ਦੇ ਹੋਰ ਦੋਸਤਾਂ ਨੂੰ ਉਸਦੇ ਮਰਨ ਦੀ ਖ਼ਬਰ ਵੀ ਬਾਅਦ ਵਿਚ ਮਿਲੀ।) ਮੈਂ ਅਕਸਰ ਸੋਚਦਾ ਹਾਂ ਕਿ ਮੇਰੇ ਨਾਲ ਕਿਹੜੇ ਮੋਤੀ ਲੱਗੇ ਹਨ ਅਤੇ ਜਗਦੀਸ਼ ਵਿਚ ਅਜਿਹੀ ਕੀ ਖਰਾਬੀ ਸੀ। ਇਹ ਵੀ ਤਾਂ ਹੋ ਸਕਦਾ ਸੀ ਕਿ ਤਿੰਨ ਦਿਨ ਬਾਅਦ ਜਗਦੀਸ਼ ਦੇ ਕਿਸੇ ਦੋਸਤ ਨੇ ਉਹਨੂੰ ਬਾਂਦਰਾ ਸੱਦ ਲਿਆ ਹੁੰਦਾ ਅਤੇ ਮੈਂ ਪਿੱਛੇ ਉਨ੍ਹਾਂ ਗੁਫਾਵਾਂ ਵਿਚ ਰਹਿ ਜਾਂਦਾ। ਕਦੇ ਕਦੇ ਇਹ ਸਭ ਇਤਫਾਕ ਲਗਦਾ ਹੈ। ਅਸੀਂ ਲੋਕ ਕਿਸ ਗੱਲ 'ਤੇ ਘੁਮੰਡ ਕਰਦੇ ਹਾਂ?

ਮੈਂ ਬਾਂਦਰਾ ਵਿਚ ਜਿਸ ਦੋਸਤ ਕੋਲ ਆ ਕੇ ਜਿਸ ਕਮਰੇ ਵਿਚ ਰਿਹਾ, ਉਹ ਪੇਸ਼ਾਵਰ ਜੁਆਰੀਆ ਹੈ। ਉਹ ਤੇ ਉਸ ਦੇ ਦੋ ਸਾਥੀ ਜੂਏ ਵਿਚ ਪੱਤੇ ਲਾਉਣੇ ਜਾਣਦੇ ਹਨ। ਮੈਨੂੰ ਵੀ ਸਿਖਾ ਦਿੰਦੇ ਹਨ। ਕੁਝ ਦਿਨ ਉਸ ਨਾਲ ਤਾਸ਼ ਦੇ ਪੱਤਿਆਂ 'ਤੇ ਗੁਜ਼ਾਰਾ ਹੁੰਦਾ ਹੈ। ਫੇਰ ਉਹ ਲੋਕ ਬੰਬਈ ਤੋਂ ਚਲੇ ਜਾਂਦੇ ਹਨ ਅਤੇ ਮੈਂ ਫੇਰ ਉਥੇ ਦਾ ਉਥੇ। ਹੁਣ ਅਗਲੇ ਮਹੀਨੇ ਇਸ ਕਮਰੇ ਦਾ ਕਿਰਾਇਆ ਕੌਣ ਦੇਵੇਗਾ। ਇਕ ਮਸ਼ਹੂਰ ਅਤੇ ਕਾਮਯਾਬ ਲੇਖਕ ਮੈਨੂੰ ਸੱਦ ਕੇ ਆਫਰ ਦਿੰਦੇ ਹਨ ਕਿ ਜੇ ਮੈਂ ਉਨ੍ਹਾਂ ਦੇ ਡਾਇਲਾਗ ਲਿਖ ਦਿਆ ਕਰਾਂ (ਜਿਸ 'ਤੇ ਪੱਕਾ ਹੈ ਕਿ ਮੇਰਾ ਨਹੀਂ, ਉਸਦਾ ਹੀ ਨਾਮ ਛਪੇਗਾ) ਤਾਂ ਉਹ ਮੈਨੂੰ ਛੇ ਸੌ ਰੁਪਏ ਮਹੀਨਾ ਦੇਣਗੇ। ਸੋਚਦਾ ਹਾਂ ਕਿ ਇਹ ਛੇ ਸੌ ਰੁਪਏ ਇਸ ਵਕਤ ਮੇਰੇ ਵਾਸਤੇ ਛੇ ਕਰੋੜ ਦੇ ਬਰਾਬਰ ਹਨ, ਇਹ ਨੌਕਰੀ ਕਰ ਲਵਾਂ। ਫੇਰ ਸੋਚਦਾ ਹਾਂ ਕਿ ਜੇ ਨੌਕਰੀ ਕਰ ਲਈ ਤਾਂ ਕਦੇ ਵੀ ਛੱਡਣ ਦੀ ਹਿੰਮਤ ਨਹੀਂ ਪੈਣੀ। ਜ਼ਿੰਦਗੀ ਭਰ ਇਹ ਹੀ ਕੁਝ ਕਰਦਾ ਰਹਿ ਜਾਵਾਂਗਾ, ਫੇਰ ਸੋਚਦਾ ਹਾਂ ਕਿ ਅਗਲੇ ਮਹੀਨੇ ਦਾ ਕਿਰਾਇਆ ਦੇਣਾ ਹੈ। ਫੇਰ ਸੋਚਦਾਂ ਕਿ ਦੇਖੀ ਜਾਊ। ਤਿੰਨ ਦਿਨ ਸੋਚਣ ਤੋਂ ਬਾਅਦ ਇਨਕਾਰ ਕਰ ਦਿੰਦਾ ਹਾਂ।

ਦਿਨ, ਹਫਤੇ, ਮਹੀਨੇ ਅਤੇ ਸਾਲ ਲੰਘਦੇ ਹਨ। ਬੰਬਈ ਵਿਚ ਪੰਜ ਸਾਲ ਲੰਘ ਗਏ। ਰੋਟੀ ਚੰਦ ਬਣੀ ਹੋਈ ਹੈ ਅਤੇ ਹਾਲਾਤ ਬੱਦਲ। ਚੰਦ ਕਦੇ-ਦਿਖਾਈ ਦਿੰਦਾ ਹੈ ਤੇ ਕਦੇ ਛੁਪ ਜਾਂਦਾ ਹੈ। ਇਹ ਪੰਜ ਸਾਲ ਮੇਰੇ ਲਈ ਬਹੁਤ ਔਖੇ ਸਨ, ਪਰ ਮੇਰਾ ਸਿਰ ਨਹੀਂ ਝੁਕਾ ਸਕੇ। ਮੈਂ ਨਾ-ਉਮੀਦ ਨਹੀਂ ਹਾਂ। ਮੈਨੂੰ ਵਿਸ਼ਵਾਸ ਹੈ, ਪੂਰਾ ਵਿਸ਼ਵਾਸ ਹੈ, ਕੁਝ ਹੋਵੇਗਾ, ਜ਼ਰੂਰ ਕੁਝ ਹੋਵੇਗਾ। ਮੈਂ ਉਂਜ ਹੀ ਤਾਂ ਮਰ ਜਾਣ ਵਾਸਤੇ ਪੈਦਾ ਨਹੀਂ ਹੋਇਆ ਹਾਂ ਅਤੇ ਨਵੰਬਰ 1969 ਵਿਚ ਮੈਨੂੰ ਉਹ ਕੰਮ ਮਿਲਦਾ ਹੈ ਜਿਸਨੂੰ ਫਿਲਮ ਵਾਲਿਆਂ ਦੀ ਜ਼ੁਬਾਨ ਵਿਚ ਸਹੀ 'ਬ੍ਰੇਕ' ਕਿਹਾ ਜਾਂਦਾ ਹੈ।



ਕਾਮਯਾਬੀ ਵੀ ਜਿਵੇਂ ਅਲਾਦੀਨ ਦਾ ਚਿਰਾਗ ਹੈ। ਅਚਾਨਕ ਦੇਖਦਾ ਹਾਂ ਕਿ ਦੁਨੀਆਂ ਖ਼ੂਬਸੂਰਤ ਹੈ ਅਤੇ ਲੋਕ ਮਿਹਰਬਾਨ। ਸਾਲ, ਡੇਢ੍ਹ ਸਾਲ ਵਿਚ ਬਹੁਤ ਕੁਝ ਮਿਲ ਗਿਆ ਹੈ ਅਤੇ ਬਹੁਤ ਕੁਝ ਮਿਲਣ ਵਾਲਾ ਹੈ। ਹੱਥ ਲਗਦਿਆਂ ਹੀ ਮਿੱਟੀ ਸੋਨਾ ਹੋ ਰਹੀ ਹੈ ਅਤੇ ਮੈਂ ਦੇਖ ਰਿਹਾ ਹਾਂ, ਆਪਣਾ ਪਹਿਲਾ ਘਰ, ਆਪਣੀ ਪਹਿਲੀ ਕਾਰ। ਆਸ਼ਾਵਾਂ ਪੂਰੀਆਂ ਹੋਣ ਦੇ ਦਿਨ ਆ ਗਏ ਹਨ। ਪਰ ਜ਼ਿੰਦਗੀ ਵਿਚ ਇਕ ਤਨਹਾਈ ਤਾਂ ਅਜੇ ਵੀ ਹੈ। 'ਸੀਤਾ ਔਰ ਗੀਤਾ' ਦੇ ਸੈਟ ਤੇ ਮੇਰੀ ਮੁਲਾਕਾਤ ਹਨੀ ਇਰਾਨੀ ਨਾਲ ਹੁੰਦੀ ਹੈ। ਉਹ ਇਕ ਖੁੱਲ੍ਹੇ ਦਿਲ ਵਾਲੀ, ਖਰੀ ਜ਼ੁਬਾਨ ਵਾਲੀ ਪਰ ਬਹੁਤ ਹਸਮੁੱਖ ਸੁਭਾਅ ਦੀ ਲੜਕੀ ਹੈ। ਮਿਲਣ ਤੋਂ ਚਾਰ ਮਹੀਨੇ ਬਾਅਦ ਸਾਡੀ ਸ਼ਾਦੀ ਹੋ ਜਾਂਦੀ ਹੈ। ਮੈਂ ਸ਼ਾਦੀ ਵਿਚ ਆਪਣੇ ਬਾਪ ਦੇ ਕਈ ਦੋਸਤਾਂ ਨੂੰ ਬੁਲਾਇਆ ਹੈ ਪਰ ਆਪਣੇ ਬਾਪ ਨੂੰ ਨਹੀਂ। (ਕੁਝ ਜ਼ਖਮਾਂ ਨੂੰ ਭਰਨਾ ਅਲਾਦੀਨ ਦੇ ਚਿਰਾਗ ਵਾਲੇ ਦੇਵਤੇ ਦੇ ਵੱਸ ਦੀ ਵੀ ਗੱਲ ਨਹੀਂ, ਇਹ ਕੰਮ ਸਿਰਫ ਵਕਤ ਹੀ ਕਰ ਸਕਦਾ ਹੈ) ਦੋ ਸਾਲ ਵਿਚ ਇਕ ਧੀ ਅਤੇ ਇਕ ਪੁੱਤਰ, ਜੋਯਾ ਤੇ ਫਰਹਾਨ ਹੁੰਦੇ ਹਨ।

ਅਗਲੇ ਛੇ ਸਾਲਾਂ ਵਿਚ ਇਕ ਤੋਂ ਬਾਅਦ ਇਕ ਇਨਾਮ, ਲਗਾਤਾਰ ਬਾਰਾਂ ਸੁਪਰ ਹਿੱਟ ਫਿਲਮਾਂ, ਪੁਰਸਕਾਰ, ਸਿਫਤਾਂ, ਅਖ਼ਬਾਰਾਂ ਤੇ ਰਸਾਲਿਆਂ ਵਿਚ ਇੰਟਰਵਿਊ, ਤਸਵੀਰਾਂ, ਪੈਸਾ ਅਤੇ ਪਾਰਟੀਆਂ, ਦੁਨੀਆ ਦੇ ਸਫ਼ਰ, ਚਮਕਦੇ ਹੋਏ ਦਿਨ, ਜਗਮਾਉਂਦੀਆਂ ਰਾਤਾਂ, ਜ਼ਿੰਦਗੀ ਇਕ ਟੈਕਨੀਕਲਰ (ਬਹੁਰੰਗਾ) ਸੁਪਨਾ ਹੈ। ਪਰ ਹਰ ਸੁਪਨੇ ਦੀ ਤਰ੍ਹਾਂ ਇਹ ਸੁਪਨਾ ਵੀ ਟੁੱਟਦਾ ਹੈ। ਪਹਿਲੀ ਵਾਰ ਇਕ ਫਿਲਮ ਦੀ ਨਾਕਾਮੀ (ਫਿਲਮਾਂ ਤਾਂ ਉਸ ਤੋਂ ਬਾਅਦ ਨਾਕਾਮ ਵੀ ਹੋਈਆਂ ਤੇ ਕਾਮਯਾਬ ਵੀ। ਪਰ ਕਾਮਯਾਬੀ ਦੀ ਉਹ ਖੁਸ਼ੀ ਅਤੇ ਖੁਸ਼ੀ ਦੀ ਮਾਸੂਮੀਅਤ ਜਾਂਦੀ ਰਹੀ)।

ਅਗਸਤ 1976 ਨੂੰ ਮੇਰੇ ਬਾਪ ਦੀ ਮੌਤ ਹੁੰਦੀ ਹੈ (ਮਰਨ ਤੋਂ 9 ਦਿਨ ਪਹਿਲਾਂ ਉਨ੍ਹਾਂ ਨੇ ਮੈਨੂੰ ਆਪਣੀ ਕਿਤਾਬ ਆਟੋਗ੍ਰਾਫ ਕਰਕੇ ਦਿੱਤੀ ਸੀ, ਉਸ 'ਤੇ ਲਿਖਿਆ ਸੀ, 'ਜਬ ਹਮ ਨਾ ਰਹੇਂਗੇ ਤੋ ਬਹੁਤ ਯਾਦ ਕਰੋਗੇ'। ਉਨ੍ਹਾਂ ਨੇ ਠੀਕ ਲਿਖਿਆ ਸੀ। ਹੁਣ ਤੱਕ ਤਾਂ ਮੈਂ ਆਪਣੇ ਆਪ ਨੂੰ ਬਾਗੀ ਅਤੇ ਨਾਰਾਜ਼ ਬੇਟੇ ਦੇ ਰੂਪ ਵਿਚ ਪਹਿਚਾਣਦਾ ਸੀ ਪਰ ਹੁਣ ਮੈਂ ਕੌਣ ਹਾਂ? ਮੈਂ ਆਪਣੇ ਆਪ ਨੂੰ ਅਤੇ ਫੇਰ ਆਪਣੇ ਚਾਰੇ ਪਾਸੇ, ਨਵੀਆਂ ਨਜ਼ਰਾਂ ਨੂੰ ਦੇਖਦਾ ਹਾਂ ਕਿ ਬੱਸ ਕੀ ਇਹ ਹੀ ਚਾਹੀਦਾ ਸੀ ਮੈਨੂੰ ਜ਼ਿੰਦਗੀ ਤੋਂ। ਇਸ ਦਾ ਪਤਾ ਅਜੇ ਦੂਜਿਆਂ ਨੂੰ ਨਹੀਂ ਹੈ ਪਰ ਉਹ ਸਾਰੀਆਂ ਚੀਜ਼ਾਂ ਜੋ ਕੱਲ੍ਹ ਤੱਕ ਮੈਨੂੰ ਖੁਸ਼ੀ ਦਿੰਦੀਆਂ ਸਨ, ਝੂਠੀਆਂ ਤੇ ਨੁਮਾਇਸ਼ੀ ਲੱਗਣ ਲੱਗੀਆਂ ਹਨ। ਹੁਣ ਮੇਰਾ ਦਿਲ ਉਨ੍ਹਾਂ ਗੱਲਾਂ ਵਿਚ ਜ਼ਿਆਦਾ ਲਗਦਾ ਹੈ ਜਿਸ ਨੂੰ ਦੁਨੀਆਂ ਦੀ ਜ਼ੁਬਾਨ ਵਿਚ ਕਿਹਾ ਜਾਵੇ ਤਾਂ ਕੋਈ ਫਾਇਦਾ ਨਹੀਂ, ਸ਼ਾਇਰੀ ਨਾਲ ਮੇਰਾ ਰਿਸ਼ਤਾ ਪੈਦਾਇਸ਼ੀ ਅਤੇ ਦਿਲਚਸਪੀ ਹਮੇਸ਼ਾ ਤੋਂ ਹੈ। ਗਭਰੇਟ ਉਮਰ ਤੋਂ ਹੀ ਜਾਣਦਾ ਹਾਂ ਕਿ ਜੇ ਚਾਹਵਾਂ ਤਾਂ ਸ਼ਾਇਰੀ ਕਰ ਸਕਦਾ ਹਾਂ, ਪਰ ਅੱਜ ਤੱਕ ਕੀਤੀ ਨਹੀਂ ਹੈ। ਇਹ ਵੀ ਮੇਰੀ ਨਾਰਾਜ਼ਗੀ ਤੇ ਬਗਾਵਤ ਦਾ ਇਕ ਪ੍ਰਤੀਕ ਹੈ। 1979 ਵਿਚ ਪਹਿਲੀ ਵਾਰ ਸ਼ਿਅਰ ਪੜ੍ਹਦਾ ਹਾਂ ਅਤੇ ਇਹ ਸ਼ਿਅਰ ਲਿਖ ਕੇ ਮੈਂ ਆਪਣੀ ਵਿਰਾਸਤ ਅਤੇ ਆਪਣੇ ਬਾਪ ਨਾਲ ਸਮਝੌਤਾ (ਸੁਲਾਹ ਜਾਂ ਰਾਜ਼ੀਨਾਮਾ) ਕਰ ਲਿਆ ਹੈ।

ਇਸ ਦੌਰਾਨ ਮੇਰੀ ਮੁਲਾਕਾਤ ਸ਼ਬਾਨਾ ਨਾਲ ਹੁੰਦੀ ਹੈ। ਕੈਫ਼ੀ ਆਜ਼ਮੀ ਦੀ ਧੀ ਸ਼ਬਾਨਾ ਵੀ ਸ਼ਾਇਦ ਆਪਣੀਆਂ ਜੜ੍ਹਾਂ ਵਲ ਮੁੜ ਰਹੀ ਹੈ। ਉਹਨੂੰ ਵੀ ਅਜਿਹੇ ਹਜ਼ਾਰਾਂ ਸਵਾਲ ਸਤਾਉਣ ਲੱਗੇ ਹਨ ਜਿਨ੍ਹਾਂ ਬਾਰੇ ਉਸਨੇ ਕਦੇ ਪਹਿਲਾਂ ਨਹੀਂ ਸੋਚਿਆ ਸੀ। ਕੋਈ ਹੈਰਾਨੀ ਨਹੀਂ ਕਿ ਅਸੀਂ ਨੇੜੇ ਆਉਣ ਲਗਦੇ ਹਾਂ। ਹੌਲੀ ਹੌਲੀ ਮੇਰੇ ਅੰਦਰ ਬਹੁਤ ਕੁਝ ਬਦਲ ਰਿਹਾ ਹੈ। ਫਿਲਮੀ ਦੁਨੀਆਂ ਵਿਚ ਜੋ ਮੇਰੀ ਪਾਰਟਨਰਸ਼ਿਪ ਸੀ, ਉਹ ਟੁੱਟ ਜਾਂਦੀ ਹੈ। ਮੇਰੇ ਨੇੜਲੇ ਲੋਕ ਮੇਰੇ ਵਿਚ ਹੋਣ ਵਾਲੀਆਂ ਇਨ੍ਹਾਂ ਤਬਦੀਲੀਆਂ ਨੂੰ ਪ੍ਰੇਸ਼ਾਨੀ ਨਾਲ ਦੇਖ ਰਹੇ ਹਨ। 1983 ਵਿਚ ਮੈਂ ਤੇ ਹਨੀ ਵੱਖ ਹੋ ਜਾਂਦੇ ਹਾਂ।

(ਹਨੀ ਨਾਲ ਮੇਰੀ ਸ਼ਾਦੀ ਜ਼ਰੂਰ ਟੁੱਟ ਗਈ ਹੈ ਪਰ ਤਲਾਕ ਵੀ ਸਾਡੀ ਦੋਸਤੀ ਦਾ ਕੁਝ ਨਹੀਂ ਵਿਗਾੜ ਸਕਿਆ। ਜੇ ਕਰ ਮਾਂ-ਬਾਪ ਦੇ ਅਲੱਗ ਹੋਣ ਤੇ ਬੱਚਿਆਂ ਵਿਚ ਕੜਵਾਹਟ ਨਹੀਂ ਆਈ ਤਾਂ ਇਸ ਵਿਚ ਮੇਰਾ ਕਮਾਲ ਬਹੁਤ ਘੱਟ ਹੈ ਤੇ ਹਨੀ ਦੀ ਸਿਫਤ ਬਹੁਤ ਜ਼ਿਆਦਾ ਹੈ। ਹਨੀ ਅਜਕਲ੍ਹ ਬਹੁਤ ਕਾਮਯਾਬ ਫਿਲਮ ਰਾਈਟਰ ਹੈ ਅਤੇ ਮੇਰੀ ਬਹੁਤ ਵਧੀਆ ਦੋਸਤ। ਮੈਂ ਦੁਨੀਆਂ ਵਿਚ ਬਹੁਤ ਘੱਟ ਲੋਕਾਂ ਦੀ ਇੰਨੀ ਇੱਜਤ ਕਰਦਾ ਹਾਂ, ਜਿੰਨੀ ਮੇਰੇ ਮਨ ਵਿਚ ਹਨੀ ਵਾਸਤੇ ਹੈ)।

ਮੈਂ ਇਕ ਕਦਮ ਚੁੱਕ ਤਾਂ ਲਿਆ ਸੀ ਪਰ ਘਰ ਤੋਂ ਨਿਕਲ ਕੇ ਕਈ ਸਾਲਾਂ ਤੱਕ ਮੇਰੀ ਜ਼ਿੰਦਗੀ "ਕਟੀ ਉਮਰ ਹੋਟਲੋਂ ਮੇਂ, ਮਰੇ ਹਸਪਤਾਲ ਜਾ ਕਰ" ਵਰਗੀ ਹੋ ਗਈ ਸੀ। ਸ਼ਰਾਬ ਪਹਿਲਾਂ ਵੀ ਬਹੁਤ ਪੀਂਦਾ ਸਾਂ ਪਰ ਫੇਰ ਬਹੁਤ ਹੀ ਜ਼ਿਆਦਾ ਪੀਣ ਲੱਗਾ। ਇਹ ਮੇਰੀ ਜ਼ਿੰਦਗੀ ਦਾ ਇਕ ਦੌਰ ਹੈ ਜਿਸ 'ਤੇ ਮੈਂ ਸ਼ਰਮਿੰਦਾ ਹਾਂ। ਇਨ੍ਹਾਂ ਥੋੜ੍ਹੇ ਜਿਹੇ ਸਾਲਾਂ ਵਿਚ ਜੇ ਦੂਸਰਿਆਂ ਨੇ ਮੈਨੂੰ ਬਰਦਾਸ਼ਤ ਕਰ ਲਿਆ ਤਾਂ ਇਹ ਉਨ੍ਹਾਂ ਦਾ ਅਹਿਸਾਨ ਹੈ। ਇਹ ਸੁਭਾਵਕ ਹੀ ਸੀ ਕਿ ਮੈਂ ਇੰਜ ਹੀ ਸ਼ਰਾਬ ਪੀਂਦਾ-ਪੀਂਦਾ ਮਰ ਜਾਂਦਾ ਪਰ ਇਕ ਸਵੇਰੇ ਕਿਸੇ ਦੀ ਕਹੀ ਗੱਲ ਨੇ ਅਜਿਹਾ ਫੜਿਆ ਕਿ ਉਸ ਦਿਨ ਤੋਂ ਮੈਂ ਸ਼ਰਾਬ ਨੂੰ ਹੱਥ ਨਹੀਂ ਲਾਇਆ ਤੇ ਨਾ ਹੀ ਕਦੀ ਲਾਵਾਂਗਾ। ਅੱਜ ਇੰਨੇ ਸਾਲਾਂ ਬਾਅਦ ਜਦ ਆਪਣੀ ਜ਼ਿੰਦਗੀ ਨੂੰ ਦੇਖਦਾ ਹਾਂ ਤਾਂ ਲਗਦਾ ਹੈ ਕਿ ਪਹਾੜਾਂ ਤੋਂ ਝਰਨੇ ਵਾਂਗ ਉਤਰਦੀ, ਚੱਟਾਨਾਂ ਨਾਲ ਟਕਰਾਉਂਦੀ, ਪੱਥਰਾਂ ਵਿਚੋਂ ਆਪਣਾ ਰਸਤਾ ਢੂੰਡਦੀ, ਫੈਲਦੀ, ਵਲ਼ ਖਾਂਦੀ, ਅਣਗਿਣਤ ਘੁੰਮਣਘੇਰੀਆਂ ਬਣਾਉਂਦੀ ਅਤੇ ਆਪਣੇ ਹੀ ਕਿਨਾਰਿਆਂ ਨੂੰ ਖੋਰਦੀ ਹੋਈ ਇਹ ਨਦੀ ਹੁਣ ਮੈਦਾਨਾਂ ਵਿਚ ਆ ਕੇ ਸ਼ਾਂਤ ਅਤੇ ਗਹਿਰੀ ਹੋ ਗਈ ਹੈ। ਮੇਰੇ ਬੱਚੇ ਜੋਯਾ ਤੇ ਫਰਹਾਨ ਵੱਡੇ ਹੋ ਗਏ ਹਨ ਅਤੇ ਬਾਹਰ ਵਾਲੀ ਦੁਨੀਆਂ ਵਿਚ ਆਪਣੇ ਪਹਿਲੇ ਕਦਮ ਰੱਖਣ ਵਾਲੇ ਹਨ। ਉਨ੍ਹਾਂ ਦੀਆਂ ਅੱਖਾਂ ਵਿਚ ਆਉਣ ਵਾਲੇ ਕੱਲ੍ਹ ਬਾਰੇ ਹੁਸੀਨ ਸੁਪਨੇ ਹਨ। ਸਲਮਾਨ, ਮੇਰਾ ਛੋਟਾ ਭਰਾ ਅਮਰੀਕਾ ਵਿਚ ਬਹੁਤ ਕਾਮਯਾਬ ਸਾਇਕੋਐਨਾਲਿਸਟ (ਮਾਨਸਿਕ ਰੋਗਾਂ ਦਾ ਮਾਹਿਰ) ਬਹੁਤ ਸਾਰੀਆਂ ਕਿਤਾਬਾਂ ਦਾ ਲੇਖਕ, ਬਹੁਤ ਵਧੀਆ ਸ਼ਾਇਰ, ਇਕ ਮੁਹੱਬਤ ਕਰਨ ਵਾਲੀ ਬੀਵੀ ਦਾ ਪਤੀ ਅਤੇ ਦੋ ਬਹੁਤ ਹੀ ਹੋਣਹਾਰ ਬੱਚਿਆਂ ਦਾ ਬਾਪ ਹੈ। ਜ਼ਿੰਦਗੀ ਦੇ ਰਸਤੇ ਉਹਦੇ ਵਾਸਤੇ ਘੱਟ ਮੁਸ਼ਕਲ ਨਹੀਂ ਸਨ ਪਰ ਉਸਨੇ ਆਪਣੀ ਅਣਥੱਕ ਮਿਹਨਤ ਅਤੇ ਲਗਨ ਨਾਲ ਆਪਣੀ ਹਰ ਮੰਜ਼ਿਲ ਪਾ ਲਈ ਹੈ ਅਤੇ ਅਜੇ ਵੀ ਅੱਗੇ ਤੋਂ ਅੱਗੇ ਵਧ ਰਿਹਾ ਹੈ। ਮੈਂ ਖੁਸ਼ ਹਾਂ ਤੇ ਸ਼ਬਾਨਾ ਵੀ ਜੋ ਸਿਰਫ ਮੇਰੀ ਪਤਨੀ ਹੀ ਨਹੀਂ, ਮੇਰੀ ਮਹਿਬੂਬਾ ਵੀ ਹੈ। ਜੋ ਇਕ ਖ਼ੂਬਸੂਰਤ ਦਿਲ ਵੀ ਹੈ ਅਤੇ ਕੀਮਤੀ ਜ਼ਿਹਨ ਵੀ। "ਮੈਂ ਜਿਸ ਦੁਨੀਆ ਮੇਂ ਰਹਿਤਾ ਹੂੰ ਵੋਹ ਉਸ ਦੁਨੀਆ ਕੀ ਔਰਤ ਹੈ" ਇਹ ਸਤਰ ਜੇ ਵਰ੍ਹਿਆਂ ਪਹਿਲਾਂ ਮਜ਼ਾਜ਼ ਨੇ ਕਿਸੇ ਲਈ ਨਾ ਲਿਖੀ ਹੁੰਦੀ ਤਾਂ ਮੈਂ ਸ਼ਬਾਨਾ ਵਾਸਤੇ ਲਿਖਦਾ। ਅੱਜ, ਉਂਜ ਤਾਂ ਜ਼ਿੰਦਗੀ ਮੇਰੇ ਉਪਰ ਹਰ ਪਾਸਿਓਂ ਮਿਹਰਬਾਨ ਹੈ ਪਰ ਬਚਪਨ ਦਾ ਉਹ ਇਕ ਦਿਨ 18 ਜਨਵਰੀ 1953 ਹੁਣ ਵੀ ਯਾਦ ਆਉਂਦਾ ਹੈ। ਥਾਂ ਲਖਨਊ, ਮੇਰੇ ਨਾਨੇ ਦਾ ਘਰ, ਰੋਂਦੀ ਹੋਈ ਮੇਰੀ ਮਾਸੀ, ਮੇਰੇ ਛੋਟੇ ਭਰਾ ਸਲਮਾਨ ਨੂੰ, ਜਿਸ ਦੀ ਉਮਰ ਸਾਢ੍ਹੇ ਛੇ ਸਾਲ ਹੈ ਅਤੇ ਮੈਨੂੰ ਹੱਥ ਫੜ ਕੇ ਘਰ ਦੇ ਉਸ ਵੱਡੇ ਕਮਰੇ ਵਿਚ ਲੈ ਜਾਂਦੀ ਹੈ ਜਿੱਥੇ ਫਰਸ਼ 'ਤੇ ਬਹੁਤ ਸਾਰੀਆਂ ਔਰਤਾਂ ਬੈਠੀਆਂ ਹਨ। ਤਖਤ ਉਪਰ ਸਫੈਦ ਕਫ਼ਨ ਵਿਚ ਲਪੇਟੀ ਮੇਰੀ ਮਾਂ ਦਾ ਚਿਹਰਾ ਨੰਗਾ ਹੈ। ਸਿਰਹਾਣੇ ਬੈਠੀ ਮੇਰੀ ਬੁੱਢੀ ਨਾਨੀ ਥੱਕੀ ਜਿਹੀ ਹੌਲੀ-ਹੌਲੀ ਰੋ ਰਹੀ ਹੈ। ਦੋ ਔਰਤਾਂ ਉਹਨੂੰ ਸੰਭਾਲ ਰਹੀਆਂ ਹਨ। ਮੇਰੀ ਮਾਸੀ ਸਾਨੂੰ ਦੋਹਾਂ ਬੱਚਿਆਂ ਨੂੰ ਉਸ ਤਖਤ ਕੋਲ ਲੈ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਆਪਣੀ ਮਾਂ ਨੂੰ ਆਖਰੀ ਵਾਰ ਦੇਖ ਲਓ। ਮੈਂ ਕੱਲ੍ਹ ਹੀ ਅੱਠਾਂ ਸਾਲਾਂ ਦਾ ਹੋਇਆ ਸੀ। ਸਮਝਦਾਰ ਹਾਂ। ਪਤਾ ਹੈ ਮੌਤ ਕੀ ਹੁੰਦੀ ਹੈ। ਮੈਂ ਆਪਣੀ ਮਾਂ ਦੇ ਚਿਹਰੇ ਨੂੰ ਬਹੁਤ ਹੀ ਧਿਆਨ ਨਾਲ ਦੇਖਦਾ ਹਾਂ ਕਿ ਚੰਗੀ ਤਰ੍ਹਾਂ ਯਾਦ ਹੋ ਜਾਵੇ। ਮੇਰੀ ਮਾਸੀ ਕਹਿ ਰਹੀ ਹੈ ਕਿ ਇਹਦੇ ਨਾਲ ਵਾਅਦਾ ਕਰੋ ਕਿ ਤੁਸੀਂ ਜ਼ਿੰਦਗੀ ਵਿਚ ਕੁਝ ਕਰੋਗੇ। ਮੈਥੋਂ ਕੁਝ ਕਹਿ ਨਹੀਂ ਹੁੰਦਾ, ਬਸ! ਦੇਖਦਾ ਰਹਿੰਦਾ ਹਾਂ ਅਤੇ ਫੇਰ ਕੋਈ ਔਰਤ ਮੇਰੀ ਮਾਂ ਦੇ ਚਿਹਰੇ ਤੇ ਕਫ਼ਨ ਪਾ ਦਿੰਦੀ ਹੈ।

ਅਜਿਹਾ ਤਾਂ ਨਹੀਂ ਕਿ ਮੈਂ ਜ਼ਿੰਦਗੀ ਵਿਚ ਕੁਝ ਕੀਤਾ ਹੀ ਨਹੀਂ ਪਰ ਫੇਰ ਇਹ ਖਿਆਲ ਆਉਂਦਾ ਹੈ ਕਿ ਜਿੰਨਾ ਕਰ ਸਕਦਾ ਹਾਂ ਉਸਦਾ ਤਾਂ ਚੌਥਾ ਹਿੱਸਾ ਵੀ ਅਜੇ ਤੱਕ ਨਹੀਂ ਕੀਤਾ ਅਤੇ ਇਸ ਖਿਆਲ ਦੀ ਦਿੱਤੀ ਹੋਈ ਬੇਚੈਨੀ ਜਾਂਦੀ ਨਹੀਂ।

---

## ਧੀਆਂ

ਧੀ ਜੰਮਣ ਤੋਂ ਪਹਿਲਾ ਮਾਪੇ ਹਜ਼ਾਰਾਂ ਵਾਰ ਸੋਚਦੇ ਨੇ,
ਇਹ ਨਈਂ ਇਹ ਹੋਣਾ ਚਾਹੀਦੈ ਹਰ ਗੱਲ 'ਤੇ ਟੋਕਦੇ ਨੇ।
ਪੁੱਤ ਜੰਮਣ 'ਤੇ ਖੁਸ਼ੀਆਂ, ਕਿਉਂ ਧੀ ਵਾਰੀ ਰੋ ਲੈਂਦੇ ਨੇ?
ਕਿਉਂ ਮਾਪੇ ਧੀਆਂ ਕੋਲੋਂ ਸਾਰੇ ਹੀ ਹੱਕ ਖੋਹ ਲੈਂਦੇ ਨੇ?

ਧੀਆਂ ਨੂੰ ਕਿਉਂ ਮਾਪੇ ਘੂਰੀ ਵੱਟ ਤੱਕਦੇ ਨੇ।
ਰੋਹਬ ਨਾਲ ਮੰਗਦੇ ਪੁੱਤ, ਸੀਨੇ ਲਾ ਰੱਖਦੇ ਨੇ।
ਪੁੱਤਾਂ ਦਾ ਹੀ ਕਿਉਂ ਮਾਪੇ ਇੰਨ ਪਾਲ ਮੋਹ ਲੈਂਦੇ ਨੇ...।

ਜਦ ਜੀ ਕੀਤਾ ਇਨ੍ਹਾਂ ਦਾ ਗਲ ਘੁੱਟ ਮਾਰ ਦਿੱਤਾ,
ਕਿਸੇ ਦੇ ਵੀ ਪੱਲੇ ਨਾਲ ਬੰਨ੍ਹ ਸੂਲੀ ਚਾੜ੍ਹ ਦਿੱਤਾ।
ਧੀ ਵਾਰੀ ਕਿਉਂ ਮਾਪੇ ਦਿਲ ਦੇ ਬੂਹੇ ਹੀ ਢੋ ਲੈਂਦੇ ਨੇ...।

ਕਿਉਂ ਮਾਪਿਆਂ ਦੀ ਚਿਤਾ ਨੂੰ ਧੀ ਅੱਗ ਨਹੀਂ ਦੇ ਸਕਦੀ?
ਜੋ ਪੁੱਤ ਕਰਦੇ ਉਹ ਕਿਉਂ ਧੀ ਨ੍ਹੀਂ ਕਰ ਸਕਦੀ?
ਬਿੰਦਰਾ ਧੀਆਂ ਮਾਰ ਲੋਕੀਂ ਰੱਬ ਨਾਲ ਆਢਾ ਲੈਂਦੇ ਨੇ...।

*-ਬਲਵਿੰਦਰ ਸੰਧੂ, ਸਟਾਕਟਨ*
*ਫੋਨ: 209-922-4660*

---

*(ਸਫਾ 33 ਦੀ ਬਾਕੀ)*

ਅਚਾਨਕ ਇਹ ਹੋਇਆ ਕਿ ਮੈਨੂੰ ਖਬਰ ਮਿਲੀ ਕਿ ਸਾਡੇ ਹਲਕੇ ਦਾ ਇਕ ਮੁੰਡਾ ਦਿੱਲੀ ਦੇ ਕਮਲਾ ਨਗਰ ਮਾਰਕਿਟ ਥਾਣੇ ਦਾ ਇੰਚਾਰਜ ਲੱਗ ਗਿਆ ਹੈ। ਜੀ.ਬੀ. ਰੋਡ ਇਸੇ ਥਾਣੇ ਅਧੀਨ ਆਉਂਦਾ ਹੈ। ਦਿੱਲੀ ਗਿਆ ਤੇ ਥਾਣੇਦਾਰ ਨੂੰ ਮਿਲਿਆ।

'ਯਾਰ ਹਰਕੰਵਲਜੀਤ, ਮੈਂ ਜੀ.ਬੀ. ਰੋਡ ਜਾਣੈਂ।'

'ਵਿਆਹਿਆ ਵਰ੍ਹਿਐਂ, ਸੰਗ ਨ੍ਹੀਂ ਆਉਂਦੀ। ਐਵੇਂ ਅਖਬਾਰਾਂ ਕਾਲੀਆਂ ਕਰੀ ਜਾਨੇ ਓ।' ਉਹ ਵਿਅੰਗ ਕੱਸਣ ਲੱਗ ਪਿਆ।

'ਯਾਰ ਅਸਲ ਵਿਚ ਮੈਂ ਮਰਦ ਦੇ ਸ਼ਰਾਰਤੀ ਪਰਦੇ ਓਹਲੇ ਲੁਕੀਆਂ ਮਜ਼ਬੂਰੀਆਂ ਦਾ ਸੱਚ ਜਾਨਣਾ ਚਾਹੁੰਨਾਂ।'

'ਠੀਕ ਹੈ, 9 ਵੱਜੇ ਨੇ ਤੇ ਬਾਰਾਂ ਵਜੇ ਤੱਕ ਵਾਪਿਸ ਆ ਜਾਈਂ। ਕੋਈ ਪੁਲਿਸ ਦੀ ਰੇਡ ਨਹੀਂ ਹੋਵੇਗੀ।' ਤੇ ਮੇਰੇ ਪੌੜੀਆਂ ਚੜ੍ਹਦੇ ਹੀ ਘਟੀਆ ਦਰਜੇ ਦਾ ਹਾਰ-ਸ਼ਿੰਗਾਰ ਲੁੱਡੀਆਂ ਪਾਉਣ ਲੱਗ ਪਿਆ। ਬਾਬੂ ਜੀ ਬੀਸ ਰੁਪਏ, ਦਸ ਰੁਪਏ, ਪਾਂਚ ਹੀ ਸਹੀ, ਦੋ ਸੇ ਭੀ ਕਾਮ ਚਲ ਜਾਏਗਾ... ਅਰੇ ਮੂੰਹ ਉਠਾ ਕੇ ਤੋ ਦੇਖ ਮੁੰਬਈ ਭੂਲ ਜਾਏਗਾ, ਕਿਆ ਹੋਤੀ ਹੈਂ ਫਿਲਮੋਂ ਵਾਲੀ...।

ਆਖਰੀ ਪੌਡੇ 'ਤੇ ਪੈਰ ਰੱਖਿਆ ਹੀ ਸੀ ਕਿ ਬਾਜ ਵਾਂਗ ਇਕ ਹੱਟਾ-ਕੱਟਾ ਬੰਦਾ ਝਪਟ ਕੇ ਪਿਆ ਤੇ ਹੱਥ 'ਚੋਂ ਕੈਮਰਾ ਖੋਹ ਕੇ ਕਹਿਣ ਲੱਗਾ, 'ਸਾਲੇ ਯਹਾਂ ਕਿਆ ਰਾਮ ਲੀਲ੍ਹਾ ਹੋ ਰਹੀ ਹੈ। ਉਤਰ ਜਾ ਨੀਚੇ, ਤਸਵੀਰ ਉਤਾਰੇਗਾ ਤੋ ਜਾਨ ਨਿਕਾਲ ਲੇਂਗੇ।'

# ਸਲ੍ਹਾਬ ਮਾਰੀਆਂ ਕੋਠੜੀਆਂ 'ਚ ਕੁਝ ਘੰਟੇ

'ਯਾਰ, ਮੈਂ ਤੋ ਫੋਟੋਗ੍ਰਾਫਰੀ ਦਾ ਕਾਮ ਕਰਤਾ ਹੂੰ... ਸੋਚਾ ਕੁਛ ਸ਼ੁਗਲ ਹੋ ਜਾਏ।'

'ਜਾਹ ਵੋਹ ਸਾਮਨੇ ਤੀਨ ਬੈਠੀ ਹੈ, ਕਿਸੀ ਕੋ ਭੀ ਲੇ ਜਾ ਅੰਦਰ।'

ਤੇ ਕੰਬਦੀਆਂ ਲੱਤਾਂ ਤੇ ਮਾੜੇ ਇੰਜਣ ਵਾਂਗ ਕੰਬਦੇ ਦਿਲ ਨਾਲ ਮੈਂ ਇਕ ਨੂੰ ਇਸ਼ਾਰਾ ਕੀਤਾ ਤੇ ਉਹ ਪਰਦਾ ਸੁੱਟ ਕੇ ਬੋਲੀ, 'ਛੇਤੀ ਕਰੋ, ਪੁਲਿਸ ਆ ਜਾਏਗੀ।'

ਅਸਲ 'ਚ ਜਦੋਂ ਵੀ ਏਥੇ ਰੇਡ ਪੈਂਦੀ ਹੈ ਤਾਂ ਇਹ ਗਾਹਕਾਂ ਨੂੰ ਦਰਸ਼ਕ ਬਣਾ ਕੇ ਤੇ ਆਪ ਢੋਲਕੀਆਂ ਵਾਜੇ ਖੜਕਾ ਕੇ ਨੱਚਣ ਲੱਗ ਪੈਂਦੀਆਂ ਹਨ। ਮੈਂ ਉਸ ਕੁੜੀ ਦੇ ਹੱਥ 'ਚ ਸੌ ਦਾ ਨੋਟ ਰੱਖ ਕੇ ਕਿਹਾ, 'ਤੇਰਾ ਨਾਂ ਕੀ ਐਂ?'

'ਅੰਨਾ, ਪੈਸੇ ਖੁਲੇ ਦੋ, ਹਮਾਰੇ ਪਾਸ ਬਕਾਇਆ ਨਹੀਂ ਹੈ।'

'ਸਾਰੇ ਰੱਖ ਲੈ, ਮੈਂ ਸਿਰਫ ਇਹ ਜਾਨਣ ਲਈ ਆਇਐਂ ਕਿ ਇਹ ਕੰਮ ਛੱਡ ਕਿਉਂ ਨਹੀਂ ਦੇਂਦੀਆਂ?'

'ਅਭੀ ਛੋੜ ਦੂੰ, ਬਤਾ ਆਪਨੀ ਬੀਵੀ ਬਨਾ ਲੇਗਾ?'

'ਕਹਾਂ ਕੀ ਰਹਿਨੇ ਵਾਲੀ ਹੈ?'

'ਆਂਧਰਾ ਕੀ, ਔਰ ਤੁਮ?'

'ਪੰਜਾਬੀ।'

'ਪੰਜਾਬਣ ਯਹਾਂ ਕੋਈ ਭੀ ਨਹੀਂ ਹੈ।'

ਤੇ ਜੋ ਉਹਨੇ ਦੱਸਿਆ, ਉਹ ਦਰਦ ਦੀ ਵੱਡੀ ਦਾਸਤਾਂ ਹੈ। ਕਹਿਣ ਲੱਗੀ ਕਿ ਨੌਂ ਕੁੜੀਆਂ ਨੂੰ ਗਰੀਬ ਘਰਾਂ 'ਚੋਂ ਕੰਜਰ ਦਾ ਝੋਲਾ ਖਰੀਦ ਕੇ ਲਿਆਇਆ ਸੀ। ਪਹਿਲਿਆਂ ਗਾਹਕਾਂ ਤੋਂ ਇਹਨੇ ਕਈ ਕਈ ਹਜ਼ਾਰ ਵੱਟੇ ਨੇ ਤੇ ਛੇਆਂ ਮਹੀਨਿਆਂ ਪਿੱਛੋਂ ਕੱਪੜੇ ਵਾਂਗ ਨਿਚੋੜ ਕੇ ਚੁਬਾਰੇ ਬਿਠਾ'ਤਾ। ਅਹੁ ਸਾਹਮਣੇ ਵੇਖ ਮਲਿਕਾ... ਹੁਸਨ ਦੀ ਮਲਿਕਾ ਵੀ ਹੈ। ਇਹ ਜੰਮੀ ਇੱਥੇ ਹੈ ਪਰ ਇਹਦੀ ਮਾਂ ਨੂੰ ਨਹੀਂ ਪਤਾ ਕਿ ਇਹਦਾ ਬਾਪ ਕੌਣ ਹੈ? ਮਾਂ ਧੀ ਨੂੰ ਇਸ ਨਰਕ 'ਚੋਂ ਕੱਢਣਾ ਚਾਹੁੰਦੀ ਹੈ ਪਰ ਤੋਰੇ ਕਿੱਥੇ? ਪਰਸੋਂ ਇਹਦੀ ਪਹਿਲੀ ਸ਼ਗਨਾਂ ਦੀ ਰਾਤ ਐ ਤੇ ਰਾਤ ਮਨਾਏਗੀ ਬਾਹਾਂ ਕੱਢ ਕੇ ਭਾਸ਼ਣ ਕਰਨ ਵਾਲੇ ਚਿੱਟ ਕੱਪੜੀਏ ਨਾਲ। ਘੁੰਡ ਇਹਦਾ ਚੱਕਿਆ ਜਾਵੇਗਾ, ਸ਼ਗਨ ਦਸ ਹਜ਼ਾਰ ਝੋਲਾ ਲਵੇਗਾ। ਛੇ ਮਹੀਨਿਆਂ ਤੱਕ ਇਹਦੇ ਮਗਰ ਵੱਡੇ-ਵੱਡੇ ਲੋਕ ਹੋਣਗੇ ਤੇ ਫਿਰ ਤੇਰੇ ਵਰਗੇ।'

'ਮੈਂ ਕੋਈ ਗਾਹਕ ਨਹੀਂ। ਮੈਂ ਕਿਸੇ ਸਵੈ-ਸੇਵੀ ਸੰਸਥਾ ਦੀ ਮਦਦ ਨਾਲ ਤੁਹਾਨੂੰ ਬਾਹਰ ਚੰਗੀ ਤੇ ਆਜ਼ਾਦ ਜਿੰਦਗੀ ਜਿਊਂਣ ਲਈ ਸੰਘਰਸ਼ ਕਰਨਾ ਚਾਹੁੰਨਾਂ। 'ਪ੍ਰਧਾਨ ਮੰਤਰੀ ਸਾਡੇ ਤੋਂ ਡੂਢ ਮੀਲ 'ਤੇ ਰਹਿੰਦੈ, ਤੂੰ ਉਹਦੇ ਤੋਂ ਵੀ ਉਪਰ ਐਂ। ਜੋ ਤੇਰੀ ਜੇਬ੍ਹ 'ਚ ਹੈਗਾ ਕੱਢਦੇ, ਥੱਲੇ ਉਤਰ ਤੇ ਫੇਰ ਕਦੇ ਨਾ ਆਵੀਂ। ਸਾਨੂੰ ਗਾਹਕ ਚਾਹੀਦੇ ਨੇ, ਮਹਾਤਮਾ ਬੁੱਧ ਨਹੀਂ।'

ਤੇ ਮੈਂ ਸਾਢੇ ਤਿੰਨ ਸੌ ਦੀ ਸਣੇ ਬਟੂਏ ਦੇ ਜੇਬ ਕਟਾ ਕੇ ਲਟਕਦਾ ਮੂੰਹ ਲੈ ਕੇ ਹੇਠਾਂ ਉੱਤਰ ਆਇਆਂ ਸਾਂ ਕਿ 'ਬੰਦਾ ਦੁਕਾਨ ਖੋਲ੍ਹ ਤਾਂ ਹੁੱਬ ਕੇ ਲੈਂਦੈ ਪਰ ਪਤਾ ਉਦੋਂ ਲਗਦੈ ਜਦੋਂ ਖੁੱਲ੍ਹੀ ਰੱਖਣੀ ਪੈਂਦੀ ਹੈ।'

---

# ਅਕਾਦਮਿਕ ਸਰਗਰਮੀਆਂ

*(ਸਫਾ 32 ਦੀ ਬਾਕੀ)*

ਤਾਂ ਅਕਸਰ ਡਾ. ਅਵਤਾਰ ਸਿੰਘ ਦੇ ਕਮਰੇ ਵਿਚ ਕਈ ਵਾਰ ਲੰਬਾ ਸਮਾਂ ਡਾ. ਟੀ.ਆਰ ਸ਼ਰਮਾ ਦੀਆਂ ਗੱਲਾਂ ਸੁਣਦਿਆਂ ਮੈਨੂੰ ਆਪਣਾ ਕੰਮ ਪੁੱਛਣ ਜਾਂ ਦਿਖਾਉਣ ਲਈ ਇੰਤਜ਼ਾਰ ਕਰਨਾ ਪੈਂਦਾ ਸੀ। ਬਹੁਤ ਵਾਰ ਮੈਂ ਸੋਚਣਾ ਕਿ ਮੈਂ ਮਹਿਜ ਵਿਦਿਆਰਥੀ ਨਹੀਂ ਹਾਂ, ਇੱਕ ਬਰਾਬਰ ਦੀ ਕੁਲੀਗ ਹਾਂ ਭਾਵੇਂ ਉਮਰ ਅਤੇ ਅਹੁਦੇ ਵਿਚ ਜੂਨੀਅਰ ਹੀ ਸਹੀ। ਕੀ ਇੱਕ ਸਮਝਦਾਰ ਤੇ ਸੁਲਝੇ ਹੋਏ ਸੀਨੀਅਰ ਦਾ ਇਹ ਫ਼ਰਜ ਨਹੀਂ ਬਣਦਾ ਕਿ ਉਹ ਮੇਰੇ ਹਿੱਸੇ ਦਾ ਸਮਾਂ ਨਾ ਖਾਵੇ? ਜੇ ਇੱਕ ਕੁਲੀਗ ਨੂੰ ਇਸ ਤਰ੍ਹਾਂ ਦੀ ਪ੍ਰੇਸ਼ਾਨੀ ਸਹਿਣੀ ਪੈ ਸਕਦੀ ਹੈ ਤਾਂ ਆਪ ਹੀ ਸੋਚੋ ਕਿ ਆਮ ਵਿਦਿਆਰਥੀਆਂ ਦਾ ਕੀ ਬਣਦਾ ਹੋਵੇਗਾ? ਇਸੇ ਲਈ ਮੇਰੇ ਕੋਲ ਭਾਵੇਂ ਕਿਸੇ ਦੂਸਰੇ ਅਧਿਆਪਕ ਦਾ ਵਿਦਿਆਰਥੀ ਵੀ ਕੁਝ ਪੁੱਛਣ ਆ ਜਾਵੇ ਮੈਂ ਕਦੀ ਨਾਂਹ ਨਹੀਂ ਕੀਤੀ। ਇਹ ਗੱਲ ਮੈਂ ਆਪਣੇ ਪੀ.ਐਚ ਡੀ ਦੇ ਗਾਈਡ ਡਾ. ਅਵਤਾਰ ਸਿੰਘ ਤੋਂ ਹੀ ਸਿੱਖੀ। ਉਨ੍ਹਾਂ ਦੇ ਸੁਭਾ ਵਿਚ ਇਹ ਨਹੀਂ ਸੀ ਕਿ ਉਹ ਕਿਸੇ ਕੋਲ ਆਏ ਨੂੰ ਰੁਖੇ ਅੰਦਾਜ਼ ਵਿਚ ਕਹਿ ਦੇਣ ਕਿ ਉਨ੍ਹਾਂ ਨੇ ਕੰਮ ਕਰਨਾ ਹੈ। ਸ਼ਾਇਦ ਇਸੇ ਕਰਕੇ ਬਹੁਤ ਇੰਟੈਲੀਜੈਂਟ ਵਿਦਵਾਨ ਹੋਣ ਦੇ ਬਾਵਜੂਦ ਵੀ ਉਹ ਲਿਖਤੀ ਰੂਪ ਵਿਚ ਬਹੁਤਾ ਕੰਮ ਨਹੀਂ ਕਰ ਸਕੇ। ਉਨ੍ਹਾਂ ਬਾਰੇ ਗੱਲ ਫਿਰ ਕਦੇ।

# ਧਰਮ ਨੂੰ ਲੱਗ ਰਿਹਾ ਖੋਰਾ ਬਿਆਨ ਛਪਵਾਉਣ ਨਾਲ ਨਹੀਂ ਰੁਕਣਾ

ਸਿੱਖੀ ਨੂੰ ਲੱਗ ਰਹੀ ਢਾਹ ਨੂੰ ਬਚਾਉਣ ਤੇ ਕੋਝੀਆਂ ਹਰਕਤਾਂ ਕਰਨ ਵਾਲਿਆਂ ਨੂੰ ਸਿੱਧੇ ਰਾਹ ਪਾਉਣ ਦੇ ਯਤਨਾਂ 'ਚ ਪਿਛਲੇ ਦਿਨੀਂ ਮਾਮੂਲੀ ਜਿਹਾ ਵਾਧਾ ਹੋਰ ਹੋ ਗਿਐ। ਵੈਸੇ ਤਾਂ ਹਰ ਸਿੱਖ ਨੂੰ ਸਿੱਖੀ ਜਾਨੋਂ ਪਿਆਰੀ ਹੈ, ਪਰ ਜਿਨ੍ਹਾਂ ਦਾ ਪਿਆਰ 'ਜਨੂੰਨ ਦੀਆਂ ਹੱਦਾਂ' ਪਾਰ ਕਰ ਗਿਐ, ਉਨ੍ਹਾਂ ਨੇ ਬਿਆਨ ਦਾਗਣ



ਸਵਰਨ ਸਿੰਘ ਟਹਿਣਾ

## ਕੀ ਮੈਂ ਝੂਠ ਬੋਲਿਐ...

ਦਾ ਮੌਕਾ ਏਸ ਵਾਰ ਵੀ ਸੁੱਕਾ ਨਹੀਂ ਨਿਕਲਣ ਦਿੱਤਾ। ਦੇਸ਼ 'ਚ ਆਈਆਂ ਸਿੱਖ ਜਥੇਬੰਦੀਆਂ ਨੇ ਮਾਇਆ ਨਗਰੀ ਦੇ ਉਨ੍ਹਾਂ ਲੋਕਾਂ ਨੂੰ ਬੰਦੇ ਦੇ ਪੁੱਤ ਬਣਨ ਲਈ ਆਖਿਆ ਏ ਜਿਹੜੇ ਸਿੱਖੀ ਦੇ ਅਮੀਰ ਵਿਰਸੇ ਤੋਂ ਅਣਜਾਣ ਨੇ, ਜਿਹੜੇ ਫਿਲਮਾਂ 'ਚ ਤਾਂ ਯੋਗਦਾਨ ਪਾ ਸਕਦੇ ਨੇ ਪਰ ਧਾਰਮਿਕ ਮਾਮਲਿਆਂ ਬਾਰੇ ਉੱਕਾ ਗਿਆਨ ਨਹੀਂ ਰੱਖਦੇ। ਉਨ੍ਹਾਂ ਨੇ ਭੁੱਲ ਕਰਨ ਵਾਲਿਆਂ ਨੂੰ ਗਲਤੀ ਲਈ ਮਾਫ਼ੀ ਮੰਗਣ ਦੀ ਚੇਤਾਵਨੀ ਦੇ ਛੱਡੀ ਏ।

ਤੁਸੀਂ ਕਹੋਗੇ ਕਿ ਮਾਜਰਾ ਕੀ ਏ? ਤਾਂ ਸੁਣੋ, ਕੁਝ ਦਿਨ ਪਹਿਲਾਂ 'ਕਲਰਜ਼ ਚੈਨਲ' 'ਤੇ ਚਲਦੇ ਪ੍ਰੋਗਰਾਮ 'ਇੰਡੀਆ'ਜ਼ ਗਾਟ ਟੇਲੈਂਟ' ਦੇ ਇਕ ਜੱਜ ਨੇ ਸਿੱਖੀ ਦੀ ਵਿਰਾਸਤ 'ਗਤਕੇ' ਬਾਰੇ 'ਅਵਾ-ਤਵਾ' ਬੋਲਿਆ। ਇਸ ਸ਼ੋਅ 'ਚ ਵੱਖੋ-ਵੱਖਰੇ ਕਰਤੱਵ ਦਿਖਾਉਣ ਵਾਲੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਨੇ। ਜਿਨ੍ਹਾਂ ਦਾ ਪ੍ਰਦਰਸ਼ਨ ਜੱਜਾਂ ਨੂੰ ਟੁੰਬ ਜਾਂਦੈ, ਉਨ੍ਹਾਂ ਦੀ ਝੋਲੀ ਸ਼ਾਬਾਸ਼ ਨਾਲ ਭਰ ਜਾਂਦੀ ਏ ਤੇ ਜਿਹੜੇ ਪ੍ਰਭਾਵਿਤ ਨਹੀਂ ਕਰਦੇ, ਉਨ੍ਹਾਂ ਨੂੰ 'ਸੌਰੀ' ਆਖ ਦਿੱਤਾ ਜਾਂਦੈ।

ਵਿਵਾਦ ਖੜ੍ਹਾ ਹੋਣ ਵਾਲੇ ਦਿਨ ਬੀਰ ਖਾਲਸਾ ਦਲ ਦੇ ਮੈਂਬਰਾਂ ਨੇ ਸੋਨਾਲੀ ਬੇਂਦਰੇ, ਸਾਜਿਦ ਖ਼ਾਨ ਤੇ ਕਿਰਨ ਖੇਰ ਵਰਗੇ ਜੱਜਾਂ ਅੱਗੇ ਗਤਕੇ ਦੇ ਜੌਹਰ ਦਿਖਾਏ। ਦਲ ਦੇ ਸਾਰੇ ਮੈਂਬਰ ਸਿੱਖੀ ਬਾਣੇ 'ਚ ਸਜੇ ਸਨ ਤੇ ਹੱਥਾਂ 'ਚ ਲਿਸ਼ਕਦੀਆਂ ਤੇਗਾਂ ਫੜੀਆਂ ਸਨ। ਸੱਤ ਕੁ ਸਾਲਾ ਮਨਪ੍ਰੀਤ ਸਿੰਘ ਵੀ ਟੀਮ 'ਚ ਸ਼ਾਮਲ ਸੀ। ਵਾਰ ਕਰਨ ਵਾਲਿਆਂ ਤੇ ਵਾਰ ਰੋਕਣ ਵਾਲਿਆਂ ਆਪਣੀ ਕਲਾ ਨਾਲ ਸਭ ਨੂੰ ਸਾਹ ਰੋਕਣ ਲਈ ਮਜਬੂਰ ਕਰ ਦਿੱਤਾ।

ਜਦੋਂ ਜੱਜਾਂ ਦੇ ਫ਼ੈਸਲੇ ਦੀ ਵਾਰੀ ਆਈ ਤਾਂ ਸਾਜਿਦ ਖ਼ਾਨ ਨੇ ਕਿਹਾ, 'ਤੁਸੀਂ ਇਹ ਮਾਰਸ਼ਲ ਆਰਟ ਬਹੁਤ ਵਧੀਆ ਕੀਤੈ, ਪਰ ਮੈਂ ਏਸ ਗੱਲ ਦੇ ਹੱਕ 'ਚ ਨਹੀਂ ਕਿ ਸੱਤ ਸਾਲਾ ਬੱਚੇ ਨੂੰ ਤਲਵਾਰ ਫੜਾਈ ਜਾਵੇ। ਇਸ ਨਾਲ ਟੀ.ਵੀ. ਦੇਖਣ ਵਾਲੇ ਬੱਚਿਆਂ 'ਚ ਹਿੰਸਾ ਦੀ ਰੁਚੀ ਪੈਦਾ ਹੋ ਸਕਦੀ ਏ। ਸੋ ਅਗਲੀ ਵਾਰ ਤੁਸੀਂ ਜਦੋਂ ਸਟੇਜ 'ਤੇ ਆਵੋ ਤਾਂ ਕ੍ਰਿਪਾ ਕਰਕੇ ਏਸ ਛੋਟੇ ਬੱਚੇ ਨੂੰ ਤਲਵਾਰਬਾਜ਼ੀ ਕਰਨ ਲਈ ਨਾਲ ਨਾ ਲਿਆਂਦਾ ਜਾਵੇ।'

ਬਸ ਏਸ ਗੱਲ ਨੇ ਜਿਹੜੇ ਵਿਵਾਦ ਨੂੰ ਜਨਮ ਦਿੱਤਾ, ਉਹਨੇ ਕਈ ਦਿਨ ਅਖ਼ਬਾਰਾਂ ਦੀ ਥਾਂ ਮੱਲ ਛੱਡੀ। ਅਕਾਲ ਤਖ਼ਤ ਦੇ ਜਥੇਦਾਰ ਨੇ ਵੀ ਕਹਿ ਛੱਡਿਆ ਕਿ ਸਿੱਖੀ ਨੂੰ ਢਾਹ ਲਾਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਜੇ ਜੱਜ ਨੇ ਮਾਫ਼ੀ ਨਾ ਮੰਗੀ ਤਾਂ ਉਹਦੇ 'ਤੇ ਸਿੱਖੀ ਅਸੂਲਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

ਸਾਜਿਦ ਖ਼ਾਨ ਨਾਲ ਸਾਡਾ ਨੇੜ ਨਹੀਂ ਤੇ ਸਿੱਖੀ ਅਸੂਲਾਂ ਦੇ ਹਾਮੀ ਹੋਣੋਂ ਰੱਤੀ ਭਰ ਵੀ ਇਨਕਾਰੀ ਨਹੀਂ, ਪਰ ਜਿਸ ਢੰਗ ਨਾਲ ਸਿੱਖੀ ਦੀ ਕਦਰ ਕਰਨ ਵਾਲਿਆਂ ਦੇ ਇਕ ਹਿੱਸੇ ਨੇ ਇਸ ਮਸਲੇ ਨੂੰ ਭਖਾਇਆ ਹੈ, ਉਸ ਨਾਲ ਸਿਵਾਏ ਪ੍ਰੋਗਰਾਮ ਦੀ ਟੀ.ਆਰ.ਪੀ. ਵਧਣ ਤੋਂ ਕੋਈ ਫ਼ਰਕ ਨਹੀਂ ਪੈਣ ਲੱਗਾ। ਵਧ ਤੋਂ ਵਧ ਕੀ ਹੋਵੇਗਾ, ਜੱਜ ਮਾਫ਼ੀ ਮੰਗ ਲਵੇਗਾ ਤੇ ਸਿੱਖੀ ਦੇ ਪ੍ਰਸਾਰ ਲਈ 'ਵਚਨਬੱਧ' ਲੋਕਾਂ ਦੀਆਂ ਛਾਤੀਆਂ ਫੁੱਲ ਜਾਣਗੀਆਂ। ਜ਼ਰਾ ਡੂੰਘਾਈ ਨਾਲ ਸੋਚੋ, ਸਿੱਖੀ ਨੂੰ ਢਾਹ ਕੌਣ ਲਾ ਰਿਹੈ? ਸਿੱਖੀ ਨੂੰ ਢਾਹ ਕਦੋਂ ਤੋਂ ਲੱਗਣੀ ਸ਼ੁਰੂ ਹੋਈ? ਕਿਹੜੇ ਕਾਰਨਾਂ ਕਰਕੇ ਲੋਕ ਮਾਨਸਿਕਤਾ ਸਿਰਫ਼ 'ਸਿੱਖ' ਸ਼ਬਦ ਦੇ ਉਚਾਰਣ ਤੱਕ ਸੀਮਤ ਹੋ ਕੇ ਰਹਿ ਗਈ ਤੇ ਸਿੱਖੀ ਦਾ ਸਿਧਾਂਤ ਹੌਲੀ-ਹੌਲੀ ਲੀਹੋਂ ਕਿਉਂ ਲਹਿੰਦਾ ਜਾ ਰਿਹੈ?

ਕਈਆਂ ਨੂੰ ਇਹ ਸ਼ਬਦ ਕੌੜੇ ਲੱਗਣਗੇ ਪਰ ਅਸਲੀਅਤ ਹੈ ਕਿ ਸਿੱਖੀ ਦੀ ਨੀਂਹ ਏਨੀ ਕਮਜ਼ੋਰ ਨਹੀਂ, ਜੋ ਇਕ-ਦੋ ਜਾਂ ਪੰਜਾਹ-ਸੌ ਗਲੋਂ ਊਲ-ਜਲੂਲ ਬੋਲਣ ਨਾਲ ਹਿੱਲ ਜਾਵੇਗੀ। ਜਿਨ੍ਹਾਂ ਨੂੰ ਪਲੀਤ ਹੁੰਦੀ ਜਾ ਰਹੀ ਸਿੱਖੀ ਦਾ ਫ਼ਿਕਰ ਸਤਾ ਰਿਹੈ, ਉਹ ਇਸ ਸਭ ਲਈ ਬਾਦਲ ਲਾਣੇ ਨੂੰ ਜ਼ਿੰਮੇਵਾਰ ਐਲਾਨਣ, ਨਾ ਕਿ ਰਿਐਲਟੀ ਸ਼ੋਆਂ 'ਚ ਫ਼ੈਸਲੇ ਸੁਣਾਉਣ ਵਾਲਿਆਂ ਨੂੰ। ਸਿੱਖੀ ਦਾ ਘਾਣ ਤਾਂ ਉਦੋਂ ਤੋਂ ਹੋਣਾ ਸ਼ੁਰੂ ਹੋਇਐ, ਜਦੋਂ ਤੋਂ ਸਿਆਸਤ ਨੇ ਧਰਮ ਅੰਦਰ ਘੁਸਪੈਠ ਕੀਤੀ ਏ। ਅੱਜ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਰਚੀ ਬਾਦਲਾਂ ਦੇ ਬੋਝੇ 'ਚੋਂ ਨਿਕਲਦੀ ਏ, ਸਿਰਸੇ ਵਾਲੇ ਪਾਖੰਡੀ ਗੁਰੂ ਗੋਬਿੰਦ ਦੀਆਂ ਨਕਲਾਂ ਕਰਕੇ ਜੈਡ ਪਲੱਸ ਸਕਿਉਰਟੀ ਦੇ ਪਰਛਾਵੇਂ 'ਚ ਫਿਰ ਰਹੇ ਨੇ, ਲੀਡਰਾਂ ਦੇ ਥਾਪੜੇ ਨਾਲ ਡੇਰਿਆਂ ਦੀ ਗਿਣਤੀ ਸਕੂਲਾਂ ਨਾਲੋਂ ਵੱਡੀ ਹੁੰਦੀ ਜਾ ਰਹੀ ਏ, ਸ਼੍ਰੋਮਣੀ ਕਮੇਟੀ ਮੈਂਬਰ ਇਖ਼ਲਾਕ ਤੋਂ ਡਿੱਗੇ ਕਾਰੇ ਕਰ ਰਹੇ ਨੇ, ਅਕਾਲ ਤਖ਼ਤ 'ਤੇ ਬੈਠ ਕੇ ਨਾਦਰਸ਼ਾਹੀ ਫ਼ੁਰਮਾਨ ਸੁਣਾਏ ਜਾਂਦੇ ਨੇ ਤੇ ਫ਼ਿਰਕਾਪ੍ਰਸਤੀ ਦੇ ਰੰਗ 'ਚ ਰੰਗੇ ਲੋਕ ਗੁਰੂ ਗ੍ਰੰਥ ਸਾਹਿਬ ਦੀ ਥਾਂ ਆਪੋ-ਆਪਣੇ ਗ੍ਰੰਥਾਂ ਦਾ ਪ੍ਰਕਾਸ਼ ਕਰਨ ਲੱਗੇ ਨੇ ਤਾਂ ਇਕੱਲੇ ਬਿਆਨ ਲਵਾਉਣ ਜਾਂ ਰੌਲਾ ਪਾਉਣ ਨਾਲ ਵਿਗੜੇ ਮਸਲੇ ਹੱਲ ਨਹੀਂ ਹੋਣੇ, ਇਨ੍ਹਾਂ ਸਭ ਹਾਲਤਾਂ ਦੇ ਪਿਛੋਕਤ ਵਲ ਝਾਤ ਮਾਰਨੀ ਚਾਹੀਦੀ ਹੈ।

ਥੋੜ੍ਹੇ ਸਾਲ ਪਹਿਲਾਂ 'ਜੋ ਬੋਲੇ ਸੋ ਨਿਹਾਲ' ਫ਼ਿਲਮ ਰਿਲੀਜ਼ ਹੋਈ ਸੀ, ਜਿਸ ਵਿਚ ਸਿੱਖਾਂ ਦਾ




ਅਕਸ ਵਿਗਾੜਨ ਵਾਲੇ ਕੁਝ ਡਾਇਲਾਗ ਸਨ। ਰੋਹ 'ਚ ਆਈਆਂ ਸਿੱਖ ਜਥੇਬੰਦੀਆਂ ਨੇ ਅੰਮ੍ਰਿਤਸਰ ਦਾ ਇਕ ਸਿਨੇਮਾ ਭੰਨ ਕੇ ਭੜਾਸ ਕੱਢੀ। ਕਿਸੇ ਨੇ ਪਲ ਭਰ ਲਈ ਵੀ ਨਾ ਸੋਚਿਆ ਕਿ ਇਸ ਸਭ ਲਈ ਸਿਨੇਮਾ ਮਾਲਕ ਦਾ ਕੀ ਕਸੂਰ? ਜੀਹਨੇ ਫ਼ਿਲਮ ਬਣਾਈ, ਉਹਨੇ ਰੌਲਾ ਪੈਣ 'ਤੇ ਇਤਰਾਜ਼ ਵਾਲੇ ਦ੍ਰਿਸ਼ਾਂ 'ਤੇ ਕੈਂਚੀ ਫੇਰ ਦਿੱਤੀ ਤੇ ਵਿਚਾਰਾ ਸਿਨੇਮਾ ਮਾਲਕ ਖ਼ੁਦ ਨੂੰ ਲੁੱਟਿਆ-ਪੁੱਟਿਆ ਮਹਿਸੂਸ ਕਰਦਾ ਰਿਹਾ। ਕਦੇ ਸ਼੍ਰੋਮਣੀ ਕਮੇਟੀ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਨਹੀਂ ਕੀਤਾ ਕਿ ਸਿਨੇਮੇ ਵਾਲੇ ਨਾਲ ਧੱਕਾ ਹੋਇਐ।

ਜਦੋਂ ਵੀਆਨਾ ਵਿਚ ਬੱਲਾਂ ਵਾਲੇ ਸੰਤਾਂ ਦੀ ਗੋਲੀ ਨਾਲ ਮੌਤ ਹੋ ਗਈ ਤਾਂ ਪੂਰੇ ਪੰਜਾਬ 'ਚ ਅੱਗਾਂ ਬਲਣ ਲੱਗੀਆਂ। ਦੁਆਬਾ ਤਾਂ ਕਰਫ਼ਿਊ ਦਾ ਸ਼ਿਕਾਰ ਵੀ ਹੋ ਗਿਆ। ਗੁਰੂ ਰਵਿਦਾਸ ਦੀ ਸੰਗਤ ਦੇ ਹੱਥਾਂ 'ਚ ਲਿਸ਼ਕਦੀਆਂ ਤਲਵਾਰਾਂ, ਹਾਕੀਆਂ, ਡਾਂਗਾਂ ਤੇ ਕਿਰਚਾਂ ਸਨ ਤੇ ਉਹ ਆਪਣੀ ਭੜਾਸ ਨਿਹੱਥਿਆਂ ਦੇ ਪੁੜੇ ਸੇਕ-ਸੇਕ ਕੱਢ ਰਹੇ ਸਨ। ਬੱਸਾਂ, ਟਰੱਕ, ਕੈਂਟਰ, ਮੋਟਰ ਸਾਈਕਲ ਸਾੜੇ ਜਾ ਰਹੇ ਸਨ, ਦੁਕਾਨਾਂ ਦੇ ਸ਼ੀਸ਼ੇ ਭੰਨੇ ਜਾ ਰਹੇ ਸਨ। ਗੋਲਗੱਪਿਆਂ ਵਾਲੀਆਂ ਰੇਹੜੀਆਂ ਲੁੱਟੀਆਂ ਜਾ ਰਹੀਆਂ ਸਨ, ਖਰਬੂਜੇ ਲੁੱਟੇ ਜਾ ਰਹੇ ਸਨ, ਸ਼ਰਾਬ ਦੇ ਠੇਕੇ ਲੁੱਟ ਕੇ ਮਸਤੀ ਕੀਤੀ ਜਾ ਰਹੀ ਸੀ। ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਧਰਮ 'ਤੇ ਹੋਏ ਹਮਲੇ ਤੋਂ ਬਾਅਦ ਇਹ ਮੂਰਖਪੁਣਾ ਕਿਉਂ ਦਿਖਾਇਆ ਜਾ ਰਿਹੈ? ਵੀਆਨਾ ਵਿਚ ਵਾਪਰੀ ਘਟਨਾ ਦਾ ਬਦਲਾ ਇੱਥੋਂ ਦੇ ਲੋਕਾਂ ਦੀਆਂ ਗੱਡੀਆਂ ਭੰਨ ਕੇ ਕਿਉਂ ਲਿਆ ਜਾ ਰਿਹੈ, ਇਨ੍ਹਾਂ ਵਿਚਾਰਿਆਂ 'ਚੋਂ ਪਤਾ ਨਹੀਂ ਕਿੰਨਿਆਂ ਨੇ ਜ਼ਮੀਨਾਂ ਵੇਚ ਕੇ ਜਾਂ ਕਿਸ਼ਤਾਂ 'ਤੇ ਗੱਡੀਆਂ ਲਈਆਂ ਹੋਣਗੀਆਂ।

ਕਹਿਣ ਦਾ ਭਾਵ ਧਰਮ ਨੂੰ ਖ਼ਤਰਾ ਬਾਹਰਲਿਆਂ ਤੋਂ ਨਹੀਂ, ਆਪਣਿਆਂ ਤੋਂ ਹੀ ਹੈ। ਪਿੱਛੇ ਜਿਹੇ ਸ਼੍ਰੋਮਣੀ ਕਮੇਟੀ ਵਲੋਂ ਪੰਥ 'ਚੋਂ ਛੇਕਿਆਂ ਨੂੰ ਘਰ ਵਾਪਸੀ ਦਾ ਮੌਕਾ ਦਿੱਤਾ ਗਿਆ ਸੀ, ਪਰ ਕਿਸੇ ਨੇ ਭੁੱਲ ਨਾ ਬਖ਼ਸ਼ਾਈ, ਕਿਉਂਕਿ ਸਭ ਦੀ ਸ਼ਰਧਾ ਸਿੱਖਾਂ ਦੀ ਸੁਪਰੀਮ ਕੋਰਟ ਵਿਚ ਹੈ, ਇਸਦੇ ਆਪੂੰ ਬਣੇ ਜੱਜਾਂ ਵਿਚ ਨਹੀਂ।

ਸਾਡੇ ਸੁਭਾਅ ਵਿਚ ਸਿਰਫ਼ ਰੌਲਾ ਪਾਉਣਾ ਰਹਿ ਗਿਐ। ਸਿਆਣਿਆਂ ਦਾ ਕਹਿਣਾ ਹੈ ਕਿ ਜ਼ਿਦ ਕਰਨ ਜਾਂ ਉੱਚੀ ਬੋਲਣ ਨਾਲ ਮਸਲੇ ਹੱਲ ਨਹੀਂ ਹੁੰਦੇ। ਸਾਡੀਆਂ ਡੋਰਾਂ ਲੀਡਰਾਂ ਦੇ ਹੱਥਾਂ 'ਚ ਨੇ, ਉਹ ਜਦੋਂ-ਜਦੋਂ ਤੁਣਕਾ ਮਾਰਦੇ ਨੇ, ਸਾਨੂੰ ਆਪਣੀ ਹੈਸੀਅਤ ਚੇਤੇ ਆਉਣ ਲਗਦੀ ਹੈ। ਅਸੀਂ ਸਭ ਧਰਮਾਂ ਦੀ ਕਦਰ ਕਰਨ ਦੀ ਗੱਲ ਕਰਦੇ ਹਾਂ, ਪਰ ਦੂਜੇ ਮਜ਼ਹਬ ਦੇ ਧਾਰਮਿਕ ਸਥਾਨ 'ਤੇ ਜਾਣ ਨੂੰ ਭਿੱਟੇ ਜਾਣ ਸਮਾਨ ਸਮਝਦੇ ਹਾਂ। ਇਹ ਨਫ਼ਰਤਾਂ ਸਾਡੇ ਖ਼ੂਨ 'ਚ ਸ਼ਾਮਲ ਹੋ ਚੁੱਕੀਆਂ ਨੇ। ਗੁਰੂ ਸਾਹਿਬਾਨ ਨੇ ਸਾਨੂੰ ਏਕੇ ਦਾ ਪਾਠ ਪੜ੍ਹਾਇਆ ਸੀ, ਵੰਡ ਖਾਣ ਦੀ ਗੱਲ ਆਖੀ ਸੀ। ਇਨਸਾਨੀਅਤ ਦੇ ਪੁੰਜ ਬਣਨ ਲਈ ਕਿਹਾ ਸੀ ਪਰ ਜ਼ਮੀਰ ਦੀ ਸੌਂਹ ਖਾ ਕੇ ਦੱਸੋ, ਕਿੰਨੇ ਕੁ ਜਣੇ ਇਨ੍ਹਾਂ ਸਿਖਿਆਵਾਂ 'ਤੇ ਖਰੇ ਉਤਰ ਰਹੇ ਨੇ।

ਪਿੱਛੇ ਜਿਹੇ ਇਕ ਚੈਨਲ 'ਤੇ ਚਲਦੇ ਪ੍ਰੋਗਰਾਮ 'ਚ ਕ੍ਰਿਕਟਰ ਹਰਭਜਨ ਸਿੰਘ ਨੇ ਕਿਹਾ ਸੀ ਕਿ ਪੰਜਾਬ ਦਾ ਲੋਕ ਨਾਚ ਭੰਗੜਾ ਤਾਂ ਲੰਗੜਾ ਹੈ। ਉਹਨੇ 'ਲੰਗੜੇ' ਦਾ ਕਾਰਨ ਸਪੱਸ਼ਟ ਕਰਦਿਆਂ ਕਿਹਾ ਸੀ ਕਿ ਇਹ ਇਕ ਲੱਤ 'ਤੇ ਪਾਇਆ ਜਾਂਦੈ, ਏਸ ਕਰਕੇ ਲੰਗੜਾ ਏ। ਅਗਲੇ ਦਿਨ ਭੰਗੜੇ ਦੀਆਂ ਕਈ ਟੀਮਾਂ ਨੇ ਉਹਦੇ ਘਰ ਮੂਹਰੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਸਨ ਕਿ ਇੰਜ ਕਹਿਣ ਨਾਲ ਸਾਡੇ ਲੋਕ ਨਾਚ ਦੀ ਬੇਇੱਜ਼ਤੀ ਹੋਈ ਏ।

ਕਿੰਨੀ ਛੋਟੀ ਸੋਚ ਦੇ ਹਨ ਇਹ ਲੋਕ। ਰੌਲਾ ਪਾਉਣ ਵਾਲੇ ਇਹ ਨਹੀਂ ਸੋਚਦੇ ਕਿ ਜੇ ਸਮੁੰਦਰ ਵਿਚ ਦੋ ਕਿੱਲੋ ਖੰਡ ਪਾਉਣ ਨਾਲ ਉਸ ਦਾ ਖਾਰਾਪਣ ਨਹੀਂ ਘਟਦਾ ਤਾਂ ਅਣਜਾਣਪੁਣੇ 'ਚ ਉਲਟ ਧਾਰਾ ਵਾਲਾ ਸ਼ਬਦ ਮੂੰਹੋਂ ਨਿਕਲਣ ਨਾਲ ਕਿਸੇ ਖੇਤਰ ਦਾ ਨੁਕਸਾਨ ਕਿਵੇਂ ਹੋ ਸਕਦੈ? ਜਦੋਂ ਹਰਭਜਨ ਤੋਂ ਇਕ ਵੀ ਵਿਕਟ ਨਹੀਂ ਲਈ ਜਾਂਦੀ, ਜੇ ਉਦੋਂ ਸਾਡੇ ਮੁਲਕ ਦਾ ਨੱਕ ਨਹੀਂ ਵੱਢਿਆ ਜਾਂਦਾ ਤਾਂ ਦੋ ਸ਼ਬਦ ਉਲਟ ਬੋਲਣ ਨਾਲ ਭੰਗੜੇ ਦਾ ਅਕਸ ਕਿਵੇਂ ਧੁੰਦਲਾ ਹੋ ਸਕਦੈ?

ਮੁੱਕਦੀ ਗੱਲ ਕਿ ਇਨਸਾਨ ਦਾ ਧਰਮ ਇਨਸਾਨੀਅਤ ਹੋਣਾ ਚਾਹੀਦੈ। ਗੁਰੂ ਗ੍ਰੰਥ ਸਾਹਿਬ ਵਿਚ ਸਭਨਾਂ ਗੁਰੂ ਸਾਹਿਬਾਨ, ਭਗਤਾਂ ਤੇ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ ਤੇ ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਬੰਦਾ ਬੰਦੇ ਦੇ ਖ਼ੂਨ ਦਾ ਪਿਆਸਾ ਹੋਵੇ। ਜਿਹੜੇ ਲੋਕਾਂ ਨੂੰ ਆਪਣੇ ਧਰਮ 'ਤੇ ਹੋ ਰਹੇ ਹਮਲਿਆਂ ਦੀ ਚਿੰਤਾ ਹੈ, ਉਹ ਬਰੀਕੀ ਨਾਲ ਸੋਚਣ ਕਿ ਇਸ ਸਭ ਲਈ ਅਸਲੀ ਗੁਨਾਹਗਾਰ ਕੌਣ ਏ? ਕਿਸੇ ਖ਼ਿਲਾਫ਼ ਚਾਰ ਦਿਨ ਆਵਾਜ਼ ਉੱਚੀ ਕਰਕੇ ਜਾਂ ਅਖ਼ਬਾਰਾਂ 'ਚ ਬਿਆਨ ਲਵਾਉਣ ਨਾਲ ਸਿੱਖੀ ਨੂੰ ਪ੍ਰਫੁੱਲਤ ਨਹੀਂ ਕੀਤਾ ਜਾ ਸਕਦਾ। ਇਹ ਸਭ ਤਾਂ ਹੀ ਹੋ ਸਕਦਾ ਹੈ, ਜੇ ਅਸੀਂ ਆਪਣੇ ਅੰਦਰ ਨੂੰ ਸਵੱਛ ਕਰਾਂਗੇ। ਧਰਮ ਨੂੰ ਹਰ ਝਗੜੇ ਦੀ ਜੜ੍ਹ ਨਹੀਂ ਬਣਾਉਣਾ ਚਾਹੀਦਾ ਤੇ ਨਾ ਹੀ ਧਰਮ ਦੀ ਰੱਖਿਆ ਦੇ ਨਾਂ 'ਤੇ ਨਿਰਦੋਸ਼ਾਂ ਵਲ ਤਲਵਾਰਾਂ ਲਹਿਰਾਉਣੀਆਂ ਚਾਹੀਦੀਆਂ ਨੇ। ਧਰਮ ਦੇ ਨਾਂ 'ਤੇ ਹੁੰਦੀ ਗੁੰਡਾਗਰਦੀ ਨੂੰ ਨੱਥ ਪਾਉਣ ਦੀ ਲੋੜ ਹੈ ਤਾਂ ਹੀ ਸਾਡੇ ਧਰਮ ਦੀ ਸੁੱਚਤਾ ਬਰਕਰਾਰ ਰਹਿ ਸਕੇਗੀ।

*ਫੋਨ:91-98141-78883

---

# ਇਕ ਅਪੀਲ ਵੀਲ੍ਹ ਚੇਅਰ ਤੋਂ

*ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਵਿਚ ਕਬੱਡੀ ਖਿਡਾਰਨ ਜਸਪ੍ਰੀਤ ਕੌਰ ਬਾਰੇ ਲੇਖ ਛਪਣ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਦੇ ਫੋਨ ਆਏ ਕਿ ਉਸ ਦਾ ਫੋਨ ਨੰਬਰ ਵਗੈਰਾ ਦਿਤਾ ਜਾਵੇ ਤਾਂ ਜੋ ਉਸ ਦੀ ਕਿਸੇ ਤਰੀਕੇ ਨਾਲ ਮਦਦ ਕੀਤੀ ਜਾ ਸਕੇ। ਇਨ੍ਹਾਂ ਵਿਚ ਜਸਪ੍ਰੀਤ ਨਾਲ ਖੁਦ ਕਬੱਡੀ ਖੇਡਦੀ ਰਹੀ ਸਿਮਰਨ ਦਾ ਵੀ ਇੰਡੀਅਨਐਪੋਲਿਸ ਤੋਂ ਫੋਨ ਆਇਆ। ਉਹ ਵੀ ਉਸਦੀ ਕੁਝ ਮਦਦ ਕਰਨੀ ਚਾਹੁੰਦੀ ਹੈ ਜਦੋਂ ਕਿ ਖੁਦ ਆਪ ਉਹ ਮੁਸੀਬਤ ਵਿਚ ਹੈ ਅਤੇ ਜੁਆਨ ਪੁਤਰ ਦੀ ਮੌਤ ਦਾ ਸਦਮਾ ਸਹਿਣ ਪਿਛੋਂ ਕੈਂਸਰ ਦੀ ਮਰੀਜ਼ ਹੈ। ਜੋ ਕੁਝ ਜਸਪ੍ਰੀਤ ਨਾਲ ਕਬੱਡੀ ਵਿਸ਼ਵ ਕੱਪ ਵੇਲੇ ਹੋਇਆ, ਉਹ ਜਾਣ ਕੇ ਤਾਂ ਦਿਲ ਦੁਖੀ ਹੋਇਆ ਹੀ, ਨਾਲ ਹੀ ਇਸ ਗੱਲ ਦਾ ਵੀ ਗਿਲਾ ਮਨ ਵਿਚ ਆਇਆ ਕਿ ਪ੍ਰਦੇਸਾਂ ਵਿਚ ਹਰ ਸਾਲ ਲੱਖਾਂ ਡਾਲਰ ਕਬੱਡੀ ਮੇਲਿਆਂ ਤੇ ਖਰਚੇ ਜਾਂਦੇ ਹਨ ਪਰ ਜਸਪ੍ਰੀਤ ਜਾਂ ਸਿਮਰਨ ਵਰਗੇ ਖਿਡਾਰੀਆਂ ਦੀ ਸਾਰ ਕੌਣ ਲਵੇਗਾ?-ਸੰਪਾਦਕ*

"ਜ਼ਿੰਦਗੀ ਕੀ ਤਲਾਸ਼ ਮੇ ਨਿਕਲੇ ਥੇ ਹਮ, ਮੌਤ ਕੇ ਕਿਤਨੇ ਕਰੀਬ ਆ ਗਏ ਹਮ" ਇਹ ਗੀਤ ਕਬੱਡੀ ਖਿਡਾਰਨ ਜਸਪ੍ਰੀਤ ਕੌਰ ਦੇ ਫੋਨ ਨੰਬਰ 99152-74226 ਦੀ ਹੈਲੋ ਟਿਊਨ ਹੈ। ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਛਪੀ ਮੇਰੀ ਰਿਪੋਰਟ "ਇਕ ਰੇਡ ਵੀਲ੍ਹ ਚੇਅਰ 'ਤੇ" ਦੀ ਮੁੱਖ ਪਾਤਰ ਜਸਪ੍ਰੀਤ ਕੌਰ ਬਾਰੇ ਜਾਣਕਾਰੀ ਹਾਸਲ ਕਰਨ ਲਈ ਕਈ ਪਾਠਕਾਂ ਨੇ ਈ-ਮੇਲਾਂ

## ਹੁੰਗਾਰਾ ਪਾਠਕਾਂ ਦਾ

ਕੀਤੀਆਂ। ਪੰਜਾਬ ਟਾਈਮਜ਼ ਦੇ ਦਫ਼ਤਰ ਵਿਚ ਵੀ ਫੋਨ ਕਾਲਾਂ ਦੀ ਲੰਮੀ ਕਤਾਰ ਲੱਗੀ ਰਹੀ ਕਿ ਇਸ ਖਿਡਾਰਨ ਨਾਲ ਅਸੀਂ ਸੰਪਰਕ ਕਰਨਾ ਚਾਹੁੰਦੇ ਹਾਂ, ਉਸ ਦੀ ਮਦਦ ਕਰਨੀ ਚਾਹੁੰਦੇ ਹਾਂ। ਇਹ ਖਿਡਾਰਨ ਜ਼ਿਲਾ ਫਰੀਦਕੋਟ ਦੇ ਪਿੰਡ ਨਵਾਂ ਕਿਲਾ ਵਿਚ ਰਹਿੰਦੀ ਹੈ। ਇਹ ਖਿਡਾਰਨ ਵੀ ਉਨ੍ਹਾਂ ਅਨੇਕਾਂ ਖਿਡਾਰੀਆਂ ਵਿਚੋਂ ਇਕ ਹੈ ਜਿਹੜੇ ਲਾਲ ਬੱਤੀ ਵਾਲੀਆਂ ਗੱਡੀਆਂ ਦੀ ਧੂੜ ਵਿਚ ਅਜਿਹੇ ਗਵਾਚੇ ਕਿ ਮੁੜ ਨਹੀਂ ਲੱਭੇ।

ਮੈਂ ਜਦੋਂ ਵਿਸ਼ਵ ਕਬੱਡੀ ਦਾ ਫਾਈਨਲ ਕਵਰ ਕਰ ਰਿਹਾ ਸੀ ਤਾਂ ਅਖ਼ਬਾਰ ਦੇ ਦਫ਼ਤਰ ਤੋਂ ਵਾਰ ਵਾਰ ਫੋਨ ਆ ਰਹੇ ਸਨ ਕਿ ਖ਼ਬਰ ਜਲਦੀ ਭੇਜੀ ਜਾਵੇ ਤਾਂ ਕਿ ਖ਼ਬਰ ਪਹਿਲੇ ਅਡੀਸ਼ਨ ਵਿਚ ਲਾਈ ਜਾ ਸਕੇ। ਕਬੱਡੀ ਖਿਡਾਰਨ ਜਸਪ੍ਰੀਤ ਕੌਰ ਦੀ ਹਾਲਤ ਵੇਖ ਕੇ ਮੇਰਾ ਮਨ ਰੋ ਪਿਆ। ਉਸ ਸਮੇਂ ਮੇਰਾ ਮਨ ਕਰ ਰਿਹਾ ਸੀ ਕਿ ਅਖ਼ਬਾਰ ਲਈ ਫਾਈਨਲ ਮੈਚ ਦੀ ਰਿਪੋਰਟ ਭੇਜਣ ਤੋਂ ਪਹਿਲਾਂ ਜਸਪ੍ਰੀਤ ਕੌਰ ਦੀ ਹਾਲਤ ਬਾਰੇ ਲਿਖਾਂ। ਇਹ ਕਹਾਣੀ ਕਈ ਦਿਨ ਮੇਰੇ ਮਨ ਅੰਦਰ ਘੋਰੂ ਪਾਉਂਦੀ ਰਹੀ, ਸੁਲਘਦੀ ਰਹੀ। ਫਿਰ ਇਕ ਦਿਨ ਪਟਿਆਲੇ ਤੋਂ ਮੇਰੇ ਕਰੀਬੀ ਦੋਸਤ ਡਾ. ਸੁਖਦਰਸ਼ਨ ਸਿੰਘ ਚਹਿਲ ਦਾ ਫੋਨ ਆਇਆ ਕਿ ਵਿਸ਼ਵ ਕੱਪ ਬਾਰੇ "ਕਰੋੜਾਂ ਦੀ ਕਬੱਡੀ" ਕਿਤਾਬ ਲਿਖਣ ਦੀ ਯੋਜਨਾ ਹੈ। ਇਸ ਸੁਝਾਅ ਨੇ ਉਸ ਕਹਾਣੀ ਨੂੰ ਫਿਰ ਝੰਜੋੜਿਆ ਅਤੇ ਇਹ ਭਾਂਬੜ ਬਣ ਕੇ ਇਸ ਕਿਤਾਬ ਦਾ ਹਿੱਸਾ ਬਣੀ। ਕਿਤਾਬ ਮਾਰਕਿਟ ਵਿਚ ਆਈ ਅਤੇ ਜਸਪ੍ਰੀਤ ਨੂੰ ਵੀ ਫੋਨ ਆਏ। ਇਸ ਕਹਾਣੀ ਨੇ ਉਸ ਖਿਡਾਰਨ ਦੇ ਜ਼ਖ਼ਮ ਮੁੜ ਹਰੇ ਕਰ ਦਿੱਤੇ।



ਕਬੱਡੀ ਲਈ ਆਪਾ ਵਾਰਨ ਵਾਲੀ ਵ੍ਹੀਲ ਚੇਅਰ 'ਤੇ ਬੈਠੀ ਜਸਪ੍ਰੀਤ ਕੌਰ ਲੁਧਿਆਣਾ ਵਿਖੇ ਆਪਣੀ ਮਾਤਾ ਤੇ ਭੈਣ ਨਾਲ ਖਿਤਾਬੀ ਜੰਗ ਦਾ ਅਨੰਦ ਮਾਣਦੀ ਹੋਈ

ਜਸਪ੍ਰੀਤ ਨੇ ਦੱਸਿਆ, "ਵੀਰ ਜੀ, ਮੈਂ ਇਹ ਕਹਾਣੀ ਪੜ੍ਹ ਕੇ ਬਹੁਤ ਰੋਈ।"

ਮੈਂ ਪੰਜਾਬ ਟਾਈਮਜ਼ ਦਾ ਰਿਣੀ ਹਾਂ ਜਿਸ ਨੇ ਸੱਚੀ ਕਹਾਣੀ ਨੂੰ ਸੂਝਵਾਨ ਸਰੋਤਿਆਂ ਤੱਕ ਪਹੁੰਚਾਇਆ। ਪਰਵਾਸੀ ਵੀਰ ਜਸਪ੍ਰੀਤ ਨੂੰ ਮੁੜ ਖੇਡਣ ਜੋਗੀ ਤਾਂ ਨਹੀਂ ਬਣਾ ਸਕਦੇ ਪਰ ਉਨ੍ਹਾਂ ਦਾ ਇਕ ਹੰਭਲਾ ਇਸ ਖਿਡਾਰਨ ਦੇ ਉਹ ਸੁਪਨੇ ਪੂਰੇ ਕਰ ਸਕਦਾ ਹੈ ਜਿਹੜੇ ਉਸ ਨੇ ਕਬੱਡੀ ਦੇ ਸਿਰ 'ਤੇ ਸੰਜੋਏ ਸਨ। ਸ਼ਾਲਾ! ਜਸਪ੍ਰੀਤ ਦੇ ਫੋਨ ਦੀ ਹੈਲੋ ਟਿਊਨ ਬਦਲ ਕੇ ਕੋਈ ਖ਼ੁਸ਼ੀ ਵਾਲਾ ਗੀਤ ਬਣ ਜਾਏ।

**-ਸੁਖਵੀਰ ਗਰੇਵਾਲ**
**ਫੋਨ: 403-719-4634**
e-mail: sukhsports@gmail.com

### ਈਮੇਲ ਰਾਹੀਂ ਆਏ ਕੁਝ ਸੁਨੇਹੇ

ਪੰਜਾਬ ਟਾਈਮਜ਼ ਵਿਚ ਸੁਖਬੀਰ ਜੀ ਤੁਹਾਡਾ ਲੇਖ ਪੜ੍ਹਿਆ, "ਇਕ ਰੇਡ ਵੀਲ੍ਹ ਚੇਅਰ 'ਤੇ"। ਜੇ ਹੋ ਸਕੇ ਤਾਂ ਕਬੱਡੀ ਖਿਡਾਰਨ ਜਸਪ੍ਰੀਤ ਬਾਰੇ ਸੰਪਰਕ ਜਾਣਕਾਰੀ-ਪਤਾ, ਫੋਨ ਨੰਬਰ ਦਿਓ ਤਾਂ ਜੋ ਅਸੀਂ ਉਨ੍ਹਾਂ ਦੀ ਮਦਦ ਕਰ ਸਕੀਏ। ਇੰਡੀਆ ਜਾਣਾ ਹੈ, ਉਨ੍ਹਾਂ ਨੂੰ ਜਰੂਰ ਮਿਲ ਕੇ ਆਵਾਂਗੇ।

***ਇਰਵਿਨਪ੍ਰੀਤ ਸਿੰਘ, ਕੈਲੀਫੋਰਨੀਆ***

—

ਕਬੱਡੀ ਖਿਡਾਰਨ ਜਸਪ੍ਰੀਤ ਕੌਰ ਬਾਰੇ ਤੁਹਾਡਾ ਲੇਖ ਪੜ੍ਹਿਆ। ਅਗਰ ਉਸ ਦਾ ਕੋਈ ਫੋਨ ਨੰਬਰ ਦੇ ਸਕੋ ਤਾਂ ਜਰੂਰ ਦਿਓ ਤਾਂਕਿ ਅਸੀਂ ਉਨ੍ਹਾਂ ਦੀ ਕਿਸੇ ਤਰ੍ਹਾਂ ਨਾਲ ਮਦਦ ਕਰ ਸਕੀਏ। ਮੈਂ ਵੀ ਇਕ ਕਬੱਡੀ ਖਿਡਾਰੀ ਹਾਂ ਅਤੇ ਕੁਲ ਹਿੰਦ ਅੰਤਰਯੂਨੀਵਰਸਿਟੀ ਗੋਲਡ ਮੈਡਲਿਸਟ ਹਾਂ ਅਤੇ ਉਸ ਦਾ ਦਰਦ ਸਮਝ ਸਕਦਾ ਹਾਂ।

***ਕਸ਼ਮੀਰ ਸਿੰਘ***

—

ਸੁਖਬੀਰ ਬਾਈ ਜੀ ਪੰਜਾਬ ਟਾਈਮਜ਼ ਵਿਚ ਤੁਹਾਡਾ ਜਸਪ੍ਰੀਤ ਬਾਰੇ ਲਿਖਿਆ ਲੇਖ ਪੜ੍ਹਿਆ ਤਾਂ ਦਿਲ ਬਹੁਤ ਉਦਾਸ ਹੋ ਗਿਆ ਅਤੇ ਸਭ ਤੋਂ ਵੱਧ ਦੁਖ ਇਹ ਪੜ੍ਹ ਕੇ ਹੋਇਆ ਕਿ ਸਾਡੇ ਬਣਾਏ ਲੀਡਰ ਸਾਡੇ ਨਾਲ ਇਸ ਤਰ੍ਹਾਂ ਦੀ ਮਜ਼ਾਕ ਕਰ ਸਕਦੇ ਹਨ।

ਮੈਂ ਇੰਡੀਆ ਤੋਂ ਮੁਕਤਸਰ ਤੋਂ ਹਾਂ ਅਤੇ ਨਿਊ ਯਾਰਕ ਰਹਿੰਦਾ ਹਾਂ। ਅਸੀਂ ਜਸਪ੍ਰੀਤ ਦੀ ਕੁਝ ਹੈਲਪ ਕਰਨੀ ਚਾਹੁੰਦਾ ਹਾਂ। ਕਿਰਪਾ ਕਰ ਕੇ ਤੁਸੀਂ ਦੱਸੋ ਕਿ ਉਸ ਦੀ ਹੈਲਪ ਕਿਸ ਤਰ੍ਹਾਂ ਕਰ ਸਕਦੇ ਹਾਂ।

***ਚੰਨੀ ਸਿੰਘ, ਨਿਊ ਯਾਰਕ***
***ਫੋਨ: 917 215 7898***

# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।




ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

## Surajvanshi Pharmacy (R)

MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# DOT Physical Exams Only $60

## Absolutely No Waiting

ਟਰੱਕਰ ਵੀਰਾਂ ਦੇ ਧਿਆਨਯੋਗ
ਫਿਜ਼ੀਕਲ ਐਗਜ਼ਾਮ ਲਈ ਤੁਸੀਂ ਕਲੀਨਿਕ ਆਓ, ਸਿਰਫ 20 ਮਿੰਟ ਵਿਚ ਫਾਰਗ ਕਰਾਂਗੇ
ਅੱਜ ਹੀ ਆਪਣੀ ਅਪੁਆਇੰਟਮੈਂਟ ਬਣਾਓ



ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ
ਫੋਨ: 209-464-7738

ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ
ਫੋਨ: 209-464-7738

2531 N. California Street
(North California St. & Ellis St.
Stockton, CA 95204-5501

ਸਾਡੀ ਕਲੀਨਿਕ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

## ਪੰਜਾਬੀ ਹਮੇਸ਼ਾ ਯਾਦ ਰੱਖਣਗੇ ਵਰਿੰਦਰ ਨੂੰ

-ਚੰਦੀਪ ਭੱਲਾ



ਪੰਜਾਬੀ ਫਿਲਮ ਜਗਤ 'ਚ ਕਈ ਇਸ ਤਰ੍ਹਾਂ ਦੇ ਹੀਰੋ ਅਤੇ ਅਭਿਨੇਤਰੀਆਂ ਆਈਆਂ, ਜਿਨ੍ਹਾਂ ਨੂੰ ਪੰਜਾਬੀਆਂ ਵਲੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ। ਗੱਲ ਕਰਦੇ ਹਾਂ ਪੰਜਾਬੀ ਫਿਲਮ ਜਗਤ ਦੇ ਹਮੇਸ਼ਾ ਚਮਕਦੇ ਰਹਿਣ ਵਾਲੇ ਸਿਤਾਰੇ 'ਵਰਿੰਦਰ' ਬਾਰੇ। ਉਸ ਦਾ ਜਨਮ 15 ਅਗਸਤ 1948 ਨੂੰ ਹੋਇਆ ਸੀ। ਉਹ ਇਕ ਹੱਸਮੁੱਖ ਤੇ ਮਿਹਨਤੀ ਕਲਾਕਾਰ ਸੀ। ਵਰਿੰਦਰ ਨੇ ਆਪਣੇ 12 ਸਾਲ ਦੇ ਫਿਲਮੀ ਕੈਰੀਅਰ 'ਚ 25 ਫਿਲਮਾਂ 'ਚ ਕੰਮ ਕੀਤਾ ਤੇ ਉਸ ਦੀ ਹਰ ਇਕ ਭੂਮਿਕਾ ਯਾਦਗਾਰੀ ਸੀ। ਭਾਵੇਂ 'ਲੰਬੜਦਾਰਨੀ', 'ਸਰਪੰਚ', 'ਬਟਵਾਰਾ' ਜਾਂ ਫੇਰ 'ਯਾਰੀ ਜੱਟ ਦੀ' ਫਿਲਮ ਦੀ ਗੱਲ ਹੋਵੇ, ਹਰੇਕ ਭੂਮਿਕਾ 'ਤੇ ਉਹ ਖਰਾ ਉਤਰਨ ਵਾਲਾ ਕਲਾਕਾਰ ਸੀ। ਜੇਕਰ ਕਲਾਕਾਰ ਦੇ ਰੂਪ 'ਚ ਦੇਖਿਆ ਜਾਵੇ ਤਾਂ ਉਹ ਇਕ ਜ਼ਿੰਮੇਵਾਰ ਕਲਾਕਾਰ ਸੀ। ਇਨ੍ਹਾਂ ਫਿਲਮਾਂ ਤੋਂ ਬਾਅਦ ਵਰਿੰਦਰ ਦਾ ਵਿਆਹ ਪੰਮੀ ਵਰਿੰਦਰ ਨਾਲ ਹੋਇਆ ਤੇ ਉਨ੍ਹਾਂ ਦੇ ਤਿੰਨ ਬੱਚੇ ਵੀ ਹਨ। ਇਸ ਤੋਂ ਬਾਅਦ ਉਸਨੇ 1998 'ਚ 'ਦੁੱਲਾ ਭੱਟੀ' ਫਿਲਮ 'ਚ ਵੀ ਕੰਮ ਕੀਤਾ।

ਉਸ ਨੇ ਸਰਪੰਚ, ਬਟਵਾਰਾ, ਦੁਸ਼ਮਣੀ ਦੀ ਅੱਗ, ਜੱਟ ਤੇ ਜ਼ਮੀਨ, ਜੱਟ ਸੂਰਮੇ, ਪਟੋਲਾ, ਲਾਜੋ, ਰਾਣੋ ਸਮੇਤ ਬਲਬੀਰੋ ਭਾਬੀ, ਲੰਬੜਦਾਰਨੀ, ਸਰਦਾਰਾ-ਕਰਤਾਰਾ, ਸੈਦਾਂ ਜੋਗਨ ਵਰਗੀਆਂ ਫਿਲਮਾਂ 'ਚ ਬਿਹਤਰੀਨ ਭੂਮਿਕਾਵਾਂ ਅਦਾ ਕੀਤੀਆਂ। ਇਸ ਤੋਂ ਇਲਾਵਾ ਉਸਨੇ 'ਜ਼ਿੰਦੜੀ ਯਾਰ ਦੀ', 'ਤੇਰੀ ਮੇਰੀ ਇਕ ਜਿੰਦੜੀ', 'ਟਾਕਰਾ' ਸਮੇਤ ਹੋਰ ਕਈ ਫਿਲਮਾਂ 'ਚ ਅਹਿਮ ਕਿਰਦਾਰ ਅਦਾ ਕਰਦੇ ਹੋਏ ਪੰਜਾਬੀ ਫਿਲਮ ਜਗਤ ਨੂੰ ਬੁਲੰਦੀਆਂ 'ਤੇ ਲਿਆ ਖੜ੍ਹਾ ਕਰ ਦਿੱਤਾ ਤੇ ਉਨ੍ਹਾਂ ਨਾਲ ਹੀ ਨਿਰਮਾਤਾ-ਨਿਰਦੇਸ਼ਕਾਂ ਨੂੰ ਬਾਲੀਵੁੱਡ ਵਾਂਗ ਹੀ ਪਾਲੀਵੁੱਡ ਵੀ ਉਚੇ ਮੁਕਾਮ 'ਤੇ ਚੜ੍ਹਦਾ ਨਜ਼ਰ ਆਉਣ ਲੱਗਾ। ਜੱਟ ਦਾ ਕਿਰਦਾਰ ਅਤੇ ਜੱਟ ਵਰਗੀ ਬੋਲੀ ਜੋ ਉਨ੍ਹਾਂ ਨੂੰ ਜਚਦੀ ਸੀ, ਉਹ ਹੋਰ ਕੋਈ ਅੱਜ ਤੱਕ ਨਹੀਂ ਬੋਲ ਸਕਿਆ।

ਵਰਿੰਦਰ ਬਾਲੀਵੁੱਡ ਅਭਿਨੇਤਾ 'ਧਰਮਿੰਦਰ' ਦਾ ਰਿਸ਼ਤੇਦਾਰੀ 'ਚ ਭਰਾ ਲਗਦਾ ਸੀ। ਉਹ ਪੰਜਾਬੀ ਫਿਲਮ ਇੰਡਸਟਰੀ ਦੇ ਇਤਿਹਾਸ 'ਚ ਚਮਕਣ ਵਾਲਾ ਅਜਿਹਾ ਸਿਤਾਰਾ ਕਲਾਕਾਰ ਸੀ, ਜੋ ਹਮੇਸ਼ਾ ਚਮਕਦਾ ਰਹੇਗਾ ਤੇ ਹਰੇਕ ਪੰਜਾਬੀ ਦੇ ਦਿਲਾਂ 'ਚ ਵਸਦਾ ਰਹੇਗਾ।

## ਦਰਸ਼ਕਾਂ ਦੀ ਪਸੰਦ 'ਤੇ ਖਰੀ ਉਤਰੇਗੀ 'ਚੱਕ ਜਵਾਨਾ'



ਬਿਗ ਪਿਕਚਰਸ (ਰਿਲਾਇੰਸ) ਵਲੋਂ ਨਿਰਮਾਤਾ ਬੱਲੀ ਜੰਜੂਆ ਤੇ ਰੁਪਿੰਦਰ ਸਿੰਘ ਦੀ ਪੰਜਾਬੀ ਫਿਲਮ 'ਚੱਕ ਜਵਾਨਾ' 27 ਅਗਸਤ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਗੁਰਦਾਸ ਮਾਨ ਅਤੇ ਮੋਹਾਲੀ ਦੀ ਖੂਬਸੂਰਤ ਅਦਾਕਾਰਾ ਜੋਨਿਤਾ ਡੋਡਾ ਨੇ ਨਿਭਾਈਆਂ ਹਨ। ਇਸ ਤੋਂ ਇਲਾਵਾ ਰਾਣਾ ਰਣਬੀਰ ਤੇ ਗੌਰਵ ਦੀਆਂ ਵੀ ਫਿਲਮ ਵਿਚ ਮੁੱਖ ਭੂਮਿਕਾਵਾਂ ਹਨ। ਸਵ. ਗੁਰਕੀਰਤਨ ਦੀ ਵੀ ਇਸ ਫਿਲਮ ਵਿਚ ਅਹਿਮ ਭੂਮਿਕਾ ਹੈ। ਜੋਨਿਤਾ ਡੋਡਾ ਇਸ ਫਿਲਮ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹੈ, ਕਿਉਂਕਿ ਗੁਰਦਾਸ ਮਾਨ ਨਾਲ ਇਹ ਉਸਦੀ ਪਹਿਲੀ ਫਿਲਮ ਹੈ।

ਇਸ ਫਿਲਮ ਨੂੰ ਸਿਮਰਦੀਪ ਸਿੰਘ ਨੇ ਨਿਰਦੇਸ਼ਿਤ ਕੀਤਾ ਹੈ, ਜਦਕਿ ਸੰਗੀਤ ਜੈਦੇਵ ਦਾ ਹੈ। ਇਸਦੇ ਗੀਤ ਗੁਰਦਾਸ ਮਾਨ, ਮੀਕਾ ਤੇ ਅਲਕਾ ਯਾਗਨਿਕ ਨੇ ਗਾਏ ਹਨ। ਪੰਜਾਬ ਦੇ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਫਿਲਮ ਉਨ੍ਹਾਂ ਸਮੱਸਿਆਵਾਂ ਨੂੰ ਉਭਾਰਦੀ ਹੈ। ਇਹ ਇਕ ਖੂਬਸੂਰਤ ਸਮਾਜਿਕ ਡਰਾਮਾ, ਵਧੀਆ ਸੰਗੀਤ ਅਤੇ ਕਾਮੇਡੀ ਦਾ ਸੁਮੇਲ ਹੈ।

## ਬਣਨੀਆਂ ਸ਼ੁਰੂ ਹੋ ਗਈਆਂ ਨੇ ਚੰਗੀਆਂ ਪੰਜਾਬੀ ਫ਼ਿਲਮਾਂ

-ਬਖਸ਼ਿੰਦਰ

ਇਕ ਵਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੱਤਰਕਾਰਤਾ ਦੇ ਵਿਦਿਆਰਥੀਆਂ ਨੂੰ ਸਕਰਿਪਟ ਰਾਈਟਿੰਗ ਸੰਬੰਧੀ ਇਕ ਲੈਕਚਰ ਦੇਣ ਲਈ ਉਨ੍ਹਾਂ ਦੇ ਰੂਬਰੂ ਹੁੰਦਿਆਂ ਹੀ ਇਕ ਵਿਦਿਆਰਥੀ ਨੇ ਬਹੁਤ ਹੀ ਸਿੱਧਾ ਸਵਾਲ ਕਰਦੇ ਹੋਏ ਪੁੱਛ ਲਿਆ ਕਿ ਫਿਲਮਾਂ ਆਖ਼ਰ ਬਣਦੀਆਂ ਕਿਵੇਂ ਹਨ? ਉਸਦੀ ਮਾਸੂਮੀਅਤ ਅਤੇ ਉਸਦੇ ਸਵਾਲ ਦੀ ਸਾਦਗੀ ਦੇਖ ਕੇ ਅਸੀਂ ਉਂਜ ਹੀ ਕਹਿ ਦਿੱਤਾ, ''ਫਿਲਮ ਬਣਾਉਣ ਦੇ ਲਈ ਇਸਤੇਮਾਲ ਕੀਤਾ ਜਾਣ ਵਾਲਾ ਕੈਮਰਾ ਇਕ ਥਾਂ 'ਤੇ ਰੱਖ ਕੇ ਉਸਨੂੰ ਚਲਾ ਦਿਓ, ਉਹ ਫਿਲਮ ਬਣਾ ਦੇਵੇਗਾ।'' ਇਹ ਸੁਣ ਕੇ ਬਹੁਤ ਸਾਰੇ ਵਿਦਿਆਰਥੀ ਹੱਸ ਪਏ ਅਤੇ ਸਵਾਲ ਪੁੱਛਣ ਵਾਲਾ ਝੇਪ ਗਿਆ। ਅਸੀਂ ਉਸਨੂੰ ਇਸ ਹਾਲਤ ਵਿਚੋਂ ਕੱਢਣ ਲਈ ਕਿਹਾ, ''ਫਿਲਮ ਬਣਾਉਣ ਵਾਲੇ ਨੇ ਕੈਮਰੇ ਨੂੰ ਗਲਤ ਫ਼ਿਲਮ ਬਣਾਉਣ ਤੋਂ ਰੋਕਣਾ ਹੁੰਦਾ ਹੈ ਅਤੇ ਕੈਮਰੇ ਤੋਂ ਉਹ ਫਿਲਮ ਬਣਵਾਉਣੀ ਹੁੰਦੀ ਹੈ, ਜੋ ਉਹ ਚਾਹੁੰਦਾ ਹੈ।'' ਇਸ ਲਈ ਸੰਖੇਪ ਵਿਚ ਕਿਹਾ ਜਾਏ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕੈਮਰੇ ਨੂੰ ਗਲਤ ਸ਼ਾਟ ਲੈਣ ਤੋਂ ਰੋਕਣਾ ਅਤੇ ਉਸਤੋਂ ਆਪਣੀ ਮਰਜ਼ੀ ਦਾ ਸ਼ਾਟ ਲੈਣਾ ਹੀ ਇਕ ਸਹੀ ਫਿਲਮਸਾਜ਼ ਅਤੇ ਫਿਲਮਕਾਰ ਦਾ ਕੰਮ ਹੈ।

ਹੁਣ ਜਦ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲਿਆਂ ਨੂੰ ਅਜਿਹੇ ਸਵਾਲ ਸੁਝਣ ਲੱਗੇ ਹਨ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਵਿਚ ਫਿਲਮਾਂ ਬਣਾਉਣ ਵਾਲਿਆਂ ਦੀ ਕਮੀ ਨਹੀਂ ਹੋਵੇਗੀ। ਇਸਦੇ ਇਲਾਵਾ ਹੁਣ ਫਿਲਮ ਮੇਕਿੰਗ ਸਿਖਾਉਣ ਵਾਲਿਆਂ ਨੇ ਆਪਣੇ ਸ਼ਾਗਿਰਦਾਂ ਨੂੰ ਮੋਬਾਈਲ ਕੈਮਰੇ ਤੋਂ ਸ਼ੁਰੂਆਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਤਾਂ ਹਰ ਘਰ ਦਾ ਤਕਰੀਬਨ ਹਰ ਮੈਂਬਰ ਫਿਲਮ ਬਣਾਉਣ ਵਾਲਾ ਬਣਨ ਦੇ ਸੁਪਨੇ ਦੇਖਣ ਲੱਗਾ ਹੈ। ਅੱਜਕੱਲ੍ਹ ਕਿਤੇ ਨਾ ਕਿਤੇ, ਕੋਈ ਨਾ ਕੋਈ ਇਸ ਕਲਾ ਨਾਲ, ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਹੋਇਆ ਹੈ। ਪੱਤਰਕਾਰਤਾ ਦੇ ਕੋਰਸਾਂ ਵਿਚ ਫਿਲਮ ਮੇਕਿੰਗ ਨੂੰ ਸ਼ਾਮਲ ਕਰਨਾ ਇਕ ਤਰ੍ਹਾਂ ਨਾਲ ਇਸ ਕੰਮ ਅਤੇ ਕਲਾ ਦੇ ਲਈ ਇਕ ਚੰਗਾ ਸ਼ਗਨ ਹੈ।

ਹੁਣ ਇਕ ਸਵਾਲ ਸਭ ਦੇ ਮਨ ਵਿਚ ਕਰਵਟਾਂ ਲੈਂਦਾ ਰਹਿੰਦਾ ਹੈ ਕਿ ਭਾਰਤ ਦੀ ਫਿਲਮ ਇੰਡਸਟਰੀ ਵਿਚ 80 ਫੀਸਦੀ ਪੰਜਾਬੀ ਲੋਕ ਹੋਣ ਦੇ ਬਾਵਜੂਦ ਪੰਜਾਬੀ ਫਿਲਮਸਾਜ਼ੀ ਇੰਨੀ ਤਰੱਕੀ ਕਿਉਂ ਨਹੀਂ ਕਰ ਸਕੀ ਜਦਕਿ ਬੰਗਾਲ, ਕੇਰਲਾ ਤੇ ਚੇਨਈ ਦੀ ਫਿਲਮ ਇੰਡਸਟਰੀ ਕਾਫੀ ਨਾਮ ਕਮਾ ਚੁੱਕੀ ਹੈ ਅਤੇ ਆਪਣਾ-ਆਪਣਾ ਅਹਿਮ ਸਥਾਨ ਬਣਾ ਚੁੱਕੀ ਹੈ। ਇਹ ਸਵਾਲ ਆਮ ਤੌਰ 'ਤੇ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਅਤੇ ਇਸ ਦੇ ਨਾਲ ਜੁੜੇ ਦੂਜੇ ਲੋਕਾਂ ਨੂੰ ਅਕਸਰ ਬਹੁਤ ਸਤਾਉਂਦਾ ਹੈ। ਪੰਜਾਬੀ ਫਿਲਮਾਂ ਜਾਂ ਪੰਜਾਬੀ ਸਿਨੇਮੇ ਨਾਲ ਜੁੜੇ ਹੋਏ ਲੋਕਾਂ ਤੋਂ ਇਕ ਸਵਾਲ ਅਸੀਂ ਵੀ ਪੁੱਛਣਾ ਚਾਹੁੰਦੇ ਹਾਂ, ''ਕੀ ਉਹ ਸੱਚਮੁੱਚ ਇਹ ਚਾਹੁੰਦੇ ਹਨ ਕਿ ਪੰਜਾਬ ਵਿਚ ਪੰਜਾਬੀ ਸਿਨੇਮੇ ਦਾ ਬੋਲਬਾਲਾ ਹੋਵੇ?'' ਦੇਖਣ ਵਿਚ ਇਹ ਸਵਾਲ ਬਹੁਤ ਛੋਟਾ ਲਗਦਾ ਹੈ ਪਰ ਇਸਦਾ ਜਵਾਬ ਬਹੁਤ ਵੱਡਾ ਹੈ। ਇਸ ਸਵਾਲ ਵਿਚ ਸ਼ਾਮਲ ਮੁੱਦੇ ਹੀ ਪੰਜਾਬੀ ਸਿਨੇਮੇ ਦੇ ਭਵਿੱਖ 'ਤੇ ਇਸਦੀਆਂ ਸੰਭਾਵਨਾਵਾਂ ਦੇ ਗਵਾਹ ਹਨ।



ਜਿਵੇਂ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਪੰਜਾਬ ਵਿਚ ਪ੍ਰਤਿਭਾ ਦੀ ਵੀ ਕਮੀ ਨਹੀਂ ਹੈ ਅਤੇ ਸਾਧਨਾ ਦੀ ਵੀ। ਜੇ ਇਹ ਕਮੀ ਹੁੰਦੀ ਤਾਂ ਬੱਬੂ ਮਾਨ ਵਰਗਾ ਗਾਇਕ 'ਏਕਮ' ਵਰਗੀ ਫਿਲਮ ਨਾ ਬਣਾ ਸਕਦਾ। ਇਨ੍ਹਾਂ ਦਿਨਾਂ 'ਚ ਸਿਨਮਿਆਂ ਵਿਚ ਹਿੰਦੀ ਫ਼ਿਲਮਾਂ ਦਾ ਮੁਕਾਬਲਾ ਕਰ ਰਹੀ ਪੰਜਾਬੀ ਫਿਲਮ 'ਮੇਲ ਕਰਾ ਦੇ ਰੱਬਾ' ਵੀ ਪੰਜਾਬ



ਦੇ ਪੰਜਾਬੀ ਸਿਨੇਮਾ ਦੀ ਧਰਤੀ ਦੇ ਜ਼ਰਖੇਜ਼ ਹੋਣ ਦਾ ਸਬੂਤ ਹੈ। ਇਹ ਦੋਨੋਂ ਫਿਲਮਾਂ ਕਿਸੇ ਹਿੰਦੀ ਫਿਲਮ ਤੋਂ ਘੱਟ ਨਹੀਂ ਹਨ।

ਇਕ ਅਰਸਾ ਹੋਇਆ ਜਦੋਂ 'ਚੰਨ ਪ੍ਰਦੇਸੀ', 'ਲੌਂਗ ਦਾ ਲਿਸ਼ਕਾਰਾ' ਅਤੇ 'ਪੁੱਤ ਜੱਟਾਂ ਦੇ' ਰਿਲੀਜ਼ ਹੋਣ ਤੋਂ ਬਾਅਦ ਲਿਖੇ ਇਕ ਲੇਖ ਵਿਚ ਅਸੀਂ ਕਿਹਾ ਸੀ ਕਿ ਇਹ ਪੰਜਾਬੀ ਫ਼ਿਲਮਾਂ ਤਾਂ ਹਨ ਪਰ ਨਾਲ ਹੀ ਇਹ ਵੀ ਕਿਹਾ ਸੀ ਕਿ ਇਹ ਪੰਜਾਬੀ ਦੀਆਂ ਵਧੀਆ ਫ਼ਿਲਮਾਂ ਨਹੀਂ ਹਨ। ਉਸ ਸਮੇਂ ਬਹੁਤ ਸ਼ੋਰ ਮੱਚਿਆ ਸੀ। ਬਾਅਦ ਵਿਚ ਸਮਝ ਆਇਆ ਸੀ ਕਿ ਅਸੀਂ ਇਹੀ ਕਿਹਾ ਸੀ ਕਿ ਪੰਜਾਬੀ ਦੀਆਂ ਚੰਗੀਆਂ ਫ਼ਿਲਮਾਂ ਅਜੇ ਬਣਨੀਆਂ ਸ਼ੁਰੂ ਹੋਣੀਆਂ ਹਨ। ਇਹ ਗੱਲ ਹੁਣ ਸੱਚ ਸਾਬਤ ਹੁੰਦੀ ਲਗਦੀ ਹੈ। ਇਕ ਪਾਸੇ ਸਿਨੇਮੇ ਦੀ ਲਾਗਤ ਵਧ ਰਹੀ ਹੈ, ਦੂਜੇ ਪਾਸੇ ਨਵੀਆਂ-ਨਵੀਆਂ ਤਕਨੀਕਾਂ ਆ ਰਹੀਆਂ ਹਨ। 'ਏਕਮ' ਅਤੇ 'ਪੰਜਾਬਣ' ਉਸ ਕੈਮਰੇ ਨਾਲ ਬਣਾਈਆਂ ਗਈਆਂ ਹਨ, ਜਿਸ ਨੂੰ 'ਰੈਡਕ੍ਰਾਮ' ਕਿਹਾ ਜਾਂਦਾ ਹੈ। ਇਸ ਕੈਮਰੇ ਵਿਚ ਨਾ ਤਾਂ ਬਹੁਤ ਜ਼ਿਆਦਾ ਰਕਮ ਵਾਲੀ ਫਿਲਮ ਪਾਉਣੀ ਪੈਂਦੀ ਹੈ ਅਤੇ ਨਾ ਹੀ ਟੇਪ ਪਾਉਣ ਦੀ ਲੋੜ ਹੁੰਦੀ ਹੈ। ਇਸ ਵਿਚ ਇਕ ਖਾਸ ਕਿਸਮ ਦੀ 'ਚਿੱਪ' ਪਾਈ ਜਾਂਦੀ ਹੈ। ਸ਼ੂਟਿੰਗ ਤੋਂ ਬਾਅਦ ਕੀਤੇ ਜਾਣ ਵਾਲੇ ਕੰਮ ਵੀ ਸਸਤੇ ਅਤੇ ਸੌਖੇ ਹੋ ਗਏ ਹਨ।

## ਯਾਦਾਂ ਵਿਛੜੇ ਸੱਜਣ ਦੀਆਂ ਆਈਆਂ

ਆਖਦੇ ਹਨ ਕਿ ਸੰਗੀਤ ਅਤੇ ਖੁਸ਼ਬੂ ਕੋਈ ਹੱਦਾਂ-ਸਰਹੱਦਾਂ ਨਹੀਂ ਮੰਨਦੇ ਤੇ ਧਰਮਾਂ-ਮਜ਼ਹਬਾਂ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਸਮੁੱਚੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਇਸੇ ਤਰ੍ਹਾਂ ਕੁਝ ਵਿਦਵਾਨ ਇਹ ਵੀ ਮੰਨਦੇ ਹਨ ਕਿ ਉਂਜ ਤਾਂ ਕਿਸੇ ਹੁਨਰ ਦਾ ਰੱਬ ਬਣਨ ਲਈ ਇਕ ਜ਼ਿੰਦਗੀ ਵੀ ਥੋੜ੍ਹੀ ਹੁੰਦੀ ਹੈ, ਐਪਰ ਇਸ ਜਹਾਨ ਵਿਚ ਕੁਝ ਇਸ ਤਰ੍ਹਾਂ ਦੇ ਲੋਕ ਵੀ ਜਨਮ ਲੈਂਦੇ ਹਨ, ਜੋ ਆਪਣੇ ਹੁਨਰ, ਆਪਣੀ ਕਲਾ ਨੂੰ 'ਇਬਾਦਤ' ਸਮਝ ਕੇ ਸਾਂਭਦੇ, ਸੁਆਰਦੇ ਤੇ ਪਿਆਰਦੇ ਹਨ ਅਤੇ ਪਰਪੱਕਤਾ ਦੀ ਟੀਸੀ 'ਤੇ ਜਾ ਪੁੱਜਦੇ ਹਨ। ਅਜਿਹੀ ਹੀ ਹਸਤੀ ਦਾ ਮਾਲਕ ਇਕ ਫਨਕਾਰ, ਜਿਸ ਦਾ ਨਾਂ ਸੀ ਨੁਸਰਤ ਫਤਹਿ ਅਲੀ ਖਾਂ।

ਸੂਫੀ ਗਾਇਕੀ ਅਤੇ ਕੱਵਾਲੀ ਜਿਹੀ ਸਿਨਫ ਦੇ ਸ਼ਹਿਨਸ਼ਾਹ ਅਖਵਾਉਣ ਵਾਲੇ ਨੁਸਰਤ ਫਤਹਿ ਅਲੀ ਖਾਂ ਦਾ ਜਨਮ ਲਾਇਲਪੁਰ (ਪਾਕਿਸਤਾਨ) ਦੇ ਪ੍ਰਸਿਧ ਕੱਵਾਲ ਜਨਾਬ ਫਤਹਿ ਅਲੀ ਖਾਂ ਦੇ ਘਰ 13 ਅਕਤੂਬਰ 1948 ਨੂੰ ਹੋਇਆ ਸੀ। ਚਾਰ ਧੀਆਂ ਤੋਂ ਮਗਰੋਂ ਜਨਮ ਲੈਣ ਵਾਲਾ 'ਨੁਸਰਤ' ਆਪਣੇ ਮਾਪਿਆਂ ਦਾ ਬੜਾ ਹੀ ਲਾਡਲਾ ਪੁੱਤਰ ਸੀ। ਲਾਇਲਪੁਰ ਦੇ 'ਸੈਕਰਡ ਸਕੂਲ' ਤੋਂ ਪੰਜਵੀਂ ਪਾਸ ਕਰਨ ਉਪਰੰਤ ਉਸ ਨੇ 'ਪਾਕਿਸਤਾਨ ਮਾਡਲ ਸਕੂਲ' ਤੋਂ ਦਸਵੀਂ ਪਾਸ ਕੀਤੀ ਪਰ ਨਿੱਕੀ ਉਮਰੇ ਹੀ ਲੱਗੇ ਗਾਇਕੀ ਦੇ ਸ਼ੌਕ ਨੇ ਉਸ ਨੂੰ ਬਹੁਤਾ ਪੜ੍ਹਨ ਨਾ ਦਿੱਤਾ। ਆਪਣੇ ਵਾਲਿਦ ਤੋਂ ਸੰਗੀਤ ਦੀ ਤਾਲੀਮ ਹਾਸਲ ਕਰਨ ਦੇ ਨਾਲ-ਨਾਲ ਉਹ ਵੱਡੇ-ਵੱਡੇ ਗਵੱਈਆਂ ਦੀਆਂ ਬੰਦਿਸ਼ਾਂ ਬੜੀ ਰੂਹ ਨਾਲ ਸੁਣਦਾ ਤੇ ਉਨ੍ਹਾਂ ਨੂੰ ਆਪਣੇ ਧੁਰ ਅੰਦਰ ਤੱਕ ਉਤਾਰ ਲੈਂਦਾ। ਸੰਨ 1964 ਵਿਚ ਜਦ ਉਹ ਕੇਵਲ 16 ਵਰ੍ਹਿਆਂ ਦਾ ਸੀ ਤਾਂ ਬਾਪ ਦਾ ਸਾਇਆ ਉਸ ਦੇ ਸਿਰ ਤੋਂ ਉਠ ਗਿਆ ਤੇ ਪਰਿਵਾਰਕ ਜ਼ਿੰਮੇਵਾਰੀਆਂ ਦਾ ਬੋਝ ਉਸ ਦੇ ਮੋਢਿਆਂ 'ਤੇ ਆਣ ਪਿਆ। ਆਪਣੀ ਬਾਰੀਕ ਆਵਾਜ਼ ਕਰਕੇ ਉਸ ਨੂੰ ਕਈ ਤਰ੍ਹਾਂ ਦੇ ਮਜ਼ਾਕ ਦਾ ਪਾਤਰ ਬੇਸ਼ੱਕ ਬਣਨਾ ਪਿਆ ਪਰ ਉਸ ਨੇ ਫਿਰ ਵੀ ਹਿੰਮਤ ਨਾ ਹਾਰੀ ਤੇ ਦਿਨ-ਰਾਤ ਰਿਆਜ਼ ਕਰਦਾ ਰਿਹਾ। ਉਸਤਾਦ ਸੁਬਾਰ ਅਲੀ ਖਾਂ ਅਤੇ ਉਸਤਾਦ ਸਲਾਮਤ ਅਲੀ ਖਾਂ ਜਿਹੇ ਉਚ ਕੋਟੀ ਦੇ ਗਵੱਈਆਂ ਨਾਲ ਰਿਸ਼ਤੇਦਾਰੀ ਦਾ ਉਸ ਨੇ ਪੂਰਾ ਲਾਹਾ ਲਿਆ ਤੇ ਆਪਣੀ ਗਾਇਕੀ ਨੂੰ ਹੋਰ ਨਿਖਾਰਿਆ।

ਨਿੱਕੀਆਂ ਮਹਿਫ਼ਲਾਂ ਤੋਂ ਵੱਡੇ ਜਲਸਿਆਂ ਤੱਕ ਦਾ ਸਫਰ ਉਸ ਨੇ ਛੇਤੀ ਹੀ ਤੈਅ ਕਰ ਲਿਆ ਤੇ ਆਪਣੇ ਚੋਣਵੇਂ ਸਾਜ਼ਿੰਦਿਆਂ ਅਤੇ ਸ਼ਾਗਿਰਦਾਂ ਨਾਲ ਗਾਉਂਦਾ ਹੋਇਆ ਉਹ ਛੇਤੀ ਹੀ ਇਲਾਕੇ 'ਚ ਮਕਬੂਲ ਹੋ ਗਿਆ। 1979 ਵਿਚ ਆਪਣੀ ਰਿਸ਼ਤੇਦਾਰੀ ਵਿਚਲੀ ਇਕ ਲੜਕੀ ਨਾਲ ਉਸ ਦਾ ਨਿਕਾਹ ਹੋ ਗਿਆ ਤੇ ਉਸ ਦੇ ਘਰ ਇਕ ਧੀ ਨੇ ਜਨਮ ਲਿਆ।



ਨੁਸਰਤ ਫਤਹਿ ਅਲੀ ਖਾਂ

'ਹੱਕ ਅਲੀ ਅਲੀ' ਨਾਮਕ ਰਚਨਾ ਗਾ ਕੇ ਪੂਰੀ ਦੁਨੀਆਂ 'ਚ ਮਕਬੂਲ ਹੋ ਜਾਣ ਵਾਲੇ ਨੁਸਰਤ ਨੇ ਪੱਛਮੀ ਤੇ ਰਵਾਇਤੀ ਸੰਗੀਤ ਦਾ ਇਕ ਖੂਬਸੂਰਤ ਸੰਗਤ ਸਰੋਤਿਆਂ ਸਾਹਮਣੇ ਪੇਸ਼ ਕੀਤਾ ਅਤੇ ਆਪਣੀ ਤੀਹ ਸਾਲ ਦੀ ਗਾਇਕੀ ਵਿਚ ਸਵਾ ਸੌ ਤੋਂ ਵੱਧ ਐਲਬਮਾਂ ਸੰਗੀਤ ਪ੍ਰੇਮੀਆਂ ਦੀ ਝੋਲੀ ਪਾ ਦਿੱਤੀਆਂ। ਪਾਕਿਸਤਾਨ ਤੋਂ ਇਲਾਵਾ ਹਿੰਦੋਸਤਾਨ, ਫਰਾਂਸ, ਇਟਲੀ, ਬੈਲਜੀਅਮ, ਪੁਰਤਗਾਲ, ਬਰਤਾਨੀਆ ਅਤੇ ਜਪਾਨ ਆਦਿ ਮੁਲਕਾਂ ਵਿਚ ਉਸ ਨੇ ਆਪਣੇ ਫਨ ਦਾ ਮੁਜ਼ਾਹਰਾ ਬਾਖੂਬੀ ਕੀਤਾ ਤੇ ਲੱਖਾਂ-ਕਰੋੜਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਆਪਣਾ ਨਾਮ ਸਦਾ-ਸਦਾ ਲਈ ਉਕਰ ਦਿੱਤਾ।

ਜਲੰਧਰ 'ਚ ਬਸਤੀ ਸ਼ੇਖ ਸਥਿਤ ਆਪਣੇ ਘਰ ਦੀ ਗੱਲ ਕਰਦਿਆਂ ਉਹ ਬੇਹੱਦ ਭਾਵੁਕ ਹੋ ਜਾਂਦਾ ਤੇ ਮੁਲਕਾਂ ਦੀ ਵੰਡ ਕਾਰਨ ਪੈਦਾ ਹੋਣ ਵਾਲੇ ਦਰਦ ਦੀ ਗੱਲ ਛੇੜਦਿਆਂ ਹੋਇਆਂ ਆਖਦਾ, ''ਮੇਰੀ ਅੰਮੀ ਆਪਣੇ ਘਰ ਦੀ ਇਕ-ਇਕ ਇੱਟ ਨੂੰ ਯਾਦ ਕਰਕੇ ਹਉਕੇ ਭਰਦੀ ਹੁੰਦੀ ਸੀ...ਸਾਡੇ ਸਿਆਸੀ ਤੇ ਮਜ਼ਹਬੀ ਆਗੂਆਂ ਨੇ ਆਪਣੀ ਖੁਦਗਰਜ਼ੀ ਖਾਤਰ ਮੁਲਕ ਵੰਡ ਦਿੱਤਾ ਤੇ ਸਾਡੇ ਪਰਿਵਾਰ ਨੂੰ ਜਲੰਧਰ ਤੋਂ ਦੂਰ ਕਰ ਦਿੱਤਾ...ਪਰ ਸਾਡੇ ਬਜ਼ੁਰਗਾਂ ਦੀਆਂ ਰੂਹਾਂ ਵਿਚ ਵਸੇ ਜਲੰਧਰ ਨੂੰ ਭਲਾ ਉਹ ਕਿਸ ਤਰ੍ਹਾਂ ਦੂਰ ਕਰ ਸਕਦੇ ਸਨ।''

ਸੰਗੀਤ ਦੇ ਸ਼ੈਦਾਈ ਨੁਸਰਤ ਨੇ ਸਿਹਤ ਦੀ ਪੂਰੀ ਸੁੱਧ-ਬੁੱਧ ਨਾ ਰੱਖੀ ਤੇ ਉਸ ਦੇ ਗੁਰਦਿਆਂ ਨੂੰ ਲੱਗਾ ਰੋਗ ਦਿਨੋ-ਦਿਨ ਵਧਦਾ ਗਿਆ। ਉਸ ਨੇ ਨਾ ਸਿਰਫ ਗਾਉਣਾ ਹੀ ਜਾਰੀ ਰੱਖਿਆ ਸਗੋਂ ਵਿਦੇਸ਼ੀ ਮੁਲਕਾਂ ਦੇ ਦੌਰੇ ਅਤੇ ਭਾਰਤੀ ਫਿਲਮਾਂ ਵਿਚ ਸੰਗੀਤ ਦੇਣ ਦਾ ਕੰਮ ਵੀ ਨਾ ਰੋਕਿਆ।

'ਕੱਚੇ ਧਾਗੇ', 'ਬੈਂਡਿਟ ਕੁਈਨ', 'ਕਾਰਤੂਸ', 'ਔਰ ਪਿਆਰ ਹੋ ਗਿਆ' ਅਤੇ 'ਧੜਕਨ' ਜਿਹੀਆਂ ਹਿੱਟ ਫ਼ਿਲਮਾਂ ਵਿਚ ਸੰਗੀਤ ਦੇ ਕੇ ਉਸ ਨੇ ਹਿੰਦੀ ਸਿਨੇਮਾ ਮਾਲਾਮਾਲ ਕਰ ਦਿੱਤਾ। ਉਸ ਦੇ ਕੁਝ ਇਕ ਹਿੱਟ ਗੀਤ ਅਤੇ ਕੱਵਾਲੀਆਂ ਇਸ ਪ੍ਰਕਾਰ ਹਨ;

-ਦੁਲਹੇ ਕਾ ਸਿਹਰਾ ਸੁਹਾਨਾ ਲਗਤਾ ਹੈ
-ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ
-ਕਿਸੇ ਦਾ ਯਾਰ ਨਾ ਵਿਛੜੇ
-ਅੱਖੀਆਂ ਉਡੀਕਦੀਆਂ, ਦਿਲ 'ਵਾਜ਼ਾਂ ਮਾਰਦਾ
-ਯਾਦਾਂ ਵਿਛੜੇ ਸੱਜਣ ਦੀਆਂ ਆਈਆਂ
-ਉਥੇ ਅਮਲਾਂ 'ਤੇ ਹੋਣੇ ਨੇ ਨਬੇੜੇ ਕਿਸੇ ਨੀਂ ਤੇਰੀ ਜਾਤ ਪੁੱਛਣੀ
-ਜੇ ਤੂੰ ਅੱਖੀਆਂ ਦੇ ਸਾਹਮਣੇ ਨਹੀਂ ਰਹਿਣਾ ਤਾਂ ਬੀਬਾ ਸਾਡਾ ਦਿਲ ਮੋੜ ਦੇ

16 ਅਗਸਤ 1997 ਦੇ ਦਿਨ ਲੰਦਨ ਵਿਚ ਉਸ ਨੂੰ ਦਿਲ ਦਾ ਦੌਰਾ ਪਿਆ ਅਤੇ ਦੁਨੀਆਂ ਦਾ ਇਕ ਲਾਮਿਸਾਲ ਤੇ ਬਾਕਮਾਲ ਫਨਕਾਰ ਸਦਾ-ਸਦਾ ਲਈ ਖਾਮੋਸ਼ ਹੋ ਗਿਆ।


Healthy Body Healthy Mind!
SIKH SPORTS ASSOCIATION PRESENTS
(U.S.A)
4th ਚੌਥੀਆਂ ਸਾਲਾਨਾ ਖੇਡਾਂ
ANNUAL GAMES
4TH &5TH SEPTEMBER 2010
for registration and Question? visit www.sikhsports.com
JAMES LOGAN HIGH SCHOOL
1800- H STREET, UNION CITY CA-94587
Sikh Sports Association of USA
To advertise in our souvenir, set up a booth or banner ad, or for suggestions and information, please call us at 1.866.499.0032.
GOLF
CRICKET
WRESTLING
SOCCER
BASKETBALL
VOLLEYBALL
KABADDI
TRACK &FIELD
FIELD HOCKEY
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization
I Design Concept 408.931.5200 I

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

## Short Sale Specialist

### We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 B rooms, 2 Full Bath, 2 Car Garage,1464 sq ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**798 Horton Court, Hayward CA 94544**
3 Bedrooms, 2.5 Baths, 2 Car Garage.
Area 1652 Sq. Ft - Lot 3606 Sq. Ft.




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.


PUNJABI SANGEET GROUP
Bakersfield Ca
ਬੜੇ ਮਾਣ ਨਾਲ ਪੇਸ਼ ਕਰਦੇ ਹਨ
Sarabjit Cheema
Satinder Satti
Feroz Khan
Jassi from Zee TV
Sunday, Sep 19, 2010 @ 7:00 pm
@ PARADISE PALACE
1440 Weedpatch Hwy, Bakersfield CA
EVENT SPONSORS
ਮਹਿੰਦਰ ਸਿੰਘ ਧਾਲੀਵਾਲ - 661.932.3772
HONORABLE SPONSORS
ਦਲਜੀਤ ਸਿੰਘ ਭੰਗੂ
ਬਲਜਿੰਦਰ ਸਿੰਘ ਸਮਰਾ
ਗੁਰਦੀਪ ਸਿੰਘ
ਦਲਜੀਤ ਸਿੰਘ ਸੰਧੂ
ਮਹਿੰਦਰ ਸਿੰਘ ਢੁੱਡੀਕੇ
ਦੀਪ ਸਿੰਘ ਰਾਏ
ਦਵਿੰਦਰ ਸਿੰਘ ਰਾਣਾ (FBT)
ਗੁਰਮੀਤ ਸਿੰਘ ਗੈਰੀ
ਸਤਨਾਮ ਸਿੰਘ ਮਣਕੂ
ਮੇਜਰ ਸਿੰਘ ਬਰਾੜ
ਮੰਗਲ ਸਿੰਘ ਸਰਪੰਚ
ਤਰਮਿੰਦਰ ਸਿੰਘ
ਬੌਬ ਵਿਰਕ
ਬਲਦੇਵ ਸਿੰਘ ਜੱਸਲ
ਗੁਰਦੇਵ ਸਿੰਘ ਗਰੇਵਾਲ
ਭਜਨ ਸਿੰਘ ਸੰਧੂ
ਮੰਦਰ ਸਿੰਘ ਸਮਰਾ
ਜੋਬਨਜੀਤ ਸਿੰਘ ਬੌਬੀ
ਸੁਖਪਾਲ ਸਿੰਘ

**ਖ਼ੁਸ਼ਖ਼ਬਰੀ!**

*ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।*
*ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।*

**ਖ਼ੁਸ਼ਖ਼ਬਰੀ!**

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

(ਦਿਨ ਸਨਿਚਰਵਾਰ)
ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋਂ) ਸ਼ਾਮਲ ਕੀਤੇ ਜਾਣਗੇ।

ਇਸ ਟੂਰਨਾਮੈਂਟ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਪੂਰਾ ਸਨਮਾਨ ਦਿੱਤਾ ਜਾਏਗਾ।

### ਹੋਰ ਜਾਣਕਾਰੀ ਲਈ ਕਾਲ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

**ਮੁੱਖ ਮਹਿਮਾਨ**



ਸ. ਸਰਵਣ ਸਿੰਘ ਬੱਲ

**ਵਿਸ਼ੇਸ਼ ਮਹਿਮਾਨ**



ਸ. ਸੁਰਿੰਦਰ ਸਿੰਘ ਸੋਢੀ



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

### ਵਿਸ਼ੇਸ਼ ਸਨਮਾਨ

ਕਬੱਡੀ ਦੇ ਸਾਬਕਾ ਖਿਡਾਰੀਆਂ ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਅਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

**ਕੁਮੈਂਟੇਟਰ**
ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼ ਅਤੇ ਰੇਡੀਓ ਗੀਤ-ਸੰਗੀਤ

**ਵੀਡੀਓ ਤੇ ਫੋਟੋਗ੍ਰਾਫੀ**
ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ

### ਕਬੱਡੀ ਦੇ ਸਟਾਰ ਪਲੇਅਰ




# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।